**Golden State Realty** — JASSI GILL, Broker/Owner



Listing and Selling Homes
From San Jose to Sacramento
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969
CA DRE# 00966763

**Harmit S Toor** — Bay East Brokers, Inc. (BEB BAY EAST BROKERS)



Help you Buy, Sell & Loans:
♦ Residential & Commercial Property
♦ Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com
EQUAL HOUSING OPPORTUNITY

COVERED CALIFORNIA — Certified Insurance Agent — Global Green INSURANCE AGENCY



Gurdawar Singh Mann



Gurcharan Singh Mann

ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
**Mann Insurance Brokers Inc.**
4123 Dyer St., #230, Union City, CA 94587



Twenty-Fourth Year of Publication — ਕੈਲੀਫੋਰਨੀਆ ਐਡੀਸ਼ਨ — Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 24, Issue 06; February 11, 2023 — 20451 N. Plum Grove Rd., Palatine, IL 60074 — Ph:847-359-0746, Fax:847-705-9388


# ਇਨਸਾਫ ਮੋਰਚੇ ਨੂੰ ਹੁੰਗਾਰਾ



**ਚੰਡੀਗੜ੍ਹ:** ਮੁਹਾਲੀ-ਚੰਡੀਗੜ੍ਹ ਦੀ ਹੱਦ ਉਤੇ ਬੰਦੀ ਸਿੰਘਾਂ ਦੀ ਰਿਹਾਈ, ਬੇਅਦਬੀ ਦੀਆਂ ਘਟਨਾਵਾਂ ਅਤੇ ਬਹਿਬਲ ਕਲਾਂ ਗੋਲੀ ਕਾਂਡ ਸਮੇਤ ਹੋਰ ਮਸਲਿਆਂ ਬਾਰੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਪੰਥਕ ਕਮੇਟੀ ਸਮੇਤ ਹੋਰ ਸਿੱਖ ਜਥੇਬੰਦੀਆਂ ਦੇ ਪੱਕੇ ਮੋਰਚੇ ਨੂੰ ਵੱਡੇ ਪੱਧਰ ਉਤੇ ਹੁੰਗਾਰਾ ਮਿਲਣ ਲੱਗਾ ਹੈ। ਇਸ ਮੋਰਚੇ ਨੂੰ ਕਿਸਾਨ ਜਥੇਬੰਦੀਆਂ ਦੀ ਖੁੱਲ੍ਹੀ ਹਮਾਇਤ ਨੇ ਸਰਕਾਰ ਲਈ ਵੱਡੀ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ।

ਉਧਰ, ਮੋਰਚੇ ਨੂੰ ਮਿਲ ਰਹੇ ਹੁੰਗਾਰੇ ਪਿੱਛੋਂ ਪ੍ਰਦਰਸ਼ਨਕਾਰੀਆਂ ਦੇ ਹੌਸਲੇ ਬੁਲੰਦ ਹਨ। ਇਸ ਦੇ ਮੱਦੇਨਜ਼ਰ ਆਉਂਦੇ ਦਿਨਾਂ ਵਿਚ ਪੰਜਾਬ ਸਰਕਾਰ ਦੀ ਤਿੱਖੀ ਘੇਰਾਬੰਦੀ ਦੀ ਰਣਨੀਤੀ ਬਣਾਈ ਜਾ ਰਹੀ ਹੈ। ਬੀਤੇ ਦਿਨੀਂ ਵੱਡੀ ਗਿਣਤੀ ਪ੍ਰਦਰਸ਼ਨਕਾਰੀਆਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਦੇ ਬਾਹਰ ਬੈਠ ਕੇ ਕੀਰਤਨ ਕਰਨ ਲਈ ਸਰਕਾਰੀ ਰਿਹਾਇਸ਼ ਵੱਲ ਕੂਚ ਕੀਤਾ ਪਰ ਰਸਤੇ ਵਿਚ ਯੂਟੀ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਕਿਸਾਨੀ ਮੁੱਦਿਆਂ ਦੇ ਨਾਲ-ਨਾਲ ਬੰਦੀ ਸਿੱਖਾਂ ਦੀ ਰਿਹਾਈ ਲਈ ਮੁਹਾਲੀ 'ਚ ਲੱਗੇ ਕੌਮੀ ਇਨਸਾਫ਼ ਮੋਰਚੇ ਦੀ ਹਮਾਇਤ ਵਿਚ ਵੀ ਖੁੱਲ੍ਹ ਕੇ ਨਿੱਤਰ ਆਈਆਂ ਹਨ।

ਕਿਸਾਨ ਜਥੇਬੰਦੀਆਂ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਦੇ ਨਾਲ ਹੀ ਸਿਆਸੀ ਆਗੂਆਂ, ਲੇਖਕਾਂ, ਬੁੱਧੀਜੀਵੀਆਂ ਦੀ ਰਿਹਾਈ ਲਈ ਵੀ ਆਵਾਜ਼ ਉਠਾਈ ਜਾ ਰਹੀ ਹੈ। ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉਤੇ ਦਿੱਲੀ ਦੇ ਸਿੰਘੂ ਤੇ ਟਿੱਕਰੀ ਬਾਰਡਰ ਵਾਲੇ ਹਾਲਾਤ ਬਣੇ ਹੋਏ ਹਨ। ਕਈ ਕਿਲੋਮੀਟਰ ਤੱਕ ਸੰਘਰਸ਼ੀਆਂ ਦੇ ਕਾਫਲੇ ਹੀ ਕਾਫਲੇ ਨਜ਼ਰ ਆ ਰਹੇ ਹਨ। ਪਿਛਲੇ ਲੰਬੇ ਸਮੇਂ ਤੋਂ ਸ਼ਾਇਦ ਇਹ ਪਹਿਲੀ ਵਾਰ ਹੈ ਜਦੋਂ ਸਿੱਖ ਮਸਲਿਆਂ ਉਤੇ ਲੱਗੇ ਮੋਰਚੇ ਨੂੰ ਇੰਨੇ ਵੱਡੇ ਪੱਧਰ ਉਤੇ ਹੁੰਗਾਰਾ ਮਿਲਿਆ ਹੋਇਆ।

ਉਧਰ, ਬਹਿਬਲ ਕਲਾਂ ਬੇਅਦਬੀ ਇਨਸਾਫ ਮੋਰਚੇ ਵੱਲੋਂ ਪਿੰਡ ਬਹਿਬਲ ਕਲਾਂ ਨੇੜਿਉਂ ਗੁਜ਼ਰਦੇ ਬਠਿੰਡਾ-ਅੰਮ੍ਰਿਤਸਰ ਸ਼ਾਹਰਾਹ 'ਤੇ ਦੋਵੇਂ ਪਾਸੇ ਧਰਨਾ ਲਾ ਕੇ ਮੁਕੰਮਲ ਤੌਰ 'ਤੇ ਆਵਾਜਾਈ ਬੰਦ ਕਰ ਦਿੱਤੀ। ਧਰਨਾਕਾਰੀਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਬਹਿਬਲ ਗੋਲੀ ਕਾਂਡ ਮਾਮਲੇ 'ਚ ਸਰਕਾਰ ਤੋਂ ਇਨਸਾਫ਼ ਦੀ ਮੰਗ ਕੀਤੀ ਹੈ। ਸੰਗਤ ਵੱਲੋਂ ਇਸ ਮੋਰਚੇ ਨੂੰ ਲਗਾਤਾਰ ਜਾਰੀ ਰੱਖਣ ਦੀ ਗੱਲ ਆਖੀ ਜਾ ਰਹੀ ਹੈ। ਮੋਰਚੇ 'ਚ ਸਿੱਖ ਸੰਗਤ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ (ਫਤਿਹ) ਤੇ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਕਾਰਕੁਨ ਵੀ ਸ਼ਾਮਲ ਹੋਏ।


*(ਬਾਕੀ ਸਫਾ 6 'ਤੇ)*


## ਸਰਕਾਰ ਕਾਤਲਾਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੀ: ਕੁੰਵਰ ਵਿਜੈ ਪ੍ਰਤਾਪ

**ਕੋਟਕਪੂਰਾ:** ਦੱਖਣੀ ਅੰਮ੍ਰਿਤਸਰ ਤੋਂ 'ਆਪ' ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਪਿੰਡ ਬਹਿਬਲ ਕਲਾਂ ਇਨਸਾਫ ਮੋਰਚੇ ਵਿਚ ਪਹੁੰਚੇ। ਉਨ੍ਹਾਂ ਆਖਿਆ ਕਿ ਪੰਜਾਬ ਦੀਆਂ ਜੇਲ੍ਹਾਂ ਛੋਟੇ-ਮੋਟੇ ਜੁਰਮ ਕਰਨ ਵਾਲਿਆਂ ਨਾਲ ਭਰੀਆਂ ਪਈਆਂ ਹਨ ਪਰ ਬਹਿਬਲ ਕਲਾਂ ਦੇ ਦੋਸ਼ੀ ਬਾਹਰ ਹਨ ਤੇ ਪੀੜਤਾਂ ਨੂੰ ਇਨਸਾਫ ਨਹੀਂ ਮਿਲ ਰਿਹਾ। ਉਨ੍ਹਾਂ ਇਕ ਵਾਰ ਫੇਰ ਆਖਿਆ ਕਿ ਉਹ ਆਪਣੀ ਗੱਲ 'ਤੇ ਅੱਜ ਵੀ ਖੜ੍ਹੇ ਹਨ ਕਿ ਪੀੜਤਾਂ ਨੂੰ ਇਨਸਾਫ ਨਹੀਂ ਮਿਲਣਾ। ਉਨ੍ਹਾਂ ਆਖਿਆ ਕਿ ਸਰਕਾਰ ਕਾਤਲਾਂ ਨੂੰ ਬਚਾਉਣ ਦੀਆਂ ਕੋਸ਼ਿਸ਼ ਕਰ ਰਹੀ ਹੈ।

# ਤੁਰਕੀ 'ਚ ਮਦਦ ਲਈ ਅੱਗੇ ਆਇਆ ਸਿੱਖ ਭਾਈਚਾਰਾ

**ਅਦਾਨਾ:** ਤੁਰਕੀ ਅਤੇ ਸੀਰੀਆ ਵਿਚ ਆਏ ਭੂਚਾਲ ਨਾਲ ਮਰਨ ਵਾਲਿਆਂ ਦੀ ਗਿਣਤੀ 6000 ਤੋਂ ਟੱਪ ਗਈ ਹੈ। ਰਾਹਤ ਤੇ ਬਚਾਅ ਕਰਮੀ ਮਲਬੇ ਹੇਠ ਦੱਬੇ ਲੋਕਾਂ ਦੀ ਭਾਲ ਵਿਚ ਜੁਟੇ ਹੋਏ ਹਨ। ਜ਼ਿਕਰਯੋਗ ਹੈ ਕਿ 7.8 ਦੀ ਤੀਬਰਤਾ ਵਾਲੇ ਭੂਚਾਲ ਨਾਲ ਵੱਡੀ ਗਿਣਤੀ ਇਮਾਰਤਾਂ ਢਹਿ-ਢੇਰੀ ਹੋ ਗਈਆਂ ਸਨ।

ਪਿਛਲੇ ਕੁਝ ਘੰਟਿਆਂ ਦੌਰਾਨ ਭੂਚਾਲ ਦੇ ਕਈ ਝਟਕੇ ਲੱਗ ਚੁੱਕੇ ਹਨ। ਦੁਨੀਆ ਭਰ ਦੇ ਮੁਲਕਾਂ ਤੋਂ ਰਾਹਤ ਟੀਮਾਂ ਤੁਰਕੀ ਪਹੁੰਚ ਰਹੀਆਂ ਹਨ। ਤੁਰਕੀ ਅਤੇ ਸੀਰੀਆ 'ਚ ਭੂਚਾਲ ਕਾਰਨ ਹੋਏ ਜਾਨੀ ਨੁਕਸਾਨ 'ਤੇ ਦੁੱਖ ਪ੍ਰਗਟ ਕਰਦਿਆਂ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਮੁਲਕਾਂ ਨੂੰ ਸਹਾਇਤਾ ਦੀ ਪੇਸ਼ਕਸ਼ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਵਿਚ ਤੁਰਕੀ ਦੇ ਸਫੀਰ ਫਿਰਾਤ ਸੁਨੇਲ ਤੇ ਤੁਰਕੀ ਵਿਚ ਭਾਰਤ ਦੇ ਸਫੀਰ ਡਾ. ਵਰਿੰਦਰਪਾਲ ਤੇ ਸੀਰੀਆ ਵਿਚ ਭਾਰਤੀ ਦੂਤਾਵਾਸ ਦੇ ਇੰਚਾਰਜ ਸੁਰਿੰਦਰ ਕੁਮਾਰ ਯਾਦਵ ਤੇ ਭਾਰਤ ਵਿਚ ਸੀਰੀਆ ਦੇ ਸਫੀਰ ਡਾ. ਬਸਮ ਸਿਫੇਦੀਨ ਅਲਖਾਤਿਬ ਨੂੰ ਪੱਤਰ ਲਿਖ ਕੇ ਇਸ ਘਟਨਾ ਲਈ ਹਮਦਰਦੀ ਪ੍ਰਗਟਾਈ ਹੈ। ਇਸ ਤੋਂ ਇਲਾਵਾ ਵੱਖ-ਵੱਖ ਮੁਲਕਾਂ ਤੋਂ ਸਿੱਖ ਜਥੇਬੰਦੀਆਂ ਨੇ ਮਦਦ ਲਈ ਪੀੜਤ ਮੁਲਕਾਂ ਵੱਲ ਚਾਲੇ ਪਾ ਦਿੱਤੇ ਹਨ। ਤੁਰਕੀ ਦੀ ਆਫ਼ਤ ਪ੍ਰਬੰਧਨ ਅਥਾਰਿਟੀ ਨੇ ਦੱਸਿਆ ਕਿ 24000 ਤੋਂ ਵੱਧ ਕਰਮੀ ਰਾਹਤ ਤੇ ਬਚਾਅ ਕਾਰਜਾਂ ਵਿਚ ਲੱਗੇ ਹੋਏ ਹਨ। ਭੂਚਾਲ ਨੇ ਬਹੁਤ ਵੱਡੇ ਖੇਤਰ 'ਤੇ ਮਾਰ ਕੀਤੀ ਹੈ ਤੇ ਇਕੱਲੇ ਤੁਰਕੀ ਵਿਚ ਹੀ ਛੇ ਹਜ਼ਾਰ ਇਮਾਰਤਾਂ ਢਹਿ-ਢੇਰੀ ਹੋ ਗਈਆਂ ਹਨ। ਇਸ ਦੌਰਾਨ ਮੌਸਮ ਦੀ ਮਾਰ ਵੀ ਪੈ ਰਹੀ ਹੈ ਤੇ ਤਾਪਮਾਨ ਸਿਫ਼ਰ ਤੋਂ ਹੇਠਾਂ ਦਰਜ ਕੀਤਾ ਗਿਆ ਹੈ। ਹੁਣ ਤੱਕ ਭੂਚਾਲ ਦੇ ਛੋਟੇ-ਵੱਡੇ ਕਰੀਬ 200



ਝਟਕੇ ਲੱਗ ਚੁੱਕੇ ਹਨ। ਇਸ ਕਾਰਨ ਰਾਹਤ ਕਾਰਜਾਂ ਵਿਚ ਵੀ ਮੁਸ਼ਕਲ ਆ ਰਹੀ ਹੈ। ਇਕੱਲੇ ਹਾਟੇ ਸੂਬੇ ਵਿਚ ਹੀ 1500 ਇਮਾਰਤਾਂ ਡਿੱਗ ਗਈਆਂ ਹਨ। ਭੂਚਾਲ ਦੇ ਝਟਕੇ ਕਾਹਿਰਾ ਤੋਂ ਲੈ ਕੇ ਦਮੱਸ਼ਕ ਤੇ ਬੈਰੂਤ ਤੱਕ ਮਹਿਸੂਸ ਕੀਤੇ ਗਏ ਹਨ। ਸੀਰੀਆ ਵਿਚ ਵੱਡੀ ਗਿਣਤੀ ਫੱਟੜ ਲੋਕ ਹਸਪਤਾਲਾਂ ਵਿਚ ਆ ਰਹੇ ਹਨ ਤੇ ਸਿਹਤ ਢਾਂਚੇ ਉਤੇ ਕਾਫ਼ੀ ਬੋਝ ਪੈ ਗਿਆ ਹੈ। ਤੁਰਕੀ ਵਿਚ ਲੋਕਾਂ ਨੇ ਖੇਡ ਹਾਲਾਂ ਤੇ ਹੋਰ ਥਾਵਾਂ 'ਤੇ ਸ਼ਰਨ ਲਈ ਹੈ। ਕਈ ਲੋਕ ਹੱਡ ਚੀਰਵੀਂ ਠੰਢ ਵਿਚ ਅੱਗ ਬਾਲ ਕੇ ਤੇ ਕੰਬਲ ਲਪੇਟ ਕੇ ਸਮਾਂ ਗੁਜ਼ਾਰ ਰਹੇ ਹਨ। ਤੁਰਕੀ ਦੀ ਸੀਰੀਆ ਨਾਲ ਲੱਗਦੀ ਸਰਹੱਦ 'ਤੇ ਤਾਇਨਾਤ ਫ਼ੌਜ ਨੂੰ ਵੀ ਬਚਾਅ ਕਾਰਜਾਂ ਵਿਚ ਲਾਇਆ ਗਿਆ ਹੈ। ਤੁਰਕੀ ਦੇ ਉਪ ਰਾਸ਼ਟਰਪਤੀ ਫੁਆਤ ਓਕਤੇ ਨੇ ਕਿਹਾ ਕਿ 20 ਹਜ਼ਾਰ ਤੋਂ ਵੱਧ ਲੋਕ ਜ਼ਖ਼ਮੀ ਹਨ। ਸਰਕਾਰੀ ਕੰਟਰੋਲ ਵਾਲੇ ਸੀਰੀਆ ਦੇ ਖੇਤਰਾਂ ਵਿਚ 812 ਮੌਤਾਂ ਹੋਈਆਂ ਹਨ। ਬਾਗ਼ੀਆਂ ਦੇ ਕਬਜ਼ੇ ਵਾਲੇ ਉੱਤਰ-ਪੱਛਮ ਖੇਤਰ ਵਿਚ 790 ਲੋਕ ਮਾਰੇ ਗਏ ਹਨ। ਇਸੇ ਦੌਰਾਨ ਵੱਖ-ਵੱਖ ਮੁਲਕਾਂ ਵੱਲੋਂ ਲਗਾਤਾਰ ਤੁਰਕੀ ਨੂੰ ਮਦਦ ਭੇਜੀ ਜਾ ਰਹੀ ਹੈ।


*(ਬਾਕੀ ਸਫਾ 6 'ਤੇ)*



**Start your own Insurance**



Ray Singh

* Thinking of starting your own insurance business.
* You can start part-time or full time and you can also work from home.
We can help you get license and train you.
Call or text: Ray Singh
925-209-6747



Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Faloода Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine — Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS



17 years of experience
Services
-We do Same day IRP Plates
-Truck Permits
-New company
-Truck ELD
-Trucking compliance



Rajinder Singh
159 D'Arcy Pkwy, Lathrop, CA 95330
Phone: 209 636 0880



ੴ ਸਤਿਗੁਰ ਪ੍ਰਸਾਦਿ॥
ਸਿੱਖ ਸੰਗਤ ਬੇ ਏਰੀਆ
ਭਾਈ ਕੁਲਜੀਤ ਸਿੰਘ
ਭਾਈ ਹਰਮਿੰਦਰਪਾਲ ਸਿੰਘ
ਬੀਬੀ ਸਰਬਜੀਤ ਕੌਰ ਚੀਮਾ
ਭਾਈ ਗੁਰਦਾਵਰ ਸਿੰਘ ਮਾਨ
ਭਾਈ ਹਰਜੀਤ ਸਿੰਘ
ਅਪੀਲ
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥
ਗੁਰੂ ਪਿਆਰੀ ਸਾਧ ਸੰਗਤ ਜੀਓ॥
ਗੁਰੂਘਰ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ 12 ਮਾਰਚ 2023 ਨੂੰ ਹੋਣ ਜਾ ਰਹੀਆਂ ਹਨ। ਸਿੱਖ ਸੰਗਤ ਬੇ ਏਰੀਆ ਵਲੋਂ ਸੰਗਤ ਦੇ ਸਹਿਯੋਗ ਨਾਲ ਗੁਰਬਾਣੀ ਦੇ ਰਸੀਏ, ਸੇਵਾ ਦੇ ਪੁੰਜ ਅਤੇ ਤੁਹਾਡੇ ਪਰਖੇ ਹੋਏ ਉਮੀਦਵਾਰ ਚੋਣ ਵਾਸਤੇ ਸੰਗਤ ਦੀ ਕਚਿਹਰੀ ਵਿਚ ਪੇਸ਼ ਹੋਏ ਹਨ।ਆਪ ਸਭ ਸੰਗਤਾਂ ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਅਤੇ ਆਪਣੇ ਬੱਚਿਆਂ ਦੇ ਸੁਨਿਹਰੀ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਸਿੱਖ ਸੰਗਤ ਬੇ ਏਰੀਆ ਦੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਕਮਾਯਾਬ ਕਰੋ ਜੀ। ਯਾਦ ਰਹੇ ਸਿੱਖ ਸੰਗਤ ਬੇ ਏਰੀਆ ਦੇ ਇਹਨਾਂ ਉਮੀਦਵਾਰਾਂ ਅਤੇ ਸਮੁੱਚੇ ਸਮੱਰਥਕਾਂ ਵਲੋਂ ਸਿੱਖ ਪੰਚਾਇਤ ਦੁਆਰਾ ਪਿਛਲੀਆਂ ਗੁਰਦੁਆਰਾ ਚੋਣਾਂ ਵਿਚ ਕੀਤੀਆਂ ਗਈਆਂ ਕਥਿਤ ਧਾਂਦਲੀਆਂ ਖ਼ਿਲਾਫ ਸੰਗਤ ਦੇ ਸਹਿਯੋਗ ਨਾਲ ਬੜੀ ਖਰਚੀਲੀ ਲੜਾਈ ਦ੍ਰਿੜਤਾ ਨਾਲ ਲੜੀ ਗਈ ਹੈ। ਹੁਣ ਸਮੂਹ ਸੰਗਤ ਦਾ ਫ਼ਰਜ਼ ਬਣਦਾ ਹੈ ਕਿ ਆਪਣੀ ਵੋਟ ਦੀ ਤਾਕਤ ਨਾਲ ਗੁਰੂਘਰ ਉੱਪਰ ਮਸੰਦੀ ਕਬਜ਼ਾ ਕਰੀ ਬੈਠੇ ਪੰਚਾਇਤੀਆਂ ਨੂੰ ਬਾਹਰ ਕੱਢ ਕੇ ਗੁਰੂਘਰ ਦੇ ਪ੍ਰਬੰਧਾਂ ਅੰਦਰ ਪਾਰਦਰਸ਼ਤਾ ਲਿਆ ਕੇ ਨੌਜਵਾਨ ਸਿੱਖ ਪੀੜ੍ਹੀ ਨੂੰ ਨੁਮਾਇੰਦਗੀ ਦਿੱਤੀ ਜਾਵੇ।ਸੰਗਤ ਦੇ ਭਰਪੂਰ ਸਹਿਯੋਗ ਦੀ ਲੋੜ ਹੈ ਜੀ। ਧੰਨਵਾਦ।
ਜਾਰੀ ਕਰਤਾ:ਸਿੱਖ ਸੰਗਤ ਬੇ ਏਰੀਆ

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5’2” daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5’ 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct’ 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**

# ਸ਼ਹੀਦ ਬਾਬਾ ਦੀਪ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ

**ਸਨਵਾਕੀਨ:** ਇੱਥੋਂ ਦੇ ਸਭ ਤੋਂ ਪੁਰਾਤਨ ਗੁਰੂਘਰ ‘ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ’ ਵਿਖੇ ਸਿੱਖ ਕੌਮ ਦੇ ਮਹਾਨ ਸ਼ਹੀਦ, ਨਿਧੜਕ ਜਰਨੈਲ, ਸੂਰਬੀਰ ਯੋਧੇ ਬਾਬਾ ਦੀਪ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਏ ਗਏ। ਇਸ ਦੌਰਾਨ ਸੰਤ ਸਿਪਾਹੀ ਬਾਬਾ ਦੀਪ ਸਿੰਘ ਜੀ ਵਲੋਂ ਜ਼ੁਲਮ, ਬੁਰਿਆਈ ਦੇ ਖ਼ਿਲਾਫ਼ ਅਤੇ ਧਰਮ ਦੀ ਖਾਤਰ ਦਿੱਤੀ ਸ਼ਹਾਦਤ ਨੂੰ ਯਾਦ ਕੀਤਾ ਗਿਆ।

ਇਸ ਸਮੇਂ ਗੁਰੂਘਰ ਵਿਚ ਪਾਠਾਂ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ, ਜਿਸ ਵਿਚ ਗੁਰੂਘਰ ਦੇ ਮੁੱਖ ਗ੍ਰੰਥੀ ਭਾਈ ਕੁਲਵੰਤ ਸਿੰਘ ਧਾਲੀਵਾਲ ਨੇ ਕਥਾ ਕਰਦੇ ਹੋਏ ਸੰਗਤ ਨੂੰ ਬਾਬਾ ਦੀਪ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਇਸ ਉਪਰੰਤ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਜੋਗਿੰਦਰ ਸਿੰਘ ਜੋਗੀ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਸ਼ਬਦ ਗੁਰਬਾਣੀ ਨਾਲ ਨਿਹਾਲ ਕੀਤਾ। ਭਾਈ ਕੁਲਵੰਤ ਸਿੰਘ ਖਹਿਰਾ, ਭਾਈ ਅਮਰਜੀਤ ਅਤੇ ਭਾਈ ਸਿਮਰਨਜੀਤ ਸਿੰਘ ਨੇ ਵੀ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਚੱਲ ਰਹੇ ਪ੍ਰਵਾਹ ਵਿਚ ਹਾਜ਼ਰੀਆਂ ਭਰਦਿਆਂ ਸੇਵਾਵਾਂ ਨਿਭਾਈਆਂ।



ਗੁਰੂਘਰ ਦੀ ਪ੍ਰਬੰਧਕੀ ਕਮੇਟੀ ਵੱਲੋਂ ਸੰਗਤਾਂ ਦਾ ਸੇਵਾਵਾਂ ਲਈ ਧੰਨਵਾਦ ਕੀਤਾ ਗਿਆ। ਸਮੁੱਚੇ ਪ੍ਰੋਗਰਾਮਾਂ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ। ਅੰਤ ਸਰਬੱਤ ਦੇ ਭਲੇ ਦੀ ਅਰਦਾਸ ਕਰਦੇ ਹੋਏ ਸਮਾਗਮ ਸਮਾਪਤ ਹੋਏ।

## ਲੜਕੀ ਦੀ ਲੋੜ ਹੈ

US settled, Jatt Sikh, well educated, landlord family seeks professionally qualified match for US Citizen, handsome, turbaned boy, 6”, 26, B.E. Computer Science, excellent salary, teetotaler, well versed in both cultures. Please respond with recent photographs and detailed particulars at singhusa2022@gmail.com, or WhatsApp: +1-248-854-0003

5-8

Sikh Arora family looking for a suitable match for their 5'-8" B.tech. PMlM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

4-7

Khatri Hindu family looking for a suitable match for their son US Citizen 38, 5’9" divorced with full custody of child, non-smoker/non-drinker. Caste and religion no bar. Well settled in California. Please contact Whatsapp/Phone: 909-286-5400"

3-6

ਗਰੀਨ ਕਾਰਡ ਹੋਲਡਰ ਰਾਮਗੜੀਆ ਸਿੱਖ, 36 ਸਾਲ, ਕੱਦ 5’11" ਡਿਗਰੀ ਹੋਲਡਰ, ਆਪਣਾ ਕਾਰੋਬਾਰ ਕਰਦੇ ਲੜਕੇ ਲਈ ਅਮਰੀਕਾ ਰਹਿੰਦੀ ਸੋਹਣੀ ਸੁਨੱਖੀ (ਤਲਾਕਸ਼ੁਦਾ ਜਾਂ ਬੱਚੇ ਵਾਲੀ ਵੀ ਵਿਚਾਰਨਯੋਗ) ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 765-602-6904 (ਵ੍ਹਟਸਐਪ)।

2-5

An educated Jatt Sikh family looking for a suitable match for their 42, 5’10" son - US citizen, a lawyer working at a major US University. Doctorate degree from US. Divorced, shared custody of two kids. Please contact us at: dsr9822@gmail.com

2-5

Khatri Sikh family residing in USA looking for a compatible Sikh match from USA or Canada for their US citizen Turbaned son, 1984 born, 5’10", never married, BS & MS (USA), working as an Engineer with a pharmaceutical company in Pennsylvania. Caste no bar. Serious enquiries only. Please contact us with complete details and picture at WhatsApp +1-331-280-7906 or E-mail at sanjogmatri27@gmail.com

1-4

Looking for suitable, educated match for Jatt Sikh boy, born in 1995, 5’10, well settled in USA, own business, back home from moga, Punjab. Prefer girl in USA or canada . Please send biodata and most recent pictures to whats app 17345482767 or Email- satnambhullar1966@gmail.com

1-4

Looking for a suitable match for our USA green card holder, 5’7" 1987 born Sikh Tonk Kshatriya son. All family members are settled in the USA. Educational level includes business management and currently works in transportation. Serious inquiries please contact @ 314-309-4408 or E-mail at: santokhkainth53@gmail.com.

1-4

Suitable Jatt Sikh match for US born Jatt Sikh Gill boy 30, 5’8.5" and is of healthier build. Only sibling belonging to a well to do family with land and property in India and US. Currently manages the family owned Gas station. Call 269-506-0599 and/or email gill9256@gmail.com

1-4

Jatt Sikh family looking for a suitable Jatt Sikh girl for their US born 27 years, 5’11”, Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3

Khatri Sikh family looking for a beautiful educated Sikh girl from USA, Canada, or India for their USA citizen son, born in 1987, 5’11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5’10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

# ਨਕੋਦਰ ਬੇਅਦਬੀ ਕਾਂਡ ਪੀੜਤਾਂ ਨੂੰ 37 ਵਰ੍ਹਿਆਂ ਤੋਂ ਇਨਸਾਫ ਦੀ ਉਡੀਕ

**ਜਲੰਧਰ:** ਨਕੋਦਰ ਵਿਚ 37 ਸਾਲ ਪਹਿਲਾਂ 4 ਫਰਵਰੀ 1986 ਨੂੰ ਵਾਪਰੇ ਬੇਅਦਬੀ ਕਾਂਡ ਦੌਰਾਨ ਪੁਲਿਸ ਨੇ ਗੋਲੀਆਂ ਮਾਰ ਕੇ ਚਾਰ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰ ਦਿੱਤਾ ਸੀ। ਨਕੋਦਰ ਵਿਚ 1986 ਦੌਰਾਨ ਵਾਪਰੀ ਇਸ ਘਟਨਾ ਤੋਂ ਬਾਅਦ ਭਗਵੰਤ ਸਿੰਘ ਮਾਨ 8ਵੇਂ ਮੁੱਖ ਮੰਤਰੀ ਬਣੇ ਹਨ ਜਿਨ੍ਹਾਂ ਅੱਗੇ ਪੀੜਤ ਪਰਿਵਾਰ ਇਨਸਾਫ ਲਈ ਤਰਲੇ ਕੱਢ ਰਹੇ ਹਨ।

ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਣ ਵਾਲਿਆਂ ਵਿਚ ਚਾਰ ਸਿੱਖ ਨੌਜਵਾਨ ਵਿਦਿਆਰਥੀ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੌਰਸੀਆਂ ਅਤੇ ਹਰਮਿੰਦਰ ਸਿੰਘ ਰਾਏਪੁਰ ਸ਼ਾਮਲ ਸਨ। ਇਹ ਚਾਰੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਆਗੂ ਵੀ ਸਨ। ਪਿਛਲੇ 37 ਸਾਲਾਂ ਤੋਂ ਇਨਸਾਫ ਦੀ ਉਡੀਕ ਕਰਦੇ-ਕਰਦੇ ਤਿੰਨ ਨੌਜਵਾਨਾਂ ਦੇ ਮਾਪੇ ਤਾਂ ਇਸ ਦੁਨੀਆਂ ਤੋਂ ਵੀ ਚਲੇ ਗਏ ਹਨ। ਇਨ੍ਹਾਂ ਸ਼ਹੀਦ ਨੌਜਵਾਨਾਂ ਵਿਚ ਸ਼ਾਮਲ ਰਵਿੰਦਰ ਸਿੰਘ ਲਿੱਤਰਾਂ ਦੇ ਪਿਤਾ ਬਲਦੇਵ ਸਿੰਘ ਲਿੱਤਰਾਂ ਹਰ ਸਾਲ ਕੈਨੇਡਾ ਤੋਂ ਆ ਕੇ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰਵਾਉਂਦੇ ਹਨ ਪਰ ਅਜੇ ਤੱਕ ਉਨ੍ਹਾਂ ਨੂੰ ਇਨਸਾਫ ਨਹੀਂ ਮਿਲਿਆ। ਬਲਦੇਵ ਸਿੰਘ ਲਿੱਤਰਾਂ ਨੇ ਦੱਸਿਆ ਕਿ 1986 ਵਿਚ ਵਾਪਰੀ ਬੇਅਦਬੀ ਦੀ ਇਸ ਘਟਨਾ ਤੋਂ ਬਾਅਦ ਅੱਠ ਮੁੱਖ ਮੰਤਰੀ ਬਣੇ ਪਰ ਇਨਸਾਫ ਕਿਸੇ ਨੇ ਵੀ ਨਹੀਂ ਦਿੱਤਾ।

ਇਨ੍ਹਾਂ ਨੌਜਵਾਨਾਂ ਦੇ ਮਾਪਿਆਂ ਨੂੰ ਇਸ ਗੱਲ ਦਾ ਸਭ ਤੋਂ ਵੱਧ ਰੋਸ ਹੈ ਕਿ 37 ਸਾਲਾਂ ਦੌਰਾਨ ਸਭ ਤੋਂ ਵੱਧ ਸਮਾਂ ਕਰੀਬ 15 ਸਾਲ ਪੰਥਕ ਸਰਕਾਰਾਂ ਰਹੀਆਂ ਸਨ, ਫਿਰ ਵੀ ਇਨਸਾਫ ਲਈ ਉਨ੍ਹਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣੀਆਂ ਪਈਆਂ ਸਨ। ਬਲਦੇਵ ਸਿੰਘ ਲਿੱਤਰਾਂ ਨੇ ਕਿਹਾ ਕਿ ਨਕੋਦਰ ਬੇਅਦਬੀ ਕਾਂਡ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ ਅਤੇ ਸਾਲ 2015 ਦੌਰਾਨ ਵਾਪਰੇ ਬਰਗਾੜੀ ਬੇਅਦਬੀ ਕਾਂਡ ਵੇਲੇ ਵੀ ਸ਼੍ਰੋਮਣੀ ਅਕਾਲੀ ਦਲ ਦੀ ਹੀ ਸਰਕਾਰ ਸੀ।



ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਤਤਕਾਲੀ ਜਥੇਦਾਰ ਗਿਆਨੀ ਹਰਚਰਨ ਸਿੰਘ ਮਹਾਲੋਂ ਨਕੋਦਰ ਬੇਅਦਬੀ ਕਾਂਡ ਵਿਰੁੱਧ ਸੜਕ 'ਤੇ ਲੱਗੇ ਧਰਨੇ ਵਿਚ ਬੈਠੇ ਸਨ।

## ਸ਼੍ਰੋਮਣੀ ਕਮੇਟੀ ਵੱਲੋਂ ਨਕੋਦਰ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ

**ਅੰਮ੍ਰਿਤਸਰ:** ਬੇਅਦਬੀ ਘਟਨਾਵਾਂ ਦਾ ਵਿਰੋਧ ਕਰਦਿਆਂ 1986 ਵਿਚ ਨਕੋਦਰ 'ਚ ਪੁਲਿਸ ਗੋਲੀਬਾਰੀ ਕਾਰਨ ਮਾਰੇ ਗਏ ਚਾਰ ਸਿੱਖ ਨੌਜਵਾਨਾਂ ਨੂੰ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਯਾਦ ਕੀਤਾ। ਇਸ ਸਬੰਧੀ ਦਰਬਾਰ ਸਾਹਿਬ ਸਮੂਹ ਵਿਚ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਅਰਦਾਸ ਸਮਾਗਮ ਕਰਵਾਇਆ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਨਕੋਦਰ ਕਾਂਡ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਸਬੰਧੀ ਅਖੰਡ ਪਾਠ ਮਰਹੂਮ ਰਵਿੰਦਰ ਸਿੰਘ ਦੇ ਪਰਵਾਸੀ ਭਾਰਤੀ ਪਰਿਵਾਰ ਵੱਲੋਂ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਰਖਵਾਇਆ ਗਿਆ ਸੀ। ਅਖੰਡ ਪਾਠ ਦੇ ਭੋਗ ਮਗਰੋਂ ਗੁਰਬਾਣੀ ਦਾ ਕੀਰਤਨ ਹੋਇਆ ਅਤੇ ਬਾਅਦ ਵਿਚ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਹੀਦ ਨੌਜਵਾਨਾਂ ਦੇ ਪਰਿਵਾਰਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ।

## ਵਿਦੇਸ਼ੀ ਮੁਲਕਾਂ ਵੱਲੋਂ ਘਟਨਾ ਨੂੰ 'ਸਾਕਾ ਨਕੋਦਰ' ਵਜੋਂ ਮਾਨਤਾ

**ਚੰਡੀਗੜ੍ਹ:** ਅਮਰੀਕਾ, ਕੈਨੇਡਾ, ਫਰਾਂਸ ਤੇ ਹੋਰ ਦੇਸ਼ਾਂ ਦੀਆਂ ਸਰਕਾਰਾਂ ਤਾਂ ਇਸ ਨੂੰ ਸਾਕਾ ਨਕੋਦਰ ਦੇ ਤੌਰ 'ਤੇ ਮਾਨਤਾ ਦੇ ਚੁੱਕੀਆਂ ਹਨ। ਯੂ.ਐਨ.ਓ .ਵਿਚ ਮਨੁੱਖੀ ਅਧਿਕਾਰਾਂ ਬਾਰੇ ਬਣੀ ਕੌਂਸਲ ਦੇ 43ਵੇਂ ਸੈਸ਼ਨ ਦੌਰਾਨ ਸਾਕਾ ਨਕੋਦਰ ਦਾ ਮਾਮਲਾ ਉਠਾਇਆ ਗਿਆ ਹੈ। ਯੂ.ਕੇ. ਵਿਚ ਰਹਿੰਦੇ ਤੇ ਯੂ.ਐਨ.ਓ. ਦੀ ਮਨੁੱਖੀ ਅਧਿਕਾਰਾਂ ਬਾਰੇ ਬਣੀ ਕੌਂਸਲ ਦੇ ਪ੍ਰਤੀਨਿਧੀ ਡਾ. ਇਕਤਿਦਾਰ ਕਰਾਮਤ ਚੀਮਾ ਨੇ ਦੱਸਿਆ ਕਿ ਜੇ ਸਾਕਾ ਨਕੋਦਰ 'ਤੇ ਸਰਕਾਰਾਂ ਨੇ ਪਹਿਰਾ ਦਿੱਤਾ ਹੁੰਦਾ ਤਾਂ ਬਰਗਾੜੀ ਕਾਂਡ ਨਹੀਂ ਸੀ ਵਾਪਰਨਾ।

## ਮੈਡੀਕਲ ਕਾਲਜ ਲਈ ਜ਼ਮੀਨ ਦੇਣ ਵਾਸਤੇ ਟਰੱਸਟ ਤਿਆਰ: ਢੀਂਡਸਾ

**ਮਸਤੂਆਣਾ ਸਾਹਿਬ:** ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦੀ ਬਰਸੀ ਮੌਕੇ ਗੁਰਦੁਆਰਾ ਗੁਰਸਾਗਰ ਸਾਹਿਬ ਵਿਚ ਨਤਮਸਤਕ ਹੋਣ ਲਈ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਜੇ ਪੰਜਾਬ ਸਰਕਾਰ ਮੈਡੀਕਲ ਕਾਲਜ ਬਣਾਉਣਾ ਚਾਹੁੰਦੀ ਹੈ ਤਾਂ ਉਹ ਵਿਵਾਦ ਵਾਲੀ ਜ਼ਮੀਨ ਛੱਡ ਕੇ ਦੂਜੀ ਜ਼ਮੀਨ 'ਤੇ ਮੈਡੀਕਲ ਕਾਲਜ ਦੀ ਉਸਾਰੀ ਸ਼ੁਰੂ ਕਰਵਾਏ। ਸ੍ਰੀ ਢੀਂਡਸਾ ਨੇ ਕਿਹਾ ਕਿ ਸੰਤ ਅਤਰ ਸਿੰਘ ਗੁਰਸਾਗਰ ਮਸਤੂਆਣਾ ਟਰੱਸਟ ਵੱਲੋਂ ਜ਼ਮੀਨ ਦੇਣ ਲਈ ਪਹਿਲਾਂ ਵੀ ਕੋਈ ਅੜਿੱਕਾ ਨਹੀਂ ਪਾਇਆ ਜਾ ਰਿਹਾ ਅਤੇ ਨਾ ਹੀ ਅੱਗੇ ਕੋਈ ਅੜਿੱਕਾ ਲਾਇਆ ਜਾਵੇਗਾ। ਉਨ੍ਹਾਂ ਸਰਕਾਰ ਨੂੰ ਇਹ ਵੀ ਕਿਹਾ ਕਿ ਜਿੰਨੀ ਦੇਰ ਇਸ ਮੈਡੀਕਲ ਕਾਲਜ ਦੀ ਇਮਾਰਤ ਤਿਆਰ ਨਹੀਂ ਹੋ ਜਾਂਦੀ, ਉਦੋਂ ਤੱਕ ਸਰਕਾਰ ਨੂੰ ਬਣੀ-ਬਣਾਈ ਇਮਾਰਤ ਵੀ ਦੇਣ ਲਈ ਤਿਆਰ ਹਨ। ਸ੍ਰੀ ਢੀਂਡਸਾ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਮੁਹਾਲੀ ਵਿਚ ਲਗਾਏ ਮੋਰਚੇ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਦੇ ਆਗੂ 15 ਫਰਵਰੀ ਨੂੰ ਬੰਦੀ ਸਿੰਘਾਂ ਦੇ ਹੱਕ ਚੱਲ ਰਹੇ ਮੋਰਚੇ ਦੇ ਆਗੂਆਂ ਕੋਲ ਜਾਣਗੇ।



## ਸ਼੍ਰੋਮਣੀ ਕਮੇਟੀ ਦੇ ਵਫਦ ਵੱਲੋਂ ਬੇਗਮ ਮੁਨੱਵਰ-ਉਨ-ਨਿਸਾ ਨਾਲ ਮੁਲਾਕਾਤ

**ਮਾਲੇਰਕੋਟਲਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਦੋ ਮੈਂਬਰੀ ਵਫ਼ਦ ਚੜ੍ਹਦੇ ਪੰਜਾਬ ਦੀ ਇਕੋ-ਇਕ ਮੁਸਲਿਮ ਰਿਆਸਤ ਮਾਲੇਰਕੋਟਲਾ ਦੇ ਆਖ਼ਰੀ ਨਵਾਬ ਮਰਹੂਮ ਇਫ਼ਤਖਾਰ ਅਲੀ ਖਾਂ ਦੀ ਬੇਗਮ ਮੁਨੱਵਰ-ਉਨ-ਨਿਸਾ (101) ਨੂੰ ਮਿਲਣ ਲਈ ਉਨ੍ਹਾਂ ਦੀ ਸਥਾਨਕ ਰਿਹਾਇਸ਼ ਮੁਬਾਰਿਕ ਮੰਜ਼ਿਲ ਪਹੁੰਚਿਆ।

ਵਫ਼ਦ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਿਮਰਜੀਤ ਸਿੰਘ ਤੇ ਗੁਰਦੁਆਰਾ ਫ਼ਤਹਿਗੜ੍ਹ ਦੇ ਪ੍ਰਬੰਧਕ ਭਗਵੰਤ ਸਿੰਘ ਧੰਗੇੜਾ ਨੇ ਬੇਗਮ ਦੀ ਸਿਹਤ ਦਾ ਹਾਲ-ਚਾਲ ਪੁੱਛਿਆ ਅਤੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮੌਕੇ ਤਤਕਾਲੀ ਨਵਾਬ ਸ਼ੇਰ ਮੁਹੰਮਦ ਖਾਨ ਵੱਲੋਂ ਸਾਹਿਬਜ਼ਾਦਿਆਂ ਦੇ ਹੱਕ 'ਚ ਹਾਅ ਦਾ ਨਾਅਰਾ ਮਾਰਨ ਦੇ ਸ਼ੁਕਰਾਨੇ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤੇ ਜਾਣ ਦੀ ਤਜਵੀਜ਼ ਵੀ ਸਾਂਝੀ ਕੀਤੀ। ਬੇਗਮ ਮੁਨੱਵਰ-ਉਨ-ਨਿਸਾ ਦੀ ਸਿਹਤ ਅਤੇ ਉਮਰ ਨੂੰ ਦੇਖਦਿਆਂ ਵਫ਼ਦ ਨਾਲ ਜ਼ਿਆਦਾ ਗੱਲਬਾਤ ਬੇਗਮ ਦੇ ਕੇਅਰ ਟੇਕਰ ਮੁਹੰਮਦ ਮਹਿਮੂਦ ਨੇ ਹੀ ਕੀਤੀ। ਮੁਹੰਮਦ ਮਹਿਮੂਦ ਨੇ ਵਫ਼ਦ ਨੂੰ ਦੱਸਿਆ ਕਿ ਬੇਗਮ ਸਾਹਿਬਾ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਨਵਾਬ ਖ਼ਾਨਦਾਨ ਨੂੰ ਭੇਟ ਕੀਤੀ ਸ੍ਰੀ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਵਿਰੋਧ ਕਰਦਿਆਂ ਨਵਾਬ ਸ਼ੇਰ ਮੁਹੰਮਦ ਖ਼ਾਂ ਵੱਲੋਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਲਿਖਿਆ ਪੱਤਰ ਵੀ ਸਾਂਭ ਕੇ ਰੱਖਿਆ ਹੋਇਆ ਹੈ। ਉਨ੍ਹਾਂ ਵਫ਼ਦ ਨੂੰ ਦੱਸਿਆ ਕਿ ਬੇਗਮ ਸਾਹਿਬ ਦੀ ਇੱਛਾ ਹੈ ਕਿ ਗੁਰੂ ਸਾਹਿਬ ਵੱਲੋਂ ਉਨ੍ਹਾਂ ਦੇ ਖ਼ਾਨਦਾਨ ਨੂੰ ਭੇਟ ਕੀਤੀ ਸ੍ਰੀ ਸਾਹਿਬ ਨੂੰ ਮਾਲੇਰਕੋਟਲਾ ਦੀ ਸਾਂਝੀ ਵਿਰਾਸਤ ਵਜੋਂ ਆਮ ਲੋਕਾਂ ਦੇ ਦਰਸ਼ਨਾਂ ਲਈ ਸੁਸ਼ੋਭਿਤ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਸਿਹਤ ਵਿਭਾਗ ਦੀ ਟੀਮ ਹਰ ਹਫ਼ਤੇ ਬੇਗਮ ਸਾਹਿਬਾ ਦੀ ਸਿਹਤ ਦੀ ਜਾਂਚ ਕਰਦੀ ਸੀ, ਪਰ ਨਵੀਂ ਸਰਕਾਰ ਬਣਨ ਮਗਰੋਂ ਹਾਲੇ ਤੱਕ ਇਕ ਵਾਰ ਵੀ ਕੋਈ ਟੀਮ ਜਾਂਚ ਲਈ ਨਹੀਂ ਆਈ ਹੈ।



ਸ਼੍ਰੋਮਣੀ ਕਮੇਟੀ ਦੇ ਸਕੱਤਰ ਸਿਮਰਜੀਤ ਸਿੰਘ ਨੇ ਦੱਸਿਆ ਕਿ ਉਹ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਹਦਾਇਤ 'ਤੇ ਇੱਥੇ ਆਏ ਹਨ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਸ਼੍ਰੋਮਣੀ ਕਮੇਟੀ ਬੇਗਮ ਮੁਨੱਵਰ-ਉਨ-ਨਿਸਾ ਨੂੰ ਫ਼ਤਹਿਗੜ੍ਹ ਸਾਹਿਬ ਦੀ ਧਰਤੀ 'ਤੇ ਸਨਮਾਨਿਤ ਕਰਨਾ ਚਾਹੁੰਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਗੁਰੂ ਸਾਹਿਬ ਵੱਲੋਂ ਉਨ੍ਹਾਂ ਦੇ ਪਰਿਵਾਰ ਨੂੰ ਦਿੱਤੀ ਗਈ ਸ੍ਰੀ ਸਾਹਿਬ ਦੀ ਸੰਭਾਲ ਵੀ ਉਸੇ ਤਰ੍ਹਾਂ ਕੀਤੀ ਜਾਵੇਗੀ, ਜਿਵੇਂ ਬੇਗਮ ਮੁਨੱਵਰ-ਉਨ-ਨਿਸਾ ਦੀ ਇੱਛਾ ਹੈ।

## ਸਿੱਖ ਕਤਲੇਆਮ ਦੇ ਦੋਸ਼ੀ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਹੈ ਕਿ ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਕੇਸ ਵਿਚ ਦੋਸ਼ੀ ਠਹਿਰਾਏ ਗਏ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ ਅਤੇ ਉਨ੍ਹਾਂ ਇਸ ਨੂੰ ਦਿੱਲੀ ਗੁਰਦੁਆਰਾ ਕਮੇਟੀ ਤੇ ਦਿੱਲੀ ਦੀ ਸੰਗਤ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ।

ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ ਸੁਪਰੀਮ ਕੋਰਟ ਵਿਚ 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਹੋਈ। ਇਸ ਦੌਰਾਨ ਦਿੱਲੀ ਕਮੇਟੀ ਵੱਲੋਂ ਐਡਵੋਕੇਟ ਗੁਰਬਖਸ਼ ਸਿੰਘ ਅਤੇ ਸੀਨੀਅਰ ਐਡਵੋਕੇਟ ਦੁਸ਼ਯੰਤ ਦਵੇ ਪੇਸ਼ ਹੋਏ।



ਉਨ੍ਹਾਂ ਅਦਾਲਤ ਨੂੰ ਦੱਸਿਆ ਕਿ ਬਲਵਾਨ ਖੋਖਰ, ਸੱਜਣ ਕੁਮਾਰ ਦਾ ਨੇੜਲਾ ਸਾਥੀ ਤੇ ਕੌਂਸਲਰ ਵੀ ਰਿਹਾ ਹੈ। ਇਨ੍ਹਾਂ ਦੇ ਇਲਾਕੇ ਵਿਚ ਸਭ ਤੋਂ ਜ਼ਿਆਦਾ 825 ਸਿੱਖਾਂ ਦਾ ਕਤਲੇਆਮ ਹੋਇਆ ਸੀ।

ਉਨ੍ਹਾਂ ਕਿਹਾ ਕਿ ਦਿੱਲੀ ਕਮੇਟੀ ਦੇ ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਸੁਪਰੀਮ ਕੋਰਟ ਨੇ ਬਲਵਾਨ ਖੋਖਰ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਦਾਲਤ ਨੇ ਸਿੱਖਾਂ ਦੀਆਂ ਭਾਵਨਾਵਾਂ ਦੇ ਨਾਲ ਅਦਾਲਤੀ ਪ੍ਰਕਿਰਿਆ ਦਾ ਵੀ ਖਿਆਲ ਰੱਖਿਆ ਹੈ।

## ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ ਸੰਭਾਲਣ ਲਈ ਹਿਲਜੁਲ ਸ਼ੁਰੂ ਹੋਈ

**ਅੰਮ੍ਰਿਤਸਰ:** ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਸੁਪਰੀਮ ਕੋਰਟ ਵਿੱਚੋਂ ਖਾਰਜ ਹੋਣ ਤੋਂ ਬਾਅਦ ਹੁਣ ਸਿੱਖ ਜਥੇਬੰਦੀ ਨੂੰ ਹਰਿਆਣਾ ਵਿਚਲੇ ਆਪਣੇ ਪ੍ਰਬੰਧ ਹੇਠਲੇ ਗੁਰਦੁਆਰਿਆਂ ਦਾ ਪ੍ਰਬੰਧ ਛੱਡਣਾ ਪਵੇਗਾ। ਦੂਜੇ ਪਾਸੇ, ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਹਰਿਆਣਾ ਕਮੇਟੀ ਦੇ ਵੱਖ-ਵੱਖ ਧੜਿਆਂ ਦੇ ਸਿੱਖ ਆਗੂਆਂ ਨੇ ਵੀ ਕਮਰਕੱਸੇ ਸ਼ੁਰੂ ਕਰ ਦਿੱਤੇ ਹਨ। ਹਰਿਆਣਾ ਵਿਚ ਇਸ ਵੇਲੇ ਸ਼੍ਰੋਮਣੀ ਕਮੇਟੀ ਦੇ ਸਿੱਧੇ ਅਤੇ ਅਸਿੱਧੇ ਪ੍ਰਬੰਧ ਹੇਠ ਲਗਭਗ 50 ਤੋਂ ਵੱਧ ਗੁਰਦੁਆਰੇ ਹਨ।

ਇਨ੍ਹਾਂ ਵਿਚੋਂ 8 ਗੁਰਦੁਆਰੇ ਸੈਕਸ਼ਨ 85 ਹੇਠ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਹਨ, ਜਿਨ੍ਹਾਂ ਵਿਚੋਂ ਇਕ ਗੁਰਦੁਆਰੇ ਦਾ ਪ੍ਰਬੰਧ ਇਸ ਵੇਲੇ ਹਰਿਆਣਾ ਕਮੇਟੀ ਕੋਲ ਅਤੇ ਬਾਕੀ ਸੱਤ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕੋਲ ਹੈ। ਇਹ ਸਾਰੇ ਹੀ ਇਤਿਹਾਸਕ ਗੁਰਦੁਆਰੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਦੋਂ ਗੂਹਲਾ ਚੀਕਾ ਵਿਚ ਇਤਿਹਾਸਕ ਗੁਰਦੁਆਰੇ ਦਾ ਪ੍ਰਬੰਧ ਜਬਰੀ ਲੈਣ ਦਾ ਯਤਨ ਕੀਤਾ ਗਿਆ ਸੀ ਤਾਂ ਹਰਿਆਣਾ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਕਾਰਕੁਨਾਂ ਵਿਚਾਲੇ ਹਿੰਸਕ ਝੜਪ ਹੋਈ ਸੀ, ਪਰ ਹੁਣ ਸਥਿਤੀ ਬਦਲ ਚੁੱਕੀ ਹੈ।



ਸੁਪਰੀਮ ਕੋਰਟ ਵੱਲੋਂ ਹਰਿਆਣਾ ਵਿਚ ਵੱਖਰੇ ਕਮੇਟੀ ਐਕਟ ਨੂੰ ਮਾਨਤਾ ਦਿੱਤੀ ਗਈ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਨਜ਼ਰਸਾਨੀ ਪਟੀਸ਼ਨ ਵੀ ਖਾਰਜ ਕੀਤੀ ਜਾ ਚੁੱਕੀ ਹੈ। ਮਿਲੇ ਵੇਰਵਿਆਂ ਮੁਤਾਬਕ ਹਰਿਆਣਾ ਕਮੇਟੀ ਨਾਲ ਸਬੰਧਤ ਵੱਖ-ਵੱਖ ਧੜਿਆਂ ਦੇ ਆਗੂਆਂ ਨੇ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ। ਉਹ ਜਲਦੀ ਤੋਂ ਜਲਦੀ ਗੁਰਦੁਆਰਿਆਂ ਦਾ ਪ੍ਰਬੰਧ ਲੈਣ ਵਾਸਤੇ ਕਾਰਜਸ਼ੀਲ ਹੋ ਗਏ ਹਨ। ਸਿੱਖ ਆਗੂ ਜਗਦੀਸ਼ ਸਿੰਘ ਝੀਂਡਾ ਨੇ ਆਪਣੇ ਪੱਧਰ 'ਤੇ 41 ਮੈਂਬਰੀ ਕਮੇਟੀ ਬਣਾਈ ਹੈ ਅਤੇ ਸ੍ਰੀ ਅਕਾਲ ਤਖਤ ਤੋਂ ਮਾਨਤਾ ਪ੍ਰਾਪਤ ਹੋਣ ਦਾ ਦਾਅਵਾ ਕੀਤਾ ਹੈ, ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਿੱਖਾਂ ਨੂੰ ਇਕ ਮੰਚ 'ਤੇ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਦੇ ਸਿੱਖ ਧੜਿਆਂ ਵਿਚ ਆਪਸੀ ਵਖਰੇਵੇਂ ਹੋਣ ਸਬੰਧੀ ਸ਼੍ਰੋਮਣੀ ਕਮੇਟੀ ਨੂੰ ਕੋਈ ਮੌਕਾ ਨਹੀਂ ਦੇਣਾ ਚਾਹੀਦਾ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਬਣਾਈ ਗਈ ਕਮੇਟੀ ਦੇ ਮੁਖੀ ਨਾਲ ਵੀ ਸੰਪਰਕ ਕੀਤਾ ਗਿਆ ਹੈ ਅਤੇ ਆਪਸੀ ਵਖਰੇਵੇਂ ਖਤਮ ਕਰ ਕੇ ਹਰਿਆਣਾ ਵਿਚਲੇ ਗੁਰਦੁਆਰਿਆਂ ਦੇ ਪ੍ਰਬੰਧ ਆਪਣੇ ਹੱਥਾਂ ਵਿਚ ਲਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਹਰਿਆਣਾ ਵਿਚਲੇ ਗੁਰਦੁਆਰਿਆਂ ਦਾ ਪ੍ਰਬੰਧ ਲੈਣ ਲਈ ਦੋ ਤਰੀਕੇ ਹਨ, ਇਕ ਤਾਂ ਸ਼੍ਰੋਮਣੀ ਕਮੇਟੀ ਆਪਣੇ ਤੌਰ 'ਤੇ ਗੁਰਦੁਆਰਿਆਂ ਦਾ ਪ੍ਰਬੰਧ ਸੌਂਪ ਦੇਵੇ। ਜੇਕਰ ਉਹ ਅਜਿਹਾ ਨਹੀਂ ਕਰਦੇ ਅਤੇ ਪ੍ਰਬੰਧ ਦੇਣ ਵਿਚ ਆਨਾ-ਕਾਨੀ ਕਰਦੇ ਹਨ ਤਾਂ ਉਹ ਇਸ ਮਾਮਲੇ ਵਿਚ ਸੁਪਰੀਮ ਕੋਰਟ ਕੋਲੋਂ ਦਖਲ ਦੇਣ ਦੀ ਮੰਗ ਕਰਨਗੇ।

## ਪ੍ਰਬੰਧ ਹਰਿਆਣਾ ਕਮੇਟੀ ਨੂੰ ਸੌਂਪੇ ਸ਼੍ਰੋਮਣੀ ਕਮੇਟੀ: ਦਾਦੂਵਾਲ

**ਚੰਡੀਗੜ੍ਹ:** ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਸੁਪਰੀਮ ਕੋਰਟ ਦਾ ਫੈਸਲਾ ਮੰਨ ਲੈਣਾ ਚਾਹੀਦਾ ਹੈ ਅਤੇ ਹਰਿਆਣਾ ਵਿਚਲੇ ਗੁਰਦੁਆਰਿਆਂ ਦਾ ਪ੍ਰਬੰਧ ਹਰਿਆਣਾ ਕਮੇਟੀ ਨੂੰ ਸੌਂਪ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਹਰਿਆਣਾ ਗੁਰਦੁਆਰਾ ਐਕਟ ਨੂੰ ਮਾਨਤਾ ਦਿੱਤੀ ਜਾ ਚੁੱਕੀ ਹੈ ਅਤੇ ਇਸ ਫੈਸਲੇ ਨੂੰ ਚੁਣੌਤੀ ਦੇਣ ਵਾਲੇ ਨਜ਼ਰਸਾਨੀ ਪਟੀਸ਼ਨ ਰੱਦ ਕੀਤੀ ਜਾ ਚੁੱਕੀ ਹੈ।



# ਪੰਜਾਬ ਵਿਚ 'ਮ੍ਰਿਤਕ' ਹੀ ਛਕਦੇ ਰਹੇ ਸਰਕਾਰੀ ਰਾਸ਼ਨ !



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ 'ਆਟਾ ਦਾਲ ਸਕੀਮ' ਦੀ ਕਰਵਾਈ ਪੜਤਾਲ ਵਿਚ ਵੱਡੀ ਗੜਬੜ ਸਾਹਮਣੇ ਆਈ ਹੈ, ਜਿਸ ਦੇ ਤੱਥ ਹੈਰਾਨੀ ਭਰੇ ਹਨ। ਪੜਤਾਲ 'ਚ ਪਤਾ ਲੱਗਾ ਹੈ ਕਿ ਪੰਜਾਬ ਵਿਚ ਹਜ਼ਾਰਾਂ ਮ੍ਰਿਤਕ ਵਿਅਕਤੀ ਆਟਾ ਦਾਲ ਸਕੀਮ ਤਹਿਤ ਰਾਸ਼ਨ ਲੈ ਰਹੇ ਹਨ। ਇਸੇ ਤਰ੍ਹਾਂ ਰਸੂਖ਼ਵਾਨ ਲੋਕ ਵੀ ਆਟਾ ਦਾਲ ਸਕੀਮ ਦੇ ਲਾਭਪਾਤਰੀ ਬਣੇ ਹੋਏ ਹਨ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਦਾ ਬਿਊਰਾ ਆਧਾਰ ਕਾਰਡਾਂ ਨਾਲ ਲਿੰਕ ਕਰਨ 'ਤੇ ਇਹ ਤੱਥ ਸਾਹਮਣੇ ਆਏ ਹਨ।

ਵੇਰਵਿਆਂ ਅਨੁਸਾਰ ਪੰਜਾਬ 'ਚ ਕਰੀਬ 10.56 ਲੱਖ ਅਜਿਹੇ ਰਸੂਖ਼ਵਾਨਾਂ ਦੀ ਸ਼ਨਾਖ਼ਤ ਹੋਈ ਹੈ, ਜਿਨ੍ਹਾਂ ਨੂੰ ਆਟਾ-ਦਾਲ ਸਕੀਮ ਦਾ ਰਾਸ਼ਨ ਮਿਲ ਰਿਹਾ ਹੈ। ਪੰਜਾਬ ਮੰਡੀ ਬੋਰਡ ਨੇ 12.50 ਲੱਖ ਲੋਕਾਂ ਦਾ ਅੰਕੜਾ ਸਰਕਾਰ ਨੂੰ ਦਿੱਤਾ ਸੀ, ਜਿਨ੍ਹਾਂ ਵੱਲੋਂ ਸਾਲਾਨਾ 60 ਹਜ਼ਾਰ ਤੋਂ ਵੱਧ ਮੁੱਲ ਦੀ ਫਸਲ ਵੇਚੀ ਗਈ ਸੀ। ਇਨ੍ਹਾਂ 'ਚੋਂ ਕਰੀਬ 7 ਸੱਤ ਲੱਖ ਲੋਕ ਅਜਿਹੇ ਮਿਲੇ ਹਨ, ਜਿਨ੍ਹਾਂ ਦੀ ਸਾਲਾਨਾ ਆਮਦਨ 2 ਲੱਖ ਰੁਪਏ ਤੋਂ ਜ਼ਿਆਦਾ ਸੀ, ਪਰ ਇਸ ਸਕੀਮ ਦੇ ਲਾਭਪਾਤਰੀ ਬਣਨ ਲਈ ਉਨ੍ਹਾਂ ਆਮਦਨ ਹੱਦ ਸਾਲਾਨਾ 60 ਹਜ਼ਾਰ ਰੁਪਏ ਮਿਥੀ ਹੋਈ ਹੈ। ਪੰਜਾਬ ਮੰਡੀ ਬੋਰਡ ਵੱਲੋਂ ਵੱਧ ਆਮਦਨੀ ਵਾਲੇ ਮੁਹੱਈਆ ਕਰਾਏ ਆਧਾਰ ਕਾਰਡਾਂ ਦਾ ਮਿਲਾਨ ਜਦੋਂ ਆਟਾ ਦਾਲ ਸਕੀਮ ਦੇ ਰਾਸ਼ਨ ਕਾਰਡਾਂ ਨਾਲ ਕੀਤਾ ਗਿਆ ਤਾਂ 81,646 ਅਜਿਹੇ ਰਾਸ਼ਨ ਕਾਰਡ ਸਾਹਮਣੇ ਆਏ ਹਨ, ਜਿਨ੍ਹਾਂ ਦੇ ਲਾਭਪਾਤਰੀਆਂ ਵੱਲੋਂ ਸਾਲਾਨਾ 5 ਲੱਖ ਰੁਪਏ ਤੋਂ ਜ਼ਿਆਦਾ ਦੀ ਫਸਲ ਵੇਚੀ ਸੀ। ਇਨ੍ਹਾਂ ਰਾਸ਼ਨ ਕਾਰਡਾਂ 'ਤੇ 3.47 ਲੱਖ ਲਾਭਪਾਤਰੀ ਅਨਾਜ ਲੈ ਰਹੇ ਸਨ। ਇਸੇ ਤਰ੍ਹਾਂ ਦੋ ਤੋਂ ਪੰਜ ਲੱਖ ਰੁਪਏ ਦੀ ਫਸਲ ਵੇਚਣ ਵਾਲਿਆਂ 'ਚ 86,946 ਅਜਿਹੇ ਰਾਸ਼ਨ ਕਾਰਡ ਧਾਰਕ ਹਨ, ਜੋ ਸਕੀਮ ਤਹਿਤ ਅਨਾਜ ਲੈ ਰਹੇ ਹਨ। ਇਨ੍ਹਾਂ ਰਸੂਖ਼ਵਾਨ ਲਾਭਪਾਤਰੀਆਂ ਨੂੰ ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ ਮੁਫ਼ਤ ਅਨਾਜ ਵੀ ਮਿਲ ਰਿਹਾ ਹੈ।

ਇਸੇ ਤਰ੍ਹਾਂ ਪਾਵਰਕੌਮ ਵੱਲੋਂ ਸਰਕਾਰ ਨੂੰ 14.56 ਲੱਖ ਲਾਭਪਾਤਰੀਆਂ ਦਾ ਡਾਟਾ ਦਿੱਤਾ ਗਿਆ, ਜਿਨ੍ਹਾਂ ਦਾ ਬਿਜਲੀ ਬਿੱਲ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਤੋਂ ਜ਼ਿਆਦਾ ਆ ਰਿਹਾ ਸੀ। ਇਨ੍ਹਾਂ ਵਿਚੋਂ 22,478 ਲਾਭਪਾਤਰੀਆਂ ਦੇ ਘਰਾਂ ਵਿਚ ਤਾਂ ਕਮਰਸ਼ੀਅਲ ਕੁਨੈਕਸ਼ਨ ਲੱਗੇ ਹੋਏ ਹਨ ਤੇ 4400 ਰਾਸ਼ਨ ਕਾਰਡ ਹੋਲਡਰਾਂ ਦਾ ਪ੍ਰਤੀ ਮਹੀਨਾ ਬਿਜਲੀ ਬਿੱਲ ਦੋ ਹਜ਼ਾਰ ਰੁਪਏ ਤੋਂ ਵੱਧ ਦਰਜ ਕੀਤਾ ਗਿਆ ਹੈ। ਪਾਵਰਕੌਮ ਵੱਲੋਂ ਬਿਜਲੀ ਖਪਤ ਦੇ ਦਿੱਤੇ ਅੰਕੜਿਆਂ ਦੇ ਆਧਾਰ 'ਤੇ 70,162 ਰਾਸ਼ਨ ਕਾਰਡਾਂ ਨੂੰ ਅਯੋਗ ਐਲਾਨਿਆ ਜਾ ਸਕਦਾ ਹੈ।

ਦੂਜੇ ਪਾਸੇ ਸਮਾਜਿਕ ਸੁਰੱਖਿਆ ਵਿਭਾਗ ਪੰਜਾਬ ਵੱਲੋਂ 89,967 ਲਾਭਪਾਤਰੀਆਂ ਦਾ ਵੇਰਵਾ ਤੇ ਆਧਾਰ ਕਾਰਡ ਮੁਹੱਈਆ ਕਰਾਏ ਗਏ ਸਨ, ਜਿਸ ਮਗਰੋਂ ਪਤਾ ਲੱਗਿਆ ਕਿ ਇਸ ਸਕੀਮ ਤਹਿਤ ਰਾਸ਼ਨ ਲੈ ਰਹੇ 45,844 ਲਾਭਪਾਤਰੀਆਂ ਦੀ ਪਹਿਲਾਂ ਹੀ ਮੌਤ ਹੋ ਚੁੱਕੀ ਹੈ। ਸ਼ਹਿਰੀ ਖੇਤਰਾਂ ਵਿਚ ਅਜਿਹੇ 16,789 ਵਿਅਕਤੀਆਂ ਦੀ ਸ਼ਨਾਖ਼ਤ ਹੋਈ ਹੈ, ਜੋ ਪ੍ਰਾਪਰਟੀ ਟੈਕਸ ਵੀ ਭਰ ਰਹੇ ਹਨ ਅਤੇ ਆਟਾ-ਦਾਲ ਸਕੀਮ ਤਹਿਤ ਰਾਸ਼ਨ ਵੀ ਲੈ ਰਹੇ ਹਨ।

### ਜਲੰਧਰ ਜ਼ਿਲ੍ਹੇ ਵਿਚ ਸਭ ਤੋਂ ਵੱਧ ਲਾਭਪਾਤਰੀ

ਅੰਕੜਿਆਂ ਅਨੁਸਾਰ ਜਲੰਧਰ ਜ਼ਿਲ੍ਹੇ ਵਿਚ ਸਭ ਤੋਂ ਵੱਧ 4,908 ਮ੍ਰਿਤਕ ਲਾਭਪਾਤਰੀ ਰਾਸ਼ਨ ਲੈ ਰਹੇ ਹਨ, ਜਦਕਿ ਲੁਧਿਆਣਾ ਜ਼ਿਲ੍ਹੇ 'ਚ ਇਹ ਗਿਣਤੀ 4897 ਹੈ। ਦੱਸਣਯੋਗ ਹੈ ਕਿ ਕੇਂਦਰ ਸਰਕਾਰ ਨੇ ਕੁੱਝ ਸਮਾਂ ਪਹਿਲਾਂ ਪੰਜਾਬ ਨੂੰ ਤਿੰਨ ਮਹੀਨੇ ਦਾ ਅਨਾਜ ਦਾ ਕੋਟਾ ਭੇਜਿਆ ਸੀ ਤੇ ਉਸ ਵਿਚ ਲਗਭਗ 11 ਫ਼ੀਸਦ ਦਾ ਕੱਟ ਲਾਇਆ ਗਿਆ ਸੀ ਕਿਉਂਕਿ ਪੰਜਾਬ ਵਿਚ ਲਾਭਪਾਤਰੀਆਂ ਦੀ ਗਿਣਤੀ ਕੇਂਦਰ ਵੱਲੋਂ ਨਿਸ਼ਚਿਤ ਕੀਤੇ ਕੋਟੇ ਤੋਂ ਕਿਤੇ ਜ਼ਿਆਦਾ ਹੈ। ਪੰਜਾਬ ਵਿਚ ਇਸ ਵੇਲੇ ਕੁੱਲ 1.57 ਕਰੋੜ ਲਾਭਪਾਤਰੀਆਂ ਨੂੰ ਅਨਾਜ ਦਿੱਤਾ ਜਾ ਰਿਹਾ ਹੈ।

## ਪੰਜਾਬ 'ਚ 20 ਅਤਿ-ਆਧੁਨਿਕ ਸਨਅਤੀ ਹੱਬ ਸਥਾਪਤ ਕੀਤੇ ਜਾਣਗੇ: ਮਾਨ



**ਮੁਹਾਲੀ:** ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਸੂਬੇ ਵਿਚ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ 20 ਸਨਅਤੀ ਹੱਬ ਵਿਕਸਿਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਹੱਬ ਸਨਅਤਕਾਰਾਂ ਲਈ ਸਨਅਤੀ ਇਕਾਈਆਂ ਸਥਾਪਤ ਕਰਨ ਵਾਸਤੇ ਬੇਹੱਦ ਮਦਦਗਾਰ ਸਾਬਤ ਹੋਣਗੇ।

ਸ੍ਰੀ ਮਾਨ ਇਨਵੈਸਟ ਪੰਜਾਬ ਸੈਸ਼ਨ ਦੌਰਾਨ ਸਥਾਨਕ ਸਨਅਤਕਾਰਾਂ ਨਾਲ ਗੱਲਬਾਤ ਕਰਨ ਪਹੁੰਚੇ ਸਨ। ਮੁੱਖ ਮੰਤਰੀ ਨੇ ਇਸ ਮੌਕੇ ਸਥਾਨਕ ਸਨਅਤ ਨੂੰ ਦੁਨੀਆਂ ਭਰ ਵਿਚੋਂ ਸਨਅਤੀ ਹੱਬ ਵਜੋਂ ਉਭਰਦੇ ਸੂਬੇ ਦੇ ਬਰਾਂਡ ਅੰਬੈਸਡਰ ਬਣਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿਚ ਸਨਅਤ ਦੇ ਪੱਖ ਵਿਚ ਸਭ ਤੋਂ ਢੁਕਵਾਂ ਮਾਹੌਲ ਮੁਹੱਈਆ ਕੀਤਾ ਹੈ। ਉਨ੍ਹਾਂ ਕਿਹਾ ਕਿ ਸਥਾਨਕ ਸਨਅਤਕਾਰਾਂ ਨੂੰ ਵੱਡੇ ਪੱਧਰ 'ਤੇ ਇਸ ਦਾ ਫਾਇਦਾ ਹੋ ਰਿਹਾ ਹੈ ਅਤੇ ਇਨ੍ਹਾਂ ਸਨਅਤਕਾਰਾਂ ਨੂੰ ਹੁਣ ਅੱਗੇ ਵੱਧ ਕੇ ਪੰਜਾਬ ਦੇ ਬਰਾਂਡ ਅੰਬੈਸਡਰ ਬਣਦਿਆਂ ਸੂਬੇ ਵਿਚ ਨਿਵੇਸ਼ ਵਧਾਉਣ ਲਈ ਸਹਾਈ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਨਅਤ ਨੂੰ ਵੱਡਾ ਹੁਲਾਰਾ ਦੇਣ ਦੇ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਸਿਰਜੇ ਜਾਣਗੇ। ਇਸ ਤਹਿਤ ਸੂਬਾ ਸਰਕਾਰ ਸਨਅਤਕਾਰਾਂ ਦੇ ਪ੍ਰੋਜੈਕਟਾਂ ਨੂੰ ਛੇਤੀ ਮਨਜ਼ੂਰੀ ਦੇਣ ਲਈ ਛੇਤੀ ਹੀ ਰੰਗਦਾਰ ਅਸ਼ਟਾਮ ਪੇਪਰ ਦੀ ਸਹੂਲਤ ਦੇਣ ਜਾ ਰਹੀ ਹੈ। ਇਸ ਦੇ ਨਾਲ ਹੀ ਸੂਬੇ ਵਿਚ ਸਨਅਤੀ ਵਿਕਾਸ ਦੇ ਮੱਦੇਨਜ਼ਰ ਆਦਮਪੁਰ, ਹਲਵਾਰਾ ਤੇ ਬੀਸੀਆਣਾ ਹਵਾਈ ਅੱਡਿਆਂ ਤੋਂ ਘਰੇਲੂ ਉਡਾਣਾਂ ਸ਼ੁਰੂ ਕਰਨ ਲਈ ਕੋਸ਼ਿਸ਼ਾਂ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ। ਸ੍ਰੀ ਮਾਨ ਨੇ ਇਸ ਮੌਕੇ ਸੂਬੇ ਵਿੱਚ ਫੂਡ ਪ੍ਰੋਸੈਸਿੰਗ ਸੈਕਟਰ ਨੂੰ ਹੁਲਾਰਾ ਦੇਣ ਦੀ ਗੱਲ ਵੀ ਆਖੀ। ਉਨ੍ਹਾਂ ਕਿਹਾ ਕਿ ਇਕ ਪਾਸੇ ਇਸ ਨਾਲ ਰੁਜ਼ਗਾਰ ਦੇ ਮੌਕੇ ਬਣਨਗੇ ਤੇ ਦੂਜਾ ਕਿਸਾਨਾਂ ਨੂੰ ਵੀ ਵੱਡੇ ਪੱਧਰ 'ਤੇ ਲਾਭ ਹੋਵੇਗਾ।

## ਪੰਜਾਬੀ ਲਾਗੂ ਨਾ ਕਰਨ ਵਾਲਿਆਂ ਦੀ ਹੁਣ ਖੈਰ ਨਹੀਂ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਵਜੋਂ 'ਤਾਇਨਾਤ' ਸੰਯੁਕਤ ਡਾਇਰੈਕਟਰ ਵੀਰਪਾਲ ਕੌਰ ਨੇ ਕਿਹਾ ਕਿ ਜੇਕਰ ਸੂਬੇ ਵਿਚ 21 ਫਰਵਰੀ ਤੱਕ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਨਾ ਹੋਈ ਤਾਂ ਰਾਜ ਭਾਸ਼ਾ ਸੋਧ ਐਕਟ-2008 ਤਹਿਤ ਕੁਤਾਹੀ ਕਰਨ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।




ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਅਤੇ ਪੂਰਾ ਮਾਣ-ਸਨਮਾਨ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਉਪਰਾਲਿਆਂ ਤਹਿਤ ਜ਼ਿਲ੍ਹੇ ਦੇ ਸਾਰੇ ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਵਿਚ ਲਿਖਣ ਅਤੇ ਸਾਰੇ ਦਫਤਰਾਂ ਵਿਚ ਕਾਗਜ਼ੀ ਕੰਮਕਾਜ ਵੀ ਪੰਜਾਬੀ ਵਿਚ ਕੀਤੇ ਜਾਣ ਦੀ ਹਦਾਇਤ ਹੈ। ਵੀਰਪਾਲ ਕੌਰ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਵਧੇਰੇ ਮਹੱਤਤਾ ਦੇਣ ਲਈ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਸੰਸਥਾਵਾਂ, ਵਿਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡਾਂ 'ਤੇ ਸਭ ਤੋਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ) ਲਿਖੀ ਜਾਵੇਗੀ ਅਤੇ ਜੇਕਰ ਕਿਸੇ ਹੋਰ ਭਾਸ਼ਾ ਵਿਚ ਲਿਖਣਾ ਹੋਵੇ ਤਾਂ ਪੰਜਾਬੀ ਤੋਂ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਰਕਾਰੀ ਅਦਾਰਿਆਂ ਤੋਂ ਇਲਾਵਾ ਗੈਰ ਸਰਕਾਰੀ, ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰੇ ਵੀ ਆਪੋ-ਆਪਣੇ ਸਾਈਨ ਬੋਰਡ 21 ਫਰਵਰੀ, 2023 ਤੋਂ ਪਹਿਲਾਂ-ਪਹਿਲਾਂ ਪੰਜਾਬੀ ਭਾਸ਼ਾ ਵਿਚ ਲਿਖਣੇ ਲਾਜ਼ਮੀ ਬਣਾਉਣਗੇ। ਨਿਰਧਾਰਿਤ ਮਿਤੀ ਤੋਂ ਬਾਅਦ ਹੁਕਮਾਂ ਦੀ ਪਾਲਣਾ ਨਾ ਕੀਤੇ ਜਾਣ ਦੀ ਸੂਰਤ ਵਿਚ ਸਬੰਧਤ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

## ਮੋਦੀ ਦੇ ਵਿਦੇਸ਼ੀ ਦੌਰਿਆਂ 'ਤੇ 22.76 ਕਰੋੜ ਖਰਚੇ


**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਰਾਜ ਸਭਾ ਵਿਚ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 2019 ਤੋਂ ਲੈ ਕੇ ਹੁਣ ਤੱਕ 21 ਵਾਰ ਵਿਦੇਸ਼ ਦੌਰਿਆਂ 'ਤੇ ਗਏ ਹਨ ਤੇ ਇਨ੍ਹਾਂ ਦੌਰਿਆਂ 'ਤੇ 22.76 ਕਰੋੜ ਰੁਪਏ ਖਰਚੇ ਗਏ ਹਨ। ਵਿਦੇਸ਼ ਰਾਜ ਮੰਤਰੀ ਵੀ ਮੁਰਲੀਧਰਨ ਨੇ ਰਾਜ ਸਭਾ ਵਿਚ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਕਿਹਾ ਕਿ ਰਾਸ਼ਟਰਪਤੀ ਨੇ ਅੱਠ ਵਿਦੇਸ਼ ਦੌਰਿਆਂ ਕੀਤੇ ਅਤੇ 2019 ਤੋਂ ਹੁਣ ਤੱਕ ਇਨ੍ਹਾਂ ਦੌਰਿਆਂ 'ਤੇ 6.24 ਕਰੋੜ ਰੁਪਏ ਤੋਂ ਵੱਧ ਦੀ ਰਕਮ ਖਰਚੀ ਗਈ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਸਾਲ 2019 ਤੋਂ ਰਾਸ਼ਟਰਪਤੀ ਦੇ ਦੌਰਿਆਂ ਲਈ 6,24,31,424 ਰੁਪਏ, ਪ੍ਰਧਾਨ ਮੰਤਰੀ ਦੇ ਦੌਰਿਆਂ ਲਈ 22,76,76,934 ਰੁਪਏ ਅਤੇ ਵਿਦੇਸ਼ ਮੰਤਰੀ ਦੇ ਦੌਰਿਆਂ ਲਈ 20,87,01,475 ਰੁਪਏ ਦੀ ਰਾਸ਼ੀ ਖਰਚੀ ਹੈ।

## ਗੰਭੀਰ ਜਲ ਸੰਕਟ 'ਚੋਂ ਲੰਘ ਰਿਹਾ ਹੈ ਪੰਜਾਬ: ਸੀਚੇਵਾਲ

**ਜਲੰਧਰ:** ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਧਰਤੀ ਹੇਠਲੇ ਡੂੰਘੇ ਹੁੰਦੇ ਜਾ ਰਹੇ ਪਾਣੀਆਂ ਦਾ ਮੁੱਦਾ ਇਕਜੁੱਟਤਾ ਨਾਲ ਸੰਸਦ ਵਿਚ ਚੁੱਕਣ। ਸੰਤ ਸੀਚੇਵਾਲ ਨਿਰਮਲ ਕੁਟੀਆ ਸੀਚੇਵਾਲ ਵਿਚ ਮਨਾਏ ਗਏ ਕੌਮਾਂਤਰੀ ਜਲਗਾਹ ਦਿਵਸ ਅਤੇ ਸੰਤ ਅਵਤਾਰ ਸਿੰਘ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਸਥਾਪਨਾ ਦਿਵਸ ਦੇ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਸਾਰੇ ਲੋਕ ਸਭਾ ਮੈਂਬਰਾਂ ਨੂੰ ਕਿਹਾ ਕਿ ਸਾਲ 2039 ਤੱਕ ਪੰਜਾਬ ਦਾ ਪਾਣੀ 1000 ਫੁੱਟ ਡੂੰਘਾ ਚਲਾ ਜਾਵੇਗਾ, ਜਿਸ ਨੂੰ ਬਚਾਉਣ ਲਈ ਸਾਰੀਆਂ ਧਿਰਾਂ ਨੂੰ ਸਿਰ ਜੋੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪਾਣੀਆਂ ਦੇ ਮਸਲਿਆਂ ਨੂੰ ਰਾਜਨੀਤੀ ਤੋਂ ਉਪਰ ਉਠ ਕੇ ਇਕਜੁੱਟਤਾ ਨਾਲ ਲੋਕ ਸਭਾ ਤੇ ਰਾਜ ਸਭਾ ਵਿਚ ਉਠਾਇਆ ਜਾਵੇ।

## ਪੰਜਾਬ ਦੇ ਰਾਜਪਾਲ ਨੇ ਸਰਹੱਦੀ ਜ਼ਿਲ੍ਹਿਆਂ ਦੇ ਪਿੰਡਾਂ 'ਚ ਵਧਾਈਆਂ ਸਰਗਰਮੀਆਂ

**ਫਾਜ਼ਿਲਕਾ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਦੀ ਸ਼ਾਨ ਬਰਕਰਾਰ ਰੱਖਣ ਲਈ ਸਮੂਹ ਪੰਜਾਬੀਆਂ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਹੈ। ਉਹ ਫਾਜ਼ਿਲਕਾ ਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਸਰਹੱਦੀ ਪਿੰਡਾਂ ਦੇ ਪੰਚਾਂ-ਸਰਪੰਚਾਂ ਅਤੇ ਹੋਰ ਪਤਵੰਤਿਆਂ ਨਾਲ ਗੱਲਬਾਤ ਕਰ ਰਹੇ ਸਨ।



ਰਾਜਪਾਲ ਨੇ ਕਿਹਾ ਕਿ ਪੰਜਾਬ ਦਾ ਗੌਰਵਸ਼ਾਲੀ ਇਤਿਹਾਸ ਰਿਹਾ ਹੈ ਤੇ ਆਜ਼ਾਦੀ ਤੋਂ ਬਾਅਦ ਦੇਸ਼ ਨੂੰ ਅਨਾਜ ਉਤਪਾਦਨ 'ਚ ਆਤਮ ਨਿਰਭਰ ਬਣਾਉਣ ਵਿਚ ਪੰਜਾਬ ਦੀ ਅਹਿਮ ਭੂਮਿਕਾ ਰਹੀ ਹੈ। ਇੱਥੋਂ ਦੀ ਵਿਰਾਸਤ ਬਹੁਤ ਅਮੀਰ ਹੈ ਅਤੇ ਇਸ ਦੀ ਮਿੱਟੀ ਦਾ ਕਣ-ਕਣ ਕੁਰਬਾਨੀਆਂ ਦੀ ਕਹਾਣੀ ਬਿਆਨ ਕਰਦਾ ਹੈ ਪਰ ਸਾਡੇ ਗੁਆਂਢੀ ਮੁਲਕ ਪਾਕਿਸਤਾਨ ਵੱਲੋਂ ਨਸ਼ਿਆਂ ਰਾਹੀਂ ਸਾਡੀ ਜਵਾਨੀ 'ਤੇ ਹਮਲਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਦੁਸ਼ਮਣ ਦੇਸ਼ ਦੀਆਂ ਇਨ੍ਹਾਂ ਚਾਲਾਂ ਖ਼ਿਲਾਫ਼ ਲੋਕਾਂ ਨੂੰ ਜਾਗਰੂਕ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਜਦ ਅਸੀਂ ਸਮਾਜ ਦੇ ਮਾੜੇ ਅਨਸਰਾਂ ਖ਼ਿਲਾਫ਼ ਪੁਲਿਸ ਨੂੰ ਸੂਚਨਾ ਦੇਵਾਂਗੇ ਤਾਂ ਹੀ ਇਹ ਤਾਣਾ-ਬਾਣਾ ਤੋੜ ਸਕਦੇ ਹਾਂ।

ਰਾਜਪਾਲ ਨੇ ਫਾਜ਼ਿਲਕਾ ਤੇ ਫਿਰੋਜ਼ਪੁਰ ਦੇ ਸਿਵਲ ਪ੍ਰਸ਼ਾਸਨ ਅਤੇ ਪੁਲਿਸ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਕੀਤੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿੰਡਾਂ 'ਚ ਨਾਗਰਿਕ ਸੁਰੱਖਿਆ ਕਮੇਟੀਆਂ ਬਣੀਆਂ ਗਈਆਂ ਹਨ, ਜਿਨ੍ਹਾਂ ਰਾਹੀਂ ਸਰਹੱਦੀ ਇਲਾਕਿਆਂ 'ਚ ਸੁਰੱਖਿਆ ਏਜੰਸੀਆਂ ਦੇ ਨਾਲ-ਨਾਲ ਹੁਣ ਆਮ ਲੋਕ ਵੀ ਮਾੜੇ ਅਨਸਰਾਂ ਪ੍ਰਤੀ ਚੌਕਸੀ ਰੱਖ ਰਹੇ ਹਨ। ਉਨ੍ਹਾਂ ਸਰਪੰਚਾਂ ਨੂੰ ਹੋਰ ਚੌਕਸ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਨਸ਼ੇ ਦੀ ਤਸਕਰੀ, ਡਰੋਨ ਗਤੀਵਿਧੀ ਦੀ ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

### ਸਰਹੱਦੀ ਖੇਤਰਾਂ ਦਾ ਦੌਰਾ ਸੰਘੀ ਢਾਂਚੇ ਲਈ ਖਤਰਾ ਕਰਾਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਪੰਜਾਬ ਦੇ ਰਾਜਪਾਲ ਵੱਲੋਂ ਸੂਬੇ ਦੇ ਸਰਹੱਦੀ ਖੇਤਰ 'ਚ ਕੀਤੇ ਜਾ ਰਹੇ ਦੌਰਿਆਂ ਨੂੰ ਰਾਜਾਂ 'ਚ ਕੇਂਦਰ ਦੀ ਸਿੱਧੀ ਦਖਲਅੰਦਾਜ਼ੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੌਰਿਆਂ ਨੂੰ ਨਜਰਅੰਦਾਜ਼ ਕਰਨਾ ਦੇਸ਼ ਦੇ ਸੰਘੀ ਢਾਂਚੇ ਲਈ ਖਤਰਨਾਕ ਸਾਬਤ ਹੋਵੇਗਾ। ਕੇਂਦਰ ਸਰਕਾਰ ਪੰਜਾਬ ਦੀ ਮੌਜੂਦਾ ਸਰਕਾਰ ਦੀ ਕਾਰਗੁਜ਼ਾਰੀ ਸਹੀ ਨਾ ਹੋਣ ਦਾ ਫਾਇਦਾ ਉਠਾ ਰਹੀ ਹੈ ਕਿਉਂਕਿ ਨਸ਼ੇ ਦੇ ਵਧ ਰਹੇ ਕਾਰੋਬਾਰ ਤੇ ਦਿਨੋ-ਦਿਨ ਵਿਗੜ ਰਹੀ ਕਾਨੂੰਨ ਵਿਵਸਥਾ ਨੇ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਦੀ ਪੰਜਾਬ ਅੰਦਰ ਸਿੱਧੀ ਦਖਲਅੰਦਾਜ਼ੀ ਦਾ ਰਾਹ ਪੱਧਰਾ ਕਰ ਦਿੱਤਾ ਹੈ।

### ਕੈਪਟਨ ਵੱਲੋਂ ਸਰਕਾਰ ਨੂੰ ਕੇਂਦਰ ਤੋਂ ਮਦਦ ਮੰਗਣ ਦੀ ਸਲਾਹ

**ਚੰਡੀਗੜ੍ਹ:** ਰਾਜਪਾਲ ਬਨਵਾਰੀ ਲਾਲ ਪੁਰੋਹਿਤ ਵੱਲੋਂ ਨਸ਼ਿਆਂ ਨੂੰ ਪੰਜਾਬ ਲਈ ਚਿੰਤਾ ਕਰਾਰ ਦੇਣ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਡਰੋਨਾਂ ਰਾਹੀਂ ਪਾਕਿਸਤਾਨ ਤੋਂ ਹਥਿਆਰਾਂ ਤੇ ਨਸ਼ਿਆਂ ਦੀ ਤਸਕਰੀ ਤੇ ਇਨ੍ਹਾਂ ਨਾਲ ਪੈਦਾ ਹੋਣ ਵਾਲੇ ਗੰਭੀਰ ਪ੍ਰਭਾਵਾਂ ਦਾ ਮੁੱਦਾ ਉਨ੍ਹਾਂ ਸਮੇਂ-ਸਮੇਂ 'ਤੇ ਚੁੱਕਿਆ ਹੈ। ਉਨ੍ਹਾਂ ਮਾਨ ਸਰਕਾਰ ਨੂੰ ਕਿਹਾ ਕਿ ਜੇਕਰ ਉਸ ਨੂੰ ਨਸ਼ੇ ਤੇ ਹਥਿਆਰਾਂ ਦੀ ਤਸਕਰੀ ਰੋਕਣ ਲਈ ਸਹਾਇਤਾ ਦੀ ਲੋੜ ਹੈ, ਉਹ ਕੇਂਦਰ ਸਰਕਾਰ ਤੋਂ ਮਦਦ ਮੰਗੇ।

## ਕੇਜਰੀਵਾਲ ਖਿਲਾਫ ਦਾਇਰ ਮਾਣਹਾਨੀ ਕੇਸ ਖਾਰਜ

**ਬਠਿੰਡਾ:** ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਰਿਸ਼ਤੇਦਾਰ ਜੈਜੀਤ ਸਿੰਘ ਜੌਹਲ ਵੱਲੋਂ 'ਆਪ' ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੁੱਧ ਦਾਇਰ ਮਾਣਹਾਨੀ ਦਾ ਕੇਸ ਅਦਾਲਤ ਨੇ ਖਾਰਜ ਕਰ ਦਿੱਤਾ।

ਯਾਦ ਰਹੇ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਮੌਕੇ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੇ ਬਠਿੰਡਾ ਵਿਚ ਜੈਜੀਤ ਜੌਹਲ 'ਤੇ ਜੋਜੋ ਟੈਕਸ ਵਸੂਲਣ ਦਾ ਦੋਸ਼ ਲਾਇਆ ਸੀ। ਕੇਜਰੀਵਾਲ ਦੇ ਇਸ ਬਿਆਨ ਖ਼ਿਲਾਫ਼ ਜੈਜੀਤ ਜੌਹਲ ਨੇ ਬਠਿੰਡਾ ਦੀ ਅਦਾਲਤ ਵਿਚ ਕੇਸ ਦਾਇਰ ਕੀਤਾ ਸੀ। ਏ.ਸੀ.ਜੀ.ਐਮ. ਬਠਿੰਡਾ ਦਲਜੀਤ ਕੌਰ ਦੀ ਅਦਾਲਤ ਨੇ ਇਸ ਕੇਸ ਦੀ ਸੁਣਵਾਈ ਕਰਦਿਆਂ ਕੇਸ ਮੁੱਢੋਂ ਰੱਦ ਕਰ ਦਿੱਤਾ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਗੁਰੂਜਸ ਕੌਰ ਖਾਲਸਾ ਨੇ ਸੰਗੀਤ ਜਗਤ ਦਾ ਵੱਕਾਰੀ ਗ੍ਰੈਮੀ ਐਵਾਰਡ ਜਿੱਤਿਆ

**ਲਾਸ ਏਂਜਲਸ:** ਵ੍ਹਾਈਟ ਸਨ ਮਿਊਜ਼ਿਕ ਗਰੁੱਪ ਦੀ ਗੁਰੂਜਸ ਕੌਰ ਖਾਲਸਾ ਨੇ ਸੰਗੀਤ ਜਗਤ ਦਾ ਵੱਕਾਰੀ ਐਵਾਰਡ ਗ੍ਰੈਮੀ ਜਿੱਤਿਆ ਹੈ। ਉਸ ਨੇ ਐਲਬਮ 'ਮਿਸਟਿਕ ਮਿਰਰ' ਵਿਚ ਆਪਣੇ ਗਾਇਨ ਲਈ ਇਹ ਐਵਾਰਡ ਹਾਸਿਲ ਕੀਤਾ ਹੈ। ਐਲਬਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਿੰਨ ਸ਼ਬਦ ਵੀ ਸ਼ਾਮਲ ਹਨ ਜਿਨ੍ਹਾਂ ਵਿਚ 'ਪਵਨ ਗੁਰੂ ਪਾਣੀ ਪਿਤਾ' ਸ਼ਬਦ ਵੀ ਸ਼ਾਮਲ ਹੈ। ਗੁਰੂਜਸ ਕੌਰ ਖਾਲਸਾ ਦਾ ਇਹ ਦੂਜਾ ਗ੍ਰੈਮੀ ਐਵਾਰਡ ਹੈ। ਇਸ ਤੋਂ ਪਹਿਲਾਂ ਉਸ ਨੇ ਸਾਲ 2017 ਵਿਚ ਵੀ ਇਹ ਐਵਾਰਡ ਜਿੱਤਿਆ ਸੀ।

'ਵ੍ਹਾਈਟ ਸਨ' ਦੀ ਐਲਬਮ 'ਮਿਸਟਿਕ ਮਿਰਰ' ਨੂੰ 15 ਨਵੰਬਰ, 2022 ਨੂੰ ਗ੍ਰੈਮੀ ਲਈ ਨਾਮਜ਼ਦ ਕੀਤਾ ਗਿਆ ਸੀ ਅਤੇ ਇਹ ਸਤੰਬਰ 2022 ਨੂੰ ਰਿਲੀਜ਼ ਹੋਈ ਸੀ। ਗੁਰੂਜਸ ਕੌਰ ਦੇ ਅਧਿਆਪਕ ਹਰਜੀਵਨ ਸਿੰਘ ਦੀ ਵੈੱਬਸਾਈਟ ਮੁਤਾਬਕ ਗੁਰੂਜਸ ਕੌਰ ਖਾਲਸਾ ਅਮਰੀਕਾ ਦੇ ਲਾਸ ਏਂਜਲਸ ਵਿਚ ਅਧਿਆਪਕ, ਸੰਗੀਤਕਾਰ ਅਤੇ 'ਵ੍ਹਾਈਟ ਸਨ' ਵਿਚ ਮੁੱਖ ਗਾਇਕਾ ਹੈ। ਉਹ ਕੁੰਡਲਿਨੀ ਯੋਗ ਸਿਖਾਉਂਦੀ ਹੈ ਜੋ ਅਨੁਭਵ-ਆਧਾਰਿਤ ਪ੍ਰਣਾਲੀ ਹੈ ਜਿਸ ਵਿਚ ਆਨੰਦ, ਪੂਰਤੀ ਅਤੇ ਪਿਆਰ ਦਾ ਵਿਗਿਆਨ ਸ਼ਾਮਲ ਹੁੰਦਾ ਹੈ। ਉਹ ਇਹ ਵੀ ਮੰਨਦੇ ਹਨ ਕਿ ਖੁਸ਼ੀ ਵਾਈਬ੍ਰੇਸ਼ਨਲ ਬਾਰੰਬਾਰਤਾ ਹੈ ਅਤੇ ਸਥਾਈ ਅਵਸਥਾ ਹੋ ਸਕਦੀ ਹੈ। ਯਾਦ ਰਹੇ ਕਿ ਗੁਰੂਜਸ ਕੌਰ ਕਈ ਅਧਿਆਪਕ ਸਿਖਲਾਈ ਕੋਰਸਾਂ ਦਾ ਹਿੱਸਾ ਰਹੀ ਹੈ ਅਤੇ ਅਮਰੀਕਾ ਤੇ ਵਿਦੇਸ਼ਾਂ ਵਿਚ ਕੁੰਡਲਿਨੀ ਯੋਗ ਸਿਖਾਉਂਦੀ ਹੈ। ਉਸ ਦੇ ਅਧਿਆਪਕ ਹਰਜੀਵਨ ਸਿੰਘ ਨੇ ਤਾਂਤਰਿਕ ਯੋਗੀ ਭਜਨ ਤੋਂ ਕੁੰਡਲਿਨੀ ਯੋਗ ਦੀ ਸਿਖਲਾਈ ਹਾਸਲ ਕੀਤੀ ਸੀ।



*ਆਪਣੇ ਗ੍ਰੈਮੀ ਇਨਾਮ ਨਾਲ ਗੁਰੂਜਸ ਕੌਰ।*

## ਯੂਟਾਹ ਵਿਧਾਨ ਸਭਾ ਵੱਲੋਂ ਸਿੱਖ ਭਾਈਚਾਰੇ ਦੇ ਸਨਮਾਨ ਲਈ ਮਤਾ ਪਾਸ

**ਹਿਊਸਟਨ:** ਅਮਰੀਕੀ ਸੂਬੇ ਯੂਟਾਹ ਦੀ ਵਿਧਾਨ ਸਭਾ ਨੇ ਮਨੁੱਖਤਾ ਪ੍ਰਤੀ ਦਿੱਤੀਆਂ ਸੇਵਾਵਾਂ ਲਈ ਸਿੱਖਾਂ ਨੂੰ ਸਨਮਾਨਿਤ ਕਰਨ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਹੈ। ਦੁਨੀਆਂ ਭਰ ਵਿਚ ਜ਼ੁਲਮ ਅਤੇ ਵਿਤਕਰੇ ਦਾ ਸਾਹਮਣਾ ਕਰਨ ਦੇ ਬਾਵਜੂਦ ਮਨੁੱਖਤਾ ਪ੍ਰਤੀ ਦਿੱਤੀਆਂ ਸੇਵਾਵਾਂ ਲਈ ਸਿੱਖ ਭਾਈਚਾਰੇ ਦੀ ਸ਼ਲਾਘਾ ਕੀਤੀ ਗਈ ਹੈ। ਇਹ ਮਤਾ ਪ੍ਰਤੀਨਿਧ ਐਂਜੇਲਾ ਰੋਮੇਰੋ ਅਤੇ ਸੈਨੇਟਰ ਲੱਜ ਐਸਕੈਮਿਲਾ ਵੱਲੋਂ ਪੇਸ਼ ਕੀਤਾ ਗਿਆ ਸੀ। ਯੂਟਾਹ ਸੈਨੇਟ ਨੇ ਟਵੀਟ ਕਰਕੇ ਕਿਹਾ ਕਿ ਸੈਨੇਟ ਨੇ ਸਰਬਸੰਮਤੀ ਨਾਲ ਹਾਊਸ ਜੁਆਇੰਟ ਰੈਜ਼ੋਲਿਊਸ਼ਨ 4 ਨੂੰ ਉਜਾਗਰ ਕਰਨ ਵਾਲਾ ਮਤਾ ਪਾਸ ਕੀਤਾ ਹੈ। ਮਤੇ ਵਿਚ ਦੁਨੀਆਂ ਭਰ 'ਚ ਜ਼ੁਲਮ ਤੇ ਵਿਤਕਰੇ ਦਾ ਸਾਹਮਣਾ ਕਰਨ ਦੇ ਬਾਵਜੂਦ ਸਿੱਖ ਭਾਈਚਾਰੇ ਦੀਆਂ ਮਾਨਵਤਾਵਾਦੀ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਹੈ। ਮਤੇ 'ਚ ਕਿਹਾ ਗਿਆ ਹੈ ਕਿ ਯੂਟਾਹ ਰਾਜ ਆਪਣੇ ਭਾਈਚਾਰੇ ਦੀ ਵਿਭਿੰਨਤਾ ਨੂੰ ਅੱਗੇ ਵਧਾਉਣਾ ਚਾਹੁੰਦਾ ਹੈ ਤੇ ਸਾਰੇ ਵਸਨੀਕਾਂ ਨੂੰ ਉਨ੍ਹਾਂ ਦੀ ਜਾਤ ਦੇ ਬਾਵਜੂਦ, ਮਨੁੱਖਾਂ ਦੀ ਬਰਾਬਰੀ ਦੇ ਮੌਕੇ ਤੱਕ ਪਹੁੰਚ ਲਈ ਕਾਨੂੰਨ ਲਾਗੂ ਕਰਨ ਵਾਸਤੇ ਸਿੱਖਾਂ ਦੇ ਅਮੀਰ ਇਤਿਹਾਸ ਅਤੇ ਸਾਂਝੇ ਤਜਰਬਿਆਂ ਨੂੰ ਬਿਹਤਰ ਢੰਗ ਨਾਲ ਸਮਝਣ, ਪਛਾਣਨ ਅਤੇ ਕਦਰ ਕਰਨ ਦਾ ਮੌਕਾ ਦਿੰਦਾ ਹੈ।

## ਪ੍ਰਨੀਤ ਕੌਰ ਵੱਲੋਂ ਹਾਈਕਮਾਨ ਨੂੰ ਮੋੜਵਾਂ ਜਵਾਬ

**ਪਟਿਆਲਾ:** ਪਟਿਆਲਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਪਾਰਟੀ ਹਾਈ ਕਮਾਨ ਦੇ ਨੋਟਿਸ ਦਾ ਜਵਾਬ ਦੇ ਦਿੱਤਾ ਹੈ। ਕਾਂਗਰਸ ਦੀ ਅਨੁਸ਼ਾਸਨੀ ਕਮੇਟੀ ਦੇ ਸਕੱਤਰ ਤਾਰਿਕ ਅਨਵਰ ਨੂੰ ਆਪਣਾ ਜਵਾਬ ਦਾਖਲ ਕਰਦਿਆਂ ਸੰਸਦ ਮੈਂਬਰ ਨੇ ਤਾਰਿਕ ਅਨਵਰ ਨੂੰ ਕਰਾਰੇ ਹੱਥੀਂ ਲਿਆ।

ਉਨ੍ਹਾਂ ਲਿਖਿਆ, "ਮੈਂ ਹੈਰਾਨ ਹਾਂ ਕਿ ਜਿਸ ਨੇ ਸ੍ਰੀਮਤੀ ਗਾਂਧੀ ਦੇ ਵਿਦੇਸ਼ੀ ਨਾਗਰਿਕ ਹੋਣ ਦੇ ਮੁੱਦੇ 'ਤੇ 1999 ਵਿਚ ਕਾਂਗਰਸ ਛੱਡੀ ਸੀ ਤੇ 20 ਸਾਲ ਪਾਰਟੀ ਤੋਂ ਬਾਹਰ ਰਹਿਣ ਕਾਰਨ ਖੁਦ ਵੀ ਅਨੁਸ਼ਾਸਨੀ ਕਾਰਵਾਈ ਦਾ ਸਾਹਮਣਾ ਕਰਦਾ ਰਿਹਾ, ਉਹ ਸ਼ਖਸ ਹੁਣ ਅਖੌਤੀ ਅਨੁਸ਼ਾਸਨੀ ਮਾਮਲੇ 'ਤੇ ਮੇਰੇ 'ਤੇ ਸਵਾਲ ਕਰ ਰਿਹਾ ਹੈ?' ਜ਼ਿਕਰਯੋਗ ਹੈ ਕਿ ਕਾਂਗਰਸ ਹਾਈ ਕਮਾਨ ਨੇ ਪ੍ਰਨੀਤ ਕੌਰ ਨੂੰ ਮੁਅੱਤਲ ਤਾਂ ਕਰ ਦਿੱਤਾ ਸੀ ਤੇ ਨਾਲ ਹੀ ਨੋਟਿਸ ਜਾਰੀ ਕਰ ਕੇ ਪੁੱਛਿਆ ਸੀ ਕਿ ਪਾਰਟੀ ਵਿਰੋਧੀ ਗਤੀਵਿਧੀਆਂ ਕਾਰਨ ਤੁਹਾਡੇ ਖ਼ਿਲਾਫ ਬਰਖ਼ਾਸਤਗੀ ਦੀ ਕਾਰਵਾਈ ਅਮਲ 'ਚ ਕਿਉਂ ਨਾ ਲਿਆਂਦੀ ਜਾਵੇ। ਇਸ ਦਾ ਜਵਾਬ ਤਿੰਨ ਦਿਨਾਂ 'ਚ ਮੰਗਿਆ ਗਿਆ ਸੀ। ਸੰਸਦ ਮੈਂਬਰ ਨੇ ਕਿਹਾ, "ਪੰਜਾਬ ਦੇ ਜਿਹੜੇ ਕਾਂਗਰਸੀਆਂ ਨੇ ਉਨ੍ਹਾਂ 'ਤੇ ਇਲਜ਼ਾਮ ਲਾਏ ਹਨ, ਇਹ ਉਹ ਲੋਕ ਹਨ, ਜਿਨ੍ਹਾਂ ਖ਼ਿਲਾਫ਼ ਬਹੁਤ ਸਾਰੇ ਮਾਮਲੇ ਬਕਾਇਆ ਹਨ ਤੇ ਉਨ੍ਹਾਂ ਦੇ ਪਤੀ ਨੇ ਇਨ੍ਹਾਂ ਦੀ ਰੱਖਿਆ ਇਸ ਲਈ ਕੀਤੀ ਸੀ ਕਿਉਂਕਿ ਇਹ ਆਪਣੀ ਪਾਰਟੀ ਦੇ ਮੈਂਬਰ ਸਨ।' ਦੋਸ਼ਾਂ ਸਬੰਧੀ ਸਥਿਤੀ ਸਪੱਸ਼ਟ ਕਰਦਿਆਂ ਪ੍ਰਨੀਤ ਕੌਰ ਨੇ ਕਿਹਾ ਕਿ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਉਹ ਹਮੇਸ਼ਾ ਹਲਕਾ ਵਾਸੀਆਂ ਅਤੇ ਪੰਜਾਬ ਦੇ ਮੁੱਦੇ ਉਠਾਉਂਦੇ ਰਹੇ ਹਨ ਕਿਉਂਕਿ ਹਲਕੇ ਦੇ ਨੁਮਾਇੰਦੇ ਦਾ ਇਹ ਫਰਜ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਰਾਜ ਵਿਚ ਕਾਂਗਰਸ ਦੇ ਹਰ ਮੰਤਰੀ ਅਤੇ ਸੰਸਦ ਮੈਂਬਰਾਂ ਨੂੰ ਆਪਣੇ ਖੇਤਰ ਤੇ ਸੂਬੇ ਦੇ ਮਸਲਿਆਂ ਦੇ ਹੱਲ ਲਈ ਕੇਂਦਰੀ ਮੰਤਰੀਆਂ ਨੂੰ ਮਿਲਣਾ ਪੈਂਦਾ ਹੈ। ਛੱਤੀਸਗੜ੍ਹ ਅਤੇ ਰਾਜਸਥਾਨ ਵਿੱਚ ਵੀ ਕਾਂਗਰਸ ਸਰਕਾਰ ਨੂੰ ਅਜਿਹਾ ਕਰਨਾ ਪੈ ਰਿਹਾ ਹੈ। ਇਸੇ ਤਰਜ਼ 'ਤੇ ਹੀ ਉਨ੍ਹਾਂ ਨੂੰ ਵੀ ਭਾਜਪਾ ਸਰਕਾਰ ਦੇ ਮੰਤਰੀਆਂ ਅਤੇ ਹੋਰਾਂ ਨੂੰ ਮਿਲਣਾ ਪੈਂਦਾ ਰਿਹਾ ਹੈ।

## ਸਨਅਤਕਾਰਾਂ ਨੂੰ 'ਨਿਵੇਸ਼ ਪੰਜਾਬ' ਲਈ ਸੱਦਾ

**ਲੁਧਿਆਣਾ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੁਧਿਆਣਾ ਤੇ ਜਲੰਧਰ ਦੇ ਸਨਅਤਕਾਰਾਂ ਨੂੰ 'ਨਿਵੇਸ਼ ਪੰਜਾਬ ਸੰਮੇਲਨ' ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਇਸ ਸਬੰਧੀ ਉਨ੍ਹਾਂ ਸਨਅਤਕਾਰਾਂ ਨਾਲ ਮੀਟਿੰਗ ਕੀਤੀ। ਇਸ ਦੌਰਾਨ ਮੁੱਖ ਮੰਤਰੀ ਨੇ ਸਨਅਤਕਾਰਾਂ ਨੂੰ ਪੰਜਾਬ ਸਰਕਾਰ ਦੀ ਨਵੀਂ ਸਨਅਤੀ ਪਾਲਸੀ ਬਾਰੇ ਜਾਣਕਾਰੀ ਦਿੱਤੀ।

ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਉਦਯੋਗਪਤੀਆਂ ਲਈ ਅਜਿਹਾ ਮਾਹੌਲ ਸਿਰਜਿਆ ਜਾਵੇਗਾ, ਜੋ ਉਨ੍ਹਾਂ ਨੂੰ ਕਿਧਰੇ ਨਹੀਂ ਮਿਲੇਗਾ। ਭਗਵੰਤ ਮਾਨ ਨੇ ਸੂਬੇ ਵਿਚ ਨਵੀਂ ਉਦਯੋਗਿਕ ਨੀਤੀ ਲਾਗੂ ਕਰਨ ਬਾਰੇ ਦੱਸਿਆ ਕਿ ਇਹ ਨੀਤੀ ਸਾਰੇ ਭਾਈਵਾਲਾਂ ਖਾਸ ਕਰਕੇ ਉਦਯੋਗਪਤੀਆਂ ਨਾਲ ਵਿਚਾਰ-ਵਟਾਂਦਰੇ ਤੋਂ ਬਾਅਦ ਤਿਆਰ ਕੀਤੀ ਗਈ ਹੈ। ਨਵੀਂ ਨੀਤੀ ਤਹਿਤ ਸੂਬਾ ਸਰਕਾਰ ਛੇਤੀ ਹੀ ਸਟੈਂਪ ਪੇਪਰਾਂ ਲਈ ਕਲਰ ਕੋਡਿੰਗ (ਵਿਸ਼ੇਸ਼ ਰੰਗਾਂ ਵਾਲੇ ਸਟੈਂਪ ਪੇਪਰ) ਲਾਗੂ ਕਰੇਗੀ ਤਾਂ ਕਿ ਉਦਯੋਗਪਤੀਆਂ ਨੂੰ ਉਨ੍ਹਾਂ ਦੇ ਨਵੇਂ ਪ੍ਰੋਜੈਕਟਾਂ ਲਈ ਮਨਜ਼ੂਰੀ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨਿਵੇਸ਼ਕਾਂ ਦੀ ਸਹੂਲਤ ਲਈ ਸਿੰਗਲ ਵਿੰਡੋ ਸਿਸਟਮ ਨੂੰ ਹੋਰ ਮਜ਼ਬੂਤ ਕਰਨ ਲਈ ਠੋਸ ਉਪਰਾਲੇ ਕਰ ਰਹੀ ਹੈ।

## ਸਾਬਕਾ ਮੰਤਰੀ ਧਰਮਸੋਤ ਗ੍ਰਿਫਤਾਰ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਵਿਚ ਗ੍ਰਿਫਤਾਰ ਪੰਜਾਬ ਦੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਨੂੰ ਮੁਹਾਲੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਮੁਲਜ਼ਮ ਨੂੰ ਤਿੰਨ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ। ਧਰਮਸੋਤ ਖ਼ਿਲਾਫ਼ ਜੰਗਲਾਤ ਵਿਭਾਗ ਵਿਚ ਹੋਏ ਵੱਖੋ-ਵੱਖ ਘਪਲਿਆਂ ਬਾਰੇ ਭ੍ਰਿਸ਼ਟਾਚਾਰ ਦਾ ਕੇਸ ਚੱਲ ਰਿਹਾ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਦਾ ਵਿਰੋਧ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਵੱਲੋਂ ਸਿੱਖ ਫੌਜੀਆਂ ਨੂੰ ਹੈਲਮੇਟ ਪਹਿਨਾਉਣ ਦੀ ਕੇਂਦਰੀ ਤਜਵੀਜ਼ ਦੀ ਵਕਾਲਤ ਕੀਤੇ ਜਾਣ ਦਾ ਸਖਤ ਵਿਰੋਧ ਕੀਤਾ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਤੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਨੇ ਕਿਹਾ ਕਿ ਸਿੱਖ ਰਹਿਣੀ ਅਤੇ ਪਛਾਣ ਦੇ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਕੌਮੀ ਘੱਟ ਗਿਣਤੀ ਕਮਿਸ਼ਨ ਵੱਲੋਂ ਕੀਤੀ ਗਈ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਆਪਣਾ ਲਿਖਤੀ ਪੱਖ ਦੇ ਕੇ ਸਰਕਾਰ ਦੀ ਤਜਵੀਜ਼ ਨੂੰ ਮੂਲੋਂ ਰੱਦ ਕੀਤਾ ਸੀ।

## ਇਨਸਾਫ ਮੋਰਚੇ ਨੂੰ ਹੁੰਗਾਰਾ

*(ਪਹਿਲੇ ਸਫੇ ਦੀ ਬਾਕੀ)*

ਧਰਨਾਕਾਰੀਆਂ ਨੇ ਜ਼ੋਰ ਦਿੱਤਾ ਕਿ ਮਸਲਿਆਂ ਦੇ ਠੋਸ ਹੱਲ ਦੇ ਸਰਕਾਰੀ ਐਲਾਨ ਤੋਂ ਬਿਨਾ ਕਿਸੇ ਵੀ ਸਰਕਾਰੀ ਪ੍ਰਤੀਨਿਧ ਨਾਲ ਗੱਲ ਨਹੀਂ ਕੀਤੀ ਜਾਵੇਗੀ। ਯਾਦ ਰਹੇ ਕਿ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਵੱਲੋਂ ਵੀ ਇਨਸਾਫ ਮੋਰਚੇ ਦੀ ਹਮਾਇਤ ਕਰਦਿਆਂ ਕਿਸਾਨੀ ਮੁੱਦਿਆਂ ਤੇ ਪਾਣੀਆਂ ਦੇ ਮਾਮਲੇ 'ਤੇ 3 ਫਰਵਰੀ ਤੋਂ ਲੱਗਣ ਵਾਲਾ ਪੱਕਾ ਮੋਰਚਾ ਮੁਲਤਵੀ ਕਰ ਦਿੱਤਾ ਗਿਆ ਹੈ। ਜਥੇਬੰਦੀਆਂ ਦੇ ਆਗੂਆਂ ਨੇ ਮੰਗ ਕੀਤੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਾਰੇ ਵਿਅਕਤੀ ਤੁਰੰਤ ਰਿਹਾਅ ਕੀਤੇ ਜਾਣ।

'ਆਪ' ਲਈ ਮੁਸੀਬਤਾਂ ਵਿਚ ਉਦੋਂ ਵਾਧਾ ਹੋਇਆ ਜਦ ਪਾਰਟੀ ਦੇ ਹੀ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਨੇ ਧਰਨਾਕਾਰੀਆਂ ਨਾਲ ਮੁਲਾਕਾਤ ਕੀਤੀ ਤੇ ਨਿਆਂ ਵਿਚ ਦੇਰੀ 'ਤੇ ਨਿਰਾਸ਼ਾ ਜਤਾਈ। ਕੁਝ ਰਿਪੋਰਟਾਂ ਮੁਤਾਬਕ 'ਆਪ' ਵਿਧਾਇਕ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਹ ਆਸ ਨਹੀਂ ਹੈ ਕਿ ਪੁਲਿਸ ਗੋਲੀਬਾਰੀ ਤੇ ਬੇਅਦਬੀ ਦੇ ਜ਼ਿੰਮੇਵਾਰਾਂ ਨੂੰ ਕਦੇ ਸਜਾ ਮਿਲ ਸਕੇਗੀ।

ਵਿਜੈ ਪ੍ਰਤਾਪ ਨੇ ਹਾਲ ਹੀ ਵਿਚ ਇਸ ਮਾਮਲੇ ਵਿਚ ਵਿਧਾਨ ਸਭਾ ਦੀ ਇਕ ਕਮੇਟੀ ਤੋਂ ਵੀ ਅਸਤੀਫਾ ਦੇ ਦਿੱਤਾ ਸੀ। ਬਹਿਬਲ ਕਲਾਂ ਵਿਚ ਪੁਲਿਸ ਗੋਲੀਬਾਰੀ (2015) ਵਿਚ ਮਾਰੇ ਗਏ ਕ੍ਰਿਸ਼ਨ ਭਗਵਾਨ ਦਾ ਪੁੱਤਰ ਸੁਖਰਾਜ ਸਿੰਘ ਰੋਸ ਮੁਜ਼ਾਹਰੇ ਦੀ ਅਗਵਾਈ ਕਰ ਰਿਹਾ ਹੈ। ਸੁਖਰਾਜ ਨੇ ਕਿਹਾ ਕਿ ਕਾਂਗਰਸੀਆਂ ਤੇ ਅਕਾਲੀਆਂ ਵਾਂਗ 'ਆਪ' ਸਰਕਾਰ ਵੀ ਸਿਰਫ ਦੇਰੀ ਹੀ ਕਰ ਰਹੀ ਹੈ, ਤੇ ਨਿਆਂ ਦੇਣ ਪ੍ਰਤੀ ਗੰਭੀਰ ਨਹੀਂ ਜਾਪਦੀ। ਉਨ੍ਹਾਂ ਕਿਹਾ ਕਿ ਇਸੇ ਮੁੱਦੇ 'ਤੇ ਹੀ ਰਾਜ ਦੇ ਵੋਟਰ 'ਆਪ' ਦੇ ਹੱਕ ਵਿਚ ਹੋਏ ਸਨ।

ਜ਼ਿਕਰਯੋਗ ਹੈ ਕਿ ਬੇਅਦਬੀ ਮਾਮਲਿਆਂ ਖਿਲਾਫ ਰੋਸ ਜ਼ਾਹਿਰ ਕਰਨ ਵਾਲਿਆਂ 'ਤੇ ਪੁਲਿਸ ਵੱਲੋਂ 2015 ਵਿਚ ਗੋਲੀ ਚਲਾਈ ਗਈ ਸੀ। ਇਹ ਘਟਨਾਵਾਂ ਬਹਿਬਲ ਕਲਾਂ ਤੇ ਕੋਟਕਪੂਰਾ ਵਿਚ ਵਾਪਰੀਆਂ ਸਨ। ਪੁਲਿਸ ਨੇ ਇਨ੍ਹਾਂ ਕੇਸਾਂ ਦੀ ਜਾਂਚ ਅਰੰਭੀ ਸੀ ਹਾਲਾਂਕਿ ਮੁਜ਼ਾਹਰਾਕਾਰੀ ਦਸੰਬਰ 2021 ਤੋਂ ਬਹਿਬਲ ਕਲਾਂ ਵਿਚ ਧਰਨੇ ਉਤੇ ਬੈਠੇ ਹਨ ਪਰ ਹੁਣ ਉਨ੍ਹਾਂ ਦੇ ਕੌਮੀ ਮਾਰਗ 'ਤੇ ਆਉਣ ਨਾਲ ਸੰਘਰਸ਼ ਤਿੱਖਾ ਹੋ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਾਨੂੰਨ ਅਨੁਸਾਰ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਬੰਦੀ ਸਿੰਘਾਂ ਨੂੰ ਅਜੇ ਵੀ ਜੇਲ੍ਹ ਵਿਚ ਡੱਕਣਾ ਸਰਕਾਰ ਦੇ ਸਿੱਖਾਂ ਪ੍ਰਤੀ ਦੋਹਰੇ ਮਾਪਦੰਡਾਂ ਦਾ ਨਤੀਜਾ ਹੈ। ਸਿੱਖ ਆਗੂ ਸਵਾਲ ਕਰ ਰਹੇ ਹਨ ਕਿ ਇਕ ਪਾਸੇ ਬਲਾਤਕਾਰ ਤੇ ਹੋਰ ਸੰਗੀਨ ਧਾਰਾਵਾਂ ਤਹਿਤ ਸਜ਼ਾ ਕੱਟ ਰਹੇ ਕੈਦੀਆਂ ਨੂੰ ਪੈਰੋਲ ਦਿੱਤੀ ਜਾ ਰਹੀ ਹੈ ਤੇ ਦੂਜੇ ਪਾਸੇ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਬੰਦੀ ਸਿੰਘ ਰਿਹਾਈ ਦੀ ਉਡੀਕ ਕਰ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਪੰਜਾਬੀਆਂ ’ਤੇ ਵਿੱਤੀ ਭਾਰ ਵਧਾਉਣ ’ਚ ਜੁਟੀਆਂ ਟੌਲ ਕੰਪਨੀਆਂ

**ਚੰਡੀਗੜ੍ਹ:** ਕਿਸਾਨ ਘੋਲ ਮਗਰੋਂ ਟੌਲ ਟੈਕਸ ਵਿਚ ਇੰਨਾ ਵਾਧਾ ਹੋਇਆ ਹੈ ਕਿ ਟੌਲ ਕੰਪਨੀਆਂ ਪੁਰਾਣੇ ਘਾਟੇ ਵੀ ਪੂਰੇ ਕਰਨ ਲੱਗੀਆਂ ਹਨ। ਪੰਜਾਬ ਵਿਚ ਟੌਲ ਟੈਕਸ ਦੀ ਵਸੂਲੀ ਨੇ ਨਵੇਂ ਰਿਕਾਰਡ ਕਾਇਮ ਕਰ ਦਿੱਤੇ ਜਾਪਦੇ ਹਨ। ਲੰਘੇ ਪੰਜ ਵਰ੍ਹਿਆਂ ਵਿਚ ਕੌਮੀ ਸੜਕ ਮਾਰਗਾਂ ਤੋਂ ਟੌਲ ਵਸੂਲੀ ਦੇ ਤੱਥ ਇਸ ਦੀ ਗਵਾਹੀ ਭਰਦੇ ਹਨ। ਹਰ ਵਰ੍ਹੇ ਅਪਰੈਲ ਮਹੀਨੇ ਤੋਂ ਟੌਲ ਦੀ ਕੀਮਤ ਵਿਚ ਵਾਧਾ ਹੋ ਰਿਹਾ ਹੈ। ਇਹ ਸਾਲਾਨਾ ਵਾਧਾ ਹੀ ਪੰਜਾਬੀਆਂ ’ਤੇ ਵਿੱਤੀ ਭਾਰ ਬਣ ਰਿਹਾ ਹੈ।



ਕੌਮੀ ਸੜਕ ਮੰਤਰਾਲੇ ਦੇ ਤਾਜ਼ਾ ਵੇਰਵਿਆਂ ਅਨੁਸਾਰ ਇਕ ਅਪਰੈਲ, 2018 ਤੋਂ ਦਸੰਬਰ, 2022 ਤੱਕ (ਕਰੀਬ ਪੌਣੇ ਪੰਜ ਸਾਲ) ਪੰਜਾਬ ਵਿਚ ਕੌਮੀ ਸੜਕ ਮਾਰਗਾਂ ’ਤੇ ਪੈਂਦੇ ਟੌਲ ਪਲਾਜ਼ਿਆਂ ਤੋਂ 2844.60 ਕਰੋੜ ਰੁਪਏ ਦੀ ਵਸੂਲੀ ਹੋਈ ਹੈ। ਪੰਜਾਬ ਸਰਕਾਰ ਦੇ ਜੋ ਆਪਣੇ ਸੂਬਾਈ ਟੌਲ ਪਲਾਜ਼ੇ ਹਨ, ਉਨ੍ਹਾਂ ਤੋਂ ਵਸੂਲਿਆ ਟੌਲ ਇਸ ਤੋਂ ਵੱਖਰਾ ਹੈ। ਪੰਜਾਬ ਵਿਚ ਕੌਮੀ ਸੜਕ ਮਾਰਗਾਂ ’ਤੇ ਕਰੀਬ ਦੋ ਦਰਜਨ ਟੌਲ ਪਲਾਜ਼ੇ ਹਨ। ਇਨ੍ਹਾਂ ਨੇ ਵਰ੍ਹਾ 2018-19 ਵਿਚ ਪ੍ਰਤੀ ਦਿਨ ਔਸਤਨ 1.71 ਕਰੋੜ ਰੁਪਏ ਦਾ ਟੌਲ ਵਸੂਲ ਕੀਤਾ ਹੈ। ਵਰ੍ਹਾ 2019-20 ਦੌਰਾਨ ਇਨ੍ਹਾਂ ਟੌਲ ਪਲਾਜ਼ਿਆਂ ’ਤੇ ਲੋਕਾਂ ਨੇ ਰੋਜ਼ਾਨਾ ਔਸਤਨ 1.89 ਕਰੋੜ ਰੁਪਏ ਟੌਲ ਵਜੋਂ ਤਾਰੇ ਹਨ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਕਿਸਾਨ ਅੰਦੋਲਨ ਦੌਰਾਨ ਅਕਤੂਬਰ, 2020 ਤੋਂ ਇਹ ਟੌਲ ਪਲਾਜ਼ੇ ਕਿਸਾਨ ਧਿਰਾਂ ਨੇ ਟੌਲ ਤੋਂ ਮੁਕਤ ਕਰ ਦਿੱਤੇ ਸਨ, ਜਿਸ ਦੇ ਨਤੀਜੇ ਵਜੋਂ ਸਾਲ 2020-21 ਦੌਰਾਨ ਪ੍ਰਤੀ ਦਿਨ ਔਸਤਨ ਲੋਕਾਂ ਨੇ 77.30 ਲੱਖ ਰੁਪਏ ਦਾ ਟੌਲ ਤਾਰਿਆ ਹੈ ਅਤੇ ਇਸੇ ਤਰ੍ਹਾਂ 2021-22 ਵਿਚ ਪ੍ਰਤੀ ਦਿਨ ਔਸਤਨ 80.40 ਲੱਖ ਰੁਪਏ ਟੌਲ ਵਜੋਂ ਦਿੱਤੇ ਹਨ।

ਕਿਸਾਨ ਅੰਦੋਲਨ ਵਾਲੇ ਦੋ ਵਰ੍ਹਿਆਂ ਵਿਚ ਟੌਲ ਵਸੂਲੀ ’ਚ ਵੱਡੀ ਕਮੀ ਹੋਈ ਸੀ। ਟੌਲ ਕੰਪਨੀਆਂ ਨੇ ਸਰਕਾਰ ਕੋਲ ਇਹ ਪ੍ਰਗਟਾਵਾ ਕੀਤਾ ਸੀ ਕਿ ਇਨ੍ਹਾਂ ਦੋਵੇਂ ਸਾਲਾਂ ਵਿਚ ਉਨ੍ਹਾਂ ਦਾ ਇਕੱਲੇ ਪੰਜਾਬ ਵਿਚ 1269.42 ਕਰੋੜ ਰੁਪਏ ਦਾ ਵਿੱਤੀ ਨੁਕਸਾਨ ਹੋਇਆ ਹੈ। ਜਦੋਂ ਕਿਸਾਨ ਧਿਰਾਂ ਨੇ ਇਹ ਟੌਲ ਪਲਾਜ਼ਿਆਂ ਤੋਂ ਧਰਨੇ ਚੁੱਕ ਦਿੱਤੇ ਤਾਂ ਇਨ੍ਹਾਂ ਦੀ ਵਸੂਲੀ ਇਕਦਮ ਵਧ ਗਈ। ਚਾਲੂ ਮਾਲੀ ਵਰ੍ਹੇ 2022-23 ਦੌਰਾਨ ਇਨ੍ਹਾਂ ਕੌਮੀ ਸੜਕ ਮਾਰਗਾਂ ਦਾ ਔਸਤਨ ਟੌਲ ਪ੍ਰਤੀ ਦਿਨ 10.41 ਕਰੋੜ ਰੁਪਏ ’ਤੇ ਪੁੱਜ ਗਿਆ ਹੈ, ਜੋ ਆਪਣੇ-ਆਪ ਵਿਚ ਰਿਕਾਰਡ ਹੈ। ਸੂਤਰ ਦੱਸਦੇ ਹਨ ਕਿ ਕਿਸਾਨ ਘੋਲ ਦੌਰਾਨ ਵੀ ਸਾਲਾਨਾ ਟੌਲ ਵਿਚ ਵਾਧਾ ਹੁੰਦਾ ਰਿਹਾ ਹੈ। ਹੁਣ ਜਦੋਂ ਇਹ ਟੌਲ ਪਲਾਜ਼ਾ ਮੁੜ ਖੁੱਲ੍ਹੇ ਤਾਂ ਕੰਪਨੀਆਂ ਦੇ ਖ਼ਜ਼ਾਨੇ ਨੂੰ ਵੱਡਾ ਲਾਹਾ ਮਿਲਿਆ ਹੈ। ਚਾਲੂ ਮਾਲੀ ਸਾਲ ਦੇ ਦਸੰਬਰ ਮਹੀਨੇ ਤੱਕ ਪੰਜਾਬ ਵਿਚ ਕੌਮੀ ਸੜਕ ਮਾਰਗਾਂ ਤੋਂ ਕੰਪਨੀਆਂ ਨੇ 953.19 ਕਰੋੜ ਰੁਪਏ ਵਸੂਲ ਲਏ ਹਨ ਤੇ ਇਸ ਮਾਲੀ ਵਰ੍ਹੇ ਦੌਰਾਨ ਇਹ ਕਮਾਈ ਕਰੀਬ 1300 ਕਰੋੜ ਤੱਕ ਪੁੱਜਣ ਦਾ ਅਨੁਮਾਨ ਹੈ।

### ਦੋਹਰੀ ਲੁੱਟ ਬੰਦ ਹੋਣੀ ਚਾਹੀਦੀ ਹੈ: ਕਿਸਾਨ ਆਗੂ

**ਬਠਿੰਡਾ:** ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੀਨੀਅਰ ਆਗੂ ਸ਼ਿੰਗਾਰਾ ਸਿੰਘ ਮਾਨ ਨੇ ਕਿਹਾ ਕਿ ਸਰਕਾਰਾਂ ਵੱਲੋਂ ਇਕ ਪਾਸੇ ਰੋਡ ਟੈਕਸ ਵੀ ਵਸੂਲ ਕੀਤਾ ਜਾ ਰਿਹਾ ਹੈ ਤੇ ਉਪਰੋਂ ਟੌਲ ਟੈਕਸ ਵੀ ਲੋਕਾਂ ’ਤੇ ਥੋਪ ਦਿੱਤਾ ਗਿਆ ਹੈ। ਇਹ ਦੋਹਰੀ ਲੁੱਟ ਬੰਦ ਹੋਣੀ ਚਾਹੀਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਸਮੇਂ ਦੌਰਾਨ ਸਟੇਟ ਹਾਈਵੇਅ ’ਤੇ ਪੈਂਦੇ ਤਿੰਨ ਟੌਲ ਪਲਾਜ਼ਾ ਬੰਦ ਵੀ ਕੀਤੇ ਹਨ ਅਤੇ ਹੁਸ਼ਿਆਰਪੁਰ-ਟਾਂਡਾ ਸੜਕ ’ਤੇ ਪੈਂਦੇ ਇਕ ਟੌਲ ਪਲਾਜ਼ਾ ਦੀ ਲੁੱਟ ਨੂੰ ਵੀ ਜਨਤਕ ਕੀਤਾ ਸੀ।

## ਮੁੱਖ ਮੰਤਰੀ ਨੇ ਪੱਲੇਦਾਰੀ ਕਰਨ ਵਾਲੇ ਕੌਮੀ ਖਿਡਾਰੀ ਨੂੰ ਕੋਚ ਬਣਾਇਆ

**ਕੋਟਕਪੂਰਾ:** ਸਰਕਾਰੀ ਅਣਦੇਖੀ ਦਾ ਸ਼ਿਕਾਰ ਹੋ ਕੇ ਫ਼ਰੀਦਕੋਟ ਦੀ ਅਨਾਜ ਮੰਡੀ ਵਿਚ ਬੋਰੀਆਂ ਢੋਣ ਲਈ ਮਜਬੂਰ ਹਾਕੀ ਦਾ ਕੌਮੀ ਖਿਡਾਰੀ ਪਰਮਜੀਤ ਸਿੰਘ ਹੁਣ ਨਵੇਂ ਖਿਡਾਰੀਆਂ ਨੂੰ ਹਾਕੀ ਦੇ ਗੁਰ ਸਿਖਾਵੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਆਸ ਜਤਾਈ ਹੈ ਕਿ ਪਰਮਜੀਤ ਆਉਣ ਵਾਲੇ ਸਮੇਂ ਵਿਚ ਦੇਸ਼ ਨੂੰ ਹੁਨਰਮੰਦ ਖਿਡਾਰੀ ਤਿਆਰ ਕਰਕੇ ਦੇਵੇਗਾ।



ਜ਼ਿਕਰਯੋਗ ਹੈ ਕਿ ਆਰਥਿਕ ਤੰਗੀ ਦੀ ਮਾਰ ਝੱਲ ਰਹੇ ਪਰਮਜੀਤ ਵੱਲੋਂ ਮਜਬੂਰੀ ਵਿਚ ਫਰੀਦਕੋਟ ਮੰਡੀ ਵਿਚ ਪੱਲੇਦਾਰੀ ਕਰਨ ਸਬੰਧੀ ਖ਼ਬਰਾਂ ਮੀਡੀਆ ਵੱਲੋਂ ਪ੍ਰਮੁੱਖਤਾ ਨਾਲ ਨਸ਼ਰ ਕੀਤੀਆਂ ਗਈਆਂ ਸਨ, ਜਿਸ ਮਗਰੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਰਮਜੀਤ ਸਿੰਘ ਨੂੰ ਚੰਡੀਗੜ੍ਹ ਸੱਦ ਕੇ ਮੀਟਿੰਗ ਕੀਤੀ ਤੇ ਉਸ ਨੂੰ ਖੇਡ ਵਿਭਾਗ ਵਿਚ ਕੋਚ ਬਣਾਉਣ ਦਾ ਐਲਾਨ ਕੀਤਾ। ਉਨ੍ਹਾਂ ਭਰੋਸਾ ਦਿਵਾਇਆ ਕਿ ਛੇਤੀ ਹੀ ਇਸ ਸਬੰਧੀ ਨੋਟੀਫਿਕੇਸ਼ਨ ਵੀ ਜਾਰੀ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਪਰਮਜੀਤ ਨੂੰ ਉਸ ਵੱਲੋਂ ਖੇਡੀ ਗਈ ਬਾਕਮਾਲ ਖੇਡ ਦੀ ਬਦੌਲਤ ਬਣਦਾ ਰੁਤਬਾ ਤੇ ਮਾਣ-ਸਨਮਾਨ ਦਿੱਤਾ ਜਾਵੇਗਾ। ਸਰਕਾਰ ਦੇ ਇਸ ਫੈਸਲੇ ’ਤੇ ਪਰਮਜੀਤ ਸਿੰਘ ਤੇ ਉਸ ਦਾ ਪਰਿਵਾਰ ਬੇਹੱਦ ਖੁਸ਼ ਹੈ।

## ਆਪਣੇ ਵਿਧਾਇਕਾਂ ਦੇ ਸ਼ਿਕਵੇ ਦੂਰ ਕਰੇਗੀ ‘ਆਪ’ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਹੁਣ ‘ਆਪ’ ਵਿਧਾਇਕਾਂ ਦੇ ਗਿਲੇ-ਸ਼ਿਕਵੇ ਦੂਰ ਕਰੇਗੀ ਤਾਂ ਜੋ ਜ਼ਮੀਨੀ ਪੱਧਰ ਉਤੇ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਸਕੇ। ਇਕ ਦੋ ਵਿਧਾਇਕਾਂ ਨੇ ਇਹ ਵੀ ਕਿਹਾ ਕਿ ਅਧਿਕਾਰੀ ਹਾਲੇ ਵੀ ਅਕਾਲੀ ਤੇ ਕਾਂਗਰਸੀ ਆਗੂਆਂ ਨੂੰ ਖ਼ੁਸ਼ ਕਰਨ ’ਤੇ ਲੱਗੇ ਹੋਏ ਹਨ। ਆਮ ਆਦਮੀ ਪਾਰਟੀ ਦੇ ਕੌਮੀ ਜਨਰਲ ਸਕੱਤਰ (ਸੰਗਠਨ) ਅਤੇ ਰਾਜ ਸਭਾ ਮੈਂਬਰ ਸੰਦੀਪ ਪਾਠਕ ਨੇ ‘ਆਪ’ ਵਿਧਾਇਕਾਂ ਨਾਲ ਜ਼ੋਨ ਵਾਈਜ਼ ਮੀਟਿੰਗਾਂ ਕੀਤੀਆਂ। ਇਨ੍ਹਾਂ ਮੀਟਿੰਗਾਂ ਵਿਚ ਮਾਝੇ ਅਤੇ ਦੋਆਬੇ ਜ਼ੋਨ ਦੀ ਵੱਖੋ ਵੱਖਰੀ ਮੀਟਿੰਗ ਕੀਤੀ ਗਈ ਜਦਕਿ ਮਾਲਵਾ ਖ਼ਿੱਤੇ ਨੂੰ ਤਿੰਨ ਜ਼ੋਨਾਂ ਵਿਚ ਵੰਡ ਕੇ ਵੱਖ-ਵੱਖ ਮੀਟਿੰਗਾਂ ਕੀਤੀਆਂ ਗਈਆਂ।

ਪੰਜਾਬ ਵਿਚ ਜਲੰਧਰ ਦੀ ਜ਼ਿਮਨੀ ਚੋਣ ਤੋਂ ਇਲਾਵਾ ਨਗਰ ਨਿਗਮਾਂ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਵੀ ਜਲਦ ਹੋਣ ਦੀ ਸੰਭਾਵਨਾ ਹੈ ਜਿਸ ਕਰਕੇ ਆਮ ਆਦਮੀ ਪਾਰਟੀ ਆਪਣੇ ਵਿਧਾਇਕਾਂ,



ਪਾਰਟੀ ਆਗੂਆਂ ਤੇ ਵਾਲੰਟੀਅਰਾਂ ਦੀ ਪੁੱਛ-ਪ੍ਰਤੀਤ ਕਰਨ ਦੇ ਰਾਹ ਪਈ ਹੈ। ਪਾਰਟੀ ਤਰਫੋਂ ਵਿਧਾਇਕਾਂ ਤੋਂ ਫੀਡਬੈਕ ਵੀ ਲਈ ਗਈ ਅਤੇ ਆਗਾਮੀ ਚੋਣਾਂ ਨੂੰ ਲੈ ਕੇ ਵੀ ਵਿਚਾਰ ਚਰਚਾ ਕੀਤੀ ਗਈ। ‘ਆਪ’ ਦੇ ਜ਼ਿਲ੍ਹਾ ਪ੍ਰਧਾਨਾਂ ਨਾਲ ਵੀ ਸੰਦੀਪ ਪਾਠਕ ਨੇ ਵੱਖਰੀ ਮੀਟਿੰਗ ਕੀਤੀ। ਬਹੁਤੇ ਵਿਧਾਇਕਾਂ ਨੇ ਆਪੋ ਆਪਣੇ ਹਲਕੇ ਵਿਚਲੇ ਉੱਚ ਅਫਸਰਾਂ ਖ਼ਿਲਾਫ਼ ਰੋਸ ਜ਼ਾਹਿਰ ਕੀਤਾ। ਵਿਧਾਇਕਾਂ ਨੇ ਕਿਹਾ ਕਿ ਇਹ ਅਧਿਕਾਰੀ ਉਨ੍ਹਾਂ ਦੀ ਗੱਲ ਨਹੀਂ ਸੁਣਦੇ। ਵਿਧਾਇਕਾਂ ਨੇ ਮਸ਼ਵਰਾ ਦਿੱਤਾ ਹੈ ਕਿ ਹਰ ਹਲਕੇ ਵਿਚ ਉਨ੍ਹਾਂ ਦੀ ਪਸੰਦ ਦਾ ਐਸ.ਡੀ.ਐਮ, ਤਹਿਸੀਲਦਾਰ, ਡੀ.ਐਸ.ਪੀ. ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਲਾਇਆ ਜਾਵੇ। ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਵੀ ਹੁਣ ਵਿਧਾਇਕਾਂ ਦੇ ਹੱਥ ਤਾਕਤ ਦੇਣਾ ਚਾਹੁੰਦੀ ਹੈ ਤਾਂ ਜੋ ਉਹ ਲੋਕਾਂ ਦੇ ਕੰਮ ਕਰਵਾ ਸਕਣ। ‘ਆਪ’ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਨਵੇਂ ਚੁਣੇ ਵਿਧਾਇਕਾਂ ਨੂੰ ਮੀਟਿੰਗ ਕਰਕੇ ਹਦਾਇਤ ਦਿੱਤੀ ਸੀ ਕਿ ਉਹ ਅਧਿਕਾਰੀਆਂ ਦੀ ਤਾਇਨਾਤੀ ਅਤੇ ਤਬਾਦਲਿਆਂ ਦੀ ਥਾਂ ਕੰਮ ਕਰਨ ਨੂੰ ਤਰਜੀਹ ਦੇਣ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਤਰਫੋਂ ਅੰਦਰੂਨੀ ਤੌਰ ’ਤੇ ਇਕ ਸਰਵੇ ਵੀ ਕਰਾਇਆ ਜਾ ਰਿਹਾ ਹੈ ਤਾਂ ਜੋ ਪਾਰਟੀ ਦੀ ਸਥਿਤੀ ਦਾ ਪਤਾ ਲਗਾਇਆ ਜਾ ਸਕੇ।

## ਬਹਿਬਲ ਗੋਲੀ ਕਾਂਡ ਕੇਸ ਦੀ ਸੁਣਵਾਈ 29 ਅਪਰੈਲ ਤੱਕ ਮੁਲਤਵੀ

**ਫਰੀਦਕੋਟ:** ਬਹਿਬਲ ਗੋਲੀ ਕਾਂਡ ਤੋਂ ਬਾਅਦ ਦਰਜ ਹੋਏ ਫੌਜਦਾਰੀ ਕੇਸ ਦੀ ਸੁਣਵਾਈ ਹੁਣ 29 ਅਪਰੈਲ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਕੇਸ ਦੀ ਸੁਣਵਾਈ ਇਥੇ ਵਧੀਕ ਸੈਸ਼ਨ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਹੋਣੀ ਸੀ, ਪਰ ਕੋਟਕਪੂਰਾ ਗੋਲੀ ਕਾਂਡ ਦੀ ਚਾਰਜਸ਼ੀਟ ਅਦਾਲਤ ਵਿਚ ਪੇਸ਼ ਨਾ ਹੋਣ ਕਾਰਨ ਇਹ ਸੁਣਵਾਈ ਨਹੀਂ ਹੋ ਸਕੀ, ਜਿਸ ਮਗਰੋਂ ਅਦਾਲਤ ਨੇ ਸੁਣਵਾਈ ਮੁਲਤਵੀ ਕਰ ਦਿੱਤੀ ਹੈ। ਜਾਂਚ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਕੋਟਕਪੂਰਾ ਗੋਲੀ ਕਾਂਡ ਦੀ ਚਾਰਜਸ਼ੀਟ ਜਲਦ ਅਦਾਲਤ ਵਿਚ ਆਉਣ ਦੀ ਸੰਭਾਵਨਾ ਹੈ। ਸੁਣਵਾਈ ਦੌਰਾਨ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸ.ਐਸ.ਪੀ. ਚਰਨਜੀਤ ਸ਼ਰਮਾ, ਐਸ.ਪੀ. ਬਿਕਰਮ ਸਿੰਘ ਤੇ ਬਾਕੀ ਮੁਲਜ਼ਮ ਅਦਾਲਤ ’ਚ ਪੇਸ਼ ਨਹੀਂ ਹੋਏ ਤੇ ਅਦਾਲਤ ਨੇ ਉਨ੍ਹਾਂ ਦੀ ਇਸ ਪੇਸ਼ੀ ਲਈ ਹਾਜ਼ਰੀ ਮੁਆਫ਼ ਕਰ ਦਿੱਤੀ।

## ਸਿੰਜਾਈ ਘਪਲਾ: ਜਨਮੇਜਾ ਸੇਖੋਂ ਤੇ ਸਰਵੇਸ਼ ਕੌਸ਼ਲ ਵਿਜੀਲੈਂਸ ਅੱਗੇ ਪੇਸ਼ ਹੋਏ

**ਚੰਡੀਗੜ੍ਹ:** ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਦੇ ਸਾਬਕਾ ਮੁੱਖ ਸਕੱਤਰ ਸਰਵੇਸ਼ ਕੌਸ਼ਲ ਤੇ ਅਕਾਲੀ-ਭਾਜਪਾ ਸਰਕਾਰ ਸਮੇਂ ਸਿੰਜਾਈ ਵਿਭਾਗ ਦੇ ਮੰਤਰੀ ਰਹੇ ਜਨਮੇਜਾ ਸਿੰਘ ਸੇਖੋਂ ਤੋਂ ਪੁੱਛ ਪੜਤਾਲ ਕੀਤੀ। ਯਾਦ ਰਹੇ ਕਿ ਸਾਬਕਾ ਮੁੱਖ ਸਕੱਤਰ ਅਤੇ ਸਾਬਕਾ ਮੰਤਰੀ ਨੂੰ ਅਕਾਲੀ-ਭਾਜਪਾ ਸਰਕਾਰ ਸਮੇਂ ਸਿੰਜਾਈ ਵਿਭਾਗ ਵਿਚ ਹੋਏ ਕਥਿਤ ਬਹੁ-ਕਰੋੜੀ ਘਪਲੇ ਦੀ ਚੱਲ ਰਹੀ ਜਾਂਚ ਵਿਚ ਸ਼ਾਮਲ ਹੋਣ ਲਈ ਸੱਦਿਆ ਗਿਆ ਸੀ।

ਇਹ ਦੋਵੇਂ ਸ਼ਖਸੀਅਤਾਂ ਇਸ ਘਪਲੇ ਦੀ ਜਾਂਚ ਸਬੰਧੀ ਦੂਜੀ ਵਾਰ ਵਿਜੀਲੈਂਸ ਦੇ ਤਫਤੀਸ਼ੀ ਅਫਸਰ ਸਾਹਮਣੇ ਪੇਸ਼ ਹੋਈਆਂ ਹਨ। ਵਿਜੀਲੈਂਸ ਅਧਿਕਾਰੀਆਂ ਅਨੁਸਾਰ ਸਰਵੇਸ਼ ਕੌਸ਼ਲ ਅਤੇ ਜਨਮੇਜਾ ਸਿੰਘ ਸੇਖੋਂ ਨੂੰ ਜਦੋਂ ਪਹਿਲੀ ਵਾਰ ਜਾਂਚ ਵਿਚ ਸ਼ਾਮਲ ਹੋਣ ਲਈ ਸੱਦਿਆ ਗਿਆ ਸੀ, ਉਦੋਂ ਜ਼ਿਆਦਾਤਰ ਸਵਾਲ ਹੀ ਪੁੱਛੇ ਗਏ ਸਨ। ਮਾਮਲੇ ਦੀ ਜਾਂਚ ਨੂੰ ਅੱਗੇ ਤੋਰਦਿਆਂ ਸਰਵੇਸ਼ ਕੌਸ਼ਲ ਅਤੇ ਜਨਮੇਜਾ ਸਿੰਘ ਸੇਖੋਂ ਨੂੰ ਆਪਣੇ ਬੈਂਕ ਖਾਤਿਆਂ ਤੇ ਜਾਇਦਾਦਾਂ ਦੇ ਵੇਰਵੇ ਦੇਣ ਲਈ ਸੱਦਿਆ ਗਿਆ ਸੀ।

ਵਿਜੀਲੈਂਸ ਦੇ ਤਫਤੀਸ਼ੀ ਅਫਸਰਾਂ ਨੇ ਘਪਲੇ ਨਾਲ ਜੁੜੇ ਸਵਾਲ ਵੀ ਪੁੱਛੇ। ਵਿਭਾਗ ਦੇ ਸੀਨੀਅਰ ਅਧਿਕਾਰੀਆਂ ਮੁਤਾਬਕ ਦੋਵਾਂ ਨੇ ਆਪਣੇ ਬੈਂਕ ਖਾਤਿਆਂ ਅਤੇ ਜਾਇਦਾਦ ਦੇ ਵੇਰਵੇ ਤਾਂ ਦੇ ਦਿੱਤੇ ਗਏ ਹਨ ਪਰ ਵਿਜੀਲੈਂਸ ਨੇ ਪਰਿਵਾਰਕ ਮੈਂਬਰਾਂ ਖਾਸ ਕਰ ਪਤਨੀ ਅਤੇ ਬੱਚਿਆਂ ਦੇ ਬੈਂਕ ਖਾਤੇ ਅਤੇ ਜਾਇਦਾਦ ਦੇ ਵੇਰਵੇ ਦੇਣ ਲਈ ਵੀ ਕਿਹਾ ਹੈ।

ਵਿਜੀਲੈਂਸ ਅਧਿਕਾਰੀਆਂ ਨੇ ਕਿਹਾ ਕਿ ਸਾਰੇ ਪਰਿਵਾਰਕ ਮੈਂਬਰਾਂ ਦੇ ਵੇਰਵੇ ਇਕੱਤਰ ਹੋਣ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ। ਅਧਿਕਾਰੀਆਂ ਅਨੁਸਾਰ ਇਹ ਵੇਰਵੇ ਇਸ ਲਈ ਮੰਗੇ ਜਾ ਰਹੇ ਹਨ ਕਿਉਂਕਿ ਅਕਸਰ ਸਿਆਸਤਦਾਨਾਂ ਅਤੇ ਅਫਸਰਾਂ ਵੱਲੋਂ ਅਹੁਦਿਆਂ ’ਤੇ ਰਹਿੰਦਿਆਂ ਪਤਨੀ ਜਾਂ ਬੱਚਿਆਂ ਦੇ ਨਾਮ ’ਤੇ ਜਾਇਦਾਦ ਖਰੀਦੀ ਜਾਂਦੀ ਹੈ ਜਾਂ ਬੈਂਕ ਵਿਚ ਪੈਸੇ ਰੱਖੇ ਜਾਂਦੇ ਹਨ। ਚੇਤੇ ਰਹੇ ਕਿ ਇਹ ਮਸਲਾ ਚਿਰੋਕਣਾ ਚੱਲ ਰਿਹਾ ਹੈ ਅਤੇ ਵੱਖ-ਵੱਖ ਕਾਰਨਾਂ ਕਰ ਕੇ ਜਾਂਚ ਲਗਾਤਾਰ ਲੇਟ ਹੋ ਰਹੀ ਹੈ।

## ਮਹਿੰਗਾਈ ਭੱਤੇ ਵਿਚ 4 ਫੀਸਦ ਵਾਧੇ ਦੇ ਆਸਾਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਆਪਣੇ ਇਕ ਕਰੋੜ ਤੋਂ ਵੱਧ ਕਰਮਚਾਰੀਆਂ ਤੇ ਪੈਨਸ਼ਨਰਾਂ ਲਈ ਮਹਿੰਗਾਈ ਭੱਤੇ ਨੂੰ ਮੌਜੂਦਾ 38 ਫੀਸਦ ਤੋਂ 4 ਫੀਸਦ ਅੰਕ ਵਧਾ ਕੇ 42 ਫੀਸਦ ਕਰ ਸਕਦੀ ਹੈ। ਇਸ ਮੰਤਵ ਲਈ ਇਕ ਫਾਰਮੂਲੇ ਤਹਿਤ ਸਹਿਮਤੀ ਬਣੀ ਹੈ। ਕਰਮਚਾਰੀਆਂ ਤੇ ਪੈਨਸ਼ਨਰਾਂ ਲਈ ਮਹਿੰਗਾਈ ਭੱਤੇ ਦੀ ਗਣਨਾ ਹਰ ਮਹੀਨੇ ਕਿਰਤ ਬਿਊਰੋ ਵੱਲੋਂ ਸਨਅਤੀ ਕਰਮਚਾਰੀਆਂ ਲਈ ਜਾਰੀ ਖਪਤਕਾਰ ਪ੍ਰਾਈਜ਼ ਇੰਡੈਕਸ (ਸੀ.ਪੀ.ਆਈ.-ਆਈ.ਡਬਲਿਊ.) ਦੇ ਅੰਕੜੇ ਅਨੁਸਾਰ ਕੀਤੀ ਜਾਂਦੀ ਹੈ। ਆਲ ਇੰਡੀਆ ਰੇਲਵੇਮੈਨ ਫੈਡਰੇਸ਼ਨ ਦੇ ਆਗੂ ਸ਼ਿਵ ਗੋਪਾਲ ਮਿਸ਼ਰਾ ਨੇ ਦੱਸਿਆ ਕਿ ਦਸੰਬਰ 2022 ਦੇ ਲਈ ਸੀ.ਪੀ.ਆਈ.-ਆਈ.ਡਬਲਿਊ. 31 ਜਨਵਰੀ ਨੂੰ ਜਾਰੀ ਕੀਤੀ ਗਈ ਸੀ ਜਿਸ ਅਨੁਸਾਰ ਮਹਿੰਗਾਈ ਭੱਤੇ ਵਿਚ 4.23 ਫੀਸਦ ਦਾ ਵਾਧਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰਾਲੇ ਨੂੰ ਡੀ.ਏ. ਵਿਚ ਵਾਧੇ ਦਾ ਪ੍ਰਸਤਾਵ ਭੇਜਿਆ ਜਾਵੇਗਾ ਜਿਸ ਨੂੰ ਮਨਜ਼ੂਰੀ ਲਈ ਕੇਂਦਰੀ ਮੰਤਰੀ ਮੰਡਲ ਅੱਗੇ ਪੇਸ਼ ਕੀਤਾ ਜਾਵੇਗਾ।

## ਬਹੁਜਨ ਸਮਾਜ ਪਾਰਟੀ ਅਤੇ ਅਕਾਲੀ ਦਲ ਲੋਕ ਸਭਾ ਚੋਣਾਂ ਮਿਲ ਕੇ ਲੜਨਗੇ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ (ਬਸਪਾ) ਆਗਾਮੀ ਲੋਕ ਸਭਾ ਦੀਆਂ ਚੋਣਾਂ ਇਕੱਠੇ ਲੜਨਗੀਆਂ ਤੇ ਦੋਵਾਂ ਪਾਰਟੀਆਂ ਵਿਚਾਲੇ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਾਂਗ ਹੀ ਗੱਠਜੋੜ ਜਾਰੀ ਰੱਖਣ ਲਈ ਸਹਿਮਤੀ ਬਣੀ ਹੈ।





ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੇ ਇੱਥੇ ਬਸਪਾ ਮੁਖੀ ਕੁਮਾਰੀ ਮਾਇਆਵਤੀ ਨਾਲ ਉਨ੍ਹਾਂ ਦੀ ਰਿਹਾਇਸ਼ ’ਤੇ ਮੀਟਿੰਗ ਕੀਤੀ। ਬਸਪਾ ਵੱਲੋਂ ਜਾਰੀ ਇਕ ਬਿਆਨ ਵਿਚ ਦੱਸਿਆ ਗਿਆ ਕਿ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨਾਲ ਮੀਟਿੰਗ ਵਿਚ ਚਰਚਾ ਕੀਤੀ ਗਈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਪੁਰਾਣੇ ਸਿਆਸੀ ਗੱਠਜੋੜ ਨੂੰ ਮਜ਼ਬੂਤ ਕੀਤਾ ਜਾਵੇ ਤੇ ਸਬੰਧਾਂ ਨੂੰ ਹੋਰ ਬਿਹਤਰ ਬਣਾਇਆ ਜਾਵੇ।

ਮੀਟਿੰਗ ਦੌਰਾਨ ਹੋਰ ਰਣਨੀਤੀਆਂ ਬਾਰੇ ਵੀ ਖੁੱਲ੍ਹ ਕੇ ਚਰਚਾ ਕੀਤੀ ਗਈ। ਦੋਵਾਂ ਪਾਰਟੀਆਂ ਦੀ ਲੀਡਰਸ਼ਿਪ ਵਿਚ ਇਸ ਗੱਲ ’ਤੇ ਸਹਿਮਤੀ ਬਣੀ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਾਂਗ ਹੀ ਲੋਕ ਸਭਾ ਚੋਣਾਂ ਦੌਰਾਨ ਵੀ ਦੋਵਾਂ ਪਾਰਟੀਆਂ ਵਿਚ ਪੂਰਨ ਏਕਤਾ, ਇਕਜੁਟਤਾ ਤੇ ਤਾਲਮੇਲ ਹਰ ਸਮੇਂ ਕਾਇਮ ਰੱਖਿਆ ਜਾਵੇ ਕਿਉਂਕਿ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਦੇ ਬਾਵਜੂਦ ਅਕਾਲੀ ਦਲ-ਬਸਪਾ ਗੱਠਜੋੜ ਪਿੰਡਾਂ ਵਿਚ ਮਜ਼ਬੂਤ ਬਣ ਕੇ ਉਭਰਿਆ ਹੈ। ਮਾਇਆਵਤੀ ਨੇ ਕਿਹਾ ਕਿ ਬਸਪਾ ਨੂੰ ਅਕਾਲੀ ਦਲ ਦੇ ਆਗੂਆਂ ’ਤੇ ਪੂਰਾ ਭਰੋਸਾ ਹੈ ਕਿ ਉਹ ਵੀ ਆਪਣੀ ਵੋਟ ਬਸਪਾ ਨੂੰ ਟਰਾਂਸਫਰ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਤਾਂ ਜੋ ਗੱਠਜੋੜ ਸਹੀ ਮਾਅਨਿਆਂ ’ਚ ਲਾਹੇਵੰਦ ਹੋਵੇ ਅਤੇ ਇਸ ਦੇ ਵੱਧ ਤੋਂ ਵੱਧ ਉਮੀਦਵਾਰ ਚੋਣ ਜਿੱਤਣ ਦਾ ਸੁਨੇਹਾ ਦੇ ਸਕਣ।

# ਕੇਂਦਰ ਸਰਕਾਰ ਦੇ ਸਾਲਾਨਾ ਬਜਟ ’ਚ ਪੰਜਾਬ ਨੂੰ ਅਣਗੌਲਿਆਂ ਕੀਤਾ

**ਚੰਡੀਗੜ੍ਹ:** ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪੇਸ਼ ਕੀਤੇ ਗਏ ਕੇਂਦਰੀ ਬਜਟ 2023-24 ‘ਚੋਂ ਪੰਜਾਬ ਬਾਹਰ ਹੀ ਜਾਪਦਾ ਹੈ। ਪੰਜਾਬ ਸਰਕਾਰ ਨੂੰ ਕੇਂਦਰ ਤੋਂ ਵਿਸ਼ੇਸ਼ ਪੈਕੇਜ ਤੇ ਪ੍ਰੋਜੈਕਟਾਂ ਦੀ ਉਮੀਦ ਸੀ, ਜਿਸ ਨੂੰ ਬੂਰ ਨਹੀਂ ਪੈ ਸਕਿਆ ਹੈ। ਖੇਤੀ ਪ੍ਰਧਾਨ ਸੂਬੇ ਦੇ ਕਿਸਾਨਾਂ ਨੂੰ ਖ਼ਾਸ ਤੌਰ ‘ਤੇ ਇਸ ਬਜਟ ਨੇ ਨਿਰਾਸ਼ ਕੀਤਾ ਹੈ। ਕਿਸਾਨ ਆਗੂਆਂ ਦਾ ਆਖਣਾ ਹੈ ਕਿ ਕੇਂਦਰੀ ਬਜਟ ਵਿਚੋਂ ਜਿਸ ਤਰੀਕੇ ਖੇਤੀ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ, ਉਸ ਤੋਂ ਕੇਂਦਰ ਦੀ ਨੀਅਤ ਸਪੱਸ਼ਟ ਹੋ ਗਈ ਹੈ।

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵੀ ਕੇਂਦਰੀ ਬਜਟ ਨੂੰ ਪੰਜਾਬ ਤੇ ਕਿਸਾਨ ਵਿਰੋਧੀ ਦੱਸਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰੀ-ਬਜਟ ਮੀਟਿੰਗ ਵਿਚ ਉਨ੍ਹਾਂ ਕੇਂਦਰ ਸਰਕਾਰ ਸਾਹਮਣੇ ਸਰਹੱਦੀ ਜ਼ਿਲ੍ਹਿਆਂ ਦੀ ਪੁਲਿਸ ਦੇ ਆਧੁਨਿਕੀਕਰਨ ਵਾਸਤੇ ਇਕ ਹਜ਼ਾਰ ਕਰੋੜ ਤੇ ਸਨਅਤੀ ਪੈਕੇਜ ਲਈ 2500 ਕਰੋੜ ਰੁਪਏ ਦੀ ਮੰਗ ਰੱਖੀ ਸੀ। ਇਸ ਦੇ ਨਾਲ ਹੀ ਪਰਾਲੀ ਪ੍ਰਬੰਧਨ ਵਾਸਤੇ 1125 ਕਰੋੜ ਤੇ ਫ਼ਸਲੀ ਵਿਭਿੰਨਤਾ ਲਈ ਰਾਸ਼ੀ ਦੀ ਮੰਗ, ਦਿੱਲੀ ਤੋਂ ਅੰਮ੍ਰਿਤਸਰ ਤੇ ਦਿੱਲੀ ਤੋਂ ਬਠਿੰਡਾ ਲਈ ਵਿਸ਼ੇਸ਼ ਰੇਲ ਗੱਡੀ ਤੋਂ ਇਲਾਵਾ ਰਾਜਪੁਰਾ ਤੋਂ ਚੰਡੀਗੜ੍ਹ ਨਵਾਂ ਰੇਲ ਮਾਰਗ ਵਿਛਾਏ ਜਾਣ ਦੀ ਮੰਗ ਵੀ ਕੀਤੀ ਗਈ ਸੀ।

ਸ੍ਰੀ ਚੀਮਾ ਨੇ ਕਿਹਾ ਕਿ ਪੰਜਾਬ ਨੇ ਕਿਸਾਨ ਅੰਦੋਲਨ ਦੀ ਅਗਵਾਈ ਕੀਤੀ ਸੀ, ਜਿਸ ਕਰਕੇ



ਪੰਜਾਬ ਦੇ ਖੇਤੀ ਸੈਕਟਰ ਨੂੰ ਕੇਂਦਰੀ ਬਜਟ ਵਿਚ ਅਣਗੌਲਿਆ ਕੀਤਾ ਗਿਆ ਹੈ। ਦੂਜੇ ਪਾਸੇ ਪੰਜਾਬ ਵਿਚ ‘ਆਪ’ ਦੀ ਸਰਕਾਰ ਹੈ, ਜਿਸ ਕਰਕੇ ਕੇਂਦਰ ਜਾਣ-ਬੁੱਝ ਕੇ ਪੰਜਾਬ ਤੋਂ ਹੱਥ ਪਿਛਾਂਹ ਖਿੱਚ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਬਜਟ ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ, ਕਿਸਾਨਾਂ ਦੀ ਦੁੱਗਣੀ ਆਮਦਨ, ਫ਼ਸਲੀ ਵਿਭਿੰਨਤਾ, ਸਿੰਜਾਈ ਅਤੇ ਕਿਸਾਨੀ ਕਰਜ਼ੇ ਬਾਰੇ ਬਿਲਕੁਲ ਚੁੱਪ

ਮੁੱਖ ਮੰਤਰੀ ਭਗਵੰਤ ਮਾਨ ਨੇ ਬਜਟ ਨੂੰ ਪੰਜਾਬ ਵਿਰੋਧੀ, ਲੋਕ ਵਿਰੋਧੀ, ਕਿਸਾਨ ਵਿਰੋਧੀ ਅਤੇ ਦਿਸ਼ਾਹੀਣ ਦੱਸਿਆ ਹੈ। ਉਨ੍ਹਾਂ ਨੇ ਵੀਡੀਓ ਸੁਨੇਹਾ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਕੇਂਦਰ ਨੇ ਪਹਿਲਾਂ ਗਣਤੰਤਰ ਦਿਵਸ ਪਰੇਡ ਵਿਚ ਪੰਜਾਬ ਦੀ ਝਲਕੀ ਨੂੰ ਸ਼ਾਮਲ ਨਹੀਂ ਕੀਤਾ ਅਤੇ ਹੁਣ ਕੇਂਦਰੀ ਬਜਟ ਵਿਚੋਂ ਪੰਜਾਬ ਨੂੰ ਬਾਹਰ ਰੱਖਿਆ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪ੍ਰੀ-ਬਜਟ ਮੀਟਿੰਗਾਂ ਵਿਚ ਪੰਜਾਬ ਨੂੰ ਸਰਹੱਦੀ ਸੂਬਾ ਹੋਣ ਕਰਕੇ ਬੀ.ਐਸ.ਐਫ. ਤੇ ਸੂਬੇ ਦੀ ਪੁਲਿਸ ਨੂੰ ਅਪਗ੍ਰੇਡ ਕਰਨ ਲਈ ਇਕ ਹਜ਼ਾਰ ਕਰੋੜ ਰੁਪਏ ਦੀ ਮੰਗ ਕੀਤੀ ਸੀ। ਇਸੇ ਤਰ੍ਹਾਂ ਅੰਮ੍ਰਿਤਸਰ ਤੇ ਬਠਿੰਡਾ ਤੋਂ ਦਿੱਲੀ ਤੱਕ ਵੰਦੇ ਭਾਰਤ ਐਕਸਪ੍ਰੈਸ ਸ਼ੁਰੂ ਕਰਨ ਤੇ ਪੰਜਾਂ ਤਖ਼ਤਾਂ ਨੂੰ ਰੇਲ ਮਾਰਗ ਰਾਹੀ ਜੋੜਨ ਦੀ ਮੰਗ ਕੀਤੀ ਸੀ, ਜਿਸ ਨੂੰ ਕੇਂਦਰ ਸਰਕਾਰ ਨੇ ਨਜ਼ਰਅੰਦਾਜ਼ ਕਰ ਦਿੱਤਾ ਹੈ। ਸ੍ਰੀ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਕੁਝ ਨਹੀਂ ਕੀਤਾ ਅਤੇ ਨਾ ਹੀ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਦੇਣ ਲਈ ਕੋਈ ਪਹਿਲਕਦਮੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੇ ਪਰਾਲੀ ਦੀ ਸਮੱਸਿਆ ਦੇ ਹੱਲ ਲਈ ਕਿਸਾਨਾਂ ਨੂੰ ਪ੍ਰਤੀ ਏਕੜ 1500 ਰੁਪਏ ਵਿੱਤੀ ਸਹਾਇਤਾ ਦੇਣ ਦੀ ਮੰਗ ਨੂੰ ਵੀ ਠੁਕਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਨੁਸੂਚਿਤ ਜਨਜਾਤੀਆਂ ਨੂੰ ਬਜਟ ਵਿਚ ਕੋਈ ਵਿਸ਼ੇਸ਼ ਸਹੂਲਤ ਨਹੀਂ ਦਿੱਤੀ ਹੈ।

### ਬਜਟ ਵਿਚ ਪੰਜਾਬ ਲਈ ਕੁਝ ਵੀ ਨਹੀਂ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੰਸਦ ਮੈਂਬਰ ਸੁਖਬੀਰ ਸਿੰਘ ਬਾਦਲ ਨੇ ਕੇਂਦਰੀ ਬਜਟ-2023 ਨੂੰ ਕਿਸਾਨਾਂ, ਪੇਂਡੂ ਗਰੀਬਾਂ ਅਤੇ ਨੌਜਵਾਨਾਂ ਲਈ ਕੋਝਾ ਮਜ਼ਾਕ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਬਜਟ ਵਿਚ ਪੰਜਾਬ ਲਈ ਵੀ ਕੁਝ ਨਹੀਂ ਹੈ ਅਤੇ ਸਰਹੱਦੀ ਕਿਸਾਨਾਂ ਵਾਸਤੇ ਕੋਈ ਐਲਾਨ ਨਹੀਂ ਕੀਤਾ ਗਿਆ। ਬਜਟ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਦੇ ਅੰਨਦਾਤਾ ਦੀ ਮਦਦ ਲਈ ਕਿਸੇ ਤਰ੍ਹਾਂ ਦੇ ਫੰਡ ਦਾ ਜ਼ਿਕਰ ਨਹੀਂ ਹੈ। ਇਸ ਤੋਂ ਇਲਾਵਾ ਪੰਜਾਬ ਦੀ ਸਨਅਤ ਨੂੰ ਵੀ ਕੁਝ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਬਜਟ ਵਿਚ ਸਿਰਫ ਪੂੰਜੀਪਤੀਆਂ ਦਾ ਖਿਆਲ ਰੱਖਿਆ ਗਿਆ ਹੈ।

### ਬਜਟ ਵਿਚ ਕਿਸਾਨਾਂ ਨੂੰ ਕੁਝ ਨਹੀਂ ਦਿੱਤਾ: ਯੋਗੇਂਦਰ ਯਾਦਵ

**ਨਵੀਂ ਦਿੱਲੀ:** ਸਿਆਸੀ ਵਿਸ਼ਲੇਸ਼ਕ ਯੋਗੇਂਦਰ ਯਾਦਵ ਦਾ ਕਹਿਣਾ ਹੈ ਕਿ ਕੇਂਦਰੀ ਵਿੱਤ ਮੰਤਰੀ ਦੇ ਬਜਟ ਭਾਸ਼ਣ ਵਿਚ ਕਿਸਾਨਾਂ ਤੋਂ ਬਿਨਾਂ ਕਾਰਪੋਰੇਟਾਂ ਤੇ ਸਨਅਤਕਾਰਾਂ ਸਮੇਤ ਹੋਰ ਸਭ ਕੁਝ ਮੌਜੂਦ ਸੀ। ਉਨ੍ਹਾਂ ਕਿਹਾ ਕਿ ਪਹਿਲਾਂ ਹਰ ਕੇਂਦਰੀ ਵਿੱਤ ਮੰਤਰੀ ਕਿਸਾਨਾਂ ਦੀ ਝੋਲੀ ਕੁਝ ਨਾ ਕੁਝ ਹਿੱਸਾ ਪਾਉਂਦਾ ਰਿਹਾ ਹੈ, ਪਰ ਐਤਕੀਂ ਅਜਿਹਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਬਜਟ ਦੇ ਕੁੱਲ ਖਰਚੇ ਦਾ 3.84 ਫ਼ੀਸਦੀ ਖੇਤੀ ਲਈ ਜੁੜੀਆਂ ਯੋਜਨਾਵਾਂ ਲਈ ਰੱਖਿਆ ਗਿਆ ਸੀ, ਜੋ ਇਸ ਵਾਰ ਘਟਾ ਕੇ 3.20 ਫ਼ੀਸਦ ਕਰ ਦਿੱਤਾ ਗਿਆ ਹੈ। ਕਿਸਾਨ ਨਿਧੀ ਯੋਜਨਾ ਦੀ ਰਾਸ਼ੀ ‘ਚ ਅੱਠ ਹਜ਼ਾਰ ਕਰੋੜ ਦੀ ਕਟੌਤੀ ਕੀਤੀ ਗਈ ਹੈ।

## ਭਾਰਤ, ਫਰਾਂਸ ਅਤੇ ਯੂ.ਏ.ਈ. ਵੱਖ ਵੱਖ ਖੇਤਰਾਂ ਵਿਚ ਸਹਿਯੋਗ ਕਰਨਗੇ

**ਨਵੀਂ ਦਿੱਲੀ:** ਭਾਰਤ, ਫਰਾਂਸ ਤੇ ਸੰਯੁਕਤ ਅਰਬ ਅਮੀਰਾਤ ਨੇ ਰੱਖਿਆ, ਊਰਜਾ ਤੇ ਤਕਨੀਕ ਸਣੇ ਕਈ ਖੇਤਰਾਂ ਵਿਚ ਤਾਲਮੇਲ ਲਈ ਇਕ ਬਹੁਮੰਤਵੀ ਯੋਜਨਾ ਦਾ ਐਲਾਨ ਕੀਤਾ ਹੈ। ਇਹ ਕਦਮ ਇਨ੍ਹਾਂ ਮੁਲਕਾਂ ਨੇ ਯੂਕਰੇਨ ਵਿਚਲੇ ਟਕਰਾਅ ਦੇ ਮੱਦੇਨਜ਼ਰ ਚੁੱਕਿਆ ਹੈ।

ਇਸ ਯੋਜਨਾ ਬਾਰੇ ਐਲਾਨ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੀ ਉਨ੍ਹਾਂ ਦੀ ਫਰਾਂਸੀਸੀ ਹਮਰੁਤਬਾ ਕੈਥਰੀਨ ਕੋਲੋਨਾ ਤੇ ਯੂ.ਏ.ਈ. ਦੇ ਸ਼ੇਖ ਅਬਦੁੱਲ੍ਹਾ ਬਿਨ ਜਾਏਦ ਅਲ ਨਾਹਯਾਨ ਨਾਲ ਫੋਨ ਉਤੇ ਹੋਈ ਗੱਲਬਾਤ ਤੋਂ ਬਾਅਦ ਕੀਤਾ ਗਿਆ ਹੈ। ਇਕ ਸਾਂਝੇ ਬਿਆਨ ਵਿਚ ਮੰਨਿਆ ਗਿਆ ਹੈ ਕਿ ਰੱਖਿਆ ਇਕ ਅਜਿਹਾ ਖੇਤਰ ਹੈ ਜਿੱਥੇ ਤਿੰਨਾਂ ਮੁਲਕਾਂ ਵਿਚਾਲੇ ਭਾਈਵਾਲੀ ਦੀ ਜਰੂਰਤ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਸਹਿਯੋਗ, ਸਾਂਝੇ ਵਿਕਾਸ ਤੇ ਉਤਪਾਦਨ ਨੂੰ ਹੋਰ ਮਜ਼ਬੂਤ ਕਰਨ ਲਈ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਤਿੰਨਾਂ ਮੁਲਕਾਂ ਵਿਚਾਲੇ ਹੋਰ ਭਾਈਵਾਲੀ ਹੋਵੇਗੀ ਤੇ ਇਹ ਇਕ-ਦੂਜੇ ਦੇ ਰੱਖਿਆ ਬਲਾਂ ਨੂੰ ਵੀ ਸਹਿਯੋਗ ਦੇਣਗੇ। ਭਾਰਤ, ਫਰਾਂਸ ਤੇ ਯੂਏਈ ਭੋਜਨ ਸੁਰੱਖਿਆ ਤੇ ‘ਸਰਕੂਲਰ ਆਰਥਿਕਤਾ’ ਵਿਚ ਸਹਿਯੋਗ ਲਈ ਵੀ ਸਹਿਮਤ ਹੋਏ ਹਨ। ਉਨ੍ਹਾਂ ਕਿਹਾ ਕਿ ਇਕਹਿਰੀ ਵਰਤੋਂ ਵਾਲੀ ਪਲਾਸਟਿਕ ਦੇ ਪ੍ਰਦੂਸ਼ਣ ਜਿਹੇ ਮੁੱਦਿਆਂ ਉਤੇ ਵੀ ਧਿਆਨ ਕੇਂਦਰਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਮੰਚ ’ਤੇ ਟਿਕਾਊ ਵਿਕਾਸ ਵੱਲ ਧਿਆਨ ਦਿੱਤਾ ਜਾਵੇਗਾ, ਤੇ ਨਾਲ ਹੀ ਪੈਰਿਸ ਜਲਵਾਯੂ ਸਮਝੌਤੇ ਦੇ ਮੰਤਵਾਂ ਮੁਤਾਬਕ ਆਰਥਿਕ, ਤਕਨੀਕੀ ਤੇ ਸਮਾਜਿਕ ਨੀਤੀਆਂ ਘੜੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਤਿੰਨਾਂ ਮੁਲਕਾਂ ਦੇ ਵਿਦੇਸ਼ ਮੰਤਰੀ ਪਿਛਲੇ ਸਾਲ 19 ਸਤੰਬਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ ਦੌਰਾਨ ਮਿਲੇ ਸਨ।

## ਵਿਰੋਧੀ ਧਿਰਾਂ ਵੱਲੋਂ ਅਡਾਨੀ ਬਾਰੇ ਮੋਦੀ ਦੀ ਚੁੱਪ ’ਤੇ ਸਵਾਲ

**ਨਵੀਂ ਦਿੱਲੀ:** ਅਡਾਨੀ ਗਰੁੱਪ ‘ਤੇ ਲੱਗੇ ਦੋਸ਼ਾਂ ਤੋਂ ਬਾਅਦ ਕਾਂਗਰਸ ਨੇ ਕੇਂਦਰ ਸਰਕਾਰ ‘ਤੇ ਆਪਣਾ ਹੱਲਾ ਤਿੱਖਾ ਕਰਦਿਆਂ ਕਿਹਾ ਕਿ ਇਸ ਮਾਮਲੇ ‘ਤੇ ਮੋਦੀ ਸਰਕਾਰ ਦੀ ‘ਲੰਮੀ ਚੁੱਪ‘ ਵਿਚੋਂ ‘ਮਿਲੀਭੁਗਤ ਦੀ ਬੂ‘ ਆ ਰਹੀ ਹੈ। ਜ਼ਿਕਰਯੋਗ ਹੈ ਕਿ ਅਮਰੀਕਾ ਦੀ ਹਿੰਡਨਬਰਗ ਰਿਪੋਰਟ ਤੋਂ ਬਾਅਦ ਅਡਾਨੀ ਗਰੁੱਪ ਦੇ ਸ਼ੇਅਰਾਂ ਵਿਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ। ਰਿਪੋਰਟ ਵਿਚ ਗੌਤਮ ਅਡਾਨੀ ਦੀ ਅਗਵਾਈ ਵਾਲੇ ਗਰੁੱਪ ‘ਤੇ ਧੋਖਾਧੜੀ ਨਾਲ ਲੈਣ-ਦੇਣ ਕਰਨ ਤੇ ਸ਼ੇਅਰਾਂ ਦੀਆਂ ਕੀਮਤਾਂ ਵਿਚ ਹੇਰ-ਫੇਰ ਦੇ ਦੋਸ਼ ਲਾਏ ਗਏ ਹਨ।



ਕਾਂਗਰਸ ਜਰਨਲ ਸਕੱਤਰ ਜੈਰਾਮ ਰਮੇਸ਼ ਨੇ ਇਕ ਬਿਆਨ ਵਿਚ ਕਿਹਾ ਪਾਰਟੀ ਇਸ ਮੁੱਦੇ ‘ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਗੇ ਕਈ ਸਵਾਲ ਰੱਖੇਗੀ। ਰਮੇਸ਼ ਨੇ ਕਿਹਾ ਕਿ 2016 ਵਿਚ ਪਨਾਮਾ ਪੇਪਰਜ਼ ਦੇ ਖੁਲਾਸਿਆਂ ਤੋਂ ਬਾਅਦ ਵਿੱਤ ਮੰਤਰਾਲੇ ਨੇ ਐਲਾਨ ਕੀਤਾ ਸੀ ਕਿ ਮੋਦੀ ਨੇ ਨਿੱਜੀ ਤੌਰ ‘ਤੇ ਕਈ ਏਜੰਸੀਆਂ ਦੇ ਇਕ ਜਾਂਚ ਗਰੁੱਪ ਨੂੰ ਵਿੱਤੀ ਲੈਣ-ਦੇਣ ਦੀ ਨਿਗਰਾਨੀ ਦੇ ਹੁਕਮ ਦਿੱਤੇ ਹਨ। ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੀਨ ਵਿਚ 2016 ‘ਚ ਹੋਏ ਜੀ20 ਸਮਾਗਮ ਵਿਚ ਕਿਹਾ ਸੀ, ‘ਸਾਨੂੰ ਆਰਥਿਕ ਅਪਰਾਧ ਕਰਨ ਵਾਲੇ ਭਗੌੜਿਆਂ ਦੇ ਸੁਰੱਖਿਅਤ ਟਿਕਾਣੇ ਖਤਮ ਕਰਨ ਦੀ ਲੋੜ ਹੈ, ਕਾਲੇ ਧਨ ਨੂੰ ਸਫੈਦ ਕਰਨ ਵਾਲਿਆਂ ਨੂੰ ਲੱਭ ਕੇ ਮੁਲਕਾਂ ਨੂੰ ਸੌਂਪਿਆ ਜਾਣਾ ਚਾਹੀਦਾ ਹੈ।‘ ਰਮੇਸ਼ ਨੇ ਕਿਹਾ ਕਿ ਮੋਦੀ ਨੇ ਗੁੰਝਲਦਾਰ ਕੌਮਾਂਤਰੀ ਨਿਯਮਾਂ ਤੇ ਬੈਂਕਿੰਗ ਜਾਣਕਾਰੀ ਗੁਪਤ ਰੱਖੇ ਜਾਣ ਦਾ ਮੁੱਦਾ ਵੀ ਉਭਾਰਿਆ ਸੀ। ਉਨ੍ਹਾਂ ਮੋਦੀ ਸਰਕਾਰ ‘ਤੇ ਨਿਸ਼ਾਨਾ ਸੇਧਦਿਆਂ ਕਿਹਾ, ‘ਇਸ ਤੋਂ ਕਈ ਸਵਾਲ ਨਿਕਲਦੇ ਹਨ ਤੇ ਤੁਸੀਂ ਅਤੇ ਤੁਹਾਡੀ ਸਰਕਾਰ ‘ਹਮ ਅਡਾਨੀ ਕੇ ਹੈਂ ਕੌਨ‘ ਕਹਿ ਕੇ ਸਵਾਲਾਂ ਤੋਂ ਬਚ ਨਹੀਂ ਸਕਦੀ।‘

## ‘ਅਮਰੀਕਾ ’ਚ ਨਾਜਾਇਜ਼ ਦਾਖਲੇ ਲਈ ਗਰੋਹ ਵਸੂਲਦੇ ਹਨ 21000 ਡਾਲਰ’

**ਵਾਸ਼ਿੰਗਟਨ:** ਐਰੀਜੋਨਾ ਦੇ ਕੋਚੀਜ ਕਾਊਂਟੀ ਦੇ ਸੈਰਿਫ ਮਾਰਕ ਡੈਨਲਸ ਨੇ ਵਾਸ਼ਿੰਗਟਨ ਵਿਚ ਕਾਂਗਰਸ ਮੈਂਬਰਾਂ ਨੂੰ ਦੱਸਿਆ ਕਿ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਭਾਰਤੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦ ਪਾਰ ਕਰਨ ਵਿਚ ਮਦਦ ਕਰਨ ਲਈ ਔਸਤਨ 21,000 ਡਾਲਰ ਵਸੂਲਦੇ ਹਨ। ਡੈਨਲਸ ਨੇ ਇਸ ਹਫਤੇ ਸਦਨ ਦੀ ਨਿਆਪਾਲਿਕਾ ਕਮੇਟੀ ਦੇ ਮੈਂਬਰਾਂ ਨੂੰ ਦੱਸਿਆ ਕਿ ਇਕ ਅਪਰਾਧਿਕ ਸੰਗਠਨ ਨੇ ਇਕ ਵਿਦੇਸ਼ੀ ਨਾਗਰਿਕ ਨੂੰ ਸੰਯੁਕਤ ਰਾਜ ਵਿਚ ਤਸਕਰੀ ਕਰਨ ਲਈ ਘੱਟੋ ਘੱਟ 7,000 ਡਾਲਰ ਦੀ ਵਸੂਲੀ ਕੀਤੀ। ਡੈਨਲਸ ਨੇ ਕਿਹਾ ਕਿ ਮੈਕਸੀਕੋ ਨਾਲ ਲੱਗਦੀ ਸਰਹੱਦ ਸੁਰੱਖਿਅਤ ਨਹੀਂ ਹੈ। ਅਮਰੀਕਾ ਦੀ ਦੱਖਣੀ ਸਰਹੱਦ ਉਤੇ ਅੰਤਰਰਾਸ਼ਟਰੀ ਅਪਰਾਧਿਕ ਸੰਗਠਨਾਂ ਦਾ ਕਬਜ਼ਾ ਹੈ। ਉਹ ਫੈਸਲਾ ਕਰਦੇ ਹਨ ਕਿ ਕੌਣ ਆਵੇਗਾ। ਉਨ੍ਹਾਂ ਦੀ ਫੀਸ ਇਸ ਗੱਲ ‘ਤੇ ਤੈਅ ਹੁੰਦੀ ਹੈ ਕਿ ਤੁਸੀਂ ਕੌਣ ਹੋ। ਕੀ ਤੁਸੀਂ ਕਿਸੇ ਹੋਰ ਦੇਸ ਤੋਂ ਅਤਿਵਾਦੀ ਹੋ?“ ਕਾਂਗਰਸਮੈਨ ਬੈਰੀ ਮੂਰ ਦੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ, ‘ਮੇਰੇ ਖਿਆਲ ਵਿਚ ਭਾਰਤੀਆਂ ਤੋਂ 21,000 ਡਾਲਰ ਵਸੂਲੇ ਜਾਂਦੇ ਹਨ ਪਰ ਘੱਟੋ ਘੱਟ ਰਾਸ਼ੀ 7,000 ਡਾਲਰ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕਾਂ ਕੋਲ ਇੰਨਾ ਪੈਸਾ ਨਹੀਂ ਹੁੰਦਾ। ਇਸ ਲਈ ਜਦੋਂ ਉਹ ਦੇਸ ਵਿਚ ਆਉਂਦੇ ਹਨ ਤਾਂ ਉਹ ਇਨ੍ਹਾਂ ਸੰਗਠਨਾਂ ਦੇ ਗੁਲਾਮ ਬਣ ਕੇ ਰਹਿ ਜਾਂਦੇ ਹਨ, ਜੋ ਵੇਸ਼ਵਾਗਮਨੀ, ਸੰਗਠਿਤ ਅਪਰਾਧ, ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਮਜ਼ਦੂਰੀ ਲਈ ਵਰਤਦੇ ਹਨ।

## ਬੀ.ਬੀ.ਸੀ. ਦਸਤਾਵੇਜ਼ੀ: ਸੁਪਰੀਮ ਕੋਰਟ ਵੱਲੋਂ ਕੇਂਦਰ ਨੂੰ ਨੋਟਿਸ

**ਵੀਂ ਦਿੱਲੀ:** ਸੁਪਰੀਮ ਕੋਰਟ ਨੇ 2002 ਦੇ ਗੁਜਰਾਤ ਦੰਗਿਆਂ ਬਾਰੇ ਬੀ.ਬੀ.ਸੀ. ਦਸਤਾਵੇਜ਼ੀ ਬਲਾਕ ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਅਰਜ਼ੀਆਂ ‘ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਐਮ.ਐਮ. ਸੁੰਦਰੇਸ਼ ਦੇ ਬੈਂਚ ਨੇ ਉੱਘੇ ਪੱਤਰਕਾਰ ਐੱਨ ਰਾਮ, ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ, ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਨ ਅਤੇ ਵਕੀਲ ਐਮ.ਐਲ. ਸ਼ਰਮਾ ਵੱਲੋਂ ਦਾਖਲ ਅਰਜ਼ੀਆਂ ‘ਤੇ ਸਰਕਾਰ ਅਤੇ ਹੋਰਾਂ ਨੂੰ ਨੋਟਿਸ ਜਾਰੀ ਕੀਤੇ ਹਨ। ਸੁਪਰੀਮ ਕੋਰਟ ਨੇ ਕੇਂਦਰ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਹੁਕਮ ਜਾਰੀ ਕੀਤੇ ਜਾਣ ਸਬੰਧੀ ਅਸਲ ਰਿਕਾਰਡ ਵੀ ਪੇਸ਼ ਕਰੇ। ਬੈਂਚ ਨੇ ਨੋਟਿਸ ਜਾਰੀ ਕਰਦਿਆਂ ਕਿਹਾ ਕਿ ਜਵਾਬੀ ਹਲਫਨਾਮੇ ਤਿੰਨ ਹਫਤਿਆਂ ਅੰਦਰ ਦਾਖਲ ਕੀਤੇ ਜਾਣ ਅਤੇ ਉਸ ਤੋਂ ਦੋ ਹਫਤਿਆਂ ਬਾਅਦ ਜਵਾਬ ਦਾਅਵੇ ਦਾਖਲ



ਕੀਤੇ ਜਾਣ। ਇਸ ਮਾਮਲੇ ਨੂੰ ਅਪਰੈਲ ‘ਚ ਸੁਣਵਾਈ ਲਈ ਸੂਚੀਬੱਧ ਕੀਤਾ ਹੈ। ਸ਼ਰਮਾ ਨੇ ਵੱਖਰੀ ਅਰਜ਼ੀ ਦਾਖਲ ਕੀਤੀ ਸੀ ਜਿਸ ਨੂੰ ਹੋਰ ਅਰਜ਼ੀਆਂ ਦੇ ਨਾਲ ਜੋੜ ਦਿੱਤਾ ਗਿਆ ਹੈ। ਪਹਿਲਾਂ ਬੈਂਚ ਨੇ ਪਟੀਸ਼ਨਰਾਂ ਤੋਂ ਪੁੱਛਿਆ ਕਿ ਪਹਿਲਾਂ ਉਨ੍ਹਾਂ ਹਾਈ ਕੋਰਟ ਦਾ ਰੁਖ ਕਿਉਂ ਨਹੀਂ ਕੀਤਾ।

## ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦਾ ਦੇਹਾਂਤ

**ਇਸਲਾਮਾਬਾਦ:** ਭਾਰਤ ਨਾਲ ਕਾਰਗਿਲ ਜੰਗ ਛੇੜਨ ਵਾਲੇ ਪਾਕਿਸਤਾਨ ਦੇ ਸਾਬਕਾ ਫੌਜੀ ਤਾਨਾਸ਼ਾਹ ਤੇ ਰਾਸ਼ਟਰਪਤੀ ਜਨਰਲ ਪਰਵੇਜ਼ ਮੁਸ਼ੱਰਫ ਦਾ ਦੁਬਈ ਵਿਚ ਦੇਹਾਂਤ ਹੋ ਗਿਆ। ਉਹ ਇਕ ਲਾਇਲਾਜ ਬੀਮਾਰੀ ਨਾਲ ਜੂਝ ਰਹੇ ਸਨ। ਦੱਸਣਯੋਗ ਹੈ ਕਿ 79 ਸਾਲਾ ਮੁਸ਼ੱਰਫ ਪਾਕਿਸਤਾਨ ਵਿਚ ਅਪਰਾਧਕ ਦੋਸ਼ਾਂ ਤੋਂ ਬਚਣ ਲਈ ਸਵੈ-ਜਲਾਵਤਨ ਹੋ ਕੇ ਯੂ.ਏ.ਈ. ਵਿਚ ਰਹਿ ਰਹੇ ਸਨ। ਲੰਮੀ ਬੀਮਾਰੀ ਮਗਰੋਂ ਉਨ੍ਹਾਂ ਦੀ ਮੌਤ ਦੁਬਈ ਦੇ ਹਸਪਤਾਲ ਵਿਚ ਹੋਈ ਹੈ। ਕਾਰਗਿਲ ‘ਚ ਨਾਕਾਮ ਹੋਣ ਤੋਂ ਬਾਅਦ ਜਨਰਲ ਮੁਸ਼ੱਰਫ ਨੇ ਤਤਕਾਲੀ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਨੂੰ 1999 ਵਿਚ ਰਾਜ ਪਲਟੇ ਰਾਹੀਂ ਅਹੁਦੇ ਤੋਂ ਲਾਂਭੇ ਕਰ ਦਿੱਤਾ ਸੀ। ਇਸ ਤੋਂ ਬਾਅਦ ਉਨ੍ਹਾਂ 1999 ਤੋਂ 2008 ਤੱਕ ਵੱਖ-ਵੱਖ ਅਹੁਦਿਆਂ ਉਤੇ ਪਾਕਿਸਤਾਨ ‘ਤੇ ਰਾਜ ਕੀਤਾ।



ਉਹ ਪਾਕਿਸਤਾਨ ਦੇ ਰਾਸ਼ਟਰਪਤੀ ਵੀ ਰਹੇ। ਸਾਬਕਾ ਜਨਰਲ ਦੀ ਮੌਤ ਤੋਂ ਬਾਅਦ ਪਾਕਿਸਤਾਨ ਦੇ ਚੋਟੀ ਦੇ ਫੌਜੀ ਅਧਿਕਾਰੀਆਂ ਨੇ ਡੂੰਘੀ ਸੰਵੇਦਨਾ ਜ਼ਾਹਿਰ ਕੀਤੀ ਹੈ। ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਵੀ ਜਨਰਲ ਪਰਵੇਜ ਦੇ ਦੇਹਾਂਤ ‘ਤੇ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕੀਤੀ ਹੈ। ਕਾਰਗਿਲ ਜੰਗ ਦਾ ਖਾਕਾ ਤਿਆਰ ਕਰਨ ਵਿਚ ਜਨਰਲ ਮੁਸ਼ੱਰਫ ਮੋਹਰੀ ਸਨ। ਇਹ 1999 ਵਿਚ ਉਸ ਵੇਲੇ ਲੜੀ ਗਈ ਜਦ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਆਪਣੇ ਹਮਰੁਤਬਾ ਨਵਾਜ਼ ਸ਼ਰੀਫ਼ ਨਾਲ ਸ਼ਾਂਤੀ ਸਮਝੌਤੇ ‘ਤੇ ਦਸਤਖ਼ਤ ਕੀਤੇ ਸਨ। ਦਸੰਬਰ 2007 ਵਿਚ ਵਿਰੋਧੀ ਧਿਰ ਦੀ ਆਗੂ ਬੇਨਜ਼ੀਰ ਭੁੱਟੋ ਦੀ ਹੱਤਿਆ ਤੋਂ ਬਾਅਦ ਮੁਸ਼ੱਰਫ ਦੇ ਭਾਈਵਾਲਾਂ ਨੂੰ 2008 ਦੀਆਂ ਚੋਣਾਂ ਵਿਚ ਹਾਰ ਮਿਲੀ। ਇਸ ਤੋਂ ਬਾਅਦ ਉਹ ਇਕੱਲੇ ਰਹਿ ਗਏ।

## ਅਡਾਨੀ ਨੂੰ ਪਛਾੜ ਕੇ ਅੰਬਾਨੀ ਬਣੇ ਭਾਰਤ ਦੇ ਸਭ ਤੋਂ ਅਮੀਰ ਸ਼ਖਸ

**ਨਵੀਂ ਦਿੱਲੀ:** ਫੋਰਬਸ ਰੀਅਲ ਟਾਈਮ ਅਰਬਪਤੀਆਂ ਦੀ ਸੂਚੀ 2023 ਵਿਚ ਅਡਾਨੀ ਗਰੁੱਪ ਦਾ ਚੇਅਰਮੈਨ ਗੌਤਮ ਅਡਾਨੀ 10ਵੇਂ ਸਥਾਨ ਤੋਂ ਹੇਠਾਂ ਖਿਸਕ ਕੇ 15ਵੇਂ ਸਥਾਨ ‘ਤੇ ਪਹੁੰਚ ਗਿਆ ਹੈ ਅਤੇ ਰਿਲਾਇੰਸ ਇੰਡਸਟਰੀਜ਼ ਦਾ ਚੇਅਰਮੈਨ ਮੁਕੇਸ਼ ਅੰਬਾਨੀ ਇਸ ਸੂਚੀ ਵਿਚ ਗੌਤਮ ਅਡਾਨੀ ਤੋਂ ਅੱਗੇ ਨੌਵੇਂ ਸਥਾਨ ‘ਤੇ ਪੁੱਜ ਗਿਆ ਹੈ। ਇਸ ਤਰ੍ਹਾਂ ਰਿਲਾਇੰਸ ਇੰਡਸਟਰੀਜ਼ ਦਾ ਚੇਅਰਮੈਨ ਮੁਕੇਸ਼ ਅੰਬਾਨੀ ਸਾਲ 2023 ਲਈ ਫੋਰਬਸ ਰੀਅਲ-ਟਾਈਮ ਅਰਬਪਤੀਆਂ ਦੀ ਸੂਚੀ ਵਿਚ ਅਡਾਨੀ ਸਮੂਹ ਦੇ ਚੇਅਰਮੈਨ ਗੌਤਮ ਅਡਾਨੀ ਨੂੰ ਪਛਾੜ ਕੇ 84.3 ਅਰਬ ਡਾਲਰ ਦੀ ਕੁੱਲ ਜਾਇਦਾਦ ਨਾਲ ਦੁਨੀਆ ਦਾ ਸਭ ਤੋਂ ਅਮੀਰ ਭਾਰਤੀ ਬਣ ਗਿਆ ਹੈ।

ਦੱਸਣਯੋਗ ਹੈ ਕਿ ਅਮਰੀਕਾ ਦੀ ਕੰਪਨੀ ਹਿੰਡਨਬਰਗ ਰਿਸਰਚ ਨੇ ਅਡਾਨੀ ਗਰੁੱਪ ‘ਤੇ ਸ਼ੇਅਰਾਂ ਦੇ ਭਾਅ ਵਧਾਉਣ ਲਈ ਧੋਖਾਧੜੀ ਦੇ ਦੋਸ਼ ਲਾਏ ਸਨ ਜਿਸ ਮਗਰੋਂ ਅਡਾਨੀ ਗਰੁੱਪ ਨੂੰ ਸ਼ੇਅਰ ਮਾਰਕੀਟ ਵਿਚ ਵੱਡਾ ਵਿੱਤੀ ਨੁਕਸਾਨ ਹੋਇਆ ਹੈ।

# ਇਸ ਵਾਰ ਹਾੜ੍ਹੀ ਤੋਂ ਕਿਸਾਨਾਂ ਦੇ ਪੁਰਾਣੇ ਸਾਰੇ ਘਾਟੇ ਪੂਰੇ ਹੋਣ ਦੀ ਆਸ

**ਚੰਡੀਗੜ੍ਹ:** ਇਸ ਵਾਰ ਪੰਜਾਬ ਵਿਚ ਕਣਕ ਦੀ ਬੰਪਰ ਫਸਲ ਹੋਣ ਦਾ ਅਨੁਮਾਨ ਹੈ। ਮੌਸਮ ਇਸੇ ਤਰ੍ਹਾਂ ਪੱਖ 'ਚ ਰਿਹਾ ਤਾਂ ਕਿਸਾਨਾਂ ਲਈ ਕਣਕ ਦਾ ਭਾੜ ਖੁਸ਼ਖਬਰ ਬਣੇਗਾ। ਕੌਮੀ ਪੱਧਰ 'ਤੇ ਕਣਕ ਦੀ ਵਧ ਰਹੀ ਮੰਗ ਅਤੇ ਖਾਲੀ ਹੋ ਰਹੇ ਕਣਕ ਦੇ ਭੰਡਾਰ ਅੰਨਦਾਤਾ ਦੀ ਮਿਹਨਤ ਦਾ ਮੁੱਲ ਪਾਉਣਗੇ। ਪਿਛਲੇ ਵਰ੍ਹੇ ਪੰਜਾਬ 'ਚ ਕਣਕ ਦੇ ਝਾੜ ਵਿਚ ਲਗਭਗ 15 ਫੀਸਦ ਦੀ ਕਮੀ ਦਰਜ ਕੀਤੀ ਗਈ ਸੀ, ਜਿਸ ਨੇ ਕਿਸਾਨਾਂ ਨੂੰ ਵੱਡੀ ਸੱਟ ਮਾਰੀ ਸੀ।

ਕਿਸਾਨਾਂ ਨੇ ਕਿਹਾ ਕਿ ਇਸ ਵਾਰ ਮੌਸਮ ਤੋਂ ਇਲਾਵਾ ਕਿਸੇ ਵੱਡੀ ਬਿਮਾਰੀ ਤੋਂ ਵੀ ਕਣਕ ਦਾ ਬਚਾਅ ਰਿਹਾ ਹੈ, ਜਿਸ ਨਾਲ ਫਸਲ ਦਾ ਚੰਗਾ ਮੁੱਢ ਬੱਝਾ ਹੈ। ਜੇਕਰ ਹਾਲਾਤ ਅਜਿਹੇ ਹੀ ਰਹੇ ਤਾਂ ਪੁਰਾਣੇ ਸਾਰੇ ਘਾਟੇ ਪੂਰੇ ਹੋ ਜਾਣਗੇ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਾਰ ਸੂਬੇ ਵਿਚ 35.08 ਲੱਖ ਹੈਕਟੇਅਰ ਰਕਬੇ ਵਿਚ ਕਣਕ ਦੀ ਬਿਜਾਂਦ ਹੈ ਤੇ ਖੇਤੀ ਮਹਿਕਮੇ ਵੱਲੋਂ ਕਣਕ ਦੀ ਪੈਦਾਵਾਰ 164.75 ਲੱਖ ਮੀਟਰਿਕ ਟਨ ਹੋਣ ਦੀ ਸੰਭਾਵਨਾ ਜਤਾਈ ਗਈ ਹੈ, ਜਦਕਿ ਪਿਛਲੇ ਵਰ੍ਹੇ ਪੈਦਾਵਾਰ 148.68 ਲੱਖ ਮੀਟਰਿਕ ਟਨ ਸੀ। ਮਾਹਿਰ ਆਖਦੇ ਹਨ ਕਿ ਰੂਸ-ਯੂਕਰੇਨ ਜੰਗ ਕਰਕੇ ਕੌਮਾਂਤਰੀ ਪੱਧਰ 'ਤੇ ਕਣਕ ਦੀ ਮੰਗ ਵਧੀ ਹੈ। ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ ਤਹਿਤ ਮੁਫਤ ਅਨਾਜ ਦਿੱਤੇ ਜਾਣ ਦੀ ਮਿਆਦ ਵਿਚ ਵੀ ਵਾਧਾ ਕੀਤਾ ਗਿਆ ਹੈ, ਜਿਸ ਕਰਕੇ ਕਣਕ ਦੀ ਮੰਗ ਹਾਲੇ ਹੋਰ ਵਧੇਗੀ। ਪੰਜਾਬ ਵਿਚ ਇਸ ਸਾਲ ਇਕ ਤੋਂ ਦੂਜੇ ਥਾਂ ਅਨਾਜ ਪਹੁੰਚਾਉਣ ਦਾ ਅਮਲ ਵੀ ਤੇਜ ਰਿਹਾ ਹੈ ਅਤੇ ਸੂਬੇ ਵਿਚ ਅਨਾਜ ਦੇ ਭੰਡਾਰ ਬੜੀ ਤੇਜ਼ੀ ਨਾਲ ਖਾਲੀ ਹੋ ਰਹੇ ਹਨ। ਆਮ ਤੌਰ 'ਤੇ ਇਨ੍ਹਾਂ ਦਿਨਾਂ ਵਿਚ ਪੰਜਾਬ ਦੇ ਅਨਾਜ ਭੰਡਾਰਾਂ ਵਿਚ 40 ਤੋਂ 50 ਲੱਖ ਮੀਟਰਿਕ ਟਨ ਕਣਕ ਮੌਜੂਦ ਹੁੰਦੀ ਹੈ, ਪਰ ਇਸ ਵਾਰ ਸਿਰਫ 20 ਲੱਖ ਮੀਟਰਿਕ ਟਨ ਕਣਕ ਹੀ ਬਚੀ ਹੈ।



### ਮਾਰਚ ਤੱਕ ਗੁਦਾਮਾਂ 'ਚੋਂ ਖਤਮ ਹੋ ਜਾਵੇਗੀ ਕਣਕ

**ਚੰਡੀਗੜ੍ਹ:** ਮਾਰਚ ਤੱਕ ਸਮੁੱਚੇ ਸੂਬੇ ਦੇ ਗੁਦਾਮਾਂ 'ਚੋਂ ਕਣਕ ਖਤਮ ਹੋ ਜਾਵੇਗੀ। ਭਾਰਤੀ ਖੁਰਾਕ ਨਿਗਮ ਕੋਲ ਪੰਜਾਬ ਵਿਚ ਸਿਰਫ ਛੇ ਲੱਖ ਮੀਟਰਿਕ ਟਨ ਕਣਕ ਬਚੀ ਹੈ ਤੇ 14 ਲੱਖ ਮੀਟਰਿਕ ਟਨ ਕਣਕ ਸਟੇਟ ਏਜੰਸੀਆਂ ਕੋਲ ਪਈ ਹੈ। ਮਾਹਿਰ ਆਖਦੇ ਹਨ ਕਿ ਕੋਈ ਮੌਸਮੀ ਵਿਘਨ ਨਾ ਪਿਆ ਤਾਂ ਇਸ ਵਾਰ ਕਣਕ ਦੇ ਝਾੜ 'ਚ ਕਰੀਬ 10 ਫ਼ੀਸਦ ਤੱਕ ਦਾ ਵਾਧਾ ਹੋ ਸਕਦਾ ਹੈ। ਇਸ ਨਾਲ ਇਕ ਪਾਸੇ ਕਿਸਾਨਾਂ ਨੂੰ ਵਿੱਤੀ ਲਾਭ ਮਿਲੇਗਾ, ਦੂਜੇ ਪਾਸੇ ਟੈਕਸਾਂ ਰਾਹੀਂ ਸਰਕਾਰੀ ਖਜ਼ਾਨੇ ਦੀ ਕਮਾਈ ਵੀ ਵਧੇਗੀ।

## ਰਾਜਾ ਵੜਿੰਗ ਵੱਲੋਂ ਸਿੱਧੂ ਦੀ ਰਿਹਾਈ ਦੀ ਅਪੀਲ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਨਵਜੋਤ ਸਿੰਘ ਸਿੱਧੂ ਦੀ ਛੇਤੀ ਰਿਹਾਈ ਬਾਰੇ ਵਿਚਾਰ ਕਰਨ। ਰਾਜਾ ਵੜਿੰਗ ਨੇ ਟਵੀਟ ਕਰਦਿਆਂ ਕਿਹਾ, 'ਮੈਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਾ ਹਾਂ ਕਿ ਉਹ ਕਾਂਗਰਸ ਦੇ ਸੀਨੀਅਰ ਆਗੂ ਨਵਜੋਤ ਸਿੰਘ ਸਿੱਧੂ ਦੀ ਜਲਦੀ ਰਿਹਾਈ ਬਾਰੇ ਵਿਚਾਰ ਕਰਨ। ਨਿਆਂ ਦੇ ਮਾਮਲਿਆਂ 'ਚ ਪੱਖਪਾਤ ਤੋਂ ਉੱਪਰ ਉੱਠ ਕੇ ਫੈਸਲੇ ਕੀਤੇ ਜਾਣੇ ਚਾਹੀਦੇ ਹਨ।'' ਜ਼ਿਕਰਯੋਗ ਹੈ ਕਿ ਨਵਜੋਤ ਸਿੰਘ ਸਿੱਧੂ ਸਾਲ 1988 ਦੇ ਰੋਡ ਰੇਜ ਕੇਸ ਵਿਚ ਕੇਂਦਰੀ ਜੇਲ੍ਹ ਪਟਿਆਲਾ ਵਿਚ ਇਕ ਸਾਲ ਦੀ ਸਜ਼ਾ ਭੁਗਤ ਰਹੇ ਹਨ, ਜਿਨ੍ਹਾਂ ਦੀ ਰਿਹਾਈ 26 ਜਨਵਰੀ ਨੂੰ ਹੋਣ ਸਬੰਧੀ ਚਰਚਾ ਚੱਲ ਰਹੀ ਸੀ ਪਰ ਗਣਤੰਤਰ ਦਿਵਸ ਵਾਲੇ ਦਿਨ ਨਵਜੋਤ ਸਿੰਘ ਸਿੱਧੂ ਨੂੰ ਰਿਹਾਅ ਨਹੀਂ ਕੀਤਾ ਗਿਆ।



## ਪੁਲਿਸ ਭਰਤੀ ਦੇ ਉਮੀਦਵਾਰਾਂ ਨੇ ਮੁੱਖ ਮੰਤਰੀ ਦੀ ਕੋਠੀ ਘੇਰੀ

**ਸੰਗਰੂਰ:** ਪੰਜਾਬ ਪੁਲਿਸ ਵਿਭਾਗ ਵਿਚ ਵੱਖ-ਵੱਖ ਅਸਾਮੀਆਂ ਦੇ ਉਮੀਦਵਾਰਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਰੋਸ ਧਰਨਾ ਦਿੰਦਿਆਂ ਨਾਅਰੇਬਾਜ਼ੀ ਕੀਤੀ। ਧਰਨਾਕਾਰੀ ਇਸ ਮੌਕੇ ਪੁਲਿਸ ਭਰਤੀ ਦੀ ਦੂਜੀ ਸੂਚੀ ਜਾਰੀ ਕਰਨ ਅਤੇ ਨਵੇਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਵਿਚ ਉਮਰ ਹੱਦ ਵਧਾਉਣ ਦੀ ਮੰਗ ਕਰ ਰਹੇ ਸਨ।

ਪ੍ਰਾਪਤ ਜਾਣਕਾਰੀ ਅਨੁਸਾਰ ਸਵੇਰੇ ਹੀ ਭਰਤੀ ਦੇ ਉਮੀਦਵਾਰ ਸਥਾਨਕ ਪਟਿਆਲਾ ਰੋਡ 'ਤੇ ਇਕੱਠੇ ਹੋਣੇ ਸ਼ੁਰੂ ਹੋ ਗਏ, ਜਿਥੋਂ ਰੋਸ ਮਾਰਚ ਕਰਦੇ ਹੋਏ ਉਹ ਮੁੱਖ ਮੰਤਰੀ ਦੀ ਕੋਠੀ ਵੱਲ ਵਧੇ। ਇਥੇ ਤਾਇਨਾਤ ਪੁਲਿਸ ਬਲ ਨੇ ਨਾਕਾਬੰਦੀ ਕਰ ਕੇ ਧਰਨਾਕਾਰੀਆਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ, ਜਿਸ ਮਗਰੋਂ ਧਰਨਾਕਾਰੀਆਂ ਨੇ ਮੁੱਖ ਮੰਤਰੀ ਦੀ ਰਿਹਾਇਸ਼ੀ ਕਲੋਨੀ ਦੇ ਸਾਹਮਣੇ ਵਾਲੀ ਮੁੱਖ ਸੜਕ 'ਤੇ ਆਵਾਜਾਈ ਰੋਕ ਕੇ ਧਰਨਾ ਲਾ ਦਿੱਤਾ। ਇਸ ਮੌਕੇ ਪੰਜਾਬ ਪੁਲਿਸ ਭਰਤੀ ਉਮੀਦਵਾਰ ਯੂਨੀਅਨ ਦੇ ਪ੍ਰਧਾਨ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਾਲ 2021 ਵਿਚ ਪੰਜਾਬ ਸਰਕਾਰ ਵੱਲੋਂ ਪੰਜਾਬ ਪੁਲਿਸ ਵਿਚ ਸਿਪਾਹੀ, ਹੌਲਦਾਰ, ਸਬ-ਇੰਸਪੈਕਟਰ ਤੇ ਟੈਕਨੀਕਲ ਸਪੋਰਟ ਸਰਵਿਸ ਆਦਿ ਦੀਆਂ ਵੱਖ-ਵੱਖ ਅਸਾਮੀਆਂ ਦੇ ਨੋਟੀਫਿਕੇਸ਼ਨ ਜਾਰੀ ਕੀਤੇ ਗਏ ਸਨ। ਇਨ੍ਹਾਂ ਅਸਾਮੀਆਂ ਦੀ ਭਰਤੀ ਪ੍ਰਕਿਰਿਆ 'ਆਪ' ਦੀ ਸਰਕਾਰ ਬਣਨ ਮਗਰੋਂ ਸ਼ੁਰੂ ਹੋਈ ਸੀ, ਜਿਸ ਤਹਿਤ ਭਰਤੀ ਕੀਤੇ 4358 ਸਿਪਾਹੀਆਂ 'ਚੋਂ ਹਾਲੇ ਤੱਕ ਸਿਰਫ 3270 ਉਮੀਦਵਾਰ ਹੀ ਜੁਆਇਨ ਕਰ ਸਕੇ ਹਨ। ਵਿਭਾਗਾਂ ਵਿਚ ਭਰਤੀ ਇਕੱਠਿਆਂ ਨਾ ਕਰਵਾਏ ਜਾਣ ਕਾਰਨ ਬਾਕੀ ਦੇ ਉਮੀਦਵਾਰ ਹਾਲੇ ਵੀ ਜੁਆਇਨ ਕਰਵਾਏ ਜਾਣ ਦੀ ਉਡੀਕ ਵਿਚ ਹਨ। ਉਨ੍ਹਾਂ ਕਿਹਾ ਕਿ 'ਆਪ' ਆਗੂਆਂ ਨੇ ਸੱਤਾ 'ਚ ਆਉਣ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਦੂਜੀ ਸੂਚੀ ਤੁਰਤ ਜਾਰੀ ਕੀਤੀ ਜਾਵੇਗੀ। ਇਸ ਸਬੰਧੀ ਕੈਬਨਿਟ ਮੰਤਰੀਆਂ ਤੇ ਵਿਧਾਇਕਾਂ ਨੂੰ ਮੰਗ ਪੱਤਰ ਵੀ ਦਿੱਤੇ ਗਏ ਹਨ, ਪਰ ਸੂਚੀ ਜਾਰੀ ਕਰਨ ਦੀ ਥਾਂ ਭਰਤੀ ਦੇ ਨਵੇਂ ਨੋਟੀਫਿਕੇਸ਼ਨ ਜਾਰੀ ਕਰ ਦਿੱਤੇ ਗਏ ਹਨ। ਧਰਨਾਕਾਰੀਆਂ ਨੇ ਮੰਗ ਕੀਤੀ ਹੈ ਕਿ ਪੁਲਿਸ ਭਰਤੀ ਦੀ ਦੂਜੀ ਸੂਚੀ ਜਾਰੀ ਕੀਤੀ ਜਾਵੇ ਅਤੇ ਭਰਤੀ ਦੇ ਨਵੇਂ ਨੋਟੀਫਿਕੇਸ਼ਨ ਵਿਚ ਉਮਰ ਦੀ 28 ਤੋਂ ਵਧਾ ਕੇ 30 ਸਾਲ ਕੀਤੀ ਜਾਵੇ।



## 'ਵਾਰਿਸ ਪੰਜਾਬ ਦੇ' ਮੁਖੀ ਖਿਲਾਫ਼ ਪੁਲਿਸ ਕੋਲ ਸ਼ਿਕਾਇਤ ਕੀਤੀ

**ਅੰਮ੍ਰਿਤਸਰ:** ਕਾਂਗਰਸੀ ਆਗੂ ਤੇ ਸਥਾਨਕ ਵਕੀਲ ਵਨੀਤ ਮਹਾਜਨ ਨੇ ਪੁਲਿਸ ਕਮਿਸ਼ਨਰ ਕੋਲ ਜਥੇਬੰਦੀ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤ ਪਾਲ ਸਿੰਘ ਖ਼ਿਲਾਫ਼ ਸ਼ਿਕਾਇਤ ਦੇ ਕੇ ਦੋਸ਼ ਲਾਇਆ ਕਿ ਉਹ ਹਿੰਦੂ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਿਹਾ ਹੈ। ਉਨ੍ਹਾਂ ਸ਼ਿਕਾਇਤ ਪੱਤਰ ਦੇ ਨਾਲ ਇਕ ਵੀਡੀਓ ਵੀ ਸਬੂਤ ਵਜੋਂ ਪੁਲਿਸ ਕਮਿਸ਼ਨਰ ਨੂੰ ਸੌਂਪੀ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਇਸ ਵੀਡੀਓ ਵਿਚ ਇਸ ਆਗੂ ਨੂੰ ਹਿੰਦੂ ਦੇਵੀ ਖ਼ਿਲਾਫ਼ ਇਤਰਾਜ਼ਯੋਗ ਸ਼ਬਦ ਵਰਤਦਿਆਂ ਸੁਣਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀ ਇਤਰਾਜ਼ਯੋਗ ਸ਼ਬਦਾਵਲੀ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਇਸ ਲਈ ਉਸ ਖ਼ਿਲਾਫ਼ ਪੁਲਿਸ ਕੇਸ ਦਰਜ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ।



## ਸਾਕਾ ਨੀਲਾ ਤਾਰਾ ਦੌਰਾਨ ਨੁਕਸਾਨੀ ਖਜ਼ਾਨਾ ਡਿਓਢੀ ਦੀ ਸੰਭਾਲ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਜੂਨ 1984 ਵਿਚ ਵਾਪਰੇ ਸਾਕਾ ਨੀਲਾ ਤਾਰਾ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਨੁਕਸਾਨੀ ਗਈ ਖਜ਼ਾਨਾ ਡਿਓਢੀ ਦੀ ਸਾਂਭ-ਸੰਭਾਲ ਕਰਨ ਤੇ ਇਸ ਨੂੰ ਇਕ ਯਾਦਗਾਰ ਨਿਸ਼ਾਨੀ ਵਜੋਂ ਸੰਭਾਲਣ ਵਿਚ ਨਾਕਾਮ ਰਹੀ ਸ਼੍ਰੋਮਣੀ ਕਮੇਟੀ ਇਕ ਵਾਰ ਮੁੜ ਇਸ ਮੁੱਦੇ ਨੂੰ ਲੈ ਕੇ ਚਰਚਾ ਵਿਚ ਆ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਪਿਛਲੇ ਕੁਝ ਦਿਨਾਂ ਦੌਰਾਨ ਵੀਡੀਓ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਹੈ ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਪਲਸਤਰ ਕਰਕੇ ਫੌਜੀ ਹਮਲੇ ਦੌਰਾਨ ਡਿਓਢੀ 'ਤੇ ਪਏ ਗੋਲੀਆਂ ਦੇ ਨਿਸ਼ਾਨਾਂ ਨੂੰ ਖਤਮ ਕਰਨ ਦੀ ਤਿਆਰੀ ਵਿਚ ਹੈ। ਵੀਡੀਓ ਸਾਂਝੀ ਕਰਨ ਵਾਲੇ ਨੇ ਦੱਸਿਆ ਹੈ ਕਿ 2019 ਵਿਚ ਇਸ ਇਮਾਰਤੀ ਹਿੱਸੇ ਦੀ ਸੰਭਾਲ ਦੀ ਜ਼ਿੰਮੇਵਾਰੀ ਜਿਸ ਕਾਰਸੇਵਾ ਸੰਪਰਦਾ ਨੂੰ ਸੌਂਪੀ ਗਈ ਸੀ, ਉਸ ਵੱਲੋਂ ਹੁਣ ਤੱਕ ਕੁਝ ਨਹੀਂ ਕੀਤਾ ਗਿਆ ਪਰ ਹੁਣ ਛੱਤ 'ਤੇ ਲਿਜਾਏ ਜਾ ਰਹੇ ਮੁਰੰਮਤ ਦੇ ਸਾਮਾਨ ਨੂੰ ਵੇਖ ਕੇ ਲੱਗਦਾ ਹੈ ਕਿ ਡਿਓਢੀ 'ਤੇ ਪਲਸਤਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਆਟਾ ਮੰਡੀ ਵਾਲੇ ਪਾਸੇ ਸ੍ਰੀ ਅਕਾਲ ਤਖਤ ਨੇੜੇ ਸਥਿਤ ਇਸ ਖਜ਼ਾਨਾ ਡਿਓਢੀ ਉੱਪਰ 1984 ਵੇਲੇ ਹੋਏ ਫੌਜੀ ਹਮਲੇ ਦੌਰਾਨ ਚੱਲੀਆਂ ਗੋਲੀਆਂ ਦੇ ਨਿਸ਼ਾਨ ਉੱਕਰੇ ਹੋਏ ਹਨ ਤੇ ਲੰਬੇ ਸਮੇਂ ਤੋਂ ਇਸ ਡਿਓਢੀ ਦੀ ਸੰਭਾਲ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਦੀ ਇਮਾਰਤ ਦੇ ਬਾਹਰ ਲੱਗੇ ਗੋਲੀਆਂ ਦੇ ਲਗਭਗ 147 ਨਿਸ਼ਾਨ ਸੰਭਾਲੇ ਗਏ ਹਨ। ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਰਭਜਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ 2019 ਵਿਚ ਇਸ ਨਿਸ਼ਾਨੀ ਨੂੰ ਸੰਭਾਲਣ ਦਾ ਮਤਾ ਪਾਸ ਕੀਤਾ ਗਿਆ ਸੀ ਤੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਵਜੋਂ ਇਹ ਨਿਸ਼ਾਨੀ ਜਿਵੇਂ ਦੀ ਤਿਵੇਂ ਸੰਭਾਲੀ ਜਾਵੇਗੀ।

## ਕੈਂਸਰ ਪੀੜਤ ਮਹਿਲਾ ਮੁਸਾਫਰ ਨੂੰ ਦਿੱਲੀ ਦੇ ਹਵਾਈ ਅੱਡੇ 'ਤੇ ਉਤਾਰਿਆ

**ਨਵੀਂ ਦਿੱਲੀ:** ਕੈਂਸਰ ਪੀੜਤ ਮਹਿਲਾ ਮੁਸਾਫਰ ਮੀਨਾਕਸ਼ੀ ਸੇਨਗੁਪਤਾ, ਜਿਸ ਦੀ ਹਾਲ ਹੀ ਵਿਚ ਸਰਜਰੀ ਹੋਈ ਸੀ, ਉਸ ਨੂੰ ਅਮਰੀਕਾ ਏਅਰਲਾਈਨਜ਼ ਦੀ ਨਿਊ ਯਾਰਕ ਜਾ ਰਹੀ ਉਡਾਣ ਤੋਂ ਨਵੀਂ ਦਿੱਲੀ ਦੇ ਹਵਾਈ ਅੱਡੇ 'ਤੇ ਉਤਾਰ ਦਿੱਤਾ ਗਿਆ। ਇਹ ਘਟਨਾ ਉਸ ਵੇਲੇ ਵਾਪਰੀ ਜਦੋਂ ਮਹਿਲਾ ਨੇ ਆਪਣਾ ਹੈਂਡ ਬੈਗ ਸੀਟ ਉਪਰਲੇ ਕੈਬਿਨ ਵਿਚ ਰੱਖਣ ਲਈ ਫਲਾਈਟ ਸਹਾਇਕ ਤੋਂ ਮਦਦ ਮੰਗੀ ਸੀ। ਇਸ ਘਟਨਾ ਬਾਰੇ 30 ਜਨਵਰੀ ਨੂੰ ਸ਼ਿਕਾਇਤ ਕੀਤੀ ਗਈ ਜਿਸ ਦੌਰਾਨ ਖੁਲਾਸਾ ਹੋਇਆ ਜਦੋਂ ਮਹਿਲਾ ਨੇ ਫਲਾਈਟ ਸਹਾਇਕ 'ਤੇ ਦੋਸ਼ ਲਾਇਆ ਕਿ ਉਸ ਨੇ ਬੈਗ ਨੂੰ ਕੈਬਿਨ ਵਿਚ ਰਖਵਾਉਣ ਲਈ ਮਦਦ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਬੈਗ ਦਾ ਭਾਰ 5 ਪਾਊਂਡ ਸੀ ਤੇ ਕਮਜ਼ੋਰੀ ਕਾਰਨ ਮਹਿਲਾ ਨੂੰ ਬੈਗ ਸੰਭਾਲਣਾ ਔਖਾ ਜਾਪ ਰਿਹਾ ਸੀ। ਦਿੱਲੀ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਮੀਨਿਕਸ਼ੀ ਨੇ ਕਿਹਾ ਕਿ ਇਸ ਘਟਨਾ ਮਗਰੋਂ ਉਸ ਨੂੰ ਫਲਾਈਟ ਵਿਚੋਂ ਉਤਾਰ ਦਿੱਤਾ ਗਿਆ। ਇਸੇ ਦੌਰਾਨ ਡਾਇਰੈਕਟਰ-ਜਨਰਲ ਨਾਗਰਿਕ ਉਡਾਣ (ਡੀ.ਜੀ.ਸੀ.ਏ.) ਨੇ ਕੇਸ ਨੂੰ ਗੰਭੀਰਤਾ ਨਾਲ ਲਿਆ ਤੇ ਅਮਰੀਕਾ ਏਅਰਲਾਈਜ਼ ਨੂੰ ਰਿਪੋਰਟ ਦੇਣ ਦੀ ਹਦਾਇਤ ਕੀਤੀ ਹੈ। ਅਮਰੀਕਾ ਏਅਰਲਾਈਨਜ਼ ਨੇ ਬਿਆਨ ਜਾਰੀ ਕੀਤਾ ਕਿ ਖਪਤਕਾਰ ਮਾਮਲਿਆਂ ਦੀ ਟੀਮ ਨੇ ਟਿਕਟ ਦੀ ਅਣਵਰਤੀ ਰਾਸ਼ੀ ਦੇ ਭੁਗਤਾਨ ਲਈ ਸੇਨਗੁਪਤਾ ਨਾਲ ਰਾਬਤਾ ਕਾਇਮ ਕੀਤਾ ਹੈ।

## ਲਿਬੀਆ ਵਿਚ ਫਸੇ ਨੌਜਵਾਨਾਂ ਦੀ ਵਤਨ ਵਾਪਸੀ ਦੀ ਆਸ ਬੱਝੀ

**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਦੇ ਸਕੂਲ ਸਿੱਖਿਆ ਤੇ ਉਦਯੋਗਿਕ ਸਿਖਲਾਈ ਮੰਤਰੀ ਹਰਜੋਤ ਸਿੰਘ ਬੈਂਸ ਨੇ ਲਿਬੀਆ ਵਿਚ ਫਸੇ ਸਾਰੇ 12 ਭਾਰਤੀਆਂ ਦੇ ਪਰਿਵਾਰਾਂ ਨੂੰ ਭਰੋਸਾ ਦਿੱਤਾ ਕਿ ਉਹ ਲਗਾਤਾਰ ਭਾਰਤੀ ਦੂਤਾਵਾਸ ਅਤੇ ਧੋਖਾਧੜੀ ਦੇ ਪੀੜਤਾਂ ਦੇ ਸੰਪਰਕ ਵਿਚ ਹਨ। ਉਨ੍ਹਾਂ ਨੂੰ ਲੋੜੀਂਦਾ ਸਾਮਾਨ ਪਹੁੰਚਾ ਦਿੱਤਾ ਹੈ ਤੇ ਉਹ ਸਾਰੇ ਸੁਰੱਖਿਅਤ ਹਨ।

ਉਨ੍ਹਾਂ ਕਿਹਾ ਕਿ ਲਿਬੀਆ ਫਸੇ ਭਾਰਤੀ ਅਗਲੇ ਕੁਝ ਦਿਨਾਂ ਵਿਚ ਆਪਣੇ ਪਰਿਵਾਰਾਂ 'ਚ ਸੁਰੱਖਿਅਤ ਪੁੱਜ ਜਾਣਗੇ। ਸਿੱਖਿਆ ਮੰਤਰੀ ਨੇ ਕਿਹਾ ਕਿ ਧੋਖਾਧੜੀ ਦੇ ਸ਼ਿਕਾਰ 12 ਭਾਰਤੀ ਦਸੰਬਰ ਵਿਚ ਤਿੰਨ ਵੱਖ-ਵੱਖ ਕਾਫਲਿਆਂ 'ਚ ਦੁਬਈ ਤੋਂ ਲਿਬੀਆ ਪਹੁੰਚੇ ਸਨ। ਇਨ੍ਹਾਂ 12 ਨੌਜਵਾਨਾਂ 'ਚੋਂ 7 ਜ਼ਿਲ੍ਹਾ ਰੂਪਨਗਰ ਦੇ ਹਨ ਤੇ ਚਾਰ ਉਸ ਦੇ ਗੁਆਂਢੀ ਪਿੰਡ ਲੰਗਮਜਾਰੀ ਦੇ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸੱਤਾਂ ਤੋਂ ਇਲਾਵਾ 1 ਅਾਸਪੁਰ, 1 ਮੋਗਾ, 1 ਕਪੂਰਥਲਾ, 1 ਹਿਮਾਚਲ ਪ੍ਰਦੇਸ਼ ਤੇ 1 ਬਿਹਾਰ ਦਾ ਨੌਜਵਾਨ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਦੇ ਸਬੰਧਿਤ ਅਧਿਕਾਰੀਆਂ ਨਾਲ ਗੱਲਬਾਤ ਕਰ ਕੇ ਲਿਬੀਆ ਵਿਚ ਫਸੇ ਨੌਜਵਾਨਾਂ ਦੀ ਵੀਡੀਓ ਸਾਂਝੀ ਕੀਤੀ ਹੈ। ਸ੍ਰੀ ਬੈਂਸ ਨੇ ਦੱਸਿਆ ਕਿ ਭਾਰਤੀ ਵਿਦੇਸ਼ ਸੇਵਾਵਾਂ ਦੇ ਲਿਬੀਆ ਨਾਲ ਸਬੰਧਿਤ ਅਧਿਕਾਰੀ ਨਾਲ ਤਾਲਮੇਲ ਕਰ ਕੇ ਭਾਰਤੀ ਨੌਜਵਾਨਾਂ ਦੀ ਸੁਰੱਖਿਆ ਬਾਰੇ ਜਾਣਕਾਰੀ ਸਾਂਝੀ ਕਰਨ ਮਗਰੋਂ ਭਾਰਤੀ ਦੂਤਾਵਾਸ ਦੇ ਅਧਿਕਾਰੀਆਂ ਦਾ ਸਾਰੇ 12 ਭਾਰਤੀਆਂ ਨਾਲ ਸੰਪਰਕ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਦੂਤਾਵਾਸ ਦੇ ਅਧਿਕਾਰੀ ਲਗਾਤਾਰ ਭਾਰਤੀ ਨੌਜਵਾਨਾਂ ਨਾਲ ਸੰਪਰਕ ਵਿਚ ਹਨ। ਉਨ੍ਹਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤੇ ਨੌਜਵਾਨਾਂ ਨੂੰ ਰਸਦ ਪਹੁੰਚਾ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਦੂਤਾਵਾਸ ਅਧਿਕਾਰੀਆਂ ਨੇ ਫੱਟੜ ਨੌਜਵਾਨ ਦਾ ਇਲਾਜ ਕਰਵਾ ਦਿੱਤਾ ਹੈ ਅਤੇ ਮਾਲੀ ਮਦਦ ਵੀ ਪਹੁੰਚਾਈ ਗਈ ਹੈ। ਸ੍ਰੀ ਬੈਂਸ ਨੇ ਦੱਸਿਆ ਕਿ ਭਾਰਤੀ ਦੂਤਾਵਾਸ ਨੇ ਸਾਰੇ ਨੌਜਵਾਨਾਂ ਦੀ ਸੁਰੱਖਿਅਤ ਵਾਪਸੀ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ ਤੇ ਉਹ ਛੇਤੀ ਹੀ ਆਪਣੇ ਮੁਲਕ ਪਰਤਣਗੇ। ਇਸ ਦੌਰਾਨ ਹਰਜੋਤ ਬੈਂਸ ਨੇ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਤੇ ਰਿਸ਼ਤੇਦਾਰਾਂ ਨੂੰ ਕਿਸੇ ਤਰ੍ਹਾਂ ਦੀ ਚਿੰਤਾ ਨਾ ਕਰਨ ਦੀ ਅਪੀਲ ਵੀ ਕੀਤੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਹਰ ਤਰ੍ਹਾਂ ਦੀ ਲੋੜੀਂਦੀ ਸਹੂਲਤ ਦਿੱਤੀ ਜਾ ਰਹੀ ਹੈ। ਉਹ ਛੇਤੀ ਹੀ ਆਪਣੇ ਨਾਲ ਹੋਣਗੇ।



### ਵਿਦੇਸ਼ 'ਚ ਤਸ਼ੱਦਦ ਝੱਲਣ ਮਗਰੋਂ ਲੜਕੀ ਪੰਜਾਬ ਪੁੱਜੀ

**ਜਲੰਧਰ:** ਦੁਬਈ ਤੇ ਮਸਕਟ ਵਿਚ ਚਾਰ ਮਹੀਨੇ ਬੰਧਕ ਬਣਾਈ ਰੱਖਣ ਤੋਂ ਬਾਅਦ ਪੰਜਾਬ ਪਰਤੀ ਮਲੋਟ ਦੀ ਧੀ ਨੇ ਖੁਲਾਸਾ ਕੀਤਾ ਕਿ ਉਸ ਨਾਲ ਕੁੱਟਮਾਰ ਕੀਤੀ ਜਾਂਦੀ ਸੀ ਤੇ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਸੀ। ਪੀੜਤਾ ਨੇ ਦਾਅਵਾ ਕੀਤਾ ਕਿ ਜਿੱਥੇ ਉਸ ਨੂੰ ਬੰਧਕ ਬਣਾ ਕੇ ਰੱਖਿਆ ਗਿਆ ਸੀ, ਉਥੇ 25-30 ਲੜਕੀਆਂ ਹੋਰ ਵੀ ਬੰਧਕ ਸਨ। ਇਨ੍ਹਾਂ ਵਿਚ ਪੰਜਾਬ ਦੀਆਂ ਧੀਆਂ ਵੀ ਸ਼ਾਮਲ ਹਨ। ਉਸ ਨੇ ਦੱਸਿਆ ਕਿ ਉਸ ਨੂੰ ਨੋਇਡਾ ਦੀ ਕੰਪਨੀ ਰਾਹੀਂ ਟਰੈਵਲ ਏਜੰਟ ਨੇ ਟੂਰਿਸਟ ਵੀਜ਼ੇ 'ਤੇ ਦੁਬਈ ਭੇਜਿਆ ਸੀ, ਜਿੱਥੋਂ ਮਸਕਟ ਭੇਜ ਦਿੱਤਾ ਗਿਆ। ਪੀੜਤਾ ਨੇ ਦੱਸਿਆ ਕਿ ਗਰੀਬੀ ਕਾਰਨ ਉਹ ਕਰਜ਼ਾ ਚੁੱਕ ਕੇ ਵਿਦੇਸ਼ ਗਈ ਸੀ। ਉਸ ਨੂੰ ਦੁਬਈ ਵਿਚ ਘਰ ਦਾ ਕੰਮ ਕਰਨ ਦੀ ਗੱਲ ਆਖ ਕੇ ਭੇਜਿਆ ਗਿਆ ਸੀ।

# ਪੰਜਾਬ 'ਚ ਹੁਣ ਸਾਢੇ ਪੰਜ ਰੁਪਏ ਪ੍ਰਤੀ ਕਿਊਬਿਕ ਫੁੱਟ ਮਿਲੇਗਾ ਰੇਤਾ

**ਜਗਰਾਉਂ:** ਮੁੱਖ ਮੰਤਰੀ ਭਗਵੰਤ ਮਾਨ ਨੇ ਜਗਰਾਉਂ ਨੇੜਲੇ ਪਿੰਡ ਗੋਰਸੀਆਂ ਖਾਨ ਮੁਹੰਮਦ ਵਿਚ ਰੇਤੇ ਦੀ ਸਰਕਾਰੀ ਜਨਤਕ ਖੱਡ ਦਾ ਉਦਘਾਟਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਸੂਬੇ ਅੰਦਰ ਸੱਤ ਜ਼ਿਲ੍ਹਿਆਂ 'ਚ 16 ਖੱਡਾਂ ਲੋਕਾਂ ਨੂੰ ਸਮਰਪਿਤ ਕੀਤੀਆਂ ਅਤੇ ਆਉਂਦੇ ਮਹੀਨੇ ਤੱਕ ਇਨ੍ਹਾਂ ਖੱਡਾਂ ਦੀ ਗਿਣਤੀ 50 ਕਰਨ ਦਾ ਐਲਾਨ ਕੀਤਾ।



ਮੁੱਖ ਮੰਤਰੀ ਨੇ ਕਿਹਾ ਕਿ ਜਨਤਕ ਖੱਡਾਂ ਦਾ ਆਗਾਜ਼ ਹੋ ਗਿਆ ਹੈ ਜਿੱਥੋਂ ਲੋਕ ਟਰੈਕਟਰ-ਟਰਾਲੀ ਲਿਜਾ ਕੇ 5.50 ਰੁਪਏ ਕਿਊਬਿਕ ਫੁੱਟ ਦੇ ਭਾਅ ਰੇਤ ਭਰ ਸਕਣਗੇ। ਉਨ੍ਹਾਂ ਨੂੰ ਮੋਬਾਈਲ ਐਪ ਰਾਹੀਂ ਸਭ ਤੋਂ ਨੇੜਲੀ ਖੱਡ ਬਾਰੇ ਜਾਣਕਾਰੀ ਮਿਲ ਜਾਵੇਗੀ। ਇਨ੍ਹਾਂ ਖੱਡਾਂ ਵਿਚੋਂ ਇਕ ਅਪਰੈਲ ਤੋਂ 30 ਸਤੰਬਰ ਤੱਕ ਸਵੇਰੇ 6 ਤੋਂ ਸ਼ਾਮ 7 ਵਜੇ ਤੱਕ ਅਤੇ 1 ਅਕਤੂਬਰ ਤੋਂ 31 ਮਾਰਚ ਤੱਕ ਸਵੇਰੇ 7 ਤੋਂ ਸ਼ਾਮ 5 ਵਜੇ ਤੱਕ ਰੇਤ ਭਰੀ ਜਾ ਸਕਦੀ ਹੈ। ਲੋਕਾਂ ਨੂੰ ਟਰੈਕਟਰ-ਟਰਾਲੀ ਨਾਲ ਲੇਬਰ ਲਿਜਾਣੀ ਹੋਵੇਗੀ ਅਤੇ ਲੇਬਰ ਨਾ ਹੋਣ 'ਤੇ ਖੱਡਾਂ 'ਤੇ ਵੀ ਲੇਬਰ ਮੁਹੱਈਆ ਹੋਵੇਗੀ। ਰੇਤ ਮਾਮਲੇ 'ਚ ਪੰਜਾਬ ਅੰਦਰ ਪੁਰਾਣਾ ਸਿਸਟਮ ਬਹਾਲ ਕਰਨ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਨਤਕ ਖੱਡਾਂ ਦੀ ਸ਼ੁਰੂਆਤ ਕਰਨ ਨਾਲ ਰੇਤ ਮਾਫੀਆ ਦਾ ਅੱਜ ਅੰਤ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਆਮ ਆਦਮੀ ਪਾਰਟੀ ਨੇ ਆਪਣੀ ਇੱਕ ਹੋਰ ਗਾਰੰਟੀ ਪੂਰੀ ਕਰ ਦਿੱਤੀ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਾਰਾ ਕੰਮ ਪਾਰਦਰਸ਼ੀ ਹੋਵੇਗਾ ਅਤੇ ਥਾਂ-ਥਾਂ ਨਿਗਰਾਨੀ ਲਈ ਸੀ.ਸੀ.ਟੀ.ਵੀ. ਕੈਮਰੇ ਲਾਏ ਗਏ ਹਨ। ਰੇਤੇ ਦੀਆਂ ਸਰਕਾਰੀ ਖੱਡਾਂ 'ਤੇ ਕੋਈ ਗੁੰਡਾ ਪਰਚੀ ਨਹੀਂ ਲੱਗੇਗੀ। ਉਨ੍ਹਾਂ ਦੱਸਿਆ ਕਿ ਜਿਸ ਖੱਡ ਦਾ ਉਦਘਾਟਨ ਕੀਤਾ ਗਿਆ ਹੈ, ਇੱਥੇ 10 ਲੱਖ ਮੀਟਰਿਕ ਟਨ ਰੇਤਾ ਹੈ ਜਦੋਂਕਿ ਬਾਕੀ ਖੱਡਾਂ 'ਚ 24 ਲੱਖ ਮੀਟਰਿਕ ਟਨ ਰੇਤਾ ਮੌਜੂਦ ਹੈ। ਇਨ੍ਹਾਂ ਜਨਤਕ ਖੱਡਾਂ ਦੇ ਸ਼ੁਰੂ ਹੋਣ ਨਾਲ ਪੇਂਡੂ ਆਰਥਿਕਤਾ ਨੂੰ ਹੁਲਾਰਾ ਮਿਲੇਗਾ ਕਿਉਂਕਿ ਵੱਡੀ ਗਿਣਤੀ 'ਚ ਨੌਜਵਾਨ ਤੇ ਮਜ਼ਦੂਰ ਇਸ ਕੰਮ 'ਚ ਲੱਗਣਗੇ ਜਿਸ ਨਾਲ ਉਨ੍ਹਾਂ ਦੀ ਆਮਦਨ ਵਧੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਖੱਡਾਂ 'ਚ ਟਿੱਪਰਾਂ ਅਤੇ ਜੇ.ਸੀ.ਬੀ. ਲਿਜਾਣ ਦੀ ਆਗਿਆ ਨਹੀਂ ਹੋਵੇਗੀ। ਸਰਕਾਰ ਦਾ ਕੋਈ ਮੰਤਰੀ, ਵਿਧਾਇਕ, ਨੁਮਾਇੰਦਾ ਜਾਂ ਪਾਰਟੀ ਆਗੂ ਵੀ ਇਸ ਕੰਮ 'ਚ ਕਿਸੇ ਤਰ੍ਹਾਂ ਦਾ ਦਖ਼ਲ ਨਹੀਂ ਦੇਵੇਗਾ। ਪਿਛਲੇ ਸਮੇਂ 'ਚ ਰੇਤ ਮਾਫੀਆ ਦੀ ਲੁੱਟ 'ਚ ਸ਼ਾਮਲ ਲੋਕਾਂ ਖ਼ਿਲਾਫ਼ ਕਾਰਵਾਈ ਬਾਰੇ ਪੁੱਛਣ 'ਤੇ ਉਨ੍ਹਾਂ ਪੜਤਾਲ ਕਰਵਾਉਣ ਦੀ ਗੱਲ ਆਖੀ।

# ਭਗਵੰਤ ਮਾਨ ਵੱਲੋਂ ਨਸ਼ਿਆਂ ਖਿਲਾਫ ਰਣਨੀਤੀ ਘੜਨ ਦੇ ਨਿਰਦੇਸ਼

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਡਿਪਟੀ ਕਮਿਸ਼ਨਰਾਂ, ਪੁਲਿਸ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਤਾੜਨਾ ਕਰਦੇ ਹੋਏ 'ਨਸ਼ਾ ਮੁਕਤ ਪੰਜਾਬ' ਬਣਾਉਣ ਲਈ ਵਿਸ਼ੇਸ਼ ਰਣਨੀਤੀ ਬਣਾਉਣ ਲਈ ਕਿਹਾ ਹੈ। ਮੁੱਖ ਮੰਤਰੀ ਨੇ ਇਥੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਹਰੇਕ ਪੁਲਿਸ ਸਟੇਸ਼ਨ/ਇਲਾਕੇ/ਪਿੰਡ ਅਨੁਸਾਰ ਖੇਤਰ-ਵਿਸ਼ੇਸ਼ ਰਣਨੀਤੀ ਤਿਆਰ ਕੀਤੀ ਜਾਣੀ ਚਾਹੀਦੀ ਹੈ।



ਮੁੱਖ ਮੰਤਰੀ ਨੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਗੱਲ ਆਖੀ। ਉਨ੍ਹਾਂ ਨਸ਼ੇੜੀਆਂ ਦੇ ਇਲਾਜ ਅਤੇ ਮੁੜ ਵਸੇਬੇ ਨੂੰ ਯਕੀਨੀ ਬਣਾਉਣ ਤੇ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੀ ਗੱਲ ਆਖੀ। ਇਸ ਦੇ ਨਾਲ ਹੀ ਉਨ੍ਹਾਂ ਅਧਿਕਾਰੀਆਂ ਦੀ ਸਿਖਲਾਈ 'ਤੇ ਵੀ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਸੂਬੇ ਵਿਚ ਬੰਦੂਕ ਸੱਭਿਆਚਾਰ ਉਤਸ਼ਾਹਿਤ ਕਰਨ ਵਿਰੁੱਧ ਕਾਰਵਾਈ ਹੋਰ ਤੇਜ਼ ਕਰਨ ਲਈ ਵੀ ਆਖਿਆ। ਉਨ੍ਹਾਂ ਦੱਸਿਆ ਕਿ ਸੂਬੇ ਵਿਚ ਜਨਤਕ ਤੌਰ 'ਤੇ ਹਥਿਆਰਾਂ ਦੀ ਵਡਿਆਈ ਕਰਨ ਲਈ ਹੁਣ ਤੱਕ 167 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਤੇ ਕੁੱਲ 4.38 ਲੱਖ 'ਚੋਂ 1.77 ਲੱਖ ਹਥਿਆਰਾਂ ਦੀ ਤਸਦੀਕ ਕੀਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਨੇ ਗੈਂਗਸਟਰਾਂ ਵਿਰੁੱਧ ਵਿੱਢੀ ਕਾਰਵਾਈ ਦੀ ਗੱਲ ਕਰਦਿਆਂ ਦੱਸਿਆ ਕਿ ਹੁਣ ਤੱਕ 503 ਤੋਂ ਵੱਧ ਗੈਂਗਸਟਰਾਂ ਖ਼ਿਲਾਫ਼ ਕਾਰਵਾਈ ਕਰਦਿਆਂ 138 ਤੋਂ ਵੱਧ ਅਪਰਾਧਕ ਗਰੋਹਾਂ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਕਤ ਅਪਰਾਧੀਆਂ ਕੋਲੋਂ 481 ਹਥਿਆਰ ਤੇ 106 ਵਾਹਨ ਵੀ ਜ਼ਬਤ ਕੀਤੇ ਗਏ ਹਨ।

ਸ੍ਰੀ ਮਾਨ ਨੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਕਿ ਉਹ ਭ੍ਰਿਸ਼ਟਾਚਾਰ ਖ਼ਿਲਾਫ਼ ਮੁਹਿੰਮ ਐਸ.ਐਸ.ਪੀ, ਵਿਜੀਲੈਂਸ ਨਾਲ ਮਹੀਨਾਵਾਰ ਮੀਟਿੰਗਾਂ ਕਰਨ। ਮੁੱਖ ਮੰਤਰੀ ਨੇ ਇਹ ਵੀ ਆਖਿਆ ਕਿ ਜੇ ਕਿਸੇ ਅਧਿਕਾਰੀ ਦੇ ਖੇਤਰ ਵਿਚ ਗੈਰ-ਕਾਨੂੰਨੀ ਮਾਈਨਿੰਗ ਹੁੰਦੀ ਪਾਈ ਗਈ ਤਾਂ ਸਬੰਧਤ ਅਧਿਕਾਰੀ ਨੂੰ ਉਸ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਫੀਲਡ ਦੇ ਵੱਧ ਤੋਂ ਵੱਧ ਦੌਰੇ ਕਰਨ ਤੇ ਪਿੰਡਾਂ ਵਿਚ ਜਾ ਕੇ ਲੋਕਾਂ ਨਾਲ ਰਾਬਤਾ ਵਧਾਉਣ ਲਈ ਵੀ ਕਿਹਾ।

# ਬ੍ਰਿਟਿਸ਼ ਸਿੱਖ ਨੇ ਦੇਸ਼ਧ੍ਰੋਹ ਦਾ ਦੋਸ਼ ਕਬੂਲਿਆ

**ਲੰਡਨ:** ਬ੍ਰਿਟਿਸ਼ ਸਿੱਖ ਜਸਵੰਤ ਸਿੰਘ ਚੈਲ, ਜੋ 2021 ਵਿਚ ਕ੍ਰਿਸਮਿਸ ਵਾਲੇ ਦਿਨ ਮਹਾਰਾਣੀ ਐਲਿਜ਼ਾਬੈੱਥ ਦੋਇਮ ਦੀ ਹੱਤਿਆ ਕਰਨਾ ਚਾਹੁੰਦਾ ਸੀ ਅਤੇ ਕਰਾਸਬੋਅ ਨਾਲ ਲੈਸ ਵਿੰਡਸਰ ਕੈਸਲ ਦੇ ਮੈਦਾਨ ਵਿਚ ਫੜਿਆ ਗਿਆ ਸੀ, ਨੇ ਦੇਸ਼ਧ੍ਰੋਹ ਦੇ ਦੋਸ਼ ਕਬੂਲ ਲਏ ਹਨ।

ਗ੍ਰਿਫਤਾਰੀ ਤੋਂ ਤੁਰਤ ਬਾਅਦ ਸੋਸ਼ਲ ਮੀਡੀਆ 'ਤੇ ਨਸ਼ਰ ਹੋ ਰਹੇ ਉਸ ਦੇ ਵੀਡੀਓ 'ਚ ਉਹ ਆਖਦਾ ਦਿਖਾਈ ਦੇ ਰਿਹਾ ਹੈ ਕਿ ਅੰਮ੍ਰਿਤਸਰ ਦੇ 1919 'ਚ ਹੋਏ ਜੱਲ੍ਹਿਆਂਵਾਲਾ ਬਾਗ ਕਤਲੇਆਮ ਦੇ ਬਦਲੇ ਵਜੋਂ ਉਹ ਮਹਾਰਾਣੀ ਨੂੰ ਮਾਰਨਾ ਚਾਹੁੰਦਾ ਸੀ। ਚੈਲ ਨੇ ਲੰਡਨ ਦੀ ਓਲਡ ਬੇਲੀ ਅਦਾਲਤ ਵਿਚ ਯੂਨਾਈਟਿਡ ਕਿੰਗਡਮ ਦੇ ਦੇਸ਼ਧ੍ਰੋਹ ਐਕਟ ਤਹਿਤ ਜੁਰਮ ਸਵੀਕਾਰ ਕੀਤਾ ਹੈ। ਉਸ ਨੂੰ ਬ੍ਰਾਡਮੂਰ ਹਸਪਤਾਲ 'ਚ ਰੱਖਿਆ ਜਾ ਰਿਹਾ ਹੈ, ਜਿੱਥੋਂ ਉਹ ਵੀਡੀਓ ਲਿੰਕ ਰਾਹੀਂ ਅਦਾਲਤ 'ਚ ਪੇਸ਼ ਹੋਇਆ। ਉਸ ਨੂੰ ਅਦਾਲਤ ਵੱਲੋਂ 31 ਮਾਰਚ ਨੂੰ ਸਜਾ ਸੁਣਾਈ ਜਾਵੇਗੀ। ਕਮਾਂਡਰ ਰਿਚਰਡ ਸਮਿੱਥ ਨੇ ਕਿਹਾ ਕਿ ਇਹ ਬੇਹੱਦ ਗੰਭੀਰ ਘਟਨਾ ਸੀ, ਪਰ ਗਸ਼ਤ ਕਰਨ ਵਾਲੇ ਅਧਿਕਾਰੀਆਂ ਨੇ ਉਸ ਨੂੰ ਕਾਬੂ ਕਰ ਲਿਆ ਸੀ। ਜਾਂਚ ਮੁਤਾਬਕ ਚੈਲ ਨੂੰ ਇਸ ਗੱਲ ਦੀ ਨਾਰਾਜ਼ਗੀ ਸੀ ਕਿ ਬ੍ਰਿਟਿਸ਼ ਹਕੂਮਤ ਨੇ ਭਾਰਤੀ ਲੋਕਾਂ ਨਾਲ ਮਾੜਾ ਵਿਵਹਾਰ ਕੀਤਾ ਸੀ ਅਤੇ ਉਹ ਉਨ੍ਹਾਂ ਖ਼ਿਲਾਫ਼ ਮਾੜੀ ਭਾਵਨਾ ਰੱਖਦਾ ਸੀ। ਜ਼ਿਕਰਯੋਗ ਹੈ ਕਿ ਮਹਾਰਾਣੀ ਦਾ ਪਿਛਲੇ ਸਾਲ ਸਤੰਬਰ ਵਿਚ 96 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ ਸੀ।

# ਪੰਜਾਬ ਸਰਕਾਰ ਨਰਮੇ ਦੇ ਬੀਜ 'ਤੇ ਸਬਸਿਡੀ ਦੇਵੇਗੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਫਸਲੀ ਵਿਭਿੰਨਤਾ' ਬਾਰੇ ਬਣੀ ਕੈਬਨਿਟ ਸਬ ਕਮੇਟੀ ਦੀ ਮੀਟਿੰਗ ਵਿਚ ਕਈ ਅਹਿਮ ਫੈਸਲੇ ਲਏ ਹਨ ਤਾਂ ਜੋ ਪੰਜਾਬ ਨੂੰ ਕਣਕ ਤੇ ਝੋਨੇ ਦੇ ਗੇੜ 'ਚੋਂ ਕੱਢਿਆ ਜਾ ਸਕੇ। ਮੁੱਢਲੇ ਪੜਾਅ ਹੇਠ ਨਰਮੇ ਹੇਠ ਰਕਬਾ ਵਧਾਉਣ ਦੀ ਯੋਜਨਾ ਉਲੀਕੀ ਗਈ ਹੈ ਅਤੇ ਬਾਸਮਤੀ ਦੀ ਫਸਲ ਦਾ ਸਰਕਾਰੀ ਭਾਅ ਤੈਅ ਕੀਤਾ ਗਿਆ ਹੈ। ਕੈਬਨਿਟ ਸਬ ਕਮੇਟੀ ਵਿਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਖੇਤੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਸਿੰਜਾਈ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੋਂ ਇਲਾਵਾ ਖੇਤੀ ਮਹਿਕਮੇ ਦੇ ਉੱਚ ਅਧਿਕਾਰੀ ਸ਼ਾਮਲ ਹੋਏ।



ਪ੍ਰਾਪਤ ਵੇਰਵਿਆਂ ਅਨੁਸਾਰ ਮੁੱਖ ਮੰਤਰੀ ਨੇ ਨਰਮੇ ਦੇ ਬੀਜ 'ਤੇ 33 ਫ਼ੀਸਦੀ ਸਬਸਿਡੀ ਦੇਣ ਦਾ ਫੈਸਲਾ ਕੀਤਾ ਹੈ ਤਾਂ ਜੋ ਕਿਸਾਨਾਂ ਨੂੰ ਨਰਮੇ ਦੀ ਫਸਲ ਦੀ ਬਿਜਾਈ ਲਈ ਉਤਸ਼ਾਹਿਤ ਕੀਤਾ ਜਾ ਸਕੇ। ਪੰਜਾਬ ਸਰਕਾਰ ਨੇ ਨਰਮੇ ਹੇਠਲੇ ਰਕਬੇ ਵਿਚ ਇਕ ਲੱਖ ਹੈਕਟੇਅਰ ਦਾ ਵਾਧਾ ਕਰਨ ਦਾ ਟੀਚਾ ਮਿਥਿਆ ਹੈ। ਇੰਜ ਨਰਮੇ ਦੇ ਬੀਜ 'ਤੇ ਸਬਸਿਡੀ ਦੇਣ ਨਾਲ ਸਰਕਾਰ 'ਤੇ ਕਰੀਬ 60 ਤੋਂ 100 ਕਰੋੜ ਰੁਪਏ ਦਾ ਬੋਝ ਪਵੇਗਾ। ਸਰਕਾਰ ਵੱਲੋਂ ਸਬਸਿਡੀ 'ਤੇ ਪੰਜਾਬ ਖੇਤੀ 'ਵਰਸਿਟੀ ਤੋਂ ਪ੍ਰਵਾਨਿਤ ਬੀਜ ਕਿਸਾਨਾਂ ਨੂੰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਬਾਸਮਤੀ ਦੀ ਫਸਲ 'ਤੇ ਸਰਕਾਰੀ ਭਾਅ 2655 ਰੁਪਏ ਪ੍ਰਤੀ ਕੁਇੰਟਲ ਤੈਅ ਕਰਨ ਦਾ ਫੈਸਲਾ ਵੀ ਕੀਤਾ ਗਿਆ ਹੈ ਅਤੇ ਆਮ ਤੌਰ 'ਤੇ ਬਾਸਮਤੀ ਦਾ ਭਾਅ 2400 ਰੁਪਏ ਤੋਂ 2900 ਰੁਪਏ ਪ੍ਰਤੀ ਕੁਇੰਟਲ ਰਹਿੰਦਾ ਹੈ। ਪਿਛਲੇ ਵਰ੍ਹੇ ਇਹ ਭਾਅ 3200 ਰੁਪਏ ਪ੍ਰਤੀ ਕੁਇੰਟਲ ਤੱਕ ਚਲਾ ਗਿਆ ਸੀ।

ਪੰਜਾਬ ਖੇਤੀ 'ਵਰਸਿਟੀ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਮਸ਼ਵਰਾ ਦਿੱਤਾ ਕਿ ਨਰਮਾ ਪੱਟੀ ਵਿਚ ਮੂੰਗੀ ਦੀ ਫਸਲ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਗੁਲਾਬੀ ਸੁੰਡੀ ਵਰਗੀ ਅਲਾਮਤ ਆ ਜਾਂਦੀ ਹੈ। ਮੁੱਖ ਮੰਤਰੀ ਨੇ ਸਿੰਜਾਈ ਮਹਿਕਮੇ ਨੂੰ ਹਦਾਇਤ ਕੀਤੀ ਕਿ ਨਰਮਾ ਪੱਟੀ ਵਿਚ ਪਹਿਲੀ ਅਪਰੈਲ ਤੋਂ ਨਹਿਰੀ ਪਾਣੀ ਯਕੀਨੀ ਬਣਾਇਆ ਜਾਵੇ। ਸਿੰਜਾਈ ਮੰਤਰੀ ਮੀਤ ਹੇਅਰ ਨੇ ਮੀਟਿੰਗ ਮਗਰੋਂ ਮਹਿਕਮੇ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਨਰਮਾ ਪੱਟੀ ਵਿਚ ਸਮੇਂ ਸਿਰ ਨਹਿਰੀ ਪਾਣੀ ਦੇਣ ਦੀ ਹਦਾਇਤ ਦਿੱਤੀ।

# ਐਨ.ਆਰ.ਆਈ. ਚਾਚੇ ਦੀ ਕੋਠੀ ਦੀ ਭੰਨਤੋੜ

**ਜਲੰਧਰ:** ਪਿੰਡ ਦੂਹੜੇ ਵਿਚ ਇਕ ਬਜ਼ੁਰਗ ਐਨ.ਆਰ.ਆਈ. ਦੀ ਕੋਠੀ ਵਿਚ ਜਬਰੀ ਦਾਖਲ ਹੋ ਕੇ ਉਸ ਦੇ ਗੁਆਂਢੀ ਭਤੀਜੇ ਵੱਲੋਂ ਭੰਨਤੋੜ ਕੀਤੀ ਗਈ। ਗੁਰਵਿੰਦਰ ਕੌਰ ਪਤਨੀ ਹਰਜਿੰਦਰ ਸਿੰਘ ਨੇ ਪੁਲਿਸ ਨੂੰ ਦਿੱਤੇ ਹੋਏ ਬਿਆਨਾਂ ਵਿਚ ਦੱਸਿਆ ਕਿ ਉਸ ਦਾ ਪਤੀ ਹਰਜਿੰਦਰ ਸਿੰਘ ਵਿਦੇਸ਼ ਵਿਚ ਰਹਿੰਦਾ ਹੈ ਤੇ ਉਹ ਆਪਣੀ ਸੱਸ ਜਸਵੀਰ ਕੌਰ ਤੇ ਆਪਣੇ ਦੋ ਬੱਚਿਆਂ ਨਾਲ ਪਿੰਡ ਦੂਹੜੇ ਆਪਣੀ ਕੋਠੀ ਵਿਚ ਰਹਿੰਦੀ ਹੈ।

ਇੰਦਰਜੀਤ ਸਿੰਘ ਪੁੱਤਰ ਹਰਵਿੰਦਰ ਸਿੰਘ ਉਨ੍ਹਾਂ ਦੀ ਕੋਠੀ ਦੀ ਛੱਤ 'ਤੇ ਅਣਪਛਾਤੇ ਵਿਅਕਤੀ ਲੈ ਕੇ ਆਇਆ ਜਿਨ੍ਹਾਂ ਕੋਲ ਤੇਜ਼ਧਾਰ ਹਥਿਆਰ ਸਨ। ਉਨ੍ਹਾਂ ਨੇ ਪਹਿਲਾਂ ਕੋਠੀ 'ਚ ਲੱਗੇ ਕੈਮਰੇ ਦੀਆਂ ਤਾਰਾਂ ਕੱਟ ਦਿੱਤੀਆਂ ਤੇ ਬਾਅਦ ਵਿਚ ਉਨ੍ਹਾਂ ਦੀ ਕੋਠੀ ਦੇ ਬਾਹਰ ਬਣੀ ਕੰਧ, ਮੇਨ ਗੇਟ ਤੇ ਮੋਟਰ ਦੀ ਵੀ ਭੰਨਤੋੜ ਕੀਤੀ। ਇਸ ਤੋਂ ਬਾਅਦ ਉਹ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਆਦਮਪੁਰ ਪੁਲਿਸ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜਾਂਚ ਅਧਿਕਾਰੀ ਸਬ ਇੰਸਪੈਕਟਰ ਭੁਪਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇੰਦਰਜੀਤ ਸਿੰਘ ਨੇ ਕੋਠੀ ਵਿਚ ਜਬਰੀ ਦਾਖਲ ਹੋ ਕੇ ਭੰਨਤੋੜ ਕੀਤੀ। ਇਸ ਸਬੰਧੀ ਗੁਰਵਿੰਦਰ ਕੌਰ ਦੇ ਬਿਆਨ ਦਰਜ ਕਰ ਲਏ ਗਏ ਹਨ ਤੇ ਇਸ ਮਾਮਲੇ ਵਿਚ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਕੈਨੇਡਾ ਵਿਚ ਸੜਕ 'ਕੋਮਾਗਾਟਾਮਾਰੂ' ਨੂੰ ਸਮਰਪਿਤ

**ਟੋਰਾਂਟੋ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਐਬਸਫੋਰਡ 'ਚ ਇਕ ਸੜਕ ਦਾ ਨਾਂ ਬਦਲ ਕੇ ਕੋਮਾਗਾਟਾਮਾਰੂ ਮਾਰਗ ਰੱਖਿਆ ਜਾਵੇਗਾ। ਅਜਿਹਾ ਉਨ੍ਹਾਂ 376 ਭਾਰਤੀਆਂ ਦੀ ਯਾਦ ਵਿਚ ਕੀਤਾ ਜਾਵੇਗਾ ਜੋ 1914 ਵਿਚ ਸਮੁੰਦਰੀ ਜਹਾਜ਼ ਰਾਹੀਂ ਭਾਰਤ ਤੋਂ ਕੈਨੇਡਾ ਪਹੁੰਚੇ ਸਨ ਪਰ ਉਸ ਵੇਲੇ ਦੀਆਂ ਨਸਲੀ ਨੀਤੀਆਂ ਕਰ ਕੇ ਉਨ੍ਹਾਂ ਨੂੰ ਇੱਥੇ ਦਾਖਲ ਨਹੀਂ ਹੋਣ ਦਿੱਤਾ ਗਿਆ।



ਸਥਾਨਕ ਅਖਬਾਰ ਸਰੀ-ਨਾਓ ਲੀਡਰ ਦੀ ਰਿਪੋਰਟ ਮੁਤਾਬਕ ਐਬਸਫੋਰਡ ਨਗਰ ਕੌਂਸਲ ਵੱਲੋਂ ਪਿਛਲੇ ਹਫਤੇ ਸਾਊਥ ਫਰੇਜਰ ਮਾਰਗ ਦਾ ਨਾਂ ਕੋਮਾਗਾਟਾਮਾਰੂ ਮਾਰਗ ਕਰਨ ਦਾ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ। 4 ਅਪਰੈਲ 1914 ਨੂੰ ਇਕ ਜਾਪਾਨੀ ਸਮੁੰਦਰੀ ਜਹਾਜ਼ 'ਕੋਮਾਗਾਟਾਮਾਰੂ' 376 ਭਾਰਤੀ ਯਾਤਰੀਆਂ ਨੂੰ ਹਾਂਗਕਾਂਗ ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ ਦੇ ਤੱਟ 'ਤੇ ਪਹੁੰਚਿਆ ਸੀ। ਇਨ੍ਹਾਂ ਭਾਰਤੀ ਯਾਤਰੀਆਂ ਵਿਚ 340 ਸਿੱਖ, 24 ਮੁਸਲਮਾਨ ਤੇ 12 ਹਿੰਦੂ ਸ਼ਾਮਲ ਸਨ। ਇਹ ਯਾਤਰੀ ਇਕ ਰੁਜ਼ਗਾਰ ਤੇ ਆਰਥਿਕ ਸੁਰੱਖਿਆ ਦੀ ਭਾਲ ਵਿਚ ਸਨ। ਸਮੁੰਦਰੀ ਬੇੜਾ ਬ੍ਰਿਟਿਸ਼ ਕੋਲੰਬੀਆ ਦੇ ਸਮੁੰਦਰੀ ਤੱਟ 'ਤੇ ਪਹੁੰਚਣ 'ਤੇ ਇਨ੍ਹਾਂ ਆਸਵੰਦ ਪਰਵਾਸੀਆਂ ਨੂੰ ਇੱਥੇ ਦਾਖਲ ਨਹੀਂ ਹੋਣ ਦਿੱਤਾ ਗਿਆ ਅਤੇ ਕੋਲਕਾਤਾ 'ਚ ਪੈਂਦੇ ਬਜ-ਬਜ ਘਾਟ ਪਰਤਣ ਲਈ ਮਜਬੂਰ ਕਰ ਦਿੱਤਾ ਗਿਆ। ਜਦੋਂ ਉਹ ਕੋਲਕਾਤਾ ਪਹੁੰਚੇ ਤਾਂ ਭਾਰਤੀ ਇੰਪੀਰੀਅਲ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਤੇ ਉੱਥੇ ਹਿੰਸਾ ਭੜਕ ਗਈ ਜਿਸ ਮਗਰੋਂ ਪੁਲਿਸ ਨੇ ਗੋਲੀਆਂ ਚਲਾ ਦਿੱਤੀਆਂ ਅਤੇ ਇਸ ਗੋਲੀਬਾਰੀ ਵਿਚ 22 ਵਿਅਕਤੀਆਂ ਦੀ ਮੌਤ ਹੋ ਗਈ ਸੀ।

ਰਿਪੋਰਟ ਅਨੁਸਾਰ 1914 ਵਿਚ ਕੋਮਾਗਾਟਾ ਮਾਰੂ ਵਿਚ ਸਵਾਰ ਹੋ ਕੇ ਕੈਨੇਡਾ ਪਹੁੰਚੇ ਵਿਅਕਤੀਆਂ ਦੇ ਵਾਰਿਸਾਂ ਵੱਲੋਂ ਪਿਛਲੀ ਕੌਂਸਲ ਨੂੰ ਅਪੀਲ ਕੀਤੀ ਗਈ ਸੀ ਕਿ ਉਸ ਵੇਲੇ ਐਬਸਫੋਰਡ ਦੇ ਦੱਖਣੀ ਏਸ਼ਿਆਈ ਭਾਈਚਾਰੇ ਵੱਲੋਂ ਮਨੁੱਖਤਾ ਪ੍ਰਤੀ ਨਿਭਾਈ ਗਈ ਭੂਮਿਕਾ ਨੂੰ ਯਾਦ ਕੀਤਾ ਜਾਵੇ। ਉਪਰੰਤ ਕੌਂਸਲ ਵੱਲੋਂ ਇਹ ਫੈਸਲਾ ਲਿਆ ਗਿਆ ਹੈ। ਕੌਂਸਲਰ ਦਵੇ ਸਿੱਧੂ ਨੇ ਕਿਹਾ, "ਇਸ ਨਾਲ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਮਜ਼ਬੂਤ ਸੁਨੇਹਾ ਜਾਵੇਗਾ ਕਿ ਸਾਨੂੰ ਸਾਰਿਆਂ ਨੂੰ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਡਾ ਸਮਾਜ ਹਰੇਕ ਲਈ ਹੋਵੇ।'

# ਕੈਨੇਡਾ ਜਾ ਕੇ ਮੁੱਕਰੀ ਲੜਕੀ ਤੇ ਮਾਪਿਆਂ ਖਿਲਾਫ ਕੇਸ ਦਰਜ

**ਫਗਵਾੜਾ:** ਵਿਆਹ ਕਰਵਾ ਕੇ ਕੈਨੇਡਾ ਗਈ ਲੜਕੀ ਵੱਲੋਂ ਆਪਣੇ ਪਤੀ ਨੂੰ ਵਿਦੇਸ਼ ਨਾ ਸੱਦਣ ਦੇ ਮਾਮਲੇ 'ਚ ਧੋਖਾਧੜੀ ਕਰਨ ਦੇ ਦੋਸ਼ ਹੇਠ ਪੁਲਿਸ ਨੇ ਲੜਕੀ, ਉਸ ਦੇ ਪਿਤਾ ਤੇ ਭਰਾ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਇਸ ਸਬੰਧੀ ਪੀੜਤ ਰੱਜਤ ਸ਼ਰਮਾ ਪੁੱਤਰ ਰਵਿੰਦਰ ਕੁਮਾਰ ਵਾਸੀ ਨਹਿਰੂ ਨਗਰ ਨੇ ਦੱਸਿਆ ਕਿ ਉਸ ਦੀ ਤਾਈ ਨੇ ਉਸ ਦਾ ਰਿਸ਼ਤਾ ਆਪਣੀ ਭਤੀਜੀ ਨਾਲ ਕਰਵਾਇਆ ਸੀ ਅਤੇ 2017 'ਚ ਨਵਾਂਸ਼ਹਿਰ ਵਿਖੇ ਉਨ੍ਹਾਂ ਦਾ ਵਿਆਹ ਹੋ ਗਿਆ।




2017 ਵਿਚ ਲੜਕੀ ਨੇ ਆਪਣੀ ਡਿਗਰੀ ਮੁਕੰਮਲ ਕੀਤੀ ਸੀ, ਜਿਸ ਨੂੰ ਉਸ ਨੇ ਆਈਲੈਟਸ ਕਰਵਾ ਕੇ ਕੈਨੇਡਾ ਭੇਜ ਦਿੱਤਾ। ਕੈਨੇਡਾ ਭੇਜਣ ਦਾ ਸਾਰਾ ਖਰਚਾ ਲੜਕੀ ਦੇ ਸਹੁਰਾ ਪਰਿਵਾਰ ਨੇ ਕੀਤਾ ਸੀ। ਉਸ ਨੇ ਦੱਸਿਆ ਕਿ ਉਸ ਦੀ ਪਤਨੀ ਕੈਨੇਡਾ ਵਿਚ ਉਸ (ਲੜਕੇ) ਦੀ ਭੈਣ ਦੇ ਕੋਲ ਜਾ ਕੇ ਡੇਢ ਸਾਲ ਰਹੀ ਤੇ ਇਸ ਅਰਸੇ ਦੀਆਂ ਫ਼ੀਸਾਂ ਵੀ ਉਸ ਦੀ ਭੈਣ ਨੇ ਦਿੱਤੀਆਂ ਸਨ। ਪੀੜਤ ਨੇ ਦੱਸਿਆ ਕਿ ਹੁਣ ਲੜਕੀ ਵੱਲੋਂ ਉਸ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਰਿਹਾ ਹੈ ਅਤੇ ਉਲਟਾ ਨੇ ਉਸ ਦੇ ਖ਼ਿਲਾਫ਼ ਹੀ ਦਾਜ ਮੰਗਣ ਦਾ ਕੇਸ ਨਵਾਂਸ਼ਹਿਰ 'ਚ ਦਰਜ ਕਰਵਾ ਦਿੱਤਾ, ਜੋ ਕਿ ਜਾਂਚ ਉਪਰੰਤ ਖਾਰਜ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਿਸ ਨੇ ਪੀੜਤ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਲੜਕੀ ਪ੍ਰਿਆ ਸ਼ਰਮਾ, ਉਸ ਦੇ ਪਿਤਾ ਦੀਪਕ ਸ਼ਰਮਾ ਪੁੱਤਰ ਕਿਸ਼ਨ ਲਾਲ ਤੇ ਉਸ ਦੇ ਭਰਾ ਤਰੁਣ ਸ਼ਰਮਾ ਵਾਸੀਆਨ ਮਹਿਮੋਤਪੁਰ ਗਾਦੜੀਆਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਖ਼ਿਲਾਫ਼ ਕੇਸ ਦਰਜ ਕੀਤਾ ਹੈ।

# ਵਿਰੋਧੀ ਧਿਰਾਂ ਨੇ ਤੇਲ ਕੀਮਤਾਂ ਦੇ ਮੁੱਦੇ 'ਤੇ ਮਾਨ ਸਰਕਾਰ ਘੇਰੀ



**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਵੱਲੋਂ ਸੂਬੇ ਵਿਚ ਨਵੀਂ ਉਦਯੋਗਿਕ ਨੀਤੀ ਤੇ ਪੈਟਰੋਲ ਤੇ ਡੀਜ਼ਲ ਉਤੇ 90 ਪੈਸੇ ਪ੍ਰਤੀ ਲਿਟਰ ਸੈੱਸ ਲਾਉਣ ਸਮੇਤ ਕਈ ਹੋਰ ਅਹਿਮ ਫੈਸਲੇ ਲਏ ਗਏ ਹਨ। ਪੈਟਰੋਲ ਅਤੇ ਡੀਜ਼ਲ ਉਪਰ ਸੈੱਸ ਲਾਉਣ ਨਾਲ ਸਰਕਾਰੀ ਖ਼ਜ਼ਾਨੇ ਨੂੰ ਸਾਲਾਨਾ 400 ਕਰੋੜ ਰੁਪਏ ਦਾ ਵਾਧੂ ਮਾਲੀਆ ਮਿਲੇਗਾ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ 'ਚ ਵਾਧਾ ਕਰ ਕੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ। ਉਨ੍ਹਾਂ ਮੰਗ ਕੀਤੀ ਕਿ ਇਹ ਵਾਧਾ ਤੁਰਤ ਵਾਪਸ ਲਿਆ ਜਾਵੇ ਕਿਉਂਕਿ ਇਸ ਨਾਲ ਨਾ ਸਿਰਫ ਸੂਬੇ ਦੇ ਮਾਲੀਏ 'ਤੇ ਮਾੜਾ ਅਸਰ ਪਵੇਗਾ, ਸਗੋਂ ਲੋਕਾਂ 'ਤੇ ਵੀ ਵਾਧੂ ਬੋਝ ਵਧੇਗਾ। ਸ੍ਰੀ ਬਾਜਵਾ ਨੇ ਕਿਹਾ ਕਿ ਪੰਜਾਬ ਕੈਬਨਿਟ ਵੱਲੋਂ ਪੈਟਰੋਲ ਤੇ ਡੀਜ਼ਲ 'ਤੇ ਲਾਇਆ ਗਿਆ 90 ਪੈਸੇ ਦਾ ਸੈੱਸ ਇਕ ਗਲਤ ਫੈਸਲਾ ਹੈ।

ਪੰਜਾਬ ਭਾਜਪਾ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਪੈਟਰੋਲ ਤੇ ਡੀਜ਼ਲ 'ਤੇ 90 ਪੈਸੇ ਦਾ ਵਾਧੂ ਸੈੱਸ ਲਗਾਉਣ ਦੇ ਫੈਸਲੇ ਨੂੰ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪਿਛਲੇ ਦਿਨੀਂ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ 10 ਰੁਪਏ ਪ੍ਰਤੀ ਲਿਟਰ ਦੀ ਵੱਡੀ ਕਟੌਤੀ ਕਰਕੇ ਲੋਕਾਂ ਨੂੰ ਰਾਹਤ ਦਿੱਤੀ ਸੀ, ਪਰ ਸੂਬੇ ਦੀ 'ਆਪ' ਸਰਕਾਰ ਨੇ ਹੋਰ ਬੋਝ ਪਾ ਦਿੱਤਾ ਹੈ। ਜੀਵਨ ਗੁਪਤਾ ਨੇ ਪੰਜਾਬ ਸਰਕਾਰ 'ਤੋਂ ਮੰਗ ਕੀਤੀ ਹੈ ਕਿ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਤੇ ਲਗਾਇਆ ਗਿਆ ਵਾਧੂ ਸੈੱਸ ਤੁਰਤ ਵਾਪਸ ਲਿਆ ਜਾਵੇ ਨਹੀਂ ਤਾਂ ਭਾਜਪਾ ਨੂੰ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਸੜਕਾਂ 'ਤੇ ਉਤਰਨਾ ਪਵੇਗਾ।

# ਸਿੱਖ ਫੌਜੀਆਂ ਲਈ ਹੈਲਮੇਟ ਲਾਜ਼ਮੀ ਕਰਨ ਦੇ ਫੈਸਲੇ ਦਾ ਵਿਰੋਧ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ ਇਕ ਵਫ਼ਦ ਨੇ ਦਿੱਲੀ ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਨਾਲ ਮੁਲਾਕਾਤ ਕਰਕੇ ਕੇਂਦਰ ਵੱਲੋਂ ਸਿੱਖ ਫੌਜੀਆਂ ਲਈ ਹੈਲਮੇਟ ਪਾਉਣਾ ਲਾਜ਼ਮੀ ਕਰਨ ਦੇ ਫੈਸਲੇ ਪ੍ਰਤੀ ਵਿਰੋਧ ਜਤਾਇਆ ਹੈ। ਮੀਟਿੰਗ ਦੌਰਾਨ ਵਫ਼ਦ ਨੇ ਇਸ ਤਜਵੀਜ਼ ਨੂੰ ਮੁੱਢੋਂ ਰੱਦ ਕਰਦਿਆਂ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਚਰਚਾ ਨੂੰ ਫਜ਼ੂਲ ਕਰਾਰ ਦਿੱਤਾ ਹੈ। ਇਹ ਵਫ਼ਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੀਆਂ ਹਦਾਇਤਾਂ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਭੇਜਿਆ ਗਿਆ ਸੀ।

ਵਫ਼ਦ ਵਿਚ ਸ਼ਾਮਲ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਕਮਿਸ਼ਨ ਦੇ ਪ੍ਰਧਾਨ ਇਕਬਾਲ ਸਿੰਘ ਲਾਲਪੁਰਾ ਨੂੰ ਸਪੱਸ਼ਟ ਕੀਤਾ ਹੈ ਕਿ ਸਿੱਖ ਮਰਿਆਦਾ ਅਤੇ ਪਛਾਣ ਦੇ ਮਾਮਲੇ ਵਿਚ ਕਿਸੇ ਕਿਸਮ ਦੀ ਦਖਲਅੰਦਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼੍ਰੋਮਣੀ ਕਮੇਟੀ ਵਫ਼ਦ ਨੇ ਇਤਿਹਾਸ 'ਚੋਂ ਮਿਸਾਲਾਂ ਦਿੰਦਿਆਂ ਆਖਿਆ ਕਿ ਵਿਸ਼ਵ ਜੰਗਾਂ ਤੇ ਭਾਰਤ ਦੀ ਆਜ਼ਾਦੀ ਮਗਰੋਂ ਦੇਸ਼ ਲਈ ਲੜੀਆਂ ਜੰਗਾਂ ਦੌਰਾਨ ਸਿੱਖ ਸਿਪਾਹੀਆਂ ਨੇ ਕਦੇ ਵੀ ਹੈਲਮੇਟ ਨਹੀਂ ਪਾਏ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੁਆਰਾ ਬਖ਼ਸ਼ੀ ਦਸਤਾਰ ਨਾਲ ਸਿੱਖ ਫ਼ੌਜੀਆਂ ਨੇ ਹਮੇਸ਼ਾ ਦੁਸ਼ਮਣ ਦਾ ਮੁਕਾਬਲਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਵਫ਼ਦ ਨੇ ਆਪਣਾ ਪੱਖ ਲਿਖਤੀ ਰੂਪ ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਸੌਂਪਿਆ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਦੀ ਅਗਵਾਈ ਹੇਠਲੇ ਵਫ਼ਦ ਵਿਚ ਮੈਂਬਰ ਰਘਬੀਰ ਸਿੰਘ ਸਹਾਰਨਮਾਜਰਾ, ਦਿੱਲੀ ਦੇ ਸਿੱਖ ਆਗੂ ਸੁਖਵਿੰਦਰ ਸਿੰਘ ਬੱਬਰ, ਬੀਬੀ ਰਣਜੀਤ ਕੌਰ ਅਤੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਸ਼ਾਮਲ ਸਨ।

## ਭਗਵੰਤ ਮਾਨ ਤੇ ਹਰਪਾਲ ਚੀਮਾ ਨੇ ਪੇਸ਼ੀ ਭੁਗਤੀ

**ਚੰਡੀਗੜ੍ਹ:** 2020 ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਰਿਹਾਇਸ਼ ਦਾ ਘਿਰਾਓ ਕਰਨ ਦੇ ਮਾਮਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਸੈਕਟਰ-43 ਸਥਿਤ ਜ਼ਿਲ੍ਹਾ ਅਦਾਲਤ ਵਿਚ ਪੇਸ਼ ਹੋਏ। ਅਦਾਲਤ 'ਚ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਪੇਸ਼ ਨਾ ਹੋ ਸਕੇ, ਜਿਸ ਕਰਕੇ ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 18 ਮਾਰਚ 'ਤੇ ਪਾ ਦਿੱਤੀ ਹੈ।

ਸੂਬੇ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਥੇ ਚੀਫ ਜੁਡੀਸ਼ਲ ਮੈਜਿਸਟ੍ਰੇਟ ਦੀ ਅਦਾਲਤ ਵਿਚ ਸਥਾਨਕ ਸਾਬਕਾ ਵਿਧਾਇਕ ਡਾ. ਹਰਜੋਤ ਕਮਲ ਵੱਲੋਂ ਦਾਇਰ ਕੀਤੇ ਮਾਣਹਾਨੀ ਦੇ ਕੇਸ ਵਿਚ ਪੇਸ਼ੀ ਭੁਗਤੀ। ਵਿੱਤ ਮੰਤਰੀ ਹਰਪਾਲ ਚੀਮਾ ਦੇ ਵਕੀਲਾਂ ਐਡਵੋਕੇਟ ਰਵਿੰਦਰਪਾਲ ਸਿੰਘ ਰੱਤੀਆਂ ਅਤੇ ਬਰਿੰਦਰਪਾਲ ਸਿੰਘ ਰੱਤੀਆਂ ਨੇ ਦੱਸਿਆ ਕਿ ਅਦਾਲਤ ਨੇ ਕੇਸ ਦੀ ਅਗਲੀ ਸੁਣਵਾਈ ਦੀ 17 ਫਰਵਰੀ ਦੀ ਤੈਅ ਕੀਤੀ ਹੈ।

ਪੇਸ਼ੀ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ੍ਰੀ ਚੀਮਾ ਨੇ ਕਿਹਾ ਕਿ ਸੂਬੇ ਦੀ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਲਈ ਸਰਕਾਰ ਗੰਭੀਰਤਾ ਨਾਲ ਯਤਨ ਕਰ ਰਹੀ ਹੈ। ਜੀ.ਐਸ.ਟੀ. ਮਾਲੀਏ ਵਿਚ ਪਹਿਲੀ ਵਾਰ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਉਨ੍ਹਾਂ ਸੂਬੇ ਵਿਚ ਵਿੱਤੀ ਸੰਕਟ ਲਈ ਤਤਕਾਲੀ ਅਕਾਲੀ-ਭਾਜਪਾ, ਕਾਂਗਰਸ ਅਤੇ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ 'ਚ ਨਿਯਮਾਂ ਨੂੰ ਛਿੱਕੇ ਟੰਗ ਕੇ ਚਹੇਤਿਆਂ ਨੂੰ ਨੌਕਰੀਆਂ ਦਿੱਤੀਆਂ ਗਈਆਂ। ਉਨ੍ਹਾਂ ਕੇਂਦਰੀ ਬਜਟ ਨੂੰ ਪੂੰਜੀਪਤੀਆਂ ਦਾ ਬਜਟ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸੂਬੇ 'ਚ ਅਗਲੇ ਮਹੀਨੇ ਪੇਸ਼ ਹੋਣ ਵਾਲਾ ਬਜਟ ਹਰ ਵਰਗ ਲਈ ਸਹੂਲਤਾਂ ਵਾਲਾ ਹੋਵੇਗਾ।

# ਬਿਜਲੀ ਦੀ ਮੰਗ ਪਿਛਲੇ ਸਾਲ ਨਾਲੋਂ 12 ਫੀਸਦ ਵਧੀ

**ਪਟਿਆਲਾ:** ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਇਥੇ ਮੀਡੀਆ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਅਪਰੈਲ 2022 ਤੋਂ ਜਨਵਰੀ 2023 ਤੱਕ ਸੂਬੇ ਵਿਚ ਬਿਜਲੀ ਦੀ ਮੰਗ 60,762 ਮਿਲੀਅਨ ਯੂਨਿਟ ਰਹੀ ਹੈ, ਜੋ ਪਿਛਲੇ ਸਾਲ 54,237 ਐਮ.ਯੂ ਸੀ। ਇਸ ਲਿਹਾਜ਼ ਨਾਲ ਇਸ ਸਾਲ ਬਿਜਲੀ ਦੀ ਮੰਗ ਵਿਚ 12 ਫੀਸਦ ਦਾ ਵਾਧਾ ਹੋਇਆ ਹੈ। ਬਿਜਲੀ ਮੰਤਰੀ ਨੇ ਕਿਹਾ ਕਿ ਮੰਗ ਵੱਧ ਹੋਣ ਦੇ ਬਾਵਜੂਦ ਪਾਵਰਕੌਮ ਨੇ ਆਪਣੇ ਸਰੋਤਾਂ ਦੀ ਸਰਵੋਤਮ ਢੰਗ ਨਾਲ ਵਰਤੋਂ ਕਰ ਕੇ ਇਹ ਪੂਰਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਬਿਜਲੀ ਦੀ ਵਧੀ ਹੋਈ ਮੰਗ ਲਈ ਸਰਕਾਰ ਵੱਲੋਂ ਹੋਰਨਾਂ ਸੂਬਿਆਂ ਤੋਂ ਬਿਜਲੀ ਦੀ ਖਰੀਦ ਵੀ ਕੀਤੀ ਗਈ ਹੈ ਤੇ ਪਾਵਰਕੌਮ ਨੇ ਆਪਣੇ ਥਰਮਲ ਅਤੇ ਹਾਈਡਲ ਪਲਾਂਟਾਂ ਤੋਂ ਵੀ ਬਿਜਲੀ ਉਤਪਾਦਨ ਪੂਰੀ ਸਮਰੱਥਾ ਨਾਲ ਕੀਤਾ ਹੈ। ਇਸ ਕੰਮ ਲਈ ਖਾਸ ਤੌਰ 'ਤੇ 2022 'ਚ ਰੋਪੜ ਤੇ ਲਹਿਰਾ ਥਰਮਲਾਂ ਤੋਂ ਪਿਛਲੇ ਸਾਲ ਦੇ ਮੁਕਾਬਲੇ 12.8 ਫੀਸਦ ਵੱਧ ਬਿਜਲੀ ਉਤਪਾਦਨ ਹੋਇਆ ਹੈ।

ਪਾਵਰਕੌਮ ਦੇ ਆਪਣੇ ਪ੍ਰੋਜੈਕਟਾਂ ਅਤੇ ਬੀ.ਬੀ.ਐਮ.ਬੀ. ਤੋਂ ਹਾਈਡ੍ਰੋ ਜੈਨਰੇਸ਼ਨ ਵੀ ਕ੍ਰਮਵਾਰ 21 ਫੀਸਦ (3567 ਬਨਾਮ 2946 ਐਮ.ਯੂ) ਤੇ 13 ਫੀਸਦ (3454 ਬਨਾਮ 3067 ਐਮਯੂ) ਵੱਧ ਰਹੀ ਹੈ। ਇਸ ਦੇ ਨਾਲ ਹੀ ਰਾਜਾਂ ਦੇ ਨਾਲ ਪਾਵਰ ਬੈਂਕਿੰਗ ਨਿਰਯਾਤ ਵਿਚ 83 ਫੀਸਦ (3487 ਬਨਾਮ 1917 ਐਮਯੂ) ਦਾ ਵਾਧਾ ਦਰਜ ਹੋਇਆ ਹੈ, ਜਿਸ ਬਦਲੇ ਬੈਂਕਿੰਗ ਅਧੀਨ ਬਿਜਲੀ ਦੀ ਉਪਲਬਧਤਾ ਵਿਚ ਪਿਛਲੇ ਸਾਲ ਨਾਲੋਂ 152 ਫੀਸਦ ਵਾਧਾ ਹੋਇਆ ਹੈ।

## 'ਆਪ' ਨੇ ਪਾਵਰਕੌਮ ਨੂੰ ਕੰਗਾਲੀ ਵੱਲ ਧੱਕਿਆ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ 'ਆਪ' ਸਰਕਾਰ ਨੇ ਪੀ.ਐਸ.ਪੀ.ਸੀ.ਐੱਲ. ਨੂੰ ਸਬਸਿਡੀ ਦੇਣ ਤੋਂ ਨਾਂਹ ਕਰ ਦਿੱਤੀ ਹੈ ਤੇ 7 ਹਜ਼ਾਰ ਕਰੋੜ ਰੁਪਏ ਦੇ ਖਰਚੇ ਨਾਲ ਨਜਿੱਠਣ ਵਾਸਤੇ ਕਰਜ਼ੇ ਲੈਣ ਲਈ ਮਜਬੂਰ ਕਰ ਦਿੱਤਾ ਹੈ। ਇਸ ਨਾਲ ਪੰਜਾਬ ਦੇ ਖੇਤੀਬਾੜੀ ਅਤੇ ਉਦਯੋਗਿਕ ਅਰਥਚਾਰੇ ਨੂੰ ਖਤਰੇ ਵਿਚ ਪਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਪੰਜਾਬ ਵਿਚ 'ਨਵੀਂ' ਉਦਯੋਗਿਕ ਨੀਤੀ ਰਾਹੀਂ ਉਦਯੋਗਪਤੀਆਂ ਨਾਲ ਵੱਡਾ ਫਰਾਡ ਕਰ ਰਹੀ ਹੈ ਤੇ ਸਰਕਾਰ ਦਾ ਮਕਸਦ ਸੂਬੇ ਵਿਚ ਉਦਯੋਗਿਕ ਵਿਕਾਸ ਵਾਸਤੇ ਢੁਕਵਾਂ ਮਾਹੌਲ ਦੇਣ ਵਿਚ ਆਪਣੀ ਅਸਫਲਤਾ 'ਤੇ ਪਰਦਾ ਪਾਉਣਾ ਹੈ।

## ਧਰਤੀ ਹੇਠਲਾ ਪਾਣ ਬਾਰੇ ਨਿਰਦੇਸ਼ ਲਾਗੂ


**ਚੰਡੀਗੜ੍ਹ:** ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਿਟੀ ਨੇ 'ਪੰਜਾਬ ਭੂਮੀਗਤ ਪਾਣੀ ਕੱਢਣ ਅਤੇ ਸੰਭਾਲ ਨਿਰਦੇਸ਼-2023' ਨੂੰ ਨੋਟੀਫਾਈ ਕਰ ਦਿੱਤਾ ਹੈ। ਅਥਾਰਿਟੀ ਦਾ ਦਾਅਵਾ ਹੈ ਕਿ ਨਵੇਂ ਨਿਰਦੇਸ਼ ਧਰਤੀ ਹੇਠਲੇ ਪਾਣੀ ਦੀ ਵਰਤੋਂ ਨੂੰ ਨਿਯਮਤ ਕਰਨ ਸਣੇ ਖਪਤਕਾਰਾਂ ਨੂੰ ਜਲ ਸੰਭਾਲ ਸਕੀਮਾਂ ਰਾਹੀਂ ਪਾਣੀ ਦੀ ਸੰਭਾਲ ਲਈ ਉਤਸ਼ਾਹਿਤ ਵੀ ਕਰਨਗੇ। ਪ੍ਰਾਪਤ ਜਾਣਕਾਰੀ ਅਨੁਸਾਰ ਅਥਾਰਿਟੀ ਸੂਬਾ ਸਰਕਾਰ ਦੇ ਵਿਭਾਗਾਂ ਵੱਲੋਂ ਲਾਗੂ ਕੀਤੇ ਜਾਣ ਵਾਲੇ ਜਨਤਕ ਜਲ ਸੰਭਾਲ ਪ੍ਰੋਜੈਕਟਾਂ ਨੂੰ ਵੀ ਫੰਡ ਦੇਵੇਗੀ। ਪੰਜਾਬ ਦੀ ਇਹ ਅਥਾਰਿਟੀ ਭਾਰਤ ਦੀ ਪਹਿਲੀ ਜਲ ਅਥਾਰਿਟੀ ਹੈ, ਜਿਸ ਨੇ ਜਲ ਸੰਭਾਲ ਲਈ ਛੋਟ ਦੇਣ ਦੀ ਪ੍ਰਕਿਰਿਆ ਲਾਗੂ ਕੀਤੀ ਹੈ। ਅਥਾਰਿਟੀ ਦੀ ਪ੍ਰਵਾਨਗੀ ਨਾਲ ਖਪਤਕਾਰ ਜਲ ਸੰਭਾਲ ਯੋਜਨਾ ਨੂੰ ਯੂਨਿਟ ਦੇ ਅੰਦਰ ਜਾਂ ਬਾਹਰ ਲਾਗੂ ਕਰਨ ਦੀ ਚੋਣ ਕਰ ਸਕਦੇ ਹਨ। ਇਸ ਲਈ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਸੰਗਰੂਰ ਜ਼ਿਲ੍ਹੇ ਵਿਚ ਸਰਕਾਰ ਨਾਲ ਤਾਲਮੇਲ ਕਰਕੇ ਪਾਣੀ ਦੀ ਸੰਭਾਲ ਲਈ ਪਾਇਲਟ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਹੈ, ਜੋ ਜ਼ਿਲ੍ਹੇ ਦੇ 29 ਪਿੰਡਾਂ ਦੇ 1720 ਏਕੜ ਨੂੰ ਕਵਰ ਕਰਦਾ ਹੈ।

# ਸਰਕਾਰੀ ਸਕੂਲਾਂ ਦੇ 36 ਪ੍ਰਿੰਸੀਪਲ ਸਿੰਗਾਪੁਰ ਭੇਜੇ



**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰੀ ਸਕੂਲਾਂ ਦੇ 36 ਪ੍ਰਿੰਸੀਪਲਾਂ ਦੇ ਪਹਿਲੇ ਬੈਚ ਨੂੰ ਸਿੱਖਿਆ ਦੇ ਖੇਤਰ 'ਚ ਆਪਣੇ ਪੇਸ਼ੇਵਰ ਗਿਆਨ ਅਤੇ ਮੁਹਾਰਤ ਨਿਖਾਰਨ ਲਈ ਸਿੰਗਾਪੁਰ ਜਾਣ ਵਾਸਤੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇੱਥੇ ਮਗਸੀਪਾ ਵਿਚ ਵਫ਼ਦ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਅਧਿਆਪਕਾਂ ਨੂੰ ਸੂਬੇ 'ਚ 10 ਮਹੀਨਿਆਂ ਤੋਂ ਚੱਲ ਰਹੀ ਸਿੱਖਿਆ ਕ੍ਰਾਂਤੀ ਦੇ ਮੋਹਰੀ ਬਣਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਇਹ ਪਹਿਲਕਦਮੀ ਅਧਿਆਪਕਾਂ ਦੀ ਵਿਦੇਸ਼ 'ਚ ਸਿਖਲਾਈ ਲਈ ਸੂਬਾਈ ਯੋਜਨਾ ਦਾ ਹਿੱਸਾ ਹੈ। ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਅਧਿਆਪਕਾਂ ਦੇ ਪੇਸ਼ੇਵਰ ਹੁਨਰ ਨੂੰ ਨਿਖਾਰਨਾ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਦਾ ਮਕਸਦ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਾਨਵੈਂਟ ਸਕੂਲਾਂ ਦਾ ਮੁਕਾਬਲਾ ਕਰਨ ਦੇ ਯੋਗ ਅਤੇ ਕਾਮਯਾਬ ਬਣਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਧਿਆਪਕ ਕੌਮ ਦੇ ਨਿਰਮਾਤਾ ਹਨ, ਉਹ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰਿੰਸੀਪਲ 6 ਤੋਂ 10 ਫਰਵਰੀ ਤੱਕ ਹੋਣ ਵਾਲੇ 'ਪ੍ਰੋਫੈਸ਼ਨਲ ਟੀਚਰ ਟਰੇਨਿੰਗ' ਸੈਮੀਨਾਰ ਵਿਚ ਹਿੱਸਾ ਲੈਣਗੇ। ਮੁੱਖ ਮੰਤਰੀ ਨੇ ਕਿਹਾ ਕਿ ਸਿਖਲਾਈ ਪੂਰੀ ਕਰਨ ਤੋਂ ਬਾਅਦ ਇਹ ਪਹਿਲਾ ਬੈਚ 11 ਫਰਵਰੀ ਨੂੰ ਪਰਤੇਗਾ।

# 'ਅਗਨੀਵੀਰ' ਭਰਤੀ ਪ੍ਰਕਿਰਿਆ ਵਿਚ ਤਬਦੀਲੀ



**ਨਵੀਂ ਦਿੱਲੀ:** ਭਾਰਤੀ ਫੌਜ ਨੇ 'ਅਗਨੀਵੀਰ' ਭਰਤੀ ਪ੍ਰਕਿਰਿਆ ਵਿਚ ਬਦਲਾਅ ਦਾ ਐਲਾਨ ਕੀਤਾ ਹੈ, ਜਿਸ ਤਹਿਤ ਫੌਜ 'ਚ ਭਰਤੀ ਹੋਣ ਦੇ ਇੱਛੁਕ ਉਮੀਦਵਾਰਾਂ ਨੂੰ ਹੁਣ ਪਹਿਲਾਂ ਆਨਲਾਈਨ ਸਾਂਝੀ ਦਾਖਲਾ ਪ੍ਰੀਖਿਆ (ਸੀ.ਈ.ਈ.) ਦੇਣੀ ਹੋਵੇਗੀ।

ਇਸ ਤੋਂ ਬਾਅਦ ਉਮੀਦਵਾਰਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਹੋਣ (ਫਿਜ਼ੀਕਲ ਫਿਟਨੈੱਸ) ਸਬੰਧੀ ਟੈਸਟ ਅਤੇ ਮੈਡੀਕਲ ਜਾਂਚ 'ਚੋਂ ਗੁਜ਼ਰਨਾ ਹੋਵੇਗਾ। ਫੌਜ ਵੱਲੋਂ ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਿਰਿਆ 'ਚ ਬਦਲਾਅ ਸਬੰਧੀ ਇਸ਼ਤਿਹਾਰ ਦਿੱਤੇ ਗਏ ਹਨ। ਹਾਲਾਂਕਿ, ਸੂਤਰਾਂ ਨੇ ਦੱਸਿਆ ਕਿ ਇਸ ਸਬੰਧੀ ਨੋਟੀਫਿਕੇਸ਼ਨ ਫਰਵਰੀ ਦੇ ਅੱਧ ਤੱਕ ਜਾਰੀ ਹੋਣ ਦੀ ਆਸ ਹੈ। ਸੂਤਰਾਂ ਨੇ ਦੱਸਿਆ ਕਿ ਭਰਤੀ ਲਈ ਪਹਿਲੀ ਆਨਲਾਈਨ ਪ੍ਰੀਖਿਆ ਅਪਰੈਲ ਵਿਚ ਦੇਸ਼ ਭਰ ਦੇ ਲਗਭਗ 200 ਸਥਾਨਾਂ 'ਤੇ ਕਰਵਾਈ ਜਾ ਸਕਦੀ ਹੈ ਅਤੇ ਇਸ ਸਬੰਧੀ ਸਾਰੀਆਂ ਤਿਆਰੀਆਂ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਸੂਤਰ ਨੇ ਕਿਹਾ ਕਿ ਇਸ ਬਦਲਾਅ ਨਾਲ ਭਰਤੀ ਰੈਲੀਆਂ ਦੌਰਾਨ ਦੇਖੀ ਜਾਣ ਵਾਲੀ ਭਾਰੀ ਭੀੜ ਘਟੇਗੀ ਅਤੇ ਭਰਤੀ ਦਾ ਪ੍ਰਬੰਧਨ ਤੇ ਸੰਚਾਲਨ ਆਸਾਨ ਹੋ ਜਾਵੇਗਾ। ਇਕ ਮੋਹਰੀ ਅਖ਼ਬਾਰ ਵਿਚ 'ਭਾਰਤੀ ਫੌਜ ਦੀ ਭਰਤੀ 'ਚ ਪਰਿਵਰਤਨਸ਼ੀਲ ਤਬਦੀਲੀਆਂ' ਸਿਰਲੇਖ ਹੇਠ ਛਪੇ ਇਸ਼ਤਿਹਾਰ ਵਿਚ ਭਰਤੀ ਪ੍ਰਕਿਰਿਆ ਦੀ ਨਵੀਂ ਤਿੰਨ ਪੜਾਵੀ ਕਾਰਜਪ੍ਰਣਾਲੀ ਦੱਸੀ ਗਈ ਹੈ। ਇਸ ਤਹਿਤ ਪਹਿਲੇ ਪੜਾਅ ਵਿਚ ਵੱਖ-ਵੱਖ ਪ੍ਰੀਖਿਆ ਕੇਂਦਰਾਂ ਵਿੱਚ ਸਾਰੇ ਉਮੀਦਵਾਰਾਂ ਦੀ ਆਨਲਾਈਨ ਸਾਂਝੀ ਦਾਖਲਾ ਪ੍ਰੀਖਿਆ ਹੋਵੇਗੀ। ਉਸ ਤੋਂ ਬਾਅਦ ਸਾਂਝੀ ਦਾਖਲਾ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਦਾ ਸਰੀਰਕ ਫਿਟਨੈੱਸ ਟੈਸਟ ਹੋਵੇਗਾ ਅਤੇ ਅਖੀਰ ਵਿਚ ਮੈਡੀਕਲ ਜਾਂਚ ਹੋਵੇਗੀ। ਸੂਤਰ ਨੇ ਕਿਹਾ, "ਅਗਨੀਵੀਰ ਭਰਤੀ ਪ੍ਰਕਿਰਿਆ ਲਈ ਪਹਿਲਾਂ ਉਮੀਦਵਾਰਾਂ ਨੂੰ ਸਰੀਰਕ ਫਿਟਨੈੱਸ ਟੈਸਟ, ਫਿਰ ਮੈਡੀਕਲ ਜਾਂਚ 'ਚੋਂ ਲੰਘਦੇ ਹੋਏ ਅਖੀਰ ਸਾਂਝੀ ਦਾਖਲਾ ਪ੍ਰੀਖਿਆ ਵਿਚ ਬੈਠਣਾ ਪੈਂਦਾ ਸੀ ਪਰ ਹੁਣ ਸਾਂਝੀ ਦਾਖਲਾ ਪ੍ਰੀਖਿਆ ਭਰਤੀ ਪ੍ਰਕਿਰਿਆ ਦਾ ਸਭ ਤੋਂ ਪਹਿਲਾ ਪੜਾਅ ਹੈ।"

# ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਦਾ ਸਮਾਂ ਵਧਾਇਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਸ਼ੁਰੂ ਕੀਤੀ ਦਸਤਖ਼ਤੀ ਮੁਹਿੰਮ ਦੀ ਤਰੀਕ ਇਕ ਮਹੀਨੇ ਲਈ ਹੋਰ ਵਧਾ ਦਿੱਤੀ ਹੈ। ਇਹ ਮੁਹਿੰਮ ਲੰਘੀ ਪਹਿਲੀ ਦਸੰਬਰ ਨੂੰ ਸ਼ੁਰੂ ਕੀਤੀ ਗਈ ਸੀ। ਹੁਣ ਤੱਕ ਸ਼੍ਰੋਮਣੀ ਕਮੇਟੀ ਇਸ ਮੁਹਿੰਮ ਤਹਿਤ 13 ਲੱਖ ਲੋਕਾਂ ਦੇ ਪ੍ਰੋਫਾਰਮੇ ਭਰਵਾ ਚੁੱਕੀ ਹੈ।

ਇਸ ਦੀ ਪੁਸ਼ਟੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਤਰੀਕ ਵਧਾਉਣ ਦਾ ਫੈਸਲਾ ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸ਼੍ਰੋਮਣੀ ਕਮੇਟੀ ਨੇ ਪੰਜਾਬ ਸਮੇਤ ਭਾਰਤ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ਾਂ ਤੋਂ 13 ਲੱਖ ਲੋਕਾਂ ਦੇ ਦਸਤਖ਼ਤ ਪ੍ਰਾਪਤ ਕੀਤੇ ਹਨ।

ਆਨਲਾਈਨ ਰਾਹੀ ਦੇਸ਼ ਤੇ ਵਿਦੇਸ਼ਾਂ ਤੋਂ ਘੱਟੋ-ਘੱਟ 18,000 ਦਸਤਖ਼ਤ ਪ੍ਰਾਪਤ ਹੋਏ ਹਨ। ਲੋਕਾਂ ਨੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਦਿੱਲੀ ਦੇ ਕਈ ਇਤਿਹਾਸਕ ਗੁਰਦੁਆਰਿਆਂ ਵਿਚ ਪ੍ਰੋਫਾਰਮੇ ਭਰ ਕੇ ਸਜਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਮੁਲਕਾਂ ਵਿਚ ਵੀ ਲੋਕ ਇਸ ਅੰਦੋਲਨ ਨੂੰ ਉਤਸ਼ਾਹਿਤ ਕਰਨ ਲਈ ਡਿਜੀਟਲ ਤੌਰ 'ਤੇ ਇਸ ਮੁਹਿੰਮ ਵਿਚ ਸ਼ਾਮਲ ਹੋਏ ਹਨ। ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਵੀ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਦਾ ਸਮਰਥਨ ਕਰਦਿਆਂ ਦਸਤਖ਼ਤ ਕੀਤੇ ਸਨ।

ਪੰਜਾਬ ਟਾਈਮਜ਼

*ਸਨਿਚਰਵਾਰ, 11 ਫਰਵਰੀ 2023*

# ਕੁਦਰਤੀ ਆਫਤਾਂ

ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿਚ ਲਗਾਤਾਰ ਕੁਦਰਤੀ ਆਫਤਾਂ ਵਿਆਪ ਰਹੀਆਂ। ਇਸ ਦਾ ਸਭ ਤੋਂ ਵੱਡਾ ਕਾਰਨ ਤਾਂ ਅੱਜ ਦਾ ਪੂੰਜੀਵਾਦੀ ਵਿਕਾਸ ਮਾਡਲ ਹੈ ਪਰ ਕੁਝ ਹਿੱਸਿਆਂ ਅੰਦਰ ਧਰਤੀ ਹੇਠਲੀਆਂ ਤਬਦੀਲੀਆਂ ਕਾਰਨ ਵੀ ਮਨੁੱਖ ਨੂੰ ਅਜਿਹੀਆਂ ਕੁਦਰਤੀ ਆਫਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤੁਰਕੀ ਅਤੇ ਸੀਰੀਆ ਵਿਚ ਆਏ ਭੂਚਾਲ ਕਾਰਨ 6000 ਤੋਂ ਵੱਧ ਜਾਨਾਂ ਚਲੀਆਂ ਗਈਆਂ ਹਨ ਅਤੇ ਹਜ਼ਾਰਾਂ ਲੋਕ ਜ਼ਖ਼ਮੀ ਹੋਏ ਹਨ। ਅਣਗਿਣਤ ਇਮਾਰਤਾਂ, ਘਰ, ਕਾਰਖ਼ਾਨੇ, ਹਸਪਤਾਲ ਅਤੇ ਹੋਰ ਅਦਾਰੇ ਤਬਾਹ ਹੋ ਗਏ ਹਨ। ਭੂਚਾਲ ਨੇ ਤੁਰਕੀ ਅਤੇ ਸੀਰੀਆ ਦੀ ਸਰਹੱਦ ਨੇੜਲੇ ਇਲਾਕਿਆਂ ਨੂੰ ਆਪਣੀ ਲਪੇਟ ਵਿਚ ਲਿਆ ਹੈ। ਸੀਰੀਆ ਵਿਚ ਇਹ ਦੁਖਾਂਤ ਹੋਰ ਵੀ ਵੱਡਾ ਹੈ ਕਿਉਂਕਿ ਇਹ ਦੇਸ਼ ਪਹਿਲਾਂ ਹੀ ਲੰਮੇ ਚਿਰ ਤੋਂ ਚੱਲ ਰਹੀ ਜੰਗ, ਭੁੱਖਮਰੀ, ਸਿਹਤ ਸਹੂਲਤਾਂ ਦੀ ਅਣਹੋਂਦ ਅਤੇ ਹੋਰ ਦੁਸ਼ਵਾਰੀਆਂ ਦਾ ਸ਼ਿਕਾਰ ਹੈ। ਹਜ਼ਾਰਾਂ ਲੋਕ ਮਲਬਿਆਂ ਦੇ ਢੇਰਾਂ ਹੇਠ ਦੱਬੇ ਪਏ ਹਨ। ਅਨੁਮਾਨਾਂ ਅਨੁਸਾਰ ਮ੍ਰਿਤਕਾਂ ਦੀ ਗਿਣਤੀ 10000 ਤੋਂ ਵਧ ਸਕਦੀ ਹੈ। ਹਜ਼ਾਰਾਂ ਦੀ ਗਿਣਤੀ ਵਿਚ ਰਾਹਤ ਤੇ ਬਚਾਅ ਕਰਮੀ ਸਹਾਇਤਾ ਕਰਨ ਵਿਚ ਜੁੱਟੇ ਹੋਏ ਹਨ। ਸਾਰੇ ਪ੍ਰਮੁੱਖ ਦੇਸ਼ਾਂ ਜਿਨ੍ਹਾਂ ਵਿਚ ਭਾਰਤ ਵੀ ਸ਼ਾਮਲ ਹੈ, ਨੇ ਭੂਚਾਲ ਪੀੜਤਾਂ ਦੀ ਮਦਦ ਕਰਨ ਲਈ ਰਾਹਤ ਟੀਮਾਂ ਭੇਜੀਆਂ ਹਨ।

ਭੂਚਾਲ ਮਾਪਣ ਵਾਲੇ ਪੈਮਾਨੇ ਉਤੇ ਭੂਚਾਲ ਦੀ ਤੀਬਰਤਾ 7.8 ਦੱਸੀ ਜਾ ਰਹੀ ਹੈ। ਕਿਹਾ ਜਾ ਰਿਹਾ ਹੈ ਕਿ ਪਹਿਲਾ ਝਟਕਾ 7.8 ਤੀਬਰਤਾ ਵਾਲਾ ਸੀ ਅਤੇ ਦੂਸਰਾ 7.5 ਮੈਗਨੀਚਿਊਡ ਦਾ ਸੀ। ਇਨ੍ਹਾਂ ਦੋ ਵੱਡੇ ਝਟਕਿਆਂ ਤੋਂ ਬਾਅਦ ਘੱਟ ਤੀਬਰਤਾ ਵਾਲੇ ਕਈ ਝਟਕੇ ਵੀ ਆਉਂਦੇ ਰਹੇ ਜਿਸ ਨਾਲ ਲੋਕਾਂ ਅੰਦਰ ਦਹਿਸ਼ਤ ਵਾਲਾ ਮਾਹੌਲ ਬਣ ਗਿਆ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਪਿਛਲੇ ਦਸ ਸਾਲਾਂ ਵਿਚ ਸਿਰਫ਼ ਦੋ ਹੋਰ ਭੂਚਾਲ ਇੰਨੀ ਤੀਬਰਤਾ ਵਾਲੇ ਸਨ। ਅਸਲ ਵਿਚ ਧਰਤੀ ਹੇਠਲੀ ਪਰਤ ਕਈ ਟੈਕਟੋਨਿਕ ਪਲੇਟਾਂ ਦੀ ਬਣੀ ਹੋਈ ਹੈ ਅਤੇ ਜਦੋਂ ਇਹ ਪਲੇਟਾਂ ਆਪਸ ਵਿਚ ਖਹਿੰਦੀਆਂ ਹਨ ਤਾਂ ਵੱਡੇ ਭੂਚਾਲ ਆਉਂਦੇ ਹਨ। ਤੁਰਕੀ ਤੇ ਸੀਰੀਆ ਦੀ ਸਰਹੱਦ 'ਤੇ ਤਿੰਨ ਟੈਕਟੋਨਿਕ ਪਲੇਟਾਂ (ਅੰਤੋਲੀਅਨ, ਅਰਬੀ ਤੇ ਯੂਰੇਸ਼ੀਅਨ ਪਲੇਟ) ਆਪਸ ਵਿਚ ਮਿਲਦੀਆਂ ਹਨ।ਇਨ੍ਹਾਂ ਪਲੇਟਾਂ ਦੇ ਮਿਲਾਪ ਬਿੰਦੂ 'ਤੇ ਸਥਿਤ ਹੋਣ ਦੇ ਬਾਵਜੂਦ ਪਿਛਲੇ 200 ਸਾਲਾਂ ਵਿਚ ਇਸ ਇਲਾਕੇ ਵਿਚ ਕੋਈ ਵੱਡਾ ਭੂਚਾਲ ਨਹੀਂ ਆਇਆ। ਇਸ ਲਈ ਇਸ ਇਲਾਕੇ ਵਿਚ ਭੂਚਾਲ ਅਤੇ ਅਜਿਹੀਆਂ ਕੁਦਰਤੀ ਆਫ਼ਤਾਂ ਤੋਂ ਬਚਣ ਦਾ ਪ੍ਰਬੰਧ ਵੀ ਕੋਈ ਬਹੁਤਾਜ਼ਿਆਦਾ ਨਹੀਂ ਹੈ। ਇਸੇ ਦੌਰਾਨ ਤੁਰਕੀ ਵਿਚ ਰਾਸ਼ਟਰਪਤੀ ਰੇਸਿਪ ਤਈਅਪ ਅਰਦੋਗਾਂ ਨੇ ਪ੍ਰਭਾਵਿਤ ਸੂਬਿਆਂ ਵਿਚ ਤਿੰਨ ਮਹੀਨੇ ਲਈ ਐਮਰਜੈਂਸੀ ਲਗਾਉਣ ਦਾ ਐਲਾਨ ਕੀਤਾ ਹੈ। ਸੰਯੁਕਤ ਰਾਸ਼ਟਰ ਦੀਆਂ ਏਜੰਸੀਆਂ ਅਨੁਸਾਰ ਸੀਰੀਆ ਦੇ ਪ੍ਰਭਾਵਿਤ ਇਲਾਕਿਆਂ ਵਿਚ ਮਦਦ ਪਹੁੰਚਾਉਣ ਵਿਚ ਕਾਫ਼ੀ ਮੁਸ਼ਕਿਲਾਂ ਆ ਰਹੀਆਂ ਹਨ ਕਿਉਂਕਿ ਸੜਕਾਂ ਨੂੰ ਭਾਰੀ ਨੁਕਸਾਨ ਹੋਇਆ ਹੈ। ਪਿਛਲੇ 11 ਸਾਲਾਂ ਤੋਂ ਚੱਲ ਰਹੇ ਗ੍ਰਹਿਯੁੱਧ ਕਾਰਨ ਸਰਕਾਰੀ ਢਾਂਚਾ ਵੀ ਢਹਿ-ਢੇਰੀ ਹੋ ਗਿਆ ਹੈ। ਇਸ ਗ੍ਰਹਿਯੁੱਧ ਵਿਚ 6 ਲੱਖ ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਅਮਰੀਕਾ, ਰੂਸ, ਇਰਾਨ ਤੇ ਦਹਿਸ਼ਤਗਰਦ ਜਥੇਬੰਦੀਆਂ ਦੇ ਦਖ਼ਲ ਨੇ ਲੋਕਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਹੈ। ਸੰਸਾਰ ਸਿਹਤ ਸੰਗਠਨ ਦਾ ਕਹਿਣਾ ਹੈ ਕਿ ਭੂਚਾਲ ਕਾਰਨ 2.3 ਕਰੋੜ ਲੋਕਾਂ ਦੇ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਹੈ। ਅਮਰੀਕਾ ਅਤੇ ਰੂਸ ਵਰਗੇ ਵੱਡੇ ਮੁਲਕਾਂ ਨੇ ਆਪਣੀ ਸੰਸਾਰ-ਸਿਆਸਤ ਦੇ ਹਿਸਾਬ ਸੀਰੀਆ ਨੂੰ ਜੰਗ ਦਾ ਪਿੜ ਬਣਾ ਕੇ ਰੱਖਿਆ ਹੈ। ਹੁਣ ਇਨ੍ਹਾਂ ਨੂੰ ਚਾਹੀਦਾ ਹੈ ਕਿ ਸੰਕਟ ਦੇ ਸਮੇਂ ਦੌਰਾਨ ਸੀਰੀਆ ਦੇ ਲੋਕਾਂ ਦੀ ਬਾਂਹ ਫੜੀ ਜਾਵੇ। ਕੁਝ ਖੈਰਾਇਤੀ ਸੰਸਥਾਵਾਂ ਭੂਚਾਲ ਤੋਂ ਪੀੜਤ ਲੋਕਾਂ ਨੂੰ ਰਾਹਤ ਦੇਣ ਵਿਚ ਜੁਟ ਗਈਆਂ ਹਨ। ਇਸ ਵਕਤ ਭੂਚਾਲ ਮਾਰੇ ਇਲਾਕਿਆਂ ਦੇ ਲੋਕਾਂ ਨੂੰ ਤੁਰੰਤ ਇਮਦਾਦ ਦੀ ਲੋੜ ਹੈ। ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਨੂੰ ਇਸ ਪਾਸੇ ਤਰਜੀਹੀ ਆਧਾਰ 'ਤੇ ਕੰਮ ਕਰਚਾ ਚਾਹੀਦਾ ਹੈ ਤਾਂ ਕਿ ਉਥੇ ਹੋਈ ਤਬਾਹੀ ਨਾਲ ਪੀੜਤ ਲੋਕਾਂ ਦੀ ਮਦਦ ਹੋ ਸਕੇ।

ਸੱਚਮੁੱਚ ਇਸ ਵਕਤ ਸਮੁੱਚਾ ਸੰਸਾਰ ਵੱਖ-ਵੱਖ ਕਾਰਨਾਂ ਕਰ ਕੇ ਵੱਡੇ ਸੰਕਟਾਂ ਵਿਚੋਂ ਗੁਜ਼ਰ ਰਿਹਾ ਹੈ। ਇਨ੍ਹਾਂ ਵਿਚੋਂ ਇਕ ਸੰਕਟ ਅਮੀਰਾਂ ਅਤੇ ਗਰੀਬਾਂ ਵਿਚਕਾਰ ਵਧ ਰਿਹਾ ਪਾੜਾ ਹੈ। ਇਸ ਪਾੜੇ ਦਾ ਮੁੱਖ ਕਾਰਨ ਸੰਸਾਰ ਦੇ ਬਹੁਤ ਸਾਰੇ ਮੁਲਕਾਂ ਵਿਚ ਲਾਗੂ ਨਵ-ਉਦਾਰਵਾਦੀ ਨੀਤੀਆਂ ਹਨ। ਇਨ੍ਹਾਂ ਨੀਤੀਆਂ ਕਾਰਨ ਧਨ-ਦੌਲਤ ਕੁਝ ਕੁ ਲੋਕਾਂ ਦੇ ਹੱਥਾਂ ਵਿਚ ਸਿਮਟ ਰਹੀ ਹੈ ਅਤੇ ਫਿਰ ਜਦੋਂ ਭੂਚਾਲ ਵਰਗੀਆਂ ਮੁਸੀਬਤਾਂ ਪੈਂਦੀਆਂ ਹਨ ਤਾਂ ਸਭ ਤੋਂ ਵੱਧ ਮੁਸ਼ਕਿਲਾਂ ਗੁਰਬਤ ਮਾਰੇ ਲੋਕਾਂ ਨੂੰ ਹੀ ਸਹਿਣੀਆਂ ਪੈਂਦੀਆਂ ਹਨ। ਇਸੇ ਕਰ ਕੇ ਹੁਣ ਬਹੁਤ ਸਾਰੇ ਮੁਲਕਾਂ ਵਿਚ ਵਿਕਾਸ ਦੇ ਮੌਜੂਦਾ ਮਾਡਲ ਉਤੇ ਸਵਾਲ ਉਠਣੇ ਸ਼ੁਰੂ ਹੋ ਗਏ ਹਨ ਅਤੇ ਕਈ ਮੁਲਕਾਂ ਵਿਚ ਲੋਕ ਜਥੇਬੰਦ ਹੋ ਕੇ ਸੰਘਰਸ਼ ਦੇ ਰਾਹ ਵੀ ਪੈ ਗਏ ਹਨ। ਅਸਲ ਵਿਚ ਪੂੰਜੀਵਾਦ ਨੇ ਪਿਛਲੇ ਕੁਝ ਦਹਾਕਿਆਂ ਦੌਰਾਨ ਕੁਦਰਤ ਨਾਲ ਖਿਲਵਾੜ ਦਾ ਸਿਲਸਿਲਾ ਕੁਝ ਵਧੇਰੇ ਤੇਜ਼ ਕਰ ਦਿੱਤਾ ਹੋਇਆ ਹੈ। ਵੱਖ-ਵੱਖ ਕਾਰਪੋਰੇਟ ਅਦਾਰੇ ਆਪਣੇ ਮੁਨਾਫੇ ਨੂੰ ਮੁੱਖ ਰੱਖ ਕੇ ਕੁਦਰਤੀ ਸਰੋਤਾਂ ਦੀ ਅੰਧਾਧੁੰਦ ਵਰਤੋਂ ਕਰ ਰਹੇ ਹਨ। ਸਿੱਟੇ ਵਜੋਂ ਆਮ ਲੋਕਾਂ ਦੀਆਂ ਮੁਸ਼ਕਿਲਾਂ ਵਿਚ ਨਿੱਤ ਦਿਨ ਵਾਧਾ ਹੋ ਰਿਹਾ ਹੈ। ਇਸ ਦਾ ਇਕੋ-ਇਕ ਹੱਲ ਲੋਕਾਂ ਅੰਦਰ ਜਾਗਰੂਕਤਾ ਪੈਦਾ ਕਰਨਾ ਹੈ। ਜਾਗਰੂਕ ਲੋਕ ਹੀ ਸਰਕਾਰਾਂ ਅਤੇ ਕਾਰੋਪਰੇਟ ਸੈਕਟਰ ਵੱਲੋਂ ਕੁਦਰਤੀ ਸੋਮਿਆਂ ਦੀ ਕੀਤੀ ਜਾ ਰਹੀ ਲੁੱਟ ਨੂੰ ਠੱਲ੍ਹ ਪਾ ਸਕਦੇ ਹਨ।ਵੱਖ-ਵੱਖ ਥਾਈਂ ਇਹ ਹੋਕਰੇ ਲੱਗ ਵੀ ਰਹੇ ਹਨ ਕਿ ਵੱਧ ਤੋਂ ਵੱਧ ਲਾਮਬੰਦ ਹੋ ਕੇ ਕੁਦਰਤ ਅਤੇ ਆਮ ਮਨੁੱਖ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਖਿਲਾਫ ਮੋਰਚੇ ਮੱਲੇ ਜਾਣ; ਨਹੀਂ ਤਾਂ ਸਥਾਪਤੀ-ਤੰਤਰ ਹੁਣ ਅਜਿਹਾ ਰੂਪ ਵਟਾ ਰਿਹਾ ਹੈ ਕਿ ਹਰ ਆਮ ਸ਼ਖਸ ਇਸ ਵਿਕਾਸ ਮਾਡਲ ਦੇ ਘੇਰੇ ਵਿਚੋਂ ਬਾਹਰ ਨਿੱਕਲ ਰਿਹਾ ਹੈ।ਜ਼ਾਹਿਰ ਹੈ ਕਿ ਮੌਜੂਦਾ ਤੰਤਰ ਮੁਨਾਫੇ ਨੂੰ ਤਰਜੀਹ ਦੇ ਰਿਹਾ ਹੈ। ਚਾਹੀਦਾ ਇਹ ਹੈ ਕਿ ਕੁਦਰਤੀ ਆਫਤਾਂ ਬਾਰੇ ਕੋਈ ਸਿਆਸਤ ਕਰਨ ਦੀ ਥਾਂ ਪੀੜਤ ਲੋਕਾਂ ਦੀ ਤੁਰੰਤ ਮਦਦ ਕੀਤੀ ਜਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਧਰਮ ਪ੍ਰਚਾਰ ਕਿ ਵਿਓਪਾਰ?*

ਸੱਚੀ ਮੰਨੀਏ ਉਨ੍ਹਾਂ ਦੀ ਗੱਲ ਕਿਹੜੀ? ਜਿਹੜੇ ਦੋਗਲਾ ਜਿਹਾ ਵਿਵਹਾਰ ਕਰਦੇ।
ਸ਼ਬਦ-ਗੁਰੂ ਨੂੰ ਆਪਣਾ ਇਸ਼ਟ ਕਹਿ ਕੇ, ਗੁਰੂ ਡੰਮ ਦਾ ਨਾਲੇ ਪ੍ਰਚਾਰ ਕਰਦੇ।
ਕਦੇ 'ਪੂਜਾ ਅਕਾਲ ਕੀ' ਗਾਈ ਜਾਂਦੇ, ਨਾਲੇ ਡੇਰਿਆਂ ਦੀ ਜੈ-ਜੈਕਾਰ ਕਰਦੇ।
ਭਗਵੇਂ, ਚਿੱਟੇ ਤੇ ਨੀਲੇ ਰਲ-ਗਡ ਕਰਕੇ, ਧੁੰਦਲਾ ਪੰਥ ਦਾ ਸਭਿਆਚਾਰ ਕਰਦੇ।
ਦੇਖ ਦੇਖ ਕੇ ਕਾਰੇ ਬਹਿਰੂਪੀਆਂ ਦੇ, ਸਿਦਕੀ ਸਿੱਖ ਨੇ ਤਾਹੀਂ ਧ੍ਰਿਗਕਾਰ ਕਰਦੇ।
ਲੇਬਲ 'ਧਰਮ ਪ੍ਰਚਾਰ' ਦੇ ਨਾਮ ਵਾਲਾ, ਲੋਕੀਂ ਸੱਚ ਕਹਿੰਦੇ ਇਹ ਵਿਓਪਾਰ ਕਰਦੇ!

# ਬੇਰੁਜ਼ਗਾਰਾਂ ਅਤੇ ਕਿਰਤੀਆਂ ਦੇ ਹਿੱਤਾਂ ਤੋਂ ਸੱਖਣਾ ਬਜਟ

***ਐਤਕੀਂ ਨਰਿੰਦਰ ਮੋਦੀ ਸਰਕਾਰ ਦਾ ਇਹ ਆਖਰੀ ਮੁਕੰਮਲ ਬਜਟ ਸੀ। ਆਮ ਇਹ ਕਿਹਾ ਜਾ ਰਿਹਾ ਹੈ ਕਿ ਇਸ ਬਜਟ ਵਿਚ ਸਰਕਾਰ ਨੇ ਹਰ ਵਰਗ ਨੂੰ ਖੁਸ਼ ਕਰਨ ਦਾ ਯਤਨ ਕੀਤਾ ਹੈ ਪਰ ਹਕੀਕਤ ਇਹ ਹੈ ਕਿ ਸਰਕਾਰ ਨੇ ਅਜਿਹਾ ਕੁਝ ਵੀ ਨਹੀਂ ਕੀਤਾ; ਸਿਰਫ ਅੰਕੜਿਆਂ ਦੀ ਖੇਡ ਖੇਡੀ ਹੈ। ਇਸ ਬਜਟ ਵਿਚ ਵੀ ਧਨਾਢਾਂ ਲਈ ਗੱਫੇ ਹਨ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਲੰਘੇ ਬੁੱਧਵਾਰ ਭਾਰਤੀ ਵਿੱਤ ਮੰਤਰੀ ਡਾ. ਨਿਰਮਲਾ ਸੀਤਾਰਮਨ ਦੇ ਪੇਸ਼ ਕੀਤੇ ਬਜਟ ਵਿਚ ਦੇਸ਼ ਦੇ ਬੇਰੁਜ਼ਗਾਰਾਂ, ਕਿਸਾਨਾਂ ਅਤੇ ਮਜ਼ਦੂਰਾਂ ਨਾਲ ਬੇਇਨਸਾਫੀ ਸਾਫ ਨਜ਼ਰ ਆਉਂਦੀ ਹੈ। ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਦੂਜੀ ਪਾਰੀ ਦਾ ਇਹ ਆਖਰੀ ਪੂਰਨ ਬਜਟ ਸੀ; ਇਸ ਲਈ ਸੁਭਾਵਿਕ ਹੈ ਕਿ ਮੋਦੀ ਸਰਕਾਰ ਨੇ 2024 ਦੀਆਂ ਆਮ ਚੋਣਾਂ ਅਤੇ 9 ਵਿਧਾਨ ਸਭਾਵਾਂ ਦੀਆਂ ਚੋਣਾਂ ਦੇ ਮੱਦੇਨਜਰ ਲੋਕ ਲੁਭਾਊ ਵਾਅਦਿਆਂ ਤੇ ਦਾਅਵਿਆਂ ਨਾਲ ਇਸ ਬਜਟ ਦੀ ਲਿੱਪਾ-ਪੋਚੀ ਕੀਤੀ ਹੈ। ਜੇਕਰ ਕੇਂਦਰ ਸਰਕਾਰ ਵੱਲੋਂ ਚੋਣਾਂ ਦੇ ਮੱਦੇਨਜ਼ਰ ਪੇਸ਼ ਕੀਤਾ ਇਹ ਬਜਟ ਵੀ ਦੇਸ਼ ਦੇ ਅਮੀਰ ਵਪਾਰਕ ਘਰਾਣਿਆਂ ਦੇ ਹੱਕ ਵਿਚ ਭੁਗਤਦਾ ਨਜ਼ਰ ਆਉਂਦਾ ਹੈ ਤਾਂ ਇਸ ਤੋਂ ਪਹਿਲੇ ਬਜਟ ਕਿਸ ਤਰ੍ਹਾਂ ਦੇ ਹੋਣਗੇ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।



ਬਜਟ ਪੇਸ਼ ਕਰਦਿਆਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 1 ਘੰਟਾ 25 ਮਿੰਟ ਲੰਮੇ ਭਾਸ਼ਣ ਦੌਰਾਨ ਸੱਤ ਤਰਜੀਹਾਂ ਦਾ ਜ਼ਿਕਰ ਕਰਦਿਆਂ ਉਹਨਾਂ ਨੂੰ 'ਸਪਤਰਿਸ਼ੀ' ਕਹਿੰਦਿਆਂ ਦੱਸਿਆ ਕਿ ਇਹ ਦੇਸ਼ ਦੇ ਵਿਕਾਸ ਦਾ ਆਧਾਰ ਹੋਣਗੀਆ ਪਰ ਮੰਤਰੀ ਜੀ ਨੇ ਆਪਣੇ 'ਅੰਮ੍ਰਿਤ ਕਾਲ' ਦੇ ਇਸ ਬਜਟ ਜਾਂ ਭਾਸ਼ਣ ਵਿਚ ਬੇਰੁਜ਼ਗਾਰੀ ਅਤੇ ਮਹਿੰਗਾਈ ਦੀਆਂ ਚੁਣੌਤੀਆਂ ਨੂੰ ਪੂਰਾ ਕਰਨ ਬਾਰੇ ਕੁਝ ਨਹੀਂ ਕਿਹਾ ਹੈ ਜੋ ਆਦਮੀ ਨਾਲ ਜੁੜੀਆਂ ਹਨ। ਆਮ ਆਦਮੀ ਦੇ ਹਿਸਾਬ ਨਾਲ ਕਿਸੇ ਵੀ ਸਰਕਾਰ ਲਈ ਬਜਟ ਦੀ ਸਭ ਤੋਂ ਪ੍ਰਮੁੱਖ ਤਰਜੀਹ ਸਿੱਖਿਆ, ਸਿਹਤ ਦੇ ਖੇਤਰ ਅਤੇ ਰੁਜ਼ਗਾਰ ਦਾ ਮਸਲਾ ਹੋਣੇ ਚਾਹੀਦੇ ਹਨ ਪਰ ਅਫਸੋਸ! ਸਾਡੀ ਅੱਜ ਤੱਕ ਦੀ ਕਿਸੇ ਵੀ ਸਰਕਾਰ ਨੇ ਇਹਨਾਂ ਖੇਤਰਾਂ ਨੂੰ ਤਰਜੀਹ ਨਹੀਂ ਦਿੱਤੀ। ਨਵੀਂ ਸਿੱਖਿਆ ਨੀਤੀ ਦੀ ਪੈਰੋਕਾਰ ਇਸ ਸਰਕਾਰ ਨੇ ਸਿੱਖਿਆ ਦਾ ਬਜਟ 2.64 ਫੀਸਦ ਤੋਂ 2.5 ਅਤੇ ਸਿਹਤ ਖੇਤਰ ਦਾ ਬਜਟ 2.2 ਤੋਂ 1.98 ਫੀਸਦ ਕਰ ਦਿੱਤਾ ਹੈ। ਜ਼ਾਹਿਰ ਹੈ ਕਿ ਜੋ ਸਰਕਾਰ ਸਿੱਖਿਆ ਅਤੇ ਸਿਹਤ ਦੇ ਖੇਤਰ 'ਤੇ ਕੁੱਲ ਬਜਟ ਦਾ 3 ਫੀਸਦ ਤੋਂ ਘੱਟ ਰੱਖ ਰਹੀ ਹੈ, ਉਸ ਦੀ ਤਰਜੀਹ ਆਮ ਲੋਕ ਨਹੀਂ।

ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਮੱਧ ਵਰਗ ਖਾਸਕਰ ਮੁਲਾਜ਼ਮ ਵਰਗ ਨੂੰ 7 ਲੱਖ ਰੁਪਏ ਦੀ ਆਮਦਨ 'ਤੇ ਆਮਦਨ ਕਰ ਵਿਚ ਛੋਟ ਦਿੰਦਿਆਂ ਸਰਕਾਰ ਇਸ ਤਰ੍ਹਾਂ ਦਾ ਬਿਰਤਾਂਤ ਸਿਰਜ ਰਹੀ ਹੈ ਜਿਵੇਂ ਉਸ ਨੇ ਲੋਕਾਂ ਨੂੰ ਬਹੁਤ 'ਵੱਡੀ' ਰਾਹਤ ਦੇ ਦਿੱਤੀ ਹੋਵੇ। ਵੈਸੇ ਤਾਂ ਇਹ ਵੀ ਭਰਮ ਜਾਲ ਹੀ ਹੈ ਕਿਉਂਕਿ 7 ਲੱਖ ਤੋਂ ਇੱਕ ਰੁਪਿਆ ਆਮਦਨ ਵੀ ਜ਼ਿਆਦਾ ਹੋਣ 'ਤੇ ਟੈਕਸ ਸਲੈਬ 3 ਲੱਖ ਤੋਂ ਬਣਨੀ ਸ਼ੁਰੂ ਹੁੰਦੀ ਹੈ ਲੇਕਿਨ ਅਸੀਂ ਇਹ ਮਸਲਾ ਛੱਡ ਵੀ ਦੇਈਏ ਅਤੇ ਸਰਕਾਰ ਨੂੰ ਇਹ ਸਵਾਲ ਕਰੀਏ ਕਿ ਦੇਸ਼ ਵਿਚ 7 ਲੱਖ ਸਾਲਾਨਾ ਕਮਾਉਣ ਵਾਲੇ ਕਿੰਨੇ ਵਿਅਕਤੀ ਹਨ ਤਾਂ ਅਸੀਂ ਸਰਕਾਰ ਵੱਲੋਂ ਪੇਸ਼ ਕੀਤੇ ਇਸ ਲੋਕ ਲੁਭਾਊ ਬਜਟ ਨੂੰ ਸਮਝਣ ਵਾਲੀ ਸਹੀ ਦਿਸ਼ਾ ਵਿਚ ਤੁਰ ਸਕਦੇ ਹਾਂ। ਜਿਸ ਦੇਸ਼ ਵਿਚ ਬਹੁ ਗਿਣਤੀ ਲੋਕਾਂ ਨੂੰ ਤਿੰਨ ਡੰਗ ਦਾ ਸੰਤੁਲਿਤ ਭੋਜਨ ਨਹੀਂ ਮਿਲ ਰਿਹਾ, ਉਸ ਮੁਲਕ ਦੀ ਵਿੱਤ ਮੰਤਰੀ 7 ਲੱਖ ਆਮਦਨ 'ਤੇ ਕਰ ਛੋਟ ਦਿੰਦਿਆਂ ਸੋਚਦੀ ਹੈ ਕਿ ਪੂਰਾ ਦੇਸ਼ ਤਾੜੀਆਂ ਮਾਰੇ!

ਸਰਕਾਰ ਦੀਆਂ ਨੀਤੀਆਂ ਕਾਰਪੋਰੇਟ ਘਰਾਣਿਆਂ ਦੇ ਹੱਕ ਵਿਚ ਭੁਗਤ ਰਹੀਆਂ ਹਨ ਜਿਸ ਕਾਰਨ ਆਰਥਿਕ ਨਾ-ਬਰਾਬਰੀ ਵਧ ਰਹੀ ਹੈ। ਅਮੀਰ ਹੋਰ ਅਮੀਰ ਹੋ ਰਿਹਾ ਹੈ ਤੇ ਗਰੀਬ ਹੋਰ ਜ਼ਿਆਦਾ ਗਰੀਬ। ਦੁਨੀਆ ਦੇ ਚੋਟੀ ਦੇ ਅਮੀਰਾਂ ਵਿਚ ਭਾਰਤੀ ਸ਼ਰਮਾਏਦਾਰ ਸ਼ਾਮਿਲ ਹੋ ਰਹੇ ਹਨ ਤਾਂ ਦੁਨੀਆਂ ਦੇ ਭੁੱਖਮਰੀ ਵਾਲੇ ਅੰਕੜਿਆਂ ਵਿਚ ਵੀ ਸਾਡਾ ਮੁਲਕ ਸ਼ਾਮਿਲ ਹੈ। ਮੌਜੂਦਾ ਬਜਟ ਵੀ ਅਮੀਰਾਂ ਦੇ ਪੱਖ ਵਿਚ ਭੁਗਤਦਾ ਨਜ਼ਰ ਆ ਰਿਹਾ ਹੈ। ਬਜਟ ਦਾ ਵੱਡਾ ਹਿੱਸਾ ਮੂਲ ਢਾਂਚਾ (ਪੁਲ, ਸੜਕਾਂ, ਹਵਾਈ ਅੱਡੇ, ਰੇਲਵੇ ਢਾਂਚਾ) ਖੜ੍ਹਾ ਕਰਨ ਲਈ ਰੱਖਿਆ ਹੈ ਜਿਸ ਨਾਲ ਵੱਡੀਆਂ ਕੰਪਨੀਆਂ



ਦੇ ਪੈਸੇ ਦੀ ਸਰਕੂਲੇਸ਼ਨ ਵਧੇਗੀ। ਭਾਵੇਂ ਲਾਗੂ ਨਹੀਂ ਕੀਤਾ ਜਾ ਰਿਹਾ ਪਰ ਸਾਡੇ ਮੁਲਕ ਵਿਚ ਜ਼ਮੀਨ ਹੱਦਬੰਦੀ ਕਾਨੂੰਨ ਹੈ ਲੇਕਿਨ ਕਾਰਪੋਰੇਟ ਅਦਾਰਿਆਂ ਲਈ ਅਜਿਹਾ ਕੋਈ ਪੂੰਜੀ ਹੱਦਬੰਦੀ ਕਾਨੂੰਨ ਨਜ਼ਰ ਨਹੀਂ ਆਉਂਦਾ ਹੈ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ, ਉਹ ਦੇਸ਼ ਦੇ ਚੋਟੀ ਦੇ ਅਮੀਰਾਂ ਉਤੇ ਵੱਖਰਾ ਦੌਲਤ ਟੈਕਸ ਲਗਾਏ ਪਰ ਇਸ ਬਜਟ ਦੇ ਤੱਥ ਇਸ ਪਾਸੇ ਇਸ਼ਾਰਾ ਕਰਦੇ ਹਨ ਕਿ ਸਰਕਾਰ ਨੇ ਬਜਟ ਰਾਹੀਂ ਚੋਟੀ ਦੇ ਅਮੀਰਾਂ ਦੀ ਪੁਸ਼ਤਪਨਾਹੀ ਕੀਤੀ ਹੈ। ਸਰਕਾਰ ਨੇ ਪਿਛਲੇ ਸਮੇਂ ਵਿਚ ਵੀ ਜਨਤਕ ਅਦਾਰਿਆਂ ਅਤੇ ਬੈਂਕਾਂ ਦਾ ਪੈਸਾ ਅਡਾਨੀ, ਅੰਬਾਨੀ ਵਰਗੇ ਅਦਾਰਿਆਂ ਵਿਚ ਲਗਾ ਕੇ ਉਹਨਾਂ ਨੂੰ ਅੱਗੇ ਵਧਣ ਦੇ ਮੌਕੇ ਮੁਹੱਈਆ ਕੀਤੇ। ਇਨ੍ਹਾਂ ਵਿਚੋਂ ਕਈ ਦੇਸ਼ ਛੱਡ ਕੇ ਫਰਾਰ ਵੀ ਹੋਏ, ਫਿਰ ਵੀ ਸਰਕਾਰ ਦੀ ਧਨਾਢਾਂ ਲਈ ਹਮਦਰਦੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤੀ ਜਨਤਾ ਪਾਰਟੀ ਦੇ ਵੱਡੇ ਆਗੂ ਆਪਣੇ ਭਾਸ਼ਣਾਂ ਵਿਚ ਅਕਸਰ ਹੀ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਤਹਿਤ ਫਸਲਾਂ ਦੀ ਖਰੀਦ ਕਰਨ ਦੇ ਵੱਡੇ-ਵੱਡੇ ਬਿਆਨ ਦਿੰਦੇ ਹਨ ਲੇਕਿਨ ਹੁਣ ਬਜਟ ਵਿਚ ਵੀ ਨਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਪੈਕੇਜ ਹੈ ਤੇ ਨਾ ਹੀ ਜਾਂ ਐਮ.ਐਸ.ਪੀ. ਤਹਿਤ ਫਸਲਾਂ ਦੀ ਖਰੀਦ ਲਈ ਕੋਈ ਵਿਸ਼ੇਸ਼ ਪੈਕੇਜ ਦੀ ਵਿਵਸਥਾ ਹੈ ਸਗੋਂ ਸਰਕਾਰ ਨੇ ਖੇਤੀਬਾੜੀ ਅਤੇ ਖੇਤੀ ਸਹਾਇਕ ਖੇਤਰਾਂ ਲਈ ਪਿਛਲੇ ਵਰ੍ਹੇ ਰੱਖੇ ਕੁੱਲ ਬਜਟ ਦੇ 3.84 ਫੀਸਦ ਦੇ ਮੁਕਾਬਲੇ ਇਸ ਵਾਰ 3.20 ਫੀਸਦ ਹੀ ਰੱਖੇ ਹਨ। ਕਿਸਾਨਾਂ ਨੂੰ ਇਸ ਕਦਰ ਅਣਗੌਲਿਆਂ ਕੀਤਾ ਗਿਆ ਹੈ ਕਿ ਬਜਟ 'ਚ 'ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ' ਲਈ ਪਿਛਲੇ ਵਰ੍ਹੇ ਰੱਖੀ 15,500 ਕਰੋੜ ਰੁਪਏ ਦੀ ਰਾਸ਼ੀ ਨੂੰ ਵੀ ਘਟਾ ਕੇ 13,625 ਕਰੋੜ ਰੁਪਏ ਕਰ ਦਿੱਤਾ ਹੈ ਹਾਲਾਂਕਿ ਰਕਬੇ ਅਤੇ ਕੁਦਰਤੀ ਆਫਤਾਂ ਦੇ ਹਿਸਾਬ ਨਾਲ ਪਿਛਲੇ ਸਾਲ ਦੀ ਰਾਸ਼ੀ ਵੀ ਬਹੁਤ ਨਿਗੂਣੀ ਸੀ।

ਲੰਘੇ ਦੋ-ਤਿੰਨ ਸਾਲਾਂ ਦੌਰਾਨ ਭਾਜਪਾ ਨੇ 'ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ' ਦਾ ਬਹੁਤ ਪ੍ਰਚਾਰ ਕੀਤਾ। ਪ੍ਰਧਾਨ ਮੰਤਰੀ ਵੀ ਇੱਕੋ ਦਿਨ ਦੇਸ਼ ਦੇ ਅਨੇਕਾਂ ਕਿਸਾਨਾਂ ਦੇ ਖਾਤੇ ਵਿਚ 2 ਹਜ਼ਾਰ ਰੁਪਏ ਦੀ ਰਾਸ਼ੀ ਪਾ ਕੇ ਉਸ ਨੂੰ ਪ੍ਰਚਾਰਦੇ ਰਹੇ ਪਰ ਇਸ ਵਾਰ ਬਜਟ ਵਿਚ ਉਹ ਰਾਸ਼ੀ ਵੀ ਪਿਛਲੇ ਸਾਲ ਦੇ ਮੁਕਾਬਲੇ 8 ਹਜ਼ਾਰ ਕਰੋੜ ਰੁਪਏ ਘਟਾ ਦਿੱਤੀ। ਪਿਛਲੇ ਸਾਲ ਪੰਜਾਬ ਸਮੇਤ ਦੇਸ਼ ਦੇ ਕੁਝ ਹਿੱਸਿਆਂ ਵਿਚ ਕਿਸਾਨਾਂ ਨੂੰ ਡੀ.ਏ.ਪੀ., ਯੂਰੀਆ ਖਾਦ ਲੈਣ ਲਈ ਕਈ-ਕਈ ਦਿਨ ਕਤਾਰਾਂ ਵਿਚ ਲੱਗਣਾ ਪਿਆ ਸੀ ਤਾਂ ਬਣਦਾ ਸੀ ਕਿ ਸਰਕਾਰ ਖਾਦ ਸਬਸਿਡੀ ਦੀ ਰਾਸ਼ੀ ਵਧਾ ਕੇ ਖਾਦ ਸੰਕਟ ਦਾ ਹੱਲ ਕਰਦੀ ਪਰ ਸਰਕਾਰ ਨੇ ਖਾਦ 'ਤੇ ਸਬਸਿਡੀ ਪਿਛਲੇ ਸਾਲ ਦੇ ਮੁਕਾਬਲੇ 50 ਹਜ਼ਾਰ ਕਰੋੜ ਰੁਪਏ ਘਟਾ ਦਿੱਤੀ।

ਖੇਤੀ ਖੇਤਰ ਵਿਚ ਹੋਏ ਬੇਲੋੜੇ ਮਸ਼ੀਨੀਕਰਨ ਨੇ ਅਨੇਕਾਂ ਮਜ਼ਦੂਰਾਂ ਨੂੰ ਇਸ ਖੇਤਰ ਵਿਚੋਂ ਵਿਹਲੇ ਕਰ ਦਿੱਤਾ ਹੈ। ਇਸ ਸੂਰਤ ਵਿਚ ਮਹਿੰਗਾਈ ਦੇ ਇਸ ਦੌਰ ਦੌਰਾਨ ਜ਼ਿਆਦਾਤਰ ਪੇਂਡੂ ਮਜ਼ਦੂਰਾਂ ਦੇ ਚੁੱਲ੍ਹੇ ਮਗਨਰੇਗਾ ਦੀ ਦਿਹਾੜੀ ਨਾਲ ਤਪਦੇ ਹਨ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰੇ ਤੇ ਜਦ ਤੱਕ ਰੁਜ਼ਗਾਰ ਨਹੀਂ ਮਿਲਦਾ, ਤਦ ਤੱਕ ਮਗਨਰੇਗਾ ਤਹਿਤ ਫੰਡ ਵਿਚ ਵਾਧਾ ਕਰ ਕੇ ਕੁਦਰਤੀ ਸਾਧਨਾਂ ਤੋਂ ਵਿਰਵੇ ਮਜ਼ਦੂਰਾਂ ਲਈ ਸਾਰਾ ਸਾਲ ਰੁਜ਼ਗਾਰ ਦੇਣਾ ਯਕੀਨੀ ਬਣਾਏ ਪਰ ਸਰਕਾਰ ਵੱਲੋਂ ਬਜਟ ਵਿਚ ਇਸ ਖੇਤਰ ਲਈ ਵੀ ਹੱਥ ਘੁੱਟ ਲਿਆ।

ਪਿਛਲੇ ਸਾਲ (2021-22) ਸਰਕਾਰ ਨੇ ਮਗਨਰੇਗਾ ਲਈ ਬਜਟ ਵਿਚ 73,000 ਕਰੋੜ ਦਾ ਅਨੁਮਾਨਿਤ ਬਜਟ ਰੱਖਿਆ ਸੀ ਜੋ ਬਾਅਦ ਵਿਚ ਪੇਂਡੂ ਬੇਰੁਜ਼ਗਾਰੀ ਦੇ ਮੱਦੇਨਜ਼ਰ ਅਤੇ ਮਜ਼ਦੂਰ ਜਥੇਬੰਦੀਆਂ ਦੇ ਸੰਘਰਸ਼ ਦੇ ਚੱਲਦਿਆਂ ਦੁਹਰਾਏ ਗਏ ਅਨੁਮਾਨਾਂ ਵਿਚ 89,400 ਕਰੋੜ ਰੁਪਏ ਦੀ ਰਾਸ਼ੀ ਬਣੀ। ਉਸ ਤੋਂ ਵੀ ਪਿਛਲੇ ਸਾਲ (2020-21) ਦੌਰਾਨ ਬਜਟ ਵਿਚ 61,500 ਕਰੋੜ ਅਨੁਮਾਨਿਤ ਸਨ ਤੇ ਬਾਅਦ ਵਿਚ 1,11,500 ਤੱਕ ਗਏ। ਇਸ ਲਈ ਪਿਛਲੇ ਦੋ ਸਾਲ ਦੇ ਅੰਕੜਿਆਂ ਦੇ ਹਿਸਾਬ ਨਾਲ ਬਜਟ ਵਿਚ ਮਗਨਰੇਗਾ ਲਈ ਘੱਟੋ-ਘੱਟ 90,000 ਕਰੋੜ ਰੁਪਏ ਰੱਖਣੇ ਬਣਦੇ ਸਨ ਪਰ ਸਰਕਾਰ ਨੇ ਮਗਨਰੇਗਾ ਫੰਡ ਘਟਾ ਕੇ ਮਹਿਜ਼ 60,000 ਕਰੋੜ ਰੁਪਏ ਕਰ ਦਿੱਤਾ। ਹੁਣ ਸਰਕਾਰ ਪਿਛਲੇ ਸਾਲਾਂ ਦੇ ਅੰਕੜੇ ਜਾਰੀ ਕਰ ਕੇ ਕਹਿ ਰਹੀ ਹੈ ਕਿ ਇਹ ਸਿਰਫ ਅਨੁਮਾਨਿਤ ਹੈ ਜਦਕਿ ਖਰਚਿਆ ਵੱਧ ਜਾ ਸਕਦਾ ਹੈ ਪਰ ਕਿਰਤੀ ਵਰਗ ਲਈ 30,000 ਕਰੋੜ ਦੀ ਕੈਂਚੀ ਚਲਾ ਦਿੱਤੀ ਗਈ ਹੈ।

ਮੋਦੀ ਸਰਕਾਰ ਨੇ ਇਸ ਬਜਟ ਰਾਹੀਂ ਵੀ ਆਪਣੀ ਵਿਚਾਰਧਾਰਾ 'ਤੇ ਪਹਿਰਾ ਦਿੱਤਾ ਹੈ ਕਿਉਂਕਿ ਘੱਟ-ਗਿਣਤੀਆਂ ਦੇ ਵਿਕਾਸ ਲਈ ਚੱਲ ਰਹੇ ਅੰਬਰੇਲਾ ਪ੍ਰੋਗਰਾਮ ਤਹਿਤ ਬਜਟ ਘਟਾ ਦਿੱਤਾ ਹੈ। 'ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ' ਹਰ ਨੌਜਵਾਨ ਦਾ ਹੱਕ ਹੈ; ਜਦ ਤੱਕ ਸਰਕਾਰ ਰੁਜ਼ਗਾਰ ਮੁਹੱਈਆ ਨਹੀਂ ਕਰਵਾਉਂਦੀ, ਤਦ ਤੱਕ ਬੇਰੁਜ਼ਗਾਰੀ ਭੱਤਾ ਦੇਣਾ ਬਣਦਾ ਹੈ ਪਰ ਸਾਡੇ ਦੇਸ਼ ਵਿਚ ਅਜਿਹੀ ਠੋਸ ਨੀਤੀ ਲਾਗੂ ਨਾ ਹੋਣ ਕਾਰਨ ਦੇਸ਼ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ ਅਨਿਸ਼ਚਿਤ ਭਵਿੱਖ ਕਾਰਨ ਨਸ਼ਿਆਂ, ਮਾਨਸਿਕ ਰੋਗਾਂ, ਗੈਂਗਵਾਰ ਦੇ ਰਾਹ ਪੈ ਰਹੇ ਹਨ। ਬੇਰੁਜ਼ਗਾਰੀ ਤੋਂ ਅੱਕੇ ਸਿਰਫ ਪੰਜਾਬੀ ਹੀ ਨਹੀਂ ਬਲਕਿ ਦੇਸ਼ ਭਰ ਦੇ ਨੌਜਵਾਨ ਵਿਦੇਸ਼ ਜਾ ਰਹੇ ਹਨ। ਸੋ, ਮੋਦੀ ਸਰਕਾਰ ਨੂੰ ਇਸ ਬਜਟ ਰਾਹੀਂ ਬੇਰੁਜ਼ਗਾਰੀ ਦੇ ਹੱਲ ਅਤੇ ਹਰ ਬੇਰਜ਼ੁਗਾਰ ਤੱਕ ਬੇਰੁਜ਼ਗਾਰੀ ਭੱਤਾ ਪਹੁੰਚਾਉਣ ਦੀ ਵਿਵਸਥਾ ਕਰਨੀ ਬਣਦੀ ਸੀ ਪਰ ਇਸ ਸਰਕਾਰ ਨੇ ਅਜਿਹਾ ਕਰਨ ਦੀ ਬਜਾਇ 'ਦੇਸ਼ ਦੀ ਵਿਕਾਸ ਦਰ ਦੁਨੀਆ ਵਿਚ ਸਭ ਤੋਂ ਬਿਹਤਰ ਹੈ' ਵਰਗੇ ਫੋਕੇ ਨਾਅਰਿਆਂ ਨਾਲ ਬਜਟ ਨੂੰ ਦੇਸ਼ ਭਗਤੀ ਦਾ ਮੁਲੰਮਾ ਚਾੜ੍ਹਿਆ ਹੈ।

# ਜ਼ਮੀਰ ਦੀ ਆਵਾਜ਼, ਝੂਠੇ ਕੇਸ ਅਤੇ ਅਦਾਲਤੀ ਫੈਸਲੇ

***ਪੱਤਰਕਾਰ ਸਿਦੀਕ ਕੱਪਨ, ਵਿਦਿਆਰਥੀ ਸ਼ਰਜੀਲ ਇਮਾਮ ਅਤੇ ਹੋਰਾਂ ਦੇ ਕੇਸਾਂ ਬਾਰੇ ਅਦਾਲਤ ਨੇ ਬੜੀਆਂ ਸਖਤ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਸਭ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਸਾਲਾਂ ਬੱਧੀ ਜੇਲ੍ਹਾਂ ਅੰਦਰ ਡੱਕਿਆ ਗਿਆ ਪਰ ਵੱਖ-ਵੱਖ ਕੇਸਾਂ ਵਿਚ ਜੱਜਾਂ ਦੀਆਂ ਐਸੀਆਂ ਟਿੱਪਣੀਆਂ ਆਰ.ਐੱਸ.ਐੱਸ.-ਭਾਜਪਾ ਲਈ ਕੋਈ ਮਾਇਨੇ ਨਹੀਂ ਰੱਖਦੀਆਂ। ਆਰ.ਐੱਸ.ਐੱਸ.-ਭਾਜਪਾ ਲੋਕਤੰਤਰੀ ਮੁੱਲਾਂ ਦੀ ਸਭ ਤੋਂ ਘੋਰ ਦੁਸ਼ਮਣ ਤਾਕਤ ਸਾਬਤ ਹੋ ਰਹੀ ਹੈ। ਇਸ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਵਿਸਥਾਰ ਸਹਿਤ ਕੀਤੀ ਹੈ।***




***ਲਖਨਊ (ਯੂ.ਪੀ.) ਜੇਲ੍ਹ ਵਿਚੋਂ ਰਿਹਾਈ ਤੋਂ ਬਾਅਦ ਪੱਤਰਕਾਰ ਸਿਦੀਕ ਕੱਪਨ ਆਪਣੀ ਪਤਨੀ ਤੇ ਪੁੱਤਰ ਨਾਲ ਅਤੇ (ਸੱਜੇ) ਜੇ.ਐਨ.ਯੂ. ਦਾ ਵਿਦਿਆਰਥੀ ਸ਼ਰਜੀਲ ਇਮਾਮ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਹਾਲ ਹੀ ਵਿਚ ਪੱਤਰਕਾਰ ਸਿਦੀਕ ਕੱਪਨ ਦੇ ਜੇਲ੍ਹ ਵਿਚੋਂ ਬਾਹਰ ਆਉਣ ਅਤੇ ਜਾਮੀਆ ਮਿਲੀਆ ਯੂਨੀਵਰਸਿਟੀ ਹਿੰਸਾ ਦੇ ਝੂਠੇ ਕੇਸ ਵਿਚ ਫਸਾਏ ਕਾਰਕੁਨਾਂ ਨੂੰ ਅਦਾਲਤ ਵੱਲੋਂ ਬਰੀ ਕੀਤੇ ਜਾਣ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਆਰ.ਐੱਸ.ਐੱਸ.-ਭਾਜਪਾ ਹਕੂਮਤ ਸਰਕਾਰ ਦੀਆਂ ਆਲੋਚਕ ਆਵਾਜ਼ਾਂ ਨੂੰ ਕਿਵੇਂ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਸਾੜ ਰਹੀ ਹੈ। ਸਿਦੀਕ ਕੱਪਨ ਆਖ਼ਿਰਕਾਰ 28 ਮਹੀਨੇ ਜੇਲ੍ਹ ਦਾ ਸੰਤਾਪ ਝੱਲਣ ਤੋਂ ਬਾਅਦ 2 ਫਰਵਰੀ ਨੂੰ ਯੂ.ਪੀ. ਦੀ ਜੇਲ੍ਹ ਵਿਚੋਂ ਬਾਹਰ ਆ ਗਏ। ਜਾਮੀਆ ਮਿਲੀਆ ਕੇਸ ਵਿਚ 4 ਫਰਵਰੀ ਨੂੰ ਦਿੱਲੀ ਦੀ ਸਾਕੇਤ ਅਦਾਲਤ ਵੱਲੋਂ ਸ਼ਰਜੀਲ ਇਮਾਮ ਸਮੇਤ 10 ਕਾਰਕੁਨਾਂ ਨੂੰ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਨੂੰ 'ਬਲੀ ਦਾ ਬੱਕਰਾ' ਬਣਾਇਆ ਗਿਆ ਸੀ। ਸ਼ਰਜੀਲ ਇਮਾਮ ਤਿੰਨ ਸਾਲ ਤੋਂ ਜੇਲ੍ਹ ਵਿਚ ਹਨ ਅਤੇ ਉਨ੍ਹਾਂ ਦੇ ਸਹਿ-ਮੁਲਜ਼ਮਾਂ ਨੂੰ ਵੀ ਬਿਨਾ ਜੁਰਮ ਕੀਤੇ ਜੇਲ੍ਹ ਦਾ ਸੰਤਾਪ ਝੱਲਣਾ ਪਿਆ ਹੈ।

ਸਿਦੀਕ ਕੱਪਨ ਨੂੰ 5 ਅਕਤੂਬਰ 2020 ਨੂੰ ਯੂ.ਪੀ. ਪੁਲਿਸ ਨੇ ਤਿੰਨ ਹੋਰ ਵਿਅਕਤੀਆਂ ਸਮੇਤ ਉਦੋਂ ਗ੍ਰਿਫ਼ਤਾਰ ਕਰ ਲਿਆ ਸੀ ਜਦੋਂ ਉਹ ਹਾਥਰਸ ਕਾਂਡ ਦੀ ਰਿਪੋਰਟ ਕਰਨ ਲਈ ਜਾ ਰਹੇ ਸਨ। ਕੱਪਨ ਮਲਿਆਲਮ ਜ਼ਬਾਨ ਦੀ ਵੈੱਬਸਾਈਟ 'ਅਜ਼ੀਮੁਖਮ' ਲਈ ਕੰਮ ਕਰਦੇ ਸਨ ਅਤੇ ਕੇਰਲ ਦੀ ਵਰਕਿੰਗ ਜਰਨਲਿਸਟ ਯੂਨੀਅਨ ਦੇ ਦਿੱਲੀ 'ਚ ਸਕੱਤਰ ਸਨ। ਹਾਥਰਸ ਵਿਚ ਇਕ ਦਲਿਤ ਲੜਕੀ ਦਾ ਸਮੂਹਿਕ ਬਲਾਤਕਾਰ ਕਰਨ ਤੋਂ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਕੇਸ ਨੂੰ ਦਬਾਉਣ ਲਈ ਪੁਲਿਸ ਨੇ ਪਰਿਵਾਰ ਨੂੰ ਦੱਸੇ ਬਿਨਾ ਹੀ ਅੱਧੀ ਰਾਤ ਨੂੰ ਲੜਕੀ ਦੀ ਲਾਸ਼ ਨੂੰ ਜਲਾ ਦਿੱਤਾ ਗਿਆ ਸੀ। ਇਸ ਕਾਂਡ ਨੂੰ ਅੰਜਾਮ ਦੇਣ ਵਾਲੇ ਦਰਿੰਦੇ ਭਗਵੀ ਹਕੂਮਤ ਦੇ ਚਹੇਤੇ ਸਨ ਅਤੇ ਮਹੰਤ ਅਦਿੱਤਿਆਨਾਥ ਦੀ ਸਰਕਾਰ ਅਤੇ ਪੁਲਿਸ-ਪ੍ਰਸ਼ਾਸਨ ਉਨ੍ਹਾਂ ਨੂੰ ਬਚਾਉਣ ਲਈ ਇਸ ਕੇਸ ਨੂੰ ਦਬਾ ਦੇਣਾ ਚਾਹੁੰਦੇ ਸਨ। ਬਲਾਤਕਾਰੀਆਂ ਦੀ ਰਾਜਸੀ ਸਰਪ੍ਰਸਤੀ ਕਰਨ ਦੀ ਆਪਣੀ ਕਰਤੂਤ ਉੱਪਰ ਪਰਦਾ ਪਾਉਣ ਅਤੇ ਮੀਡੀਆ ਨੂੰ ਇਸ ਕਾਂਡ ਦੀ ਰਿਪੋਰਟ ਕਰਨ ਤੋਂ ਰੋਕਣ ਲਈ ਅਦਿੱਤਿਆਨਾਥ ਸਰਕਾਰ ਨੇ ਹਰ ਹਰਬਾ ਵਰਤਿਆ। ਪੱਤਰਕਾਰਾਂ ਨੂੰ ਰਿਪੋਰਟ ਕਰਨ ਤੋਂ ਰੋਕਿਆ ਗਿਆ। ਇਸੇ ਦੇ ਹਿੱਸੇ ਵਜੋਂ ਕੱਪਨ ਨੂੰ ਮੇਰਠ ਯੂਨੀਵਰਸਿਟੀ ਦੇ ਵਿਦਿਆਰਥੀ, ਜਾਮੀਆ ਮਿਲੀਆ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਅਤੇ ਇਕ ਹੋਰ ਸ਼ਖਸ ਸਮੇਤ ਗ੍ਰਿਫ਼ਤਾਰ ਕਰ ਕੇ, ਰਾਜਧ੍ਰੋਹ, ਯੂ.ਏ.ਪੀ.ਏ. ਅਤੇ ਹੋਰ ਦਹਿਸ਼ਤਵਾਦੀ ਧਾਰਾਵਾਂ ਲਗਾ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਉਨ੍ਹਾਂ ਉੱਪਰ ਇਲਜ਼ਾਮ ਲਗਾਇਆ ਗਿਆ ਕਿ ਉਹ ਕਥਿਤ ਤੌਰ 'ਤੇ ਪਾਬੰਦੀਸ਼ੁਦਾ 'ਪਾਪੂਲਰ ਫਰੰਟ ਆਫ ਇੰਡੀਆ' ਅਤੇ ਇਸ ਦੇ ਵਿਦਿਆਰਥੀ ਵਿੰਗ 'ਕੈਂਪਸ ਫਰੰਟ ਆਫ ਇੰਡੀਆ' ਲਈ ਕੰਮ ਕਰਦੇ ਹਨ। ਉਨ੍ਹਾਂ ਦਾ ਸੰਬੰਧ ਕੇ.ਏ. ਰਾਊਫ਼ ਵੱਲੋਂ ਕਥਿਤ ਤੌਰ 'ਤੇ ਵਸੂਲ ਕੀਤੇ ਇਕ ਕਰੋੜ ਛੱਤੀ ਲੱਖ ਰੁਪਏ ਦੀ ਮਨੀ ਲਾਂਡਰਿੰਗ ਨਾਲ ਜੋੜਿਆ ਗਿਆ। ਇਹ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਨੇ ਦੋਹਾ ਅਤੇ ਮਸਕਟ ਵਿਚ ਸਥਿਤ ਵਿਤੀ ਸੰਸਥਾਵਾਂ ਤੋਂ 80 ਲੱਖ ਰੁਪਏ ਪ੍ਰਾਪਤ ਕੀਤੇ ਸਨ ਜਿਸ ਦਾ ਮਕਸਦ ਉੱਤਰ ਪ੍ਰਦੇਸ਼ ਵਿਚ ਗੜਬੜ ਫੈਲਾਉਣਾ ਹੈ। ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਲੈਪਟਾਪ ਅਤੇ ਮੋਬਾਈਲ ਫੋਨਾਂ ਵਿਚੋਂ ਜੁਰਮ ਦੇ ਕਈ ਸਬੂਤ ਮਿਲੇ ਹਨ ਜਦਕਿ ਗ੍ਰਿਫ਼ਤਾਰੀ ਦੇ ਵਕਤ ਕੱਪਨ ਕੋਲੋਂ ਮਹਿਜ਼ ਕੁਝ ਸੌ ਰੁਪਏ ਬਰਾਮਦ ਹੋਏ ਸਨ। ਇਸ ਝੂਠੇ ਕੇਸ ਦਾ ਦੇਸ਼-ਵਿਦੇਸ਼ ਵਿਚ ਵਿਆਪਕ ਵਿਰੋਧ ਹੋਇਆ। ਕੇਰਲ ਦੇ ਮੁੱਖ ਮੰਤਰੀ ਨੇ ਆਪਣੇ ਯੂ.ਪੀ. ਹਮਰੁਤਬਾ ਨੂੰ ਚਿੱਠੀ ਲਿਖ ਕੇ ਪੱਤਰਕਾਰ ਨੂੰ ਰਿਹਾਅ ਕਰਨ ਲਈ ਕਿਹਾ। ਇਸ ਦੇ ਬਾਵਜੂਦ ਅਦਿੱਤਿਆਨਾਥ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ।

ਜੇਲ੍ਹ ਵਿਚ ਕੱਪਨ ਨਾਲ ਘੋਰ ਅਣਮਨੁੱਖੀ ਸਲੂਕ ਕਰ ਕੇ ਉਸ ਦਾ ਮਨੋਬਲ ਤੋੜਨ ਅਤੇ ਇਸ ਜ਼ਰੀਏ ਬਾਕੀ ਪੱਤਰਕਾਰਾਂ ਅਤੇ ਸਰਕਾਰ ਉੱਪਰ ਸਵਾਲ ਉਠਾਉਣ ਵਾਲਿਆਂ ਨੂੰ ਜ਼ਬਾਨ ਬੰਦ ਕਰ ਲੈਣ ਦਾ ਫਾਸ਼ੀਵਾਦੀ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ। ਕਰੋਨਾ ਇਨਫੈਕਸ਼ਨ ਦੇ ਬਾਵਜੂਦ ਕੱਪਨ ਦਾ ਇਲਾਜ ਨਹੀਂ ਕਰਵਾਇਆ ਗਿਆ ਅਤੇ ਹਸਪਤਾਲ ਵਿਚ ਦਾਖ਼ਲ ਕਰਵਾ ਕੇ ਵੀ ਉਸ ਨੂੰ ਬੈੱਡ ਨਾਲ ਬੰਨ੍ਹ ਕੇ ਰੱਖਿਆ। ਉਸ ਦੀ ਪਤਨੀ ਅਤੇ ਪਰਿਵਾਰ ਨੂੰ ਉਸ ਨਾਲ ਮੁਲਾਕਾਤ ਨਹੀਂ ਕਰਨ ਦਿੱਤੀ। ਉਸ ਦੀ ਜ਼ਮਾਨਤ ਰੋਕਣ ਲਈ ਯੂ.ਪੀ. ਪੁਲਿਸ ਅਤੇ ਈ.ਡੀ. ਨੇ ਸ਼ਾਇਦ ਹੀ ਕੋਈ ਕਸਰ ਬਾਕੀ ਛੱਡੀ ਹੋਵੇ। 9 ਸਤੰਬਰ 2022 ਨੂੰ ਉਸ ਨੂੰ ਸਾਰੇ ਕੇਸਾਂ ਵਿਚ ਜ਼ਮਾਨਤ ਦੇ ਦਿੱਤੀ ਸੀ ਪਰ ਈ.ਡੀ. ਨੇ ਇਸ ਬਹਾਨੇ ਉਸ ਦੀ ਰਿਹਾਈ ਨਹੀਂ ਹੋਣ ਦਿੱਤੀ ਕਿ ਉਸ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਬਾਕੀ ਹੈ। ਇਹ ਪੂਰੀ ਤਰ੍ਹਾਂ ਝੂਠਾ ਕੇਸ ਸਿਰਫ਼ ਇਸੇ ਲਈ ਬਣਾਇਆ ਗਿਆ ਸੀ ਕਿ ਜ਼ਮਾਨਤ ਦੇ ਬਾਵਜੂਦ ਉਹ ਜੇਲ੍ਹ ਤੋਂ ਬਾਹਰ ਨਾ ਆ ਸਕੇ। ਦਸੰਬਰ 2022 ਵਿਚ ਉਸ ਨੂੰ ਇਸ ਕੇਸ ਵਿਚ ਵੀ ਜ਼ਮਾਨਤ ਮਿਲ ਗਈ। ਜ਼ਮਾਨਤ ਦਿੰਦੇ ਹੋਏ ਅਲਾਹਾਬਾਦ ਹਾਈਕੋਰਟ ਨੇ ਕਿਹਾ ਕਿ ਉਸ ਦੇ ਸਹਿ-ਮੁਲਜ਼ਮ ਅਤੀਕੁਰ ਰਹਿਮਾਨ ਦੇ ਬੈਂਕ ਖਾਤੇ ਵਿਚ ਸਿਰਫ਼ ਪੰਜ ਹਜ਼ਾਰ ਰੁਪਏ ਟਰਾਂਸਫਰ ਹੋਣ ਤੋਂ ਇਲਾਵਾ ਉਨ੍ਹਾਂ ਦੇ ਖ਼ਾਤਿਆਂ ਵਿਚ ਹੋਰ ਕੋਈ ਰਕਮ ਟਰਾਂਸਫਰ ਨਹੀਂ ਹੋਈ, ਇਸ ਲਈ ਮਨੀ ਲਾਂਡਰਿੰਗ ਦਾ ਕੋਈ ਜੁਰਮ ਨਹੀਂ ਬਣਦਾ। ਕੱਪਨ ਭਾਵੇਂ ਜੇਲ੍ਹ ਵਿਚੋਂ ਬਾਹਰ ਆ ਗਏ ਹਨ ਪਰ ਉਨ੍ਹਾਂ ਉੱਪਰ ਪਾਏ ਝੂਠੇ ਕੇਸ ਉਸੇ ਤਰ੍ਹਾਂ ਬਰਕਰਾਰ ਹਨ।

ਦੂਜਾ ਮਹੱਤਵਪੂਰਨ ਅਦਾਲਤੀ ਫ਼ੈਸਲਾ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਵਿਰੁੱਧ ਅੰਦੋਲਨ ਦੌਰਾਨ ਝੂਠੇ ਕੇਸਾਂ ਵਿਚ ਫਸਾਏ ਕਾਰਕੁਨਾਂ ਨਾਲ ਸੰਬੰਧਿਤ ਹੈ। ਦਿੱਲੀ ਪੁਲਿਸ ਜੋ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਵਜੋਂ ਕੰਮ ਕਰਦੀ ਹੈ, ਨੇ ਆਪਣੇ ਰਾਜਸੀ ਬੌਸਾਂ ਦੇ ਇਸ਼ਾਰੇ 'ਤੇ ਇਸ ਅੰਦੋਲਨ ਨੂੰ ਦਬਾਉਣ ਲਈ ਪੁਰਅਮਨ ਅੰਦੋਲਨਕਾਰੀਆਂ ਵਿਰੁੱਧ ਲਾਠੀ-ਗੋਲੀ ਦੀ ਬਦਰੇਗ ਵਰਤੋਂ ਕੀਤੀ। ਪੁਲਿਸ ਨੇ ਭਗਵੇਂ ਦਹਿਸ਼ਤੀ ਗਰੋਹਾਂ ਨਾਲ ਮਿਲ ਕੇ ਅੰਦੋਲਨਕਾਰੀਆਂ ਉੱਪਰ ਵਹਿਸ਼ੀਆਨਾ ਹਮਲੇ ਕੀਤੇ ਅਤੇ ਫਿਰ ਸਿਰ ਕੱਢਵੀਂ ਭੂਮਿਕਾ ਨਿਭਾਉਣ ਵਾਲੇ ਬਹੁਤ ਸਾਰੇ ਕਾਰਕੁਨਾਂ ਅਤੇ ਵਿਦਿਆਰਥੀ ਆਗੂਆਂ ਉੱਪਰ ਸਰਕਾਰ ਦਾ ਤਖ਼ਤਾ ਪਲਟਣ ਲਈ ਹਿੰਸਾ ਦੀ ਸਾਜ਼ਿਸ਼ ਰਚਣ ਦੇ ਝੂਠੇ ਕੇਸ ਪਾ ਦਿੱਤੇ। ਇਨ੍ਹਾਂ ਵਿਚੋਂ ਇਕ ਕੇਸ 13 ਦਸੰਬਰ (12 ਦਸੰਬਰ 2019 ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਨਾਗਰਿਕਤਾ ਸੋਧ ਬਿੱਲ ਉੱਪਰ ਦਸਤਖ਼ਤ ਕੀਤੇ ਜਾਣ ਤੋਂ ਅਗਲੇ ਦਿਨ) ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਤੋਂ ਪਾਰਲੀਮੈਂਟ ਵੱਲ ਮਾਰਚ ਕਰ ਕੇ ਹਿੰਸਾ ਭੜਕਾਉਣ ਦਾ ਸੀ। ਪੁਲਿਸ ਨੇ ਕੇਸ ਬਣਾਇਆ ਕਿ ਹਿੰਸਾ ਸ਼ਰਜੀਲ ਇਮਾਮ ਦੇ ਭਾਸ਼ਣ ਦੇਣ ਨਾਲ ਭਵਕੀ; ਕਿ ਜਦੋਂ 700-800 ਮੁਜ਼ਾਹਰਾਕਾਰੀਆਂ ਨੂੰ ਪੁਲਿਸ ਨੇ ਦਫ਼ਾ 144 ਦੀ ਉਲੰਘਣਾ ਕਰ ਕੇ ਮਾਰਚ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਖਿੰਡਣ ਦੀ ਬਜਾਇ ਪਥਰਾਓ ਕੀਤਾ, ਬੈਰੀਕੇਡ ਤੋੜੇ, ਟਾਇਰਾਂ ਨੂੰ ਅੱਗ ਲਗਾ ਕੇ ਅੱਗਜ਼ਨੀ ਕੀਤੀ ਅਤੇ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਭੰਨਤੋੜ ਕੀਤੀ। ਹਿੰਸਕ ਮੁਜ਼ਾਹਰਾਕਾਰੀਆਂ ਨੂੰ ਕੰਟਰੋਲ ਕਰਨ ਲਈ ਪੁਲਿਸ ਨੂੰ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ। ਤਿੰਨ ਸਾਲ ਵਿਚ ਪੁਲਿਸ ਉਨ੍ਹਾਂ ਵਿਰੁੱਧ ਕੋਈ ਠੋਸ ਸਬੂਤ ਅਤੇ ਸੁਤੰਤਰ ਗਵਾਹ ਪੇਸ਼ ਨਹੀਂ ਕਰ ਸਕੀ। ਇੱਥੋਂ ਤੱਕ ਕਿ ਦਿੱਲੀ ਪੁਲਿਸ ਦਾ ਇਲਾਕੇ ਵਿਚ ਦਫ਼ਾ 144 ਲਗਾਏ ਜਾਣ ਦਾ ਦਾਅਵਾ ਵੀ ਝੂਠਾ ਸਾਬਤ ਹੋਇਆ। ਇਸੇ ਕੇਸ ਵਿਚ ਹੁਣ ਅਦਾਲਤ ਨੇ ਜੇ.ਐੱਨ.ਯੂ. ਦੇ ਵਿਦਿਆਰਥੀ ਕਾਰਕੁਨ ਸ਼ਰਜੀਲ ਇਮਾਮ, ਕਾਰਕੁਨ ਆਸਿਫ ਇਕਬਾਲ ਤਨਹਾ, ਸਫ਼ੂਰਾ ਜ਼ਰਗਰ ਅਤੇ ਅੱਠ ਹੋਰਾਂ ਨੂੰ ਬਰੀ ਕਰ ਦਿੱਤਾ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਵਿਦਿਆਰਥੀ ਹਨ। ਇਮਾਮ ਅਜੇ ਜੇਲ੍ਹ ਵਿਚੋਂ ਬਾਹਰ ਨਹੀਂ ਆ ਸਕਣਗੇ ਕਿਉਂਕਿ ਉਸ ਵਿਰੁੱਧ 2019 ਦੀ ਹਿੰਸਾ ਦੇ ਤਿੰਨ ਹੋਰ ਮੁਕੱਦਮੇ ਵੀ ਦਰਜ ਹਨ। ਉਹ ਸਿਰਫ਼ 13 ਦਸੰਬਰ ਵਾਲੇ ਮੁਕੱਦਮੇ ਵਿਚੋਂ ਬਰੀ ਹੋਏ ਹਨ।

ਇਸ ਕੇਸ ਵਿਚ ਫ਼ੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਕਿਹਾ, ਇਸ ਕੇਸ 'ਚ ਦਾਇਰ ਮੁੱਖ ਚਾਰਜਸ਼ੀਟ ਅਤੇ ਤਿੰਨ ਪੂਰਕ ਚਾਰਜਸ਼ੀਟਾਂ 'ਚ ਜੋ ਤੱਥ ਸਾਡੇ ਸਾਹਮਣੇ ਲਿਆਂਦੇ ਗਏ ਹਨ, ਉਨ੍ਹਾਂ ਤੋਂ ਅਦਾਲਤ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਪੁਲਿਸ ਜੁਰਮ ਨੂੰ ਅੰਜਾਮ ਦੇਣ ਵਾਲੇ ਅਸਲ ਮੁਜਰਿਮਾਂ ਨੂੰ ਫੜਨ ਵਿਚ ਨਾਕਾਮ ਰਹੀ ਹੈ ਲੇਕਿਨ ਲੋਕਾਂ ਨੂੰ ਬਲੀ ਦੇ ਬੱਕਰੇ ਬਣਾ ਕੇ ਗ੍ਰਿਫ਼ਤਾਰ ਕਰਨ ਵਿਚ ਕਾਮਯਾਬ ਰਹੀ। ਪੁਲਿਸ ਨੇ ਇਮਾਮ, ਤਨਹਾ ਅਤੇ ਸਫ਼ੂਰਾ ਜ਼ਰਗਰ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਪੁਲਿਸ ਦੀ ਇਸ ਤਰ੍ਹਾਂ ਦੀ ਕਾਰਵਾਈ ਐਸੇ ਨਾਗਰਿਕਾਂ ਦੀ ਆਜ਼ਾਦੀ ਨੂੰ ਸੱਟ ਮਾਰਦੀ ਹੈ ਜੋ ਆਪਣੇ ਮੌਲਿਕ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਇਕੱਠੇ ਹੁੰਦੇ ਹਨ। ਸ਼ਰਜੀਲ ਇਮਾਮ ਅਤੇ ਇਕਬਾਲ ਤਨਹਾ ਨੂੰ ਇਸ ਤਰ੍ਹਾਂ ਦੇ ਲੰਮੇ ਅਤੇ ਕਠੋਰ ਮੁਕੱਦਮੇ ਵਿਚ ਘੜੀਸਣਾ ਮੁਲਕ ਅਤੇ ਕ੍ਰਿਮੀਨਲ ਨਿਆਂ ਪ੍ਰਣਾਲੀ ਲਈ ਚੰਗਾ ਨਹੀਂ। ਅਦਾਲਤ ਨੇ ਇਹ ਵੀ ਕਿਹਾ ਕਿ 'ਜਦੋਂ ਵੀ ਕੋਈ ਚੀਜ਼ ਸਾਡੀ ਜ਼ਮੀਰ ਦੇ ਖ਼ਿਲਾਫ਼ ਜਾਂਦੀ ਹੈ ਤਾਂ ਅਸੀਂ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੇ ਹਾਂ। ਆਪਣਾ ਫ਼ਰਜ਼ ਸਮਝਦੇ ਹੋਏ ਅਸੀਂ ਅਜਿਹਾ ਕਰਨ ਤੋਂ ਇਨਕਾਰ ਕਰਦੇ ਹਾਂ। ਇਹ ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਐਸੀ ਕਿਸੇ ਵੀ ਗੱਲ ਨੂੰ ਮੰਨਣ ਤੋਂ ਇਨਕਾਰ ਕਰੀਏ ਜੇ ਸਾਡੀ ਜ਼ਮੀਰ ਦੇ ਖ਼ਿਲਾਫ਼ ਹੈ।' ਜੱਜ ਨੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਪਿੱਛੇ ਜਿਹੇ ਕੀਤੀ ਉਸ ਟਿੱਪਣੀ ਦਾ ਹਵਾਲਾ ਵੀ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ 'ਸਵਾਲ ਕਰਨ ਅਤੇ ਅਸਹਿਮਤੀਆਂ ਲਈ ਸਪੇਸ ਖ਼ਤਮ ਕਰਨਾ ਰਾਜਨੀਤਕ, ਆਰਥਿਕ ਅਤੇ ਸਮਾਜੀ ਤਰੱਕੀ ਦੇ ਆਧਾਰ ਨੂੰ ਖ਼ਤਮ ਕਰਨਾ ਹੈ। ਇਸ ਲਿਹਾਜ਼ ਨਾਲ ਅਸਹਿਮਤੀ ਲੋਕਤੰਤਰ ਦਾ ਸੇਫ਼ਟੀ ਵਾਲਵ ਹੈ।'

ਵੱਖ-ਵੱਖ ਕੇਸਾਂ ਵਿਚ ਜੱਜਾਂ ਦੀਆਂ ਐਸੀਆਂ ਟਿੱਪਣੀਆਂ ਫਾਸ਼ੀਵਾਦੀ ਆਰ.ਐੱਸ.ਐੱਸ.-ਭਾਜਪਾ ਲਈ ਕੋਈ ਮਾਇਨੇ ਨਹੀਂ ਰੱਖਦੀਆਂ। ਆਰ.ਐੱਸ.ਐੱਸ.-ਭਾਜਪਾ ਖ਼ਾਸ ਕਰ ਕੇ ਲੋਕਤੰਤਰੀ ਮੁੱਲਾਂ ਦੀ ਸਭ ਤੋਂ ਘੋਰ ਦੁਸ਼ਮਣ ਤਾਕਤ ਹੈ। ਭਗਵੇਂ ਹੁਕਮਰਾਨ ਸਵਾਲ ਉਠਾਉਣ ਵਾਲਿਆਂ ਨੂੰ ਆਪਣੇ ਕਾਰਪੋਰੇਟ ਪੱਖੀ ਆਰਥਕ ਮਾਡਲ ਅਤੇ ਹਿੰਦੂ ਰਾਸ਼ਟਰ ਦੇ ਏਜੰਡੇ ਦੇ ਰਾਹ ਵਿਚ ਵੱਡਾ ਅੜਿੱਕਾ ਸਮਝਦੇ ਹਨ। ਆਰ.ਐੱਸ.ਐੱਸ.-ਭਾਜਪਾ ਵੱਲੋਂ ਸਵਾਲ ਉਠਾਉਣ ਵਾਲਿਆਂ ਨੂੰ ਕੁਚਲਣ ਲਈ 'ਟੁਕੜੇ-ਟੁਕੜੇ ਗੈਂਗ', 'ਸ਼ਹਿਰੀ ਨਕਸਲੀ', 'ਕਲਮਾਂ ਵਾਲੇ ਨਕਸਲੀ' ਦੀਆਂ ਕੈਟੇਗਰੀਆਂ ਘੜੀਆਂ ਗਈਆਂ ਹਨ। ਬਿਰਤਾਂਤ ਇਹ ਸਿਰਜਿਆ ਜਾ ਰਿਹਾ ਹੈ ਕਿ ਬੰਦੂਕਾਂ ਵਾਲੇ ਨਕਸਲੀਆਂ ਨਾਲੋਂ ਵੀ ਖ਼ਤਰਨਾਕ ਹੋਣ ਕਾਰਨ ਕਲਮਾਂ ਵਾਲੇ ਨਕਸਲੀਆਂ ਨੂੰ ਸਖ਼ਤੀ ਨਾਲ ਕੁਚਲਣਾ ਜ਼ਰੂਰੀ ਹੈ। ਜਿਸ ਅਸਹਿਮਤੀ ਨੂੰ ਚੀਫ ਜਸਟਿਸ 'ਲੋਕਤੰਤਰ ਦਾ ਸੇਫ਼ਟੀ ਵਾਲਵ' ਕਹਿ ਰਹੇ ਹਨ, ਹਕੂਮਤ ਅਨੁਸਾਰ ਉਹ ਦੇਸ਼ਧ੍ਰੋਹ ਹੈ। ਸਿਵਲ ਸੁਸਾਇਟੀ ਵਿਰੁੱਧ ਯੁੱਧ ਨੂੰ ਭਾਰਤ ਦੀ ਲੜਾਈ ਦਾ ਨਵਾਂ ਮੋਰਚਾ ਕਿਹਾ ਗਿਆ ਹੈ। ਸ਼ਰਜੀਲ ਇਮਾਮ, ਉਮਰ ਖ਼ਾਲਿਦ, ਸਫ਼ੂਰਾ ਜ਼ਰਗਰ, ਆਸਿਫ਼ ਇਕਬਾਲ ਅਤੇ ਵੱਖ-ਵੱਖ ਕੇਸਾਂ 'ਚ ਫਸਾਏ ਵਿਦਿਆਰਥੀ ਅਤੇ ਵਿਦਿਆਰਥਣਾਂ ਰੋਸ਼ਨ ਖ਼ਿਆਲ ਕਾਰਕੁਨ ਹਨ ਜਿਨ੍ਹਾਂ ਨੇ ਮੁਸਲਿਮ ਵਿਰੋਧੀ ਨਾਗਰਿਕਤਾ ਸੋਧ ਕਾਨੂੰਨ ਨੂੰ ਦਲੀਲਾਂ ਨਾਲ ਚੁਣੌਤੀ ਦਿੱਤੀ। ਉਹ ਆਪਣੇ ਭਾਸ਼ਣਾਂ ਅਤੇ ਸਰਗਰਮੀਆਂ ਰਾਹੀਂ ਇਸ ਦੇ ਵਿਰੁੱਧ ਪ੍ਰਭਾਵਸ਼ਾਲੀ ਲੋਕ ਰਾਇ ਖੜ੍ਹੀ ਕਰ ਰਹੇ ਹੋਣ ਕਾਰਨ ਆਰ.ਐੱਸ.ਐੱਸ.-ਭਾਜਪਾ ਨੂੰ ਬਹੁਤ ਚੁਭਦੇ ਸਨ। ਸ਼ਰਜੀਲ ਇਮਾਮ ਜੇ.ਐੱਨ.ਯੂ. ਵਿਚ ਪੀ.ਐੱਚ.ਡੀ. ਕਰ ਰਹੇ ਸਨ। ਕਸ਼ਮੀਰੀ ਵਿਦਿਆਰਥਣ ਸਫ਼ੂਰਾ ਜਾਮੀਆ ਮਿਲੀਆ ਵਿਚ ਐੱਮ.ਫਿਲ ਕਰ ਰਹੀ ਸੀ ਅਤੇ ਜਾਮੀਆ ਕੋਆਰਡੀਨੇਸ਼ਨ ਕਮੇਟੀ ਦੀ ਮੀਡੀਆ ਇੰਚਾਰਜ ਸੀ। ਇਕਬਾਲ ਤਨਹਾ ਵੀ ਜਾਮੀਆ ਮਿਲੀਆ ਦੇ ਸਾਬਕਾ ਵਿਦਿਆਰਥੀ ਅਤੇ 'ਯੂਨਾਈਟਿਡ ਅਗੇਂਸਟ ਹੇਟ' ਮੁਹਿੰਮ ਦੇ ਸਰਗਰਮ ਕਾਰਕੁਨ ਹਨ। ਇਸੇ ਤਰ੍ਹਾਂ ਹੋਰ ਵਿਦਿਆਰਥੀ ਸਰਗਰਮ ਭੂਮਿਕਾ ਨਿਭਾ ਰਹੇ ਸਨ। ਲਿਹਾਜ਼ਾ, ਜ਼ਮੀਰ ਦੀ ਆਵਾਜ਼ ਅਤੇ ਸਵਾਲ ਉਠਾਉਣ ਦੀ ਬੌਧਿਕ ਕਾਬਲੀਅਤ ਨੇ ਉਨ੍ਹਾਂ ਨੂੰ ਮੁਜਰਿਮ ਬਣਾ ਦਿੱਤਾ।

ਖੁਸ਼ੀ ਦੀ ਗੱਲ ਹੈ ਕਿ ਸਿਦੀਕ ਕੱਪਨ ਜੇਲ੍ਹ ਵਿਚੋਂ ਬਾਹਰ ਆ ਗਏ ਹਨ ਅਤੇ ਸ਼ਰਜੀਲ ਇਮਾਮ ਸਮੇਤ 11 ਕਾਰਕੁਨ ਵੱਡੇ ਸਾਜ਼ਿਸ਼ ਕੇਸ ਵਿਚੋਂ ਬਰੀ ਹੋ ਗਏ ਹਨ ਪਰ ਇਨ੍ਹਾਂ ਸਾਰਿਆਂ ਅਤੇ ਹੋਰ ਕਾਰਕੁਨਾਂ ਵਿਰੁੱਧ ਦਰਜ ਝੂਠੇ ਕੇਸਾਂ ਦੀ ਲੰਮੀ ਕਾਨੂੰਨੀ ਲੜਾਈ ਅਜੇ ਬਾਕੀ ਹੈ। ਭੀਮਾ-ਕੋਰੇਗਾਓਂ ਕੇਸ ਅਤੇ ਹੋਰ ਝੂਠੇ ਕੇਸਾਂ ਵਿਚ ਫਸਾਏ ਹੱਕਾਂ ਦੇ ਬਹੁਤ ਸਾਰੇ ਹੋਰ ਪਹਿਰੇਦਾਰ, ਲੋਕ ਪੱਖੀ ਪੱਤਰਕਾਰ, ਜਮਹੂਰੀ ਕਾਰਕੁਨ ਬਿਨਾ ਜ਼ਮਾਨਤ ਜੇਲ੍ਹਾਂ ਵਿਚ ਬੰਦ ਹਨ। ਉਨ੍ਹਾਂ ਦੀ ਰਿਹਾਈ ਲਈ ਲਗਾਤਾਰ ਆਵਾਜ਼ ਉਠਾਉਂਦੇ ਹੋਏ ਵਿਆਪਕ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ ਫਿਰ ਹੀ ਉਹ ਜ਼ਮੀਰ ਦੀ ਆਵਾਜ਼ ਮਹਿਫ਼ੂਜ਼ ਹੋ ਸਕਦੀ ਹੈ।

***ਕੇਸ ਵਿਚ ਫ਼ੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਕਿਹਾ, ਇਸ ਕੇਸ 'ਚ ਦਾਇਰ ਮੁੱਖ ਚਾਰਜਸ਼ੀਟ ਅਤੇ ਤਿੰਨ ਪੂਰਕ ਚਾਰਜਸ਼ੀਟਾਂ 'ਚ ਜੋ ਤੱਥ ਸਾਡੇ ਸਾਹਮਣੇ ਲਿਆਂਦੇ ਗਏ ਹਨ, ਉਨ੍ਹਾਂ ਤੋਂ ਅਦਾਲਤ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਪੁਲਿਸ ਜੁਰਮ ਨੂੰ ਅੰਜਾਮ ਦੇਣ ਵਾਲੇ ਅਸਲ ਮੁਜਰਿਮਾਂ ਨੂੰ ਫੜਨ ਵਿਚ ਨਾਕਾਮ ਰਹੀ ਹੈ ਲੇਕਿਨ ਲੋਕਾਂ ਨੂੰ ਬਲੀ ਦੇ ਬੱਕਰੇ ਬਣਾ ਕੇ ਗ੍ਰਿਫ਼ਤਾਰ ਕਰਨ ਵਿਚ ਕਾਮਯਾਬ ਰਹੀ। ਪੁਲਿਸ ਨੇ ਇਮਾਮ, ਤਨਹਾ ਅਤੇ ਸਫ਼ੂਰਾ ਜ਼ਰਗਰ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਪੁਲਿਸ ਦੀ ਇਸ ਤਰ੍ਹਾਂ ਦੀ ਕਾਰਵਾਈ ਐਸੇ ਨਾਗਰਿਕਾਂ ਦੀ ਆਜ਼ਾਦੀ ਨੂੰ ਸੱਟ ਮਾਰਦੀ ਹੈ ਜੋ ਆਪਣੇ ਮੌਲਿਕ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਇਕੱਠੇ ਹੁੰਦੇ ਹਨ।***

# ਸ. ਹਜ਼ਾਰਾ ਸਿੰਘ ਮਿਸੀਸਾਗਾ ਤੇ ਹਰਚਰਨ ਸਿੰਘ ਪ੍ਰਹਾਰ ਦੀਆਂ ਲਿਖਤਾਂ ਦੇ ਹਵਾਲੇ ਨਾਲ

## ਪ੍ਰਤੀਕਰਮ

***ਸਾਕਾ ਨੀਲਾ ਤਾਰਾ ਵੀਹਵੀਂ ਸਦੀ ਦੇ ਪੰਜਾਬ ਦੇ ਇਤਿਹਾਸ - ਵਿਸ਼ੇਸ਼ ਕਰਕੇ ਸਿੱਖ ਭਾਈਚਾਰੇ ਦੇ ਸੰਦਰਭ ਵਿਚ ਬੜੀ ਹੀ ਤ੍ਰਾਸਦਿਕ ਘਟਨਾ ਸੀ, ਇਹ ਘਟਨਾ ਕਿਉਂ ਵਾਪਰੀ; ਕੌਣ-ਕੌਣ ਧਿਰਾਂ ਜ਼ਿੰਮੇਵਾਰ ਸਨ, ਇਸ ਸਵਾਲ 'ਤੇ ਕਈ ਦਹਾਕੇ ਬੀਤ ਜਾਣ ਪਿੱਛੋਂ ਅਜੇ ਤਕ ਵੀ ਬਹਿਸ ਨਿਰੰਤਰ ਜਾਰੀ ਹੈ। ਇਸ ਦੁਖਾਂਤ ਲਈ ਕਮਿਊਨਿਸਟ ਧਿਰਾਂ ਜ਼ਿੰਮੇਵਾਰ ਸਨ ਜਾਂ ਨਹੀਂ ਜਾਂ ਕਿੰਨੀਆਂ ਕੁ ਜ਼ਿੰਮੇਵਾਰ ਸਨ, ਇਸ ਬਾਰੇ ਪੰਜਾਬ ਟਾਈਮਜ਼ ਵਿਚ ਹਰਚਰਨ ਸਿੰਘ ਪ੍ਰਹਾਰ ਦਾ ਲੇਖ ਤੇ ਫਿਰ ਉਸ ਲੇਖ ਉਪਰ ਹਜ਼ਾਰਾ ਸਿੰਘ ਟੋਰਾਂਟੋ ਦਾ ਪ੍ਰਤੀਕਰਮ ਛਪ ਚੁੱਕਾ ਹੈ। ਇਸ ਅੰਕ ਵਿਚ ਸ. ਗੁਰਬਚਨ ਸਿੰਘ ਵਲੋਂ ਭੇਜਿਆ ਗਿਆ ਉਨ੍ਹਾਂ ਦਾ ਜਵਾਬ ਛਾਪਿਆ ਜਾ ਰਿਹਾ ਹੈ। ਅੱਗੋਂ ਆਉਣ ਵਾਲੇ ਅਜਿਹੇ ਸਲੀਕੇਦਾਰ ਪ੍ਰਤੀਕਰਮਾਂ ਦਾ ਵੀ ਸਵਾਗਤ ਕੀਤਾ ਜਾਵੇਗਾ। -ਸੰਪਾਦਕ।***

ਆਪਣੀ ਲਿਖਤ 'ਪੰਜਾਬ ਦੀ ਸਿਆਸਤ ਅਤੇ ਅਸਪਸ਼ਟ ਸਿਆਸੀ ਨਿਸ਼ਾਨੇ' ਵਿਚ ਸ. ਹਜ਼ਾਰਾ ਸਿੰਘ ਮਿਸੀਸਾਗਾ ਜੀ ਨੇ 'ਪੰਜਾਬ ਟਾਈਮਜ਼' ਦੇ 28 ਜਨਵਰੀ 2023 ਵਾਲੇ ਅੰਕ 4 ਵਿਚ ਹਰਚਰਨ ਸਿੰਘ ਪ੍ਰਹਾਰ ਦੀ ਪੰਜਾਬ ਦੇ ਕਮਿਊਨਿਸਟਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਬਾਰੇ ਛਪੀ ਲਿਖਤ ਉਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ 'ਹਰਚਰਨ ਸਿੰਘ ਪ੍ਰਹਾਰ ਦੇ ਅਕਾਲੀ ਲੀਡਰਾਂ, ਸਿੱਖ ਵਿਦਵਾਨਾਂ, ਕਮਿਊਨਿਸਟ ਚਿੰਤਕਾਂ ਤੇ ਕਮਿਊਨਿਸਟਾਂ ਤੋਂ ਸਿੱਖ ਬਣੇ ਵਿਦਵਾਨਾਂ ਬਾਰੇ ਸਵਾਲ ਵਾਜਿਬ ਹਨ, ਪਰ ਇਨ੍ਹਾਂ ਦਾ ਜਵਾਬ ਕਿਸੇ ਨੇ ਨਹੀਂ ਦੇਣਾ।' ਉਹ ਆਪਣੀ ਲਿਖਤ ਦਾ ਅੰਤ ਇਨ੍ਹਾਂ ਸ਼ਬਦਾਂ ਨਾਲ ਕਰਦੇ



**ਗੁਰਬਚਨ ਸਿੰਘ**
**ਫੋਨ: +91-98156-98451**

ਹਨ, 'ਹਰਚਰਨ ਸਿੰਘ ਪ੍ਰਹਾਰ ਜੀ, ਪੰਜਾਬ ਦੇ ਐਸੇ 'ਵਿਚਾਰਕ' ਧਰਾਤਲ ਉਤੇ ਕਿਹੜੇ ਵਿਦਵਾਨ ਨੇ ਕੀ ਜਵਾਬ ਦੇਣਾ ਸੀ? ਜਿਥੇ ਆਪੋ-ਆਪਣੀ ਵਿਚਾਰਧਾਰਾ ਵੀ ਸਪਸ਼ਟ ਨਾ ਹੋਵੇ, ਉਥੇ ਵਿਚਾਰਧਾਰਾਵਾਂ ਦੇ ਸੁਮੇਲ ਦੀ ਗੱਲ ਕਿਵੇਂ ਚਲ ਸਕਦੀ ਹੈ? ਪੰਜਾਬੀਆਂ ਨੇ ਸਾਂਝੀ ਪੰਜਾਬੀ ਕੌਮ ਸਿਰਜਣ ਲਈ ਅਜੇ ਬੜਾ ਫਾਸਲਾ ਤੈਅ ਕਰਨਾ ਹੈ।'


ਸ. ਹਰਚਰਨ ਸਿੰਘ ਪ੍ਰਹਾਰ ਜੀ ਦੀ ਲਿਖਤ ਬਾਰੇ ਟਿੱਪਣੀ ਕਰਨ ਤੋਂ ਪਹਿਲਾਂ ਮੈਨੂੰ ਬੜੇ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਸ. ਹਜ਼ਾਰਾ ਸਿੰਘ ਜੀ ਵਰਗੇ 'ਪੰਜਾਬ ਟਾਈਮਜ਼' ਦੇ ਲਗਾਤਾਰ ਰਹੇ ਪਾਠਕ ਨੂੰ ਘੱਟੋ-ਘੱਟ ਮੇਰੇ ਬਾਰੇ ਟਿੱਪਣੀ ਕਰਨ ਤੋਂ ਪਹਿਲਾਂ ਪਰਚੇ ਵਿਚ ਛਪਦੀਆਂ ਆ ਰਹੀਆਂ ਮੇਰੀਆਂ ਪਿਛਲੀਆਂ ਲਿਖਤਾਂ ਵਲ ਧਿਆਨ ਜ਼ਰੂਰ ਮਾਰ ਲੈਣਾ ਚਾਹੀਦਾ ਸੀ। ਜੇ ਜ਼ਿਆਦਾ ਨਹੀਂ ਤਾਂ ਪਿਛਲੇ ਕੁਝ ਸਾਲਾਂ ਵਿਚ 'ਪੰਜਾਬ ਟਾਈਮਜ਼' ਅੰਦਰ ਮੇਰੀਆਂ ਸੌ ਕੁ ਦੇ ਕਰੀਬ ਲਿਖਤਾਂ ਇਨ੍ਹਾਂ ਮਸਲਿਆਂ ਬਾਰੇ ਹੀ ਛਪੀਆਂ ਹਨ। ਆਪਣੀਆਂ ਸਾਰੀਆ ਲਿਖਤਾਂ ਵਿਚ ਮੈਂ ਮਾਰਕਸ ਦੀ ਭੌਤਿਕਵਾਦੀ ਫਿਲਾਸਫੀ ਅਤੇ ਗੁਰਮਤਿ ਨੂੰ ਆਧਾਰ ਬਣਾ ਕੇ ਆਪਣੀ ਗੱਲ ਕਹਿਣ ਦਾ ਯਤਨ ਕੀਤਾ ਹੈ। ਸਭ ਤੋਂ ਪਹਿਲਾਂ ਮੈਂ ਹੀ ਸ. ਅਜਮੇਰ ਸਿੰਘ ਦੀਆਂ ਲਿਖਤਾਂ ਦੀ ਪੜਚੋਲ ਕੀਤੀ ਸੀ। ਮੇਰੀਆਂ ਇਹ ਸਾਰੀਆ ਲਿਖਤਾਂ 'ਪੰਜਾਬ ਟਾਈਮਜ਼' ਦੇ ਅੱਡ-ਅੱਡ ਅੰਕਾਂ ਵਿਚ ਛਪੀਆਂ ਹੋਈਆਂ ਹਨ।

ਇਸੇ ਸਾਲ 21 ਜਨਵਰੀ ਦੇ ਅੰਕ ਵਿਚ ਛਪੀ ਮੇਰੀ ਲਿਖਤ 'ਸਨਾਤਨੀ ਹਿੰਦੂ ਮਤਿ ਦੀ ਆਤਮਿਕ ਆਜ਼ਾਦੀ ਦਾ ਅਗਲਾ ਪੜਾਅ ਗੁਰਮਤਿ' ਵਿਚ ਮੈਂ ਲਿਖਿਆ ਹੈ, 'ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਬਾਅਦ ਸਰਬਵਿਆਪੀ ਪ੍ਰਗਟ ਹੋਇਆ ਸੱਚ ਇਹ ਹੈ ਕਿ ਮਨੁੱਖ ਦਾ ਸਰੀਰ ਹੀ ਉਸ ਦੀ ਅਸਲੀ ਰਾਸ ਪੂੰਜੀ ਹੈ। ਇਸ ਸਰੀਰ ਵਿਚ ਸੁਭਾਇਮਾਨ ਮਨੁੱਖ ਦਾ ਆਪਣਾ ਅਨੁਭਵੀ ਮਨ ਸਰੀਰ ਦਾ ਰਾਜਾ ਭਾਵ ਉਸ ਨੂੰ ਹਰਕਤਸ਼ੀਲ ਰੱਖਣ ਵਾਲਾ ਹੈ। ਇਸ ਮਨ ਨੂੰ ਸਵੈਜ਼ਬਤ ਵਿਚ ਰੱਖਣ ਲਈ ਮਨੁੱਖ ਦੀ ਚੇਤਨਾ ਜੇ ਆਪਣੀ ਲਿਵ ਗੁਰਮਤਿ ਗਿਆਨ ਨਾਲ ਜੋੜ ਲਵੇ ਤਾਂ ਉਹ ਸਹਿਜ ਸੁਖੀ ਜ਼ਿੰਦਗੀ ਬਤੀਤ ਕਰ ਸਕਦਾ ਹੈ। ਬਾਕੀ ਦਾ ਸਾਰਾ ਧਾਰਮਿਕ ਆਡੰਬਰ ਅਤੇ ਕਰਮਕਾਂਡ ਫਜ਼ੂਲ ਹੈ। ਮਨੁੱਖ ਦਾ ਆਪਣਾ ਚੇਤੰਨ ਮਨ ਹੀ ਹਉਮੈ ਰਾਹੀਂ ਬਣੀ ਆਪਣੀ ਝੂਠੀ ਹੋਂਦ ਅਤੇ ਬੇਲੋੜੀਆਂ ਇਛਾਵਾਂ (ਤ੍ਰਿਸਨਾ) ਤੋਂ ਛੁਟਕਾਰਾ ਪਾ ਕੇ ਸਹਿਜ ਜ਼ਿੰਦਗੀ ਜੀਅ ਸਕਦਾ ਹੈ। ਇਹੀ ਮਨ ਦੀ ਮੁਕਤੀ ਹੈ। ਇਹੀ ਮਨੁੱਖੀ ਮੁਕਤੀ (ਆਤਮਿਕ ਆਜ਼ਾਦੀ) ਦਾ ਭੇਦ ਹੈ।

ਕਾਰਲ ਮਾਰਕਸ ਤੇ ਫ੍ਰੈਡਰਿਕ ਏਂਗਲਜ ਦੀ ਭੌਤਿਕਵਾਦੀ ਫਿਲਾਸਫੀ ਦਾ ਤੱਤ ਵੀ ਇਹੀ ਹੈ ਕਿ 'ਕੁਦਰਤ ਸਿਰਮੌਰ ਹੈ ਅਤੇ ਮਨੁੱਖ ਦਾ ਸਰੀਰ ਤੇ ਸਰੀਰੀ ਮਨ ਕੁਦਰਤ ਦੀ ਸਿਰਮੌਰ ਸਿਰਜਣਾ ਹੈ। ਇਹੀ ਸ਼ੁਧ ਭੌਤਿਕਵਾਦ ਹੈ।'... 'ਹਰੇਕ ਚੀਜ਼ ਜਿਹੜੀ ਮਨੁੱਖ ਨੂੰ ਹਰਕਤ ਵਿਚ ਲਿਆਉਂਦੀ ਹੈ, ਉਸ ਦੇ ਮਨ ਵਿਚੋਂ ਹੋ ਕੇ ਲੰਘਦੀ ਹੈ।'... 'ਮਨ ਮਨੁੱਖ ਦਾ ਅਸਲੀ ਤੱਤ ਹੈ ਅਤੇ ਮਨ ਦਾ ਅਸਲੀ ਸਰੂਪ ਚਿੰਤਨਸ਼ੀਲ, ਤਰਕਸੰਗਤ, ਜਗਿਆਸੂ ਮਨ ਹੈ।'... 'ਆਪਣੇ ਸਰੀਰ ਦੀਆਂ ਸੀਮਤ ਲੋੜਾਂ ਦੀ ਸੁਚੇਤ ਪਛਾਣ ਅਤੇ ਉਨ੍ਹਾਂ ਦੀ ਪੂਰਤੀ ਹੀ ਮਨੁੱਖੀ ਆਜ਼ਾਦੀ ਦਾ ਭੇਦ ਹੈ।'... 'ਜੇ ਮਨੁੱਖ ਆਪਣੇ ਸਾਰੇ ਗਿਆਨ ਅਤੇ ਸੰਵੇਦਨਾ (ਜਜ਼ਬਿਆਂ) ਨੂੰ ਇੰਦ੍ਰੀਆਂ ਅਤੇ ਇੰਦ੍ਰਿਆਵੀ ਅਨੁਭਵ ਰਾਹੀਂ ਪ੍ਰਾਪਤ ਕਰਦਾ ਹੈ, ਤਾਂ ਮਨੁੱਖ ਦੇ ਅਨੁਭਵ ਵਿਚ ਆਉਣ ਵਾਲੀ ਦੁਨੀਆ ਨੂੰ ਇਸ ਤਰ੍ਹਾਂ ਦਾ ਬਣਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਸ ਵਿਚ ਰਹਿੰਦਿਆਂ ਮਨੁੱਖ ਓਹੀ ਕੁਝ ਅਨੁਭਵ ਕਰੇ ਅਤੇ ਉਸੇ ਦਾ ਆਦੀ ਹੋ ਜਾਏ ਜੋ ਹਕੀਕਤ ਵਿਚ ਮਨੁੱਖੀ ਹੈ ਅਤੇ ਇਸ ਤਰ੍ਹਾਂ ਮਨੁੱਖ ਦੇ ਰੂਪ ਵਿਚ ਉਹ ਖੁਦ ਆਪਣੀ ਚੇਤਨਾ ਪ੍ਰਾਪਤ ਕਰ ਲਵੇ। ਸਹੀ ਆਤਮਸਾਤ ਕੀਤਾ ਗਿਆ ਹਿਤ (ਸੁਆਰਥ) ਹੀ ਜੇ ਸਮੁਚੀ ਨੈਤਿਕਤਾ ਦਾ ਮੌਲਿਕ ਸਿਧਾਂਤ ਹੈ, ਤਾਂ ਮਨੁੱਖ ਦੇ ਨਿੱਜੀ ਸੁਆਰਥ (ਹਿਤਾਂ) ਨੂੰ ਸਮੁਚੀ ਮਨੁੱਖਤਾ ਦੇ ਅਨੁਸਾਰੀ ਬਣਾ ਦਿੱਤਾ ਜਾਣਾ ਚਾਹੀਦਾ ਹੈ। ਹਰੇਕ ਮਨੁੱਖ ਨੂੰ ਆਪਣੀ ਹਸਤੀ (ਸਵੈ) ਨੂੰ ਬਿਨਾਂ ਕਿਸੇ ਰੋਕ-ਟੋਕ ਦੇ ਪ੍ਰਗਟ ਕਰਨ ਲਈ ਸਮਾਜਿਕ ਮੌਕੇ ਦਿੱਤੇ ਜਾਣੇ ਚਾਹੀਦੇ ਹਨ। ਬੇਸ਼ਕ ਮਨੁੱਖ ਦੀ ਸਿਰਜਣਾ ਜੇ ਉਸ ਦੇ ਆਲੇ-ਦੁਆਲੇ ਦੇ ਮਾਹੌਲ ਵਿਚੋਂ ਹੁੰਦੀ ਹੈ ਤਾਂ ਉਸ ਦੇ ਆਲੇ-ਦੁਆਲੇ ਦੇ ਮਾਹੌਲ ਨੂੰ ਮਨੁੱਖੀ ਬਣਾ ਦਿੱਤਾ ਜਾਣਾ ਚਾਹੀਦਾ ਹੈ।'

ਜਿੱਥੋਂ ਤਕ ਸ. ਹਰਚਰਨ ਸਿੰਘ ਪਰਹਾਰ ਨੇ ਫੇਸਬੁਕ ਉਤੇ ਪਾਈਆਂ ਮੇਰੀਆ ਕੁਝ ਪੋਸਟਾਂ ਨੂੰ ਆਧਾਰ ਬਣਾ ਕੇ ਟਿੱਪਣੀ ਕੀਤੀ ਹੈ, ਉਨ੍ਹਾਂ ਨੂੰ ਆਧਾਰ ਬਣਾ ਕੇ ਕੋਈ ਗੰਭੀਰ ਬਹਿਸ ਕਿਵੇਂ ਹੋ ਸਕਦੀ ਹੈ? ਹਾਲਾਂਕਿ ਉਨ੍ਹਾਂ ਨੂੰ ਪਤਾ ਹੈ ਕਿ ਮੈਂ ਸ. ਅਜਮੇਰ ਸਿੰਘ ਦੀਆਂ ਲਿਖਤਾਂ ਦੀ ਵਿਸਥਾਰੀ ਪੜਚੋਲ ਕੀਤੀ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਨੇ ਮੈਨੂੰ ਅਤੇ ਸ. ਅਜਮੇਰ ਸਿੰਘ ਨੂੰ ਇਕੋ ਪਲੜੇ ਤੋਲ ਦਿੱਤਾ ਹੈ। ਸ. ਪ੍ਰਹਾਰ ਦੇ ਕਥਨ ਅਨੁਸਾਰ, 'ਪੰਜਾਬ ਮਸਲਾ' ਭਾਰਤ ਵਿਚ ਸਿੱਖ ਹੱਕਾਂ/ਹਿੱਤਾਂ ਦੇ ਸਵਾਲ ਨੂੰ ਲੈ ਕੇ ਪਿਛਲੇ 70-75 ਵਰ੍ਹਿਆਂ ਤੋਂ ਕਸ਼ਮੀਰ ਜਾਂ ਫਲਸਤੀਨ ਦੇ ਮੁੱਦੇ ਵਾਂਗ ਹੀ ਨਿਰੰਤਰ ਕਲੇਸ਼ ਅਤੇ ਵਾਦ-ਵਿਵਾਦ ਦਾ ਕੇਂਦਰ ਬਣਿਆ ਹੋਇਆ ਹੈ। ਸਿੱਖ ਹਲਕਿਆਂ ਅੰਦਰ ਰਵਾਇਤੀ ਤੌਰ 'ਤੇ ਗਰਮ-ਖਿਆਲ ਧਿਰਾਂ ਇਸ ਮਸਲੇ ਨੂੰ ਖੜ੍ਹਾ ਕਰਨ ਜਾਂ ਉਲਝਾਉਣ ਲਈ ਸਾਰੀ ਜ਼ਿੰਮੇਵਾਰੀ ਕਥਿਤ ਤੌਰ ਉਤੇ ਦੇਸ਼ ਦੇ ਬਹੁਗਿਣਤੀ ਭਾਈਚਾਰੇ ਦੀ ਨੁਮਾਇੰਦਗੀ ਕਰਦੀਆਂ ਕੇਂਦਰੀ ਸਰਕਾਰਾਂ ਸਿਰ ਮੜ੍ਹਦੀਆਂ ਰਹੀਆਂ ਹਨ, ਪਰ ਕਾਮਰੇਡੀ ਛੱਡ ਕੇ ਸਿੱਖ ਚਿੰਤਕ ਬਣੇ ਸ. ਅਜਮੇਰ ਸਿੰਘ ਅਤੇ ਸ. ਗੁਰਬਚਨ ਸਿੰਘ ਨੇ ਆਪਣੀਆਂ ਕਿਤਾਬਾਂ, ਯੂਟਿਊਬ ਪ੍ਰਵਚਨਾਂ ਤੇ ਸੋਸ਼ਲ ਮੀਡੀਆ ਰਾਹੀਂ ਭਾਰਤੀ ਹਾਕਮਾਂ ਤੋਂ ਵੀ ਵੱਧ ਇਸ ਸਾਰੇ ਮਸਲੇ ਲਈ ਕਾਮਰੇਡ, ਸੈਕੂਲਰ ਤੇ ਉਦਾਰਵਾਦੀ ਧਿਰਾਂ ਨੂੰ ਦੋਸ਼ੀ ਗਰਦਾਨਣਾ ਸ਼ੁਰੂ ਕੀਤਾ ਹੋਇਆ ਹੈ। ਉਂਝ, ਇਨ੍ਹਾਂ ਦੀਆਂ ਗੱਲਾਂ ਤੋਂ ਸਪਸ਼ਟ ਨਹੀਂ ਹੁੰਦਾ ਕਿ ਜੇ ਕਾਮਰੇਡਾਂ ਨੇ ਗਦਾਰੀ ਕੀਤੀ ਹੈ ਤਾਂ ਇਨ੍ਹਾਂ ਦਾ ਇਹ ਮਸਲੇ ਹੱਲ ਕਰਨ ਵਿਚ ਆਪਣਾ ਯੋਗਦਾਨ ਕੀ ਰਿਹਾ ਹੈ?'

ਪੰਜਾਬ ਮਸਲੇ ਅਤੇ ਸਿੱਖ ਹਿੱਤਾਂ ਬਾਰੇ ਮੈਂ ਕੇਂਦਰੀ ਸਰਕਾਰਾਂ ਨੂੰ ਕਿੰਨਾ ਕੁ ਬਰੀ ਕੀਤਾ ਹੈ, ਇਸ ਬਾਰੇ ਆਪਣੇ ਕੋਲੋਂ ਕੁਝ ਕਹਿਣ ਦੀ ਬਜਾਇ ਮੈਂ ਇਥੇ ਪ੍ਰੋ. ਹਰਪਾਲ ਸਿੰਘ ਪਨੂੰ ਦੀ ਮੇਰੀ ਪੁਸਤਕ 'ਸੰਤ ਭਿੰਡਰਾਂਵਾਲੇ ਤੇ ਖਾਲਿਸਤਾਨੀ ਲਹਿਰ' ਬਾਰੇ ਕੀਤੀ ਟਿੱਪਣੀ ਵਿਚੋਂ ਇਕ ਹਵਾਲਾ ਦੇਣਾ ਚਾਹਾਂਗਾਂ। ਹਵਾਲੇ ਅਨੁਸਾਰ, 'ਦੂਜੀ ਸਹਿਮਤੀ ਮੇਰੀ ਗੁਰਬਚਨ ਸਿੰਘ ਨਾਲ ਅਜਮੇਰ ਸਿੰਘ ਦੀਆਂ ਲਿਖਤਾਂ ਬਾਰੇ ਹੈ। ਮੈਂ ਪੰਜਾਬ ਟਾਈਮਜ਼ ਵਿਚ ਛਪੇ ਆਪਣੇ ਤਿੰਨੇ ਲੇਖਾਂ ਵਿਚ ਪੂਰੀ ਤਾਕਤ ਨਾਲ ਇਹ ਮੁਦਾ ਉਠਾਇਆ ਹੈ, ਕਿ ਅਜਮੇਰ ਸਿੰਘ ਭਾਰਤੀ ਹਿੰਦੂਆਂ ਨੂੰ ਮੁਖਾਤਿਬ ਹੈ ਸਟੇਟ ਨੂੰ ਨਹੀਂ। ਗੁਰਬਚਨ ਸਿੰਘ ਦੀ ਨਿਗਾਹ ਇਕਦਮ ਸਿੱਧੀ ਹੈ ਅਤੇ ਸਟੇਟ ਉਪਰ ਕੇਂਦਰਿਤ ਹੈ। ਪੰਨਾ 89 'ਤੇ ਲਿਖਿਆ ਹੈ, 'ਦੁਖਦਾਈ ਗੱਲ



***ਗੁਰਬਚਨ ਸਿੰਘ ਦੀ ਕਿਤਾਬ 'ਸਾਮਰਾਜੀ ਵਹਿਸ਼ਤ ਬਨਾਮ ਸਰਬੱਤ ਦਾ ਭਲਾ' ਦਾ ਮੁਖੜਾ।***

ਇਹ ਹੈ ਕਿ ਸ. ਅਜਮੇਰ ਸਿੰਘ ਸਿੱਖਾਂ ਨੂੰ ਹਿੰਦੂਆਂ ਨਾਲੋਂ ਨਿਖੇੜਦੇ-ਨਿਖੇੜਦੇ, ਸਿੱਖ ਮਨਾਂ ਅੰਦਰ ਸਮੁੱਚੇ ਹਿੰਦੂ ਵਰਗ ਪ੍ਰਤੀ ਨਫਰਤ ਭਰਨ ਦਾ ਕਾਰਜ ਮਿਥ ਲੈਂਦੇ ਹਨ। ਉਹ ਪੰਜਾਬ ਦੀ ਨਵ-ਬਸਤੀਵਾਦੀ ਲੁੱਟ ਕਰ ਰਹੀ ਸਾਮਰਾਜੀ ਕੇਂਦਰ ਸਰਕਾਰ ਦਾ ਰਾਜਸੀ ਆਧਾਰ ਬਣੇ ਧਨਾਢ ਬ੍ਰਾਹਮਣੀ ਹਿੰਦੂਆਂ ਜਾਂ ਆਰੀਆ ਸਮਾਜੀ ਹਿੰਦੂਆਂ ਦੇ ਇਕ ਧੜੇ ਨੂੰ ਨਿਸ਼ਾਨਾ ਬਣਾਉਣ ਦੀ ਬਜਾਇ, ਸਮੁੱਚੇ ਹਿੰਦੂ ਵਰਗ ਨੂੰ ਹੀ ਆਪਣੇ ਹਮਲੇ ਦਾ ਨਿਸ਼ਾਨਾ ਬਣਾ ਧਰਦੇ ਹਨ। ਅਜਿਹੀਆਂ ਧਾਰਨਾਵਾਂ ਨੇ ਖਾਲਿਸਤਾਨੀ ਲਹਿਰ ਪ੍ਰਤੀ ਆਮ ਹਿੰਦੂ ਵਰਗ ਦੇ ਮਨਾਂ ਵਿਚ ਬਣੇ ਸ਼ੰਕੇ ਘਟਾਉਣ ਦੀ ਬਜਾਇ ਹੋਰ ਵਧਾਉਣ ਵਿਚ ਹਿੱਸਾ ਪਾਇਆ ਹੈ ਅਤੇ ਬ੍ਰਾਹਮਣਵਾਦ ਦੇ ਸ਼ਿਕਾਰ ਹਿੰਦੂ ਦਲਿਤਾਂ ਨੂੰ ਵੀ ਖਾਲਸਾ ਰਾਜ ਤੋਂ ਦੂਰ, ਸਿੱਖੀ ਦੀ ਦੁਸ਼ਮਣ ਕੇਂਦਰ ਸਰਕਾਰ ਵੱਲ ਧਕ ਦਿਤਾ ਹੈ।'...'ਅਜਮੇਰ ਸਿੰਘ ਸਮਝਦਾ ਹੈ ਕਿ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਲੈ ਕੇ 1947 ਤਕ, ਸਿੱਖਾਂ ਦੀ ਟੱਕਰ ਕਿਉਂਕਿ ਮੁਸਲਮਾਨਾਂ ਨਾਲ ਰਹੀ ਹੈ, ਇਸ ਕਰਕੇ ਅਚੇਤ ਰੂਪ ਵਿਚ ਸਿੱਖ, ਮੁਸਲਮਾਨਾਂ ਦੇ ਵਿਰੋਧੀ ਅਤੇ ਹਿੰਦੂਆਂ ਦੇ ਹਮਦਰਦ ਹੋ ਗਏ ਹਨ। ਗੁਰਬਚਨ ਸਿੰਘ ਇਸ ਧਾਰਨਾ ਨੂੰ ਨਕਾਰਦਿਆਂ ਲਿਖਦਾ ਹੈ ਕਿ ਜਹਾਂਗੀਰ ਨੇ ਚੰਦੂ ਸ਼ਾਹ, ਗੁਰੂ ਹਰਗੋਬਿੰਦ ਸਾਹਿਬ ਦੇ ਸਪੁਰਦ ਕਰ ਦਿੱਤਾ ਸੀ ਅਤੇ ਸਿੱਖਾਂ ਨੇ ਉਸਨੂੰ ਮੌਤ ਦੇ ਘਾਟ ਉਤਾਰਿਆ। ਗੁਰੂ ਹਰਗੋਬਿੰਦ ਜੀ ਦੀ ਜਹਾਂਗੀਰ ਨਾਲ ਡਿਪਲੋਮੈਟਿਕ ਏਕਤਾ ਤੋਂ ਸਭ ਜਾਣੂ ਹਨ। ਸਾਰਾ ਪਰਿਵਾਰ ਸ਼ਹੀਦ ਹੋਣ ਤੋਂ ਬਾਅਦ ਵੀ ਗੁਰੂ ਗੋਬਿੰਦ ਸਿੰਘ ਜੀ ਦੋ ਖਤਾਂ, ਫਤਿਹਨਾਮਾ ਅਤੇ ਜ਼ਫਰਨਾਮਾ ਰਾਹੀਂ ਔਰੰਗਜ਼ੇਬ ਨਾਲ ਸੰਵਾਦ ਰਚਾ ਰਹੇ ਹਨ। ਸ਼ਾਹ ਮੁਹੰਮਦ ਆਪਣੇ ਜੰਗਨਾਮੇ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸ਼ਲਾਘਾ ਕਰਦਿਆਂ ਲਿਖਦਾ ਹੈ, 'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ, ਸਿਰ ਦੋਹਾਂ ਦੇ ਉਤੇ ਆਫਾਤ ਆਈ। ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ, ਕਦੇ ਨਹੀਂ ਸੀ ਤੀਸਰੀ ਜ਼ਾਤ ਆਈ।' ਇਹ ਤੀਸਰੀ ਜ਼ਾਤ ਅੰਗਰੇਜ਼ ਹਨ, ਜਿਨ੍ਹਾਂ ਵਿਰੁੱਧ ਮਹਾਰਾਜੇ ਦੀ ਮੌਤ ਤੋਂ ਬਾਅਦ ਵੀ ਜਰਨੈਲ ਮੇਵਾ ਸਿੰਘ ਅਤੇ ਮਾਖੇ ਖਾਨ ਇਕਠੇ ਤੋਪਖਾਨੇ ਦੀ ਮਾਰ ਕਰਦੇ ਅੰਗਰੇਜ਼ਾਂ ਵਿਰੁੱਧ ਲੜ ਰਹੇ ਸਨ। ਲੇਖਕ ਨੇ ਪੀਰ ਬੁੱਧੂ ਸ਼ਾਹ, ਹਜ਼ਰਤ ਮੀਆਂ ਮੀਰ ਸਮੇਤ ਦਰਜਨਾਂ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਸਿੱਖਾਂ ਨੇ ਮੁਸਲਮਾਨਾਂ ਨੂੰ ਕਦੀ ਵੀ ਨਫਰਤ ਨਹੀਂ ਕੀਤੀ ਤੇ ਨਾ ਹੁਣ ਕਰਦੇ ਹਨ।'

ਜਿੱਥੋਂ ਤਕ ਕਾਮਰੇਡਾਂ ਅਤੇ ਸਿੱਖਾਂ ਦੀ ਸਾਂਝ ਦਾ ਮਸਲਾ ਹੈ, ਇਸ ਬਾਰੇ ਮੈਂ ਦੋ ਸਾਲ ਪਹਿਲਾਂ 8 ਦਸੰਬਰ 2020 ਨੂੰ ਇਕ ਪੋਸਟ ਪਾਈ ਸੀ, 'ਵਾਹਿਗੁਰੂ ਦੀ ਕਲਾ!' ਸ. ਅਜਮੇਰ ਸਿੰਘ ਹੁਰਾਂ ਦੀ ਧਿਰ ਨੇ ਦਿੱਲੀ ਮੋਰਚੇ ਬਾਰੇ ਉਦੋਂ ਇਹ ਕਿਹਾ ਸੀ ਕਿ ਇਹ ਵਾਹਿਗੁਰੂ ਦੀ ਕਲਾ ਵਾਪਰੀ ਹੈ। ਇਸ ਦਾ ਜੁਆਬ ਦੇਂਦਿਆ ਮੈਂ ਲਿਖਿਆ ਸੀ, 'ਦੁਨੀਆਂ ਭਰ ਵਿਚ ਬੈਠੇ ਬਹੁਤ ਸਾਰੇ ਲੋਕਾਂ ਦੇ ਮਨਾਂ ਵਿਚ ਇਹ ਸੁਆਲ ਪੈਦਾ ਹੋ ਰਿਹਾ ਹੈ ਕਿ ਏਨੀ ਦ੍ਰਿੜਤਾ ਅਤੇ ਸ਼ਾਂਤਮਈ ਢੰਗ ਨਾਲ ਦਿੱਲੀ ਨੂੰ ਘੇਰਾ ਪਾਉਣ ਦੀ ਇਹ ਕਲਾ ਕਿਵੇਂ ਵਾਪਰੀ ਹੈ?

ਇਸ ਦਾ ਪਹਿਲਾ ਕਾਰਨ 1984 ਤੋਂ ਬਾਅਦ ਹੁਣ ਤਕ ਹੰਢਾਇਆ ਸਿੱਖ ਸੰਤਾਪ ਹੈ। ਜਿਹੜਾ ਸਿੱਖ ਬੇਚੈਨੀ ਦੇ ਰੂਪ ਵਿਚ ਹਰੇਕ ਸਿੱਖ ਦੇ ਮਨ ਵਿਚ ਮੌਜੂਦ ਹੈ ਅਤੇ ਜਿਹੜਾ ਦਿੱਲੀ ਕੂਚ ਵੇਲੇ ਸਿੱਖ ਜਜ਼ਬੇ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਇਸੇ ਜਜ਼ਬੇ ਨੇ ਰਸਤੇ ਵਿਚ ਆਈਆਂ ਸਾਰੀਆਂ ਰੁਕਾਵਟਾਂ ਨੂੰ ਬੜੀ ਬਹਾਦਰੀ ਅਤੇ ਦਲੇਰੀ ਨਾਲ ਦੂਰ ਕੀਤਾ ਹੈ ਤੇ ਜਿਹੜਾ ਹੁਣ ਇਸ ਧਰਨੇ ਦੇ ਹੱਕ ਵਿਚ ਦੁਨੀਆ ਭਰ ਵਿਚ ਹੋ ਰਹੇ ਰੋਸ ਮੁਜ਼ਾਹਰਿਆਂ ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਇਸ ਦਾ ਦੂਜਾ ਕਾਰਨ ਪੰਜਾਬ ਵਿਚ ਚੱਲੀ ਆ ਰਹੀ ਅਗਾਂਹਵਧੂ (ਕਮਿਊਨਿਸਟ) ਲਹਿਰ ਹੈ। ਇਹ ਲਹਿਰ ਭਾਵੇਂ ਆਰਥਿਕਵਾਦੀ ਘੇਰਿਆਂ ਵਿਚ ਹੀ ਵਿਚਰਦੀ ਚਲੀ ਆ ਰਹੀ ਹੈ ਪਰ ਇਸ ਨੇ ਟਰੇਡ ਯੂਨੀਅਨ ਦੀ ਪੱਧਰ 'ਤੇ ਆਪਣੇ ਆਪ ਨੂੰ ਜਥੇਬੰਦ ਕਰਨ ਦਾ ਤਜਰਬਾ ਹਾਸਲ ਕੀਤਾ ਹੈ। ਜਿਵੇਂ ਜਥੇਬੰਦ ਕਰ ਕੇ ਕਿਸਾਨਾਂ ਨੂੰ ਦਿੱਲੀ ਲਿਜਾਣ ਦਾ ਪ੍ਰੋਗਰਾਮ ਬਣਾਇਆ ਗਿਆ, ਇਹ ਆਪਣੇ ਆਪ ਵਿਚ ਹੀ ਬੇਮਿਸਾਲ ਹੈ। ਜਥੇਬੰਦੀ ਅਤੇ ਸਿੱਖ ਜ਼ਜਬੇ ਨੇ ਰਲ ਕੇ ਹੀ ਇਹ ਕ੍ਰਿਸ਼ਮਾ ਕੀਤਾ ਹੈ। ਪਰ ਦੁਖਦਾਈ ਗੱਲ ਇਹ ਹੈ ਕਿ ਅਜੇ ਵੀ ਇਹ ਦੋਵੇਂ ਧਿਰਾਂ ਇਕ ਦੂਜੇ ਦੇ ਵਿਰੋਧ ਵਿਚ ਚਲ ਰਹੀਆਂ ਹਨ। ਦੋਵੇਂ ਧਿਰਾਂ ਆਪਣੀ ਸਾਂਝ ਦੇ ਵੱਡੇ ਆਧਾਰ ਲੱਭਣ ਦੀ ਬਜਾਇ ਪੁਰਾਣੇ ਮਤਭੇਦਾਂ ਨੂੰ ਮਨਾਂ ਵਿਚ ਲੈ ਕੇ ਸਰਗਰਮ ਹਨ। ਇਹ ਦੋਵੇਂ ਧਿਰਾਂ ਆਪਣੇ ਕਾਰਨਾਮੇ ਦੀ ਮਹੱਤਤਾ ਤੋਂ ਅਣਜਾਣ ਹਨ ਕਿ ਇਨ੍ਹਾਂ ਨੇ ਇਤਿਹਾਸ ਦੇ ਵਹਿਣ ਨੂੰ ਮੋੜਨ ਦਾ ਇਕ ਇਤਿਹਾਸਕ ਕਾਰਜ ਕੀਤਾ ਹੈ, ਜਿਹੜਾ ਹਿਟਲਰ ਦੇ ਮੌਕੇ ਜਰਮਨ ਦੇ ਲੋਕ ਨਹੀਂ ਸਨ ਕਰ ਸਕੇ। ਮੋਦੀ ਦਾ ਹੰਕਾਰ ਭੰਨ ਕੇ ਇਨ੍ਹਾਂ ਨੇ ਇਸ ਖਿੱਤੇ ਦੇ ਕਰੋੜਾਂ ਲੋਕਾਂ ਦੀ ਜਾਨ ਬਚਾਈ ਹੈ। ਇਹ ਦੋਵੇਂ ਧਿਰਾਂ ਜੇ ਆਪਣੀ ਸਾਂਝ ਦੇ ਵੱਡੇ ਆਧਾਰ ਲੱਭ ਲੈਣ ਤਾਂ ਨਾ ਸਿਰਫ ਇਹ ਮਿਲ ਕੇ ਨਵੇਂ ਪੰਜਾਬ ਦੀ ਸਿਰਜਣਾ ਕਰ ਸਕਦੀਆਂ ਹਨ ਬਲਕਿ ਦੁਨੀਆ ਭਰ ਦੇ ਲੋਕਾਂ ਨੂੰ ਮਨੁੱਖੀ ਵਿਕਾਸ ਦਾ ਬਦਲਵਾਂ ਮਾਡਲ ਦੇ ਸਕਦੀਆ ਹਨ।'

ਸ. ਪ੍ਰਹਾਰ ਨੇ ਮੇਰੀ ਪੁਸਤਕ 'ਗੁਰੂ ਨਾਨਕ ਦਾ ਧਰਮ : 21ਵੀਂ ਸਦੀ ਦਾ ਸੰਸਾਰ ਧਰਮ' ਬਾਰੇ ਟਿੱਪਣੀ ਕਰਦਿਆਂ ਲਿਖਿਆ ਹੈ, 'ਸ. ਗੁਰਬਚਨ ਸਿੰਘ ਨੇ 'ਗੁਰੂ ਨਾਨਕ ਦਾ ਧਰਮ' ਸਿਰਲੇਖ ਹੇਠਲੀ ਪੁਸਤਕ ਵਿਚ ਸਿੱਖ ਧਰਮ ਨੂੰ 21ਵੀਂ ਸਦੀ ਦਾ ਸੰਸਾਰ ਧਰਮ ਦੱਸਿਆ ਹੈ। 'ਜਗਤੁ ਜਲੰਦਾ ਰੱਖ ਲੈ' ਨਾਂ ਦੇ ਸ਼ੁਰੂਆਤੀ ਲੇਖ ਅਨੁਸਾਰ ਯਕੀਨਨ 'ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ, ਸਮੁੱਚੀ ਮਨੁੱਖ ਜਾਤੀ ਦੇ ਅਨੁਭਵੀ (ਆਤਮਿਕ) ਗਿਆਨ ਦਾ ਖਜ਼ਾਨਾ ਸਿੱਖ ਪੰਥ ਅਤੇ ਪੰਜਾਬ ਦੇ ਲੋਕਾਂ ਕੋਲ ਮੌਜੂਦ ਹੈ ਪਰ ਅਜੋਕੇ ਪ੍ਰਸੰਗ ਵਿਚ ਇਸ ਦਾ ਲਾਹਾ ਲੈਣ ਲਈ ਇਸ ਨੂੰ ਦੁਨੀਆ ਭਰ ਦੇ ਸਾਰੇ ਧਰਮਾਂ ਦੇ ਲੋਕਾਂ ਨਾਲ ਸਾਂਝਾ ਕਰਨ ਦੀ ਲੋੜ ਹੈ।'

...ਇਸੇ ਤਰ੍ਹਾਂ ਉਹ ਆਪਣੇ 'ਨੇਸ਼ਨ ਸਟੇਟ ਬਨਾਮ ਖਾਲਿਸਤਾਨ' ਲੇਖ ਵਿਚ ਲਿਖਦੇ ਹਨ: 'ਗੁਰਮਤਿ ਅਨੁਸਾਰ 'ਖਾਲਿਸਤਾਨ' ਦੀ ਰਾਜਨੀਤੀ ਦਾ ਤੱਤ ਅਜਿਹੇ ਰਾਜ ਦੀ ਸਥਾਪਨਾ ਕਰਨੀ ਹੈ ਜਿੱਥੇ ਹਰ ਮਾਈ-ਭਾਈ ਇਸ ਅਸੀਮ ਕੁਦਰਤ ਨਾਲ ਇਕਸੁਰਤਾ ਤੇ ਇਸ ਦੇ ਜਾਣੇ ਹੋਏ ਨੇਮਾਂ ਵਿਚ ਰਹਿਣ ਦੇ ਯਤਨ ਕਰਦਿਆਂ ਤੇ ਇਸ ਦੇ ਗੁਣ ਗਾਉਂਦਿਆਂ ਆਤਮ-ਸੰਜਮੀ (ਸਦਾਚਾਰੀ) ਜ਼ਿੰਦਗੀ ਜੀਵੇ ਅਤੇ ਹੱਥੀਂ ਕਿਰਤ ਕਰਦਿਆਂ ਹੋਇਆਂ ਸਮੂਹ ਭਾਈਚਾਰੇ ਨਾਲ ਰਲ-ਮਿਲ ਕੇ ਵੰਡ ਛਕਣ ਦੇ ਅਸੂਲ ਤਹਿਤ ਆਪਣੀਆਂ ਤਰਕ-ਸੰਗਤ ਲੋੜਾਂ ਦੀ ਪੂਰਤੀ ਕਰੇ।'

ਇਸ ਬਾਰੇ ਸ. ਪ੍ਰਹਾਰ ਦੀ ਟਿੱਪਣੀ ਹੈ, 'ਇਹ ਸਭ ਇਨਸਾਨੀਅਤ ਦੇ ਭਲੇ ਲਈ ਬਹੁਤ ਵਧੀਆ ਆਦਰਸ਼ ਹਨ। ਸਾਰੇ ਧਰਮਾਂ ਦੇ ਰਹਿਬਰ ਅਜਿਹੇ ਆਦਰਸ਼ਾਂ ਉਤੇ ਚਲਣ ਲਈ ਜ਼ੋਰ ਦਿੰਦੇ ਆਏ ਹਨ। ਸਵਾਲ ਤਾਂ ਇਹ ਹੈ ਕਿ ਇਨ੍ਹਾਂ ਆਦਰਸ਼ਾਂ ਨੂੰ ਅਮਲੀ ਰਾਜਨੀਤੀ ਵਿਚ ਕਿਵੇਂ ਰੂਪਮਾਨ ਕੀਤਾ ਜਾਵੇ। ਕੀ ਗੁਰਬਚਨ ਸਿੰਘ ਜਾਂ ਅਜਮੇਰ ਸਿੰਘ ਨੇ ਪਿਛਲੇ 30-40 ਸਾਲਾਂ ਵਿਚ ਇਸ ਪਾਸੇ ਕੋਈ ਕੋਸ਼ਿਸ਼ ਕੀਤੀ ਹੈ ਤੇ ਜੇ ਕੀਤੀ ਹੈ ਤਾਂ ਉਨ੍ਹਾਂ ਨੂੰ ਕਿੰਨੀ ਕੁ ਕਾਮਯਾਬੀ ਮਿਲੀ ਹੈ?...ਜਿਸ ਤਰ੍ਹਾਂ ਆਪਣੀਆਂ ਪੁਸਤਕਾਂ ਤੇ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਸ. ਗੁਰਬਚਨ ਸਿੰਘ ਧਾਰਮਿਕ/ਰੂਹਾਨੀ ਮੁਹਾਵਰੇ ਵਿਚ ਆਧੁਨਿਕ ਯੁਗ ਦੀਆਂ ਵਿਗਿਆਨਕ ਪ੍ਰਾਪਤੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਦੇ ਹਨ, ਕੀ ਆਧੁਨਿਕ ਵਿਗਿਆਨ ਅਤੇ ਪੱਛਮ ਸੱਭਿਅਤਾ ਨੂੰ ਮੁਢੋਂ ਛੁਟਿਆਉਣ ਲਈ ਅਜਿਹੇ ਦਾਅਵੇ ਸਯਦ ਕੁਤਬ ਜਾਂ ਮੌਲਾਨਾ ਮੌਦੂਦੀ ਆਦਿ ਵਰਗੇ ਆਪਣੀਆਂ ਕਿਤਾਬਾਂ ਰਾਹੀਂ ਨਹੀਂ ਕਰਦੇ ਆ ਰਹੇ? ਕੀ ਉਨ੍ਹਾਂ ਦੇ ਅਜਿਹੇ ਪ੍ਰਵਚਨਾਂ ਨਾਲ ਮੁਹੰਮਦ ਸਾਹਿਬ ਦੇ 'ਇਲਾਹੀ ਵਚਨਾਂ' ਦੀ ਸੋਚ ਦਾ ਕੋਈ ਰੂਹਾਨੀਅਤ ਵਾਲਾ ਇਸਲਾਮੀ ਦੇਸ ਉਸਰ ਸਕਿਆ ਹੈ?'

ਲਿਖਤ ਵੱਡੀ ਹੋਣ ਦੇ ਡਰੋਂ ਆਪਣੀ ਲਿਖਤ ਨੂੰ ਇੱਥੇ ਹੀ ਸਮੇਟਦੇ ਹੋਏ ਮੈਂ ਉਨ੍ਹਾਂ ਦੀ ਇਸ ਟਿੱਪਣੀ ਦਾ ਵਿਸਥਾਰੀ ਜੁਆਬ ਅਗਲੀ ਲਿਖਤ ਵਿਚ ਦੇਣ ਦਾ ਯਤਨ ਜ਼ਰੂਰ ਕਰਾਂਗਾ। ਉਂਝ ਉਨ੍ਹਾਂ ਨੂੰ ਇਸ ਵਾਸਤੇ ਦੋ ਨੁਕਤੇ ਜ਼ਰੂਰ ਧਿਆਨ ਵਿਚ ਰੱਖਣੇ ਚਾਹੀਦੇ ਹਨ। ਪਹਿਲਾ ਨੁਕਤਾ : ਮਾਰਕਸ-ਏਂਗਲਜ ਦੇ ਕਥਨ ਅਨੁਸਾਰ ਸਾਰੇ ਹੀ ਧਰਮ ਇਕ-ਦੂਜੇ ਤੋਂ ਟੁੱਟ ਕੇ ਨਹੀਂ ਬਲਕਿ ਇਕ-ਦੂਜੇ ਦੀ ਨਿਰੰਤਰਤਾ ਵਿਚ ਵਿਕਸਤ ਹੋਏ ਹਨ ਅਤੇ ਮੈਂ 'ਪਜਾਬ ਟਾਈਮਜ਼' ਵਿਚ ਛਪੀਆਂ ਆਪਣੀਆਂ ਅਨੇਕ ਲਿਖਤਾਂ ਅੰਦਰ ਗੁਰਮਤਿ ਕਿਵੇਂ ਸਾਰੇ ਧਰਮਾਂ ਦੀ ਨਿਰੰਤਰਤਾ ਵਿਚ ਵਿਕਸਤ ਹੋਈ ਹੈ, ਇਸ ਬਾਰੇ ਅਨੇਕ ਮਿਸਾਲਾਂ ਦਿੱਤੀਆਂ ਹਨ। ਦੂਜਾ ਨੁਕਤਾ: ਜੇ ਉਨ੍ਹਾਂ ਨੇ ਯੂਕਰੇਨ ਅੰਦਰ ਰੂਸ ਅਤੇ ਅਮਰੀਕੀ ਸਾਮਰਾਜ ਦੀ ਅਗਵਾਈ ਹੇਠਲੇ ਨਾਟੋ ਦੇਸਾਂ ਵਿਚਕਾਰ ਚੱਲ ਰਹੀ ਭਿਆਨਕ ਜੰਗ ਬਾਰੇ ਪੂਤਿਨ ਦੀਆਂ ਲਿਖਤਾਂ ਪੜ੍ਹੀਆਂ ਹਨ ਤਾਂ ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੂਤਿਨ ਨੇ ਇਸ ਨੂੰ ਪੱਛਮੀ ਆਧੁਨਿਕਤਾਵਾਦ ਅਤੇ ਰਵਾਇਤੀ ਇਸਾਈਅਤ ਵਿਚਕਾਰ ਜੰਗ ਕਰਾਰ ਦਿੱਤਾ ਹੈ। ਇਹ ਕਿਵੇਂ ਹੈ, ਇਹ ਇਕ ਵਖਰੀ ਵਿਸਥਾਰੀ ਲਿਖਤ ਦਾ ਮਸਲਾ ਹੈ।

ਬਾਕੀ ਜਿਹੜਾ ਸ. ਪ੍ਰਹਾਰ ਨੇ ਇਹ ਕਿਹਾ ਹੈ ਕਿ, 'ਕੀ ਇਨ੍ਹਾਂ ਵਿਦਵਾਨਾਂ ਨੂੰ ਪੰਜਾਬ ਦੇ ਲੋਕ ਮਸਲਿਆਂ, ਨਿੱਘਰ ਰਹੀ ਸਿਆਸਤ, ਬੌਧਿਕ ਕੰਗਾਲੀ, ਬੇਰੁਜ਼ਗਾਰੀ, ਕਰਜ਼ੇ, ਮੰਦਹਾਲੀ, ਭ੍ਰਿਸ਼ਟਾਚਾਰ, ਨਸ਼ੇ, ਸਿੱਖਾਂ ਦਾ ਵਿਦੇਸ਼ਾਂ ਨੂੰ ਪਰਵਾਸ, ਦੂਸ਼ਿਤ ਹੋ ਰਹੇ ਪਾਣੀ ਤੇ ਵਾਤਾਵਰਨ ਆਦਿ ਦੇ ਕਾਰਨ ਲੱਭਣ ਜਾਂ ਕੋਈ ਹੱਲ ਸੁਝਾਉਣ ਲਈ ਉਪਰਾਲਾ ਨਹੀਂ ਕਰਨਾ ਚਾਹੀਦਾ?' ਇਸ ਬਾਰੇ ਜੇ ਸੰਪਾਦਕ ਸਾਹਿਬ ਨੇ ਖੁੱਲ੍ਹ ਦਿੱਤੀ ਤਾਂ ਅਗਲੀਆਂ ਲਿਖਤਾਂ ਵਿਚ ਇਨ੍ਹਾਂ ਸਾਰੇ ਮਸਲਿਆਂ ਦਾ ਜੁਆਬ ਦੇਣ ਦਾ ਯਤਨ ਕੀਤਾ ਜਾਏਗਾ। ਪੰਜਾਬੀਆਂ ਨੇ ਸਾਂਝੀ ਪੰਜਾਬੀ ਕੌਮ ਕਿਵੇਂ ਸਿਰਜਣੀ ਹੈ, ਜੇ ਮੌਕਾ ਮਿਲਿਆ ਤਾਂ ਇਸ ਦੀ ਵੀ ਵਿਆਖਿਆ ਅਗਲੀ ਲਿਖਤ ਵਿਚ ਕੀਤੀ ਜਾਏਗੀ।

# ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਸ਼ਰਧਾ ਨਾਲ ਮਨਾਇਆ

**ਫਰਿਜ਼ਨੋ:** ਕ੍ਰਾਂਤੀਕਾਰੀ ਸ਼੍ਰੋਮਣੀ ਭਗਤ ਸ੍ਰੀ ਗੁਰੂ ਰਵਿਦਾਸ ਜੀ ਦਾ ਗੁਰਪੁਰਬ ਫਰਿਜ਼ਨੋ ਦੇ ਗੁਰਦੁਆਰਾ ਸਿੰਘ ਸਭਾ ਵਿਖੇ ਸ਼ਰਧਾ ਨਾਲ





ਮਨਾਇਆ ਗਿਆ। ਜਿੱਥੇ ਐਤਵਾਰ ਦੇ ਦੀਵਾਨ ਵਿਚ ਗੁਰੂ ਰਵਿਦਾਸ ਜੀ ਦੇ ਜੀਵਨ ਨੂੰ ਯਾਦ



ਕਰਦਿਆਂ ਰੂਹਾਨੀ ਗੁਰਮਤਿ ਵਿਚਾਰਾਂ ਹੋਈਆਂ ਅਤੇ ਕੀਰਤਨ ਦੀਵਾਨ ਸਜੇ, ਉੱਥੇ ਹੀ ਇਨ੍ਹਾਂ ਦੀਵਾਨਾਂ ਵਿਚ ਗੁਰੂ ਘਰ ਦੇ ਕੀਰਤਨੀਏ ਡਾਕਟਰ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਭਰੀ। ਇਸ ਸਮਾਗਮ ਵਿਚ ਕਥਾਵਾਚਕ ਭਾਈ ਮਲਕੀਤ ਸਿੰਘ ਕਰਨਾਲ ਨੇ ਗੁਰੂ ਸ਼ਬਦ ਦੀ ਕਥਾ ਰਾਹੀਂ ਸਾਂਝ ਪਾਈ।



ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਉੱਘੇ ਸਮਾਜਸੇਵੀ ਸੁਖਬੀਰ ਸਿੰਘ ਭੰਡਾਲ ਨੇ ਸਟੇਜ ਤੋ ਸੰਬੋਧਨ ਕਰਦਿਆਂ ਕਿਹਾ ਕਿ ਸਮਾਜਿਕ ਕੁਰੀਤੀਆਂ ਦਾ ਵਿਰੋਧ ਕਰਨ ਲਈ ਦੁਨੀਆ ਵਿਚ ਸਮੇਂ-ਸਮੇਂ 'ਤੇ ਮਨੁੱਖਤਾ ਦੇ ਰਹਿਬਰਾਂ ਨੇ ਜਨਮ ਲਿਆ ਹੈ। ਇਨ੍ਹਾਂ ਵਿਚ ਸ੍ਰੀ ਗੁਰੂ ਰਵਿਦਾਸ ਜੀ ਦਾ ਨਾਮ ਵੀ ਸ਼ਾਮਿਲ ਹੈ, ਜਿਨ੍ਹਾਂ ਨੇ ਉਸ ਵੇਲੇ ਫੈਲੀ ਊਚ-ਨੀਚ, ਜਾਤ-ਪਾਤ, ਕਰਮਕਾਂਡ, ਪਾਖੰਡਵਾਦ, ਧਾਰਮਿਕ ਕੱਟੜਤਾ ਆਦਿ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ। ਗੁਰੂ ਰਵਿਦਾਸ ਜੀ ਨੇ ਜਾਤ-ਪਾਤ ਦਾ ਖੰਡਨ ਕਰ ਕੇ ਉੱਚ ਵਰਗ ਦੇ ਜਾਤੀ ਅਭਿਮਾਨ ਅਤੇ ਹੰਕਾਰ ਨੂੰ ਸੱਟ ਮਾਰੀ। ਉਹ ਸਮਾਜ ਵਿਚੋਂ ਸ਼ੋਸ਼ਣ, ਛੂਤ-ਛਾਤ, ਪਾਖੰਡਵਾਦ ਦਾ ਖਾਤਮਾ ਕਰ ਕੇ ਬਰਾਬਰੀ ਵਾਲਾ ਸਮਾਜ ਕਾਇਮ ਕਰਨਾ ਚਾਹੁੰਦੇ ਸਨ। ਉਨ੍ਹਾਂ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਜਨਮ ਦਿਹਾੜਾ ਮਨਾਉਣ ਦਾ ਅਸਲੀ ਮੰਤਵ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਦਿੱਤੀਆਂ ਸਿੱਖਿਆਵਾਂ ਨੂੰ ਅਪਣਾ ਕੇ ਸਮਾਜ 'ਚੋਂ ਪਾਖੰਡਵਾਦ ਨੂੰ ਦੂਰ ਕਰ ਕੇ ਬਰਾਬਰੀ ਵਾਲਾ ਸਮਾਜ ਉਸਾਰਨਾ ਹੈ ਤਾਂ ਜੋ ਉਨ੍ਹਾਂ ਵੱਲੋਂ ਦਰਸਾਇਆ ਬੇਗਮਪੁਰਾ ਦਾ ਸੁਪਨਾ ਪੂਰਾ ਹੋ ਸਕੇ।

ਸਟੇਜ ਸੰਚਾਲਨ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਮਾਨ ਨੇ ਨਿਭਾਈ। ਗੁਰੂ ਦੀ ਮਹਿਮਾ ਦੇ ਨਾਲ-ਨਾਲ ਐਤਵਾਰ ਦੇ ਇਸ ਵਿਸ਼ੇਸ਼ ਦੀਵਾਨ ਵਿਚ ਪ੍ਰਮੋਧ ਲੋਈ ਅਤੇ ਪਰਿਵਾਰ ਵੱਲੋਂ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਲੰਗਰ ਬਣਾਉਣ ਦੀ ਸੇਵਾ ਭਾਈ ਇਕਬਾਲ ਸਿੰਘ ਅਤੇ ਸਾਥੀਆਂ ਵੱਲੋਂ ਨਿਭਾਈ ਗਈ। ਇਸ ਮੌਕੇ ਪੰਜਾਬੀ ਕਲਚਰਲ ਐਸੋਸੀਏਸ਼ਨ ਦੇ ਮੈਂਬਰਾਂ ਨੇ ਦੱਸਿਆ ਕਿ ਪੀਸੀਏ ਵੱਲੋਂ ਗੁਰੂਘਰ ਵਿਖੇ ਜੋੜਾ ਘਰ ਲਈ ਰੈਕ ਬਣਵਾ ਕੇ ਦਿੱਤੇ ਗਏ ਹਨ ਅਤੇ ਸੰਸਥਾ ਨੇ ਗੁਰ ਮਿਲਾਪ ਸੰਸਥਾ ਨੂੰ ਰਾਜਸਥਾਨ ਦੇ ਅਲਵਰ ਵਿੱਚ ਲੋੜਵੰਦ ਬੱਚਿਆਂ ਦੀ ਮਦਦ ਕਰਦਿਆਂ, ਸਿੱਖੀ ਸਿੱਖਿਆ ਗੁਰ





ਵਿਚਾਰ ਅਕੈਡਮੀ ਦੇ 30 ਵਿਦਿਆਰਥੀਆਂ ਨੂੰ ਗੋਦ ਲੈ ਕੇ ਉਨ੍ਹਾਂ ਦੀ ਪੜ੍ਹਾਈ ਦਾ ਖ਼ਰਚਾ ਵੀ ਚੁੱਕਿਆ ਹੈ।

*-ਵੇਰਵਾ ਅਤੇ ਤਸਵੀਰਾਂ: ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*

ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

- FAMILY IMMIGRATION
- GREEN CARD PETITION
- CITIZENSHIP
- BUSINESS / VISITOR VISA
- RELIGIOUS VISA
- VARIOUS IMMIGRATION SERVICES

- ਫੈਮਲੀ ਇੰਮੀਗਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਕਈ ਹੋਰ ਇੰਮੀਗਰੇਸ਼ਨ ਸੇਵਾਵਾਂ

website:- www.caials.com e-mail:- rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



ROSY (Kanwal) KAUR
Immigration Consultant
408-422-8585
510-573-3666
Fremont Office: 4127 Bay Street, Unit 5, Fremont CA, 94538
Tracy Office: 1660 W Linne Rd. Unit J 24, Tracy CA, 95377



Ray Dhaliwal
Real Estate Broker

Moving to Indiana?

Contact Ray Dhaliwal @ 317-993-4987

Helpful in Easy and Accessible Home Loans at best Interest Rates.

Listing and Selling Homes in Indianapolis Area.
Good relations with all the well reputed leading Builders in the Area.
Specialized in Pre-Sale homes for Investment and Residential purposes.

CENTURY 21 SCHEETZ
RAYD@C21Scheetz.com

# ਕਿਤਾਬਾਂ ਦੀ ਦੁਨੀਆ ਦੇ ਨਿਆਰੇ ਰੰਗ

*ਰਿਗਵੇਦ ਨੂੰ ਦੁਨੀਆ ਦਾ ਪਹਿਲਾ ਗ੍ਰੰਥ ਮੰਨਿਆ ਜਾਂਦਾ ਹੈ। 3500 ਤੋਂ 4000 ਸਾਲ ਪਹਿਲਾਂ ਰਿਗਵੇਦ ਦੀ ਰਚਨਾ ਪੰਜਾਬ ਵਿਚ ਹੋਈ। ਇਸ ਦਾ ਭਾਵ ਹੈ ਕਿ ਜਦੋਂ ਪੂਰੀ ਦੁਨੀਆ ਦੇ ਲੋਕ ਜੰਗਲਾਂ ਪਹਾੜਾਂ ਵਿਚ ਜਾਨਵਰਾਂ ਵਰਗਾ ਜੀਵਨ ਬਤੀਤ ਕਰ ਰਹੇ ਸਨ ਤਾਂ ਉਸ ਸਮੇਂ ਪੰਜਾਬ ਦੇ ਲੋਕਾਂ ਦੀ ਸ਼ਬਦ ਨਾਲ ਸਾਂਝ ਬਣ ਚੁੱਕੀ ਸੀ। ਪਹਿਲਾਂ ਮਨੁੱਖ ਨੇ ਪੱਥਰਾਂ 'ਤੇ ਲਿਖਣਾ ਸ਼ੁਰੂ ਕੀਤਾ, ਮਗਰੋਂ ਪੱਤਿਆਂ 'ਤੇ। ਜਦੋਂ ਉਸ ਨੂੰ ਕੱਪੜਾ ਬੁਣਨ ਦੀ ਜਾਚ ਆਈ ਤਾਂ ਉਹ ਕੱਪੜੇ 'ਤੇ ਲਿਖਣ ਲੱਗਾ। ਕਈ ਸਦੀਆਂ ਮਗਰੋਂ ਉਸ ਨੇ ਕਾਗਜ਼ ਦੀ ਖੋਜ ਕੀਤੀ ਤੇ ਕਿਤਾਬਾਂ ਹੋਂਦ ਵਿਚ ਆਈਆਂ।*

ਕਈ ਸਦੀਆਂ ਦੇ ਯਤਨਾਂ ਮਗਰੋਂ ਮਨੁੱਖ ਅੱਖਰ ਬਣਤਰ ਤੱਕ ਪਹੁੰਚਿਆ। ਅੱਖਰਾਂ ਤੋਂ ਸ਼ਬਦ ਬਣੇ, ਸ਼ਬਦਾਂ ਤੋਂ ਵਾਕ ਅਤੇ ਫਿਰ ਵਾਕਾਂ ਤੋਂ ਪੋਥੀਆਂ ਤੇ ਗ੍ਰੰਥ ਬਣੇ। ਸ਼ਬਦ ਬਹੁਤ ਵੱਡੀ ਤਾਕਤ ਹੁੰਦੇ ਹਨ। ਸਾਡੇ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਸ਼ਬਦ-ਗੁਰੂ ਆਖ ਕੇ ਸਾਨੂੰ ਇਨ੍ਹਾਂ ਦੀ ਮਹਾਨਤਾ ਦਾ ਅਹਿਸਾਸ ਕਰਵਾਇਆ। ਕਿਹਾ ਜਾਂਦਾ ਹੈ ਕਿ ਪੱਥਰ ਖੁਰ ਜਾਂਦੇ ਹਨ ਪਰ ਸ਼ਬਦ ਨਹੀਂ।

ਰਿਗਵੇਦ ਨੂੰ ਦੁਨੀਆ ਦਾ ਪਹਿਲਾ ਗ੍ਰੰਥ ਮੰਨਿਆ ਜਾਂਦਾ ਹੈ। 3500 ਤੋਂ 4000 ਸਾਲ ਪਹਿਲਾਂ ਰਿਗਵੇਦ ਦੀ ਰਚਨਾ ਪੰਜਾਬ ਵਿਚ ਹੋਈ। ਇਸ ਦਾ ਭਾਵ ਹੈ ਕਿ ਜਦੋਂ ਪੂਰੀ ਦੁਨੀਆ ਦੇ ਲੋਕ ਜੰਗਲਾਂ ਪਹਾੜਾਂ ਵਿਚ ਜਾਨਵਰਾਂ ਵਰਗਾ ਜੀਵਨ ਬਤੀਤ ਕਰ ਰਹੇ ਸਨ ਤਾਂ ਉਸ ਸਮੇਂ



ਇੱਥੋਂ ਦੇ ਲੋਕਾਂ ਦੀ ਸ਼ਬਦ ਨਾਲ ਸਾਂਝ ਬਣ ਚੁੱਕੀ ਸੀ। ਪਹਿਲਾਂ ਮਨੁੱਖ ਨੇ ਪੱਥਰਾਂ 'ਤੇ ਲਿਖਣਾ ਸ਼ੁਰੂ ਕੀਤਾ, ਮਗਰੋਂ ਪੱਤਿਆਂ 'ਤੇ। ਜਦੋਂ ਉਸ ਨੂੰ ਕੱਪੜਾ ਬੁਣਨ ਦੀ ਜਾਚ

**ਗੁਰਚਰਨ ਸਿੰਘ ਨੂਰਪੁਰ**
ਫੋਨ: +91-98550-51099

ਆਈ ਤਾਂ ਉਹ ਕੱਪੜੇ 'ਤੇ ਲਿਖਣ ਲੱਗਾ। ਕਈ ਸਦੀਆਂ ਮਗਰੋਂ ਉਸ ਨੇ ਕਾਗਜ਼ ਦੀ ਖੋਜ ਕੀਤੀ ਤੇ ਕਿਤਾਬਾਂ ਹੋਂਦ ਵਿਚ ਆਈਆਂ।

ਸ਼ਬਦ ਦੀ ਸ਼ਕਤੀ ਕੀ ਹੈ? ਇਸ ਬਾਰੇ ਕਥਾ ਹੈ ਕਿ ਰਾਜਾ ਕਿਸੇ ਵਿਦਵਾਨ ਤੋਂ ਬੜਾ ਪ੍ਰਭਾਵਿਤ ਸੀ। ਉਸ ਨੇ ਕਿਹਾ ਕਿ ਉਹ ਉਸ ਨੂੰ ਕੋਈ ਅਜਿਹਾ ਮੰਤਰ ਦੇਵੇ ਜੋ ਹਰ ਸੰਕਟ ਵਿਚ ਕੰਮ ਆ ਸਕੇ। ਵਿਦਵਾਨ ਨੇ ਰਾਜੇ ਨੂੰ ਕਿਹਾ ਕਿ ਉਹ ਦੋ ਮਹੀਨੇ ਬਾਅਦ ਉਸ ਕੋਲ ਆਵੇ। ਜਦੋਂ ਰਾਜਾ ਦੁਬਾਰਾ ਗਿਆ ਤਾਂ ਵਿਦਵਾਨ ਨੇ ਰਾਜੇ ਨੂੰ ਅੰਗੂਠੀ ਦਿੱਤੀ ਅਤੇ ਕਿਹਾ, "ਇਹਦੇ ਨਗ ਦੇ ਹੇਠ ਕਾਗਜ਼ ਦੇ ਛੋਟੇ ਟੁਕੜੇ 'ਤੇ ਕੁਝ ਸ਼ਬਦ ਲਿਖੇ ਹਨ, ਇਹ ਸੰਕਟ ਸਮੇਂ ਤੁਹਾਡੀ ਅਗਵਾਈ ਕਰਨਗੇ। ਯਾਦ ਰੱਖਣਾ ਕਿ ਮੁੰਦਰੀ ਦੇ ਇਸ ਨਗ ਨੂੰ ਉਦੋਂ ਹੀ ਉਖਾੜਨਾ ਤੇ ਪੜ੍ਹਨਾ, ਜਦੋਂ ਸਭ ਹੀਲੇ ਨਾਕਾਮ ਹੋ ਜਾਣ, ਪਹਿਲਾਂ ਨਹੀਂ।" ਸਮਾਂ ਬੀਤਿਆ, ਕਈ ਸੰਕਟ ਸਮੱਸਿਆਵਾਂ ਆਈਆਂ ਤੇ ਚਲੀਆਂ ਗਈਆਂ ਪਰ ਰਾਜੇ ਨੇ ਮੁੰਦਰੀ ਦਾ ਨਗ ਉਖਾੜ ਕੇ ਨਾ ਦੇਖਿਆ। ਫਿਰ ਇੱਕ ਸਮਾਂ ਅਜਿਹਾ ਆਇਆ ਜਦੋਂ ਗੁਆਂਢੀ ਰਾਜੇ ਨੇ ਉਸ ਦੇ ਰਾਜ 'ਤੇ ਹਮਲਾ ਕਰ ਦਿੱਤਾ। ਘਮਸਾਣ ਦਾ ਯੁੱਧ ਹੋਇਆ। ਰਾਜੇ ਦੀ ਫੌਜ ਗੁਆਂਢੀ ਫੌਜ ਅੱਗੇ ਹਾਰ ਗਈ। ਹਾਰ ਨੂੰ ਦੇਖਦਿਆਂ ਰਾਜਾ ਆਪਣੀ ਜਾਨ ਬਚਾਉਣ ਲਈ ਘੋੜੇ 'ਤੇ ਯੁੱਧ ਮੈਦਾਨ ਵਿਚੋਂ ਭੱਜ ਨਿਕਲਿਆ ਪਰ ਦੁਸ਼ਮਣ ਦੀ ਫੌਜ ਨੂੰ ਪਤਾ ਲੱਗ ਗਿਆ। ਫੌਜ ਦੀ ਟੁਕੜੀ ਰਾਜੇ ਦਾ ਪਿੱਛਾ ਕਰਨ ਲੱਗੀ। ਪਹਾੜੀ ਇਲਾਕੇ ਵਿਚ ਰਾਜਾ ਦੁਸ਼ਮਣ ਦੀ ਫੌਜ ਤੋਂ ਬਚਦਾ ਪਹਾੜੀ ਰਸਤੇ ਦਾ ਮੋੜ ਮੁੜ ਗਿਆ। ਮੋੜ ਮੁੜਦਿਆਂ ਕੁਝ ਫਾਸਲੇ 'ਤੇ ਰਸਤਾ ਮੁੱਕ ਗਿਆ। ਅੱਗੇ ਡੂੰਘੀ ਖਾਈ ਸੀ। ਰਾਜੇ ਦਾ ਘੋੜਾ ਖਾਈ ਵਿਚ ਡਿੱਗਦਾ-ਡਿੱਗਦਾ ਮਸਾਂ ਬਚਿਆ। ਦੁਸ਼ਮਣ ਫੌਜ ਪਿੱਛੇ ਆ ਰਹੀ ਸੀ। ਰਾਜੇ ਨੂੰ ਮੁੰਦਰੀ ਦਾ ਖਿਆਲ ਆਇਆ। ਉਸ ਨੇ ਛੁਰੀ ਦੀ ਨੋਕ ਨਾਲ ਮੁੰਦਰੀ ਦਾ ਨਗ ਉਖਾੜਿਆ, ਕਾਗਜ਼ ਕੱਢ ਕੇ ਪੜ੍ਹਿਆ, ਉਪਰ ਲਿਖਿਆ ਸੀ: 'ਇਹ ਵਕਤ ਵੀ ਬੀਤ ਜਾਵੇਗਾ।' ਇਨ੍ਹਾਂ ਸ਼ਬਦਾਂ ਨਾਲ ਰਾਜੇ ਅੰਦਰ ਵਿਲੱਖਣ ਊਰਜਾ ਦਾ ਸੰਚਾਰ ਹੋਇਆ। ਰਾਜੇ ਨੇ ਮੁੰਦਰੀ ਬੰਦ ਕਰ ਕੇ ਆਪਣੇ ਚੋਲੇ ਦੇ ਖੀਸੇ ਵਿਚ ਸੰਭਾਲ ਲਈ। ਦੁਸ਼ਮਣ ਦੀ ਫੌਜ ਮੋੜ ਮੁੜਨ ਦੀ ਬਜਾਇ ਅੱਗੇ ਲੰਘ ਗਈ। ਰਾਜੇ ਦੀ ਜਾਨ ਬਚ ਗਈ। ਕਈ ਮਹੀਨਿਆਂ ਦੀ ਮਿਹਨਤ ਮਗਰੋਂ ਉਸ ਨੇ ਲੁਕਵੀਂ ਥਾਂ 'ਤੇ ਆਪਣੀ ਫੌਜ ਨੂੰ ਜਥੇਬੰਦ ਕਰਨਾ ਸ਼ੁਰੂ ਕੀਤਾ। ਮਿੱਤਰ ਰਾਜਿਆਂ ਦੀ ਮਦਦ ਲਈ ਅਤੇ ਵੱਡੀ ਫੌਜ ਬਣਾ ਕੇ ਦੁਸ਼ਮਣ ਰਾਜੇ ਨੂੰ ਮੈਦਾਨ-ਏ-ਜੰਗ ਵਿਚ ਲਲਕਾਰਿਆ, ਯੁੱਧ ਵਿਚ ਜਿੱਤ ਪ੍ਰਾਪਤ ਕੀਤੀ ਤੇ ਆਪਣਾ ਰਾਜ-ਭਾਗ ਮੁੜ ਹਾਸਲ ਕਰ ਲਿਆ। ਰਾਜਾ ਹੁਣ ਵੀ ਉਨ੍ਹਾਂ ਸ਼ਬਦਾਂ 'ਇਹ ਸਮਾਂ ਵੀ ਬੀਤ ਜਾਵੇਗਾ' ਨੂੰ ਕਦੇ-ਕਦੇ ਪੜ੍ਹਦਾ। ਇਹ ਸ਼ਬਦ ਉਸ ਨੂੰ ਅਹਿਸਾਸ ਕਰਵਾਉਂਦੇ ਕਿ ਚੰਗਾ ਮਾੜਾ ਦੋਵੇਂ ਤਰ੍ਹਾਂ ਦਾ ਸਮਾਂ ਸਦਾ ਨਹੀਂ ਰਹਿਣਾ ਹੁੰਦਾ।

ਜ਼ਫ਼ਰਨਾਮੇ ਦੇ ਸ਼ਬਦਾਂ ਦੀ ਸ਼ਕਤੀ ਸੀ ਕਿ ਔਰੰਗਜ਼ੇਬ ਨੂੰ ਉਹਦੇ ਜ਼ੁਲਮ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਇੰਨੀ ਸ਼ਿੱਦਤ ਨਾਲ ਅਹਿਸਾਸ ਕਰਵਾਇਆ ਕਿ ਉਹ ਅੰਦਰੋਂ ਚੂਰ-ਚੂਰ ਹੋ ਗਿਆ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਸ਼ਬਦਾਂ ਨਾਲ ਤੁਸੀਂ ਸਾਰਾ ਸੰਸਾਰ ਜਿੱਤ ਸਕਦੇ ਹੋ ਪਰ ਤਲਵਾਰ ਨਾਲ ਨਹੀਂ। ਸ਼ਬਦ ਦੀ ਅਹਿਮੀਅਤ ਨੂੰ ਸਮਝ ਜਾਣ ਵਾਲੇ ਲੋਕ ਸਾਰੀ ਉਮਰ ਕਿਤਾਬਾਂ ਨਾਲ ਲਗਾਉ ਰੱਖਦੇ ਹਨ। ਚੰਗੀਆਂ ਕਿਤਾਬਾਂ ਪੜ੍ਹਨ ਨਾਲ ਸਾਡੀ ਸ਼ਖ਼ਸੀਅਤ ਵਿਚ ਬੁਲੰਦੀ ਆਉਣ ਲੱਗਦੀ ਹੈ। ਕਿਤਾਬਾਂ ਦੀ ਮਹਾਨਤਾ ਬਾਰੇ ਲਿਖਦਿਆਂ ਵਿਦਵਾਨ ਜੇਮਜ਼ ਰੱਸਲ ਲਿਖਦਾ ਹੈ: ਕਿਤਾਬਾਂ ਤਾਂ ਸ਼ਹਿਦ ਦੀਆਂ ਮੱਖੀਆਂ ਵਾਂਗ ਹੁੰਦੀਆਂ ਹਨ ਜੋ ਫੁੱਲਾਂ ਦੇ ਬੂਰ ਨੂੰ ਇੱਕ ਦਿਮਾਗ ਤੋਂ ਦੂਜੇ ਤੱਕ ਲੈ ਕੇ ਜਾਂਦੀਆਂ ਹਨ।



ਕਿਤਾਬਾਂ ਸਾਨੂੰ ਲੰਘੇ ਸਮਿਆਂ ਦੇ ਦਰਸ਼ਨ ਕਰਵਾਉਂਦੀਆਂ ਹਨ। ਸਦੀਆਂ ਪਹਿਲਾਂ ਹੋਏ ਲੋਕਾਂ ਨਾਲ ਮਿਲਵਾਉਂਦੀਆਂ ਹਨ। ਦੁਨੀਆ ਵਿਚ ਵਾਪਰੀਆਂ ਪ੍ਰਮੁੱਖ ਘਟਨਾਵਾਂ ਦੇ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਪੇਸ਼ ਕਰਦੀਆਂ ਹਨ। ਅਰਬ ਦੀ ਬੜੀ ਦਿਲਚਸਪ ਕਹਾਵਤ ਹੈ, "ਕਿਤਾਬ ਜੇਬ੍ਹ ਵਿਚ ਰੱਖੇ ਬਾਗ਼ ਵਾਂਗ ਹੁੰਦੀ ਹੈ।"

ਕਿਤਾਬਾਂ ਅਨੇਕ ਤਰ੍ਹਾਂ ਦੀਆਂ ਹੁੰਦੀਆਂ ਹਨ ਪਰ ਮੋਟੇ ਤੌਰ 'ਤੇ ਕਿਤਾਬਾਂ ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ। ਇੱਕ ਉਹ ਕਿਤਾਬਾਂ ਜੋ ਅਸੀਂ ਆਪ ਵੀ ਨਹੀਂ ਪੜ੍ਹਦੇ ਤੇ ਮੁਫ਼ਤ ਵਿਚ ਕਿਸੇ ਹੋਰ ਨੂੰ ਫੜਾ ਦਿੰਦੇ ਹਾਂ। ਦੂਜੀਆਂ ਉਹ ਜੋ ਅਸੀਂ ਆਪ ਪੜ੍ਹਦੇ ਹਾਂ ਤੇ ਜਾਣਕਾਰਾਂ ਨੂੰ ਇਹ ਕਹਿ ਕੇ ਰੋਕ ਦਿੰਦੇ ਹਾਂ ਕਿ ਐਵੇਂ ਸਮਾਂ ਬਰਬਾਦ ਕਰਨ ਹੈ, ਇਸ ਲਈ ਨਾ ਪੜ੍ਹੋ। ਤੀਜੀਆਂ ਉਹ ਜੋ ਅਸੀਂ ਬੜੀ ਦਿਲਚਸਪੀ ਨਾਲ ਪੜ੍ਹਦੇ ਹਾਂ ਅਤੇ ਹੋਰ ਦੋਸਤਾਂ ਮਿੱਤਰਾਂ ਨੂੰ ਪੜ੍ਹਨ ਦੀ ਸਲਾਹ ਦਿੰਦੇ ਹਾਂ। ਚੌਥੀ ਕਿਸਮ ਦੀਆਂ ਉਹ ਕਿਤਾਬਾਂ ਹੁੰਦੀਆਂ ਹਨ ਜਿਨ੍ਹਾਂ ਨੂੰ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਪੜ੍ਹਦਿਆਂ-ਪੜ੍ਹਦਿਆਂ ਡਰ ਲੱਗਦਾ ਹੈ ਕਿ ਕਿਤੇ ਇਹ ਕਿਤਾਬ ਜਲਦੀ ਖ਼ਤਮ ਨਾ ਹੋ ਜਾਵੇ। ਕਿਤਾਬਾਂ ਦੀ ਇਕ ਹੋਰ ਕਿਸਮ ਵੀ ਹੁੰਦੀ ਹੈ: ਇਹ ਉਹ ਕਿਤਾਬਾਂ ਹੁੰਦੀਆਂ ਹਨ ਜੋ ਅਸੀਂ ਕਿਸੇ ਨੂੰ ਨਹੀਂ ਦਿੰਦੇ, ਜੇ ਕੋਈ ਮੰਗ ਕੇ ਲੈ ਵੀ ਜਾਵੇ ਤਾਂ ਦੁਬਾਰਾ ਆਪਣੀ ਲਾਇਬ੍ਰੇਰੀ ਵਿਚ ਖਰੀਦ ਕੇ ਰੱਖਣ ਤੱਕ ਸਾਨੂੰ ਚੈਨ ਨਹੀਂ ਆਉਂਦਾ।

ਪੰਜਾਬ ਉਨ੍ਹਾਂ ਮਹਾਂਪੁਰਸ਼ਾਂ ਦੀ ਧਰਤੀ ਹੈ ਜਿਨ੍ਹਾਂ ਨੇ ਆਪਣੀ ਬੌਧਿਕਤਾ ਨਾਲ ਸਾਰੀ ਦੁਨੀਆ ਨੂੰ ਪ੍ਰਭਾਵਿਤ ਕੀਤਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਡੇ ਦਸ ਗੁਰੂ ਸਾਹਿਬਾਨ ਇਸ ਧਰਤੀ 'ਤੇ ਵਿਚਰੇ ਅਤੇ ਆਪਣੀ ਵਿਚਾਰਧਾਰਾ ਰਾਹੀਂ ਸਮਾਜ ਨੂੰ ਬੜੀ ਵੱਡੀ ਦੇਣ ਦਿੱਤੀ। ਜੋ ਕਿਹਾ, ਉਹ ਸਿਰਫ਼ ਕਿਹਾ ਨਹੀਂ ਸਗੋਂ ਕਰ ਕੇ ਦਿਖਾਇਆ। ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦੀ ਸਥਾਪਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਸ਼ਬਦ ਨੂੰ ਗੁਰੂ ਦਾ ਦਰਜਾ ਦਿੰਦਿਆਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਅਤੇ ਆਪ ਵੀ ਸ਼ਬਦ ਗੁਰੂ ਅੱਗੇ ਨਤਮਸਤਕ ਹੋਏ।

ਭਗਤ ਪੂਰਨ ਸਿੰਘ ਜੀ ਨੇ ਮਨੁੱਖਤਾ ਦੀ ਸੇਵਾ ਕਰ ਕੇ ਦੇਸ਼ ਵਿਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿਚ ਆਪਣੀ ਮਿਸਾਲ ਕਾਇਮ ਕੀਤੀ। ਭਗਤ ਜੀ ਕਿਤਾਬਾਂ ਪੜ੍ਹਨ ਨੂੰ ਆਪਣਾ ਨੇਮ ਸਮਝਦੇ ਸਨ। ਸ਼ਬਦਾਂ ਦੀ ਤਾਕਤ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ। ਉਹ ਆਪ ਵੀ ਇੱਕ ਚੰਗੇ ਲੇਖਕ ਸਨ।

ਇੰਗਲੈਂਡ ਫਰਾਂਸ ਵਰਗੇ ਮੁਲਕਾਂ ਵਿਚ ਕਿਤਾਬਾਂ ਪੜ੍ਹਨ ਦਾ ਰਿਵਾਜ ਪਹਿਲਾਂ ਵੀ ਸਾਡੇ ਤੋਂ ਵੱਧ ਸੀ ਤੇ ਅੱਜ ਵੀ ਹੈ। ਕਈ ਮੁਲਕਾਂ ਵਿਚ ਜੇ ਬਸ ਵਿਚ ਪੰਜਾਹ ਯਾਤਰੀ ਸਫ਼ਰ ਕਰ ਰਹੇ ਹੁੰਦੇ ਸਨ ਤਾਂ ਇਨ੍ਹਾਂ 'ਚੋਂ ਚਾਲੀ ਕੋਈ ਨਾ ਕੋਈ ਕਿਤਾਬ ਜਾਂ ਮੈਗਜ਼ੀਨ ਪੜ੍ਹ ਰਹੇ ਹੁੰਦੇ ਸਨ। ਕਿਤਾਬਾਂ ਕਿਸੇ ਵੀ ਸਮਾਜ ਨੂੰ ਚੰਗਾ ਬਣਾਉਣ ਵਿਚ ਸਭ ਤੋਂ ਵੱਡਾ ਰੋਲ ਅਦਾ ਕਰਦੀਆਂ ਹਨ। ਅੱਜ ਜੇ ਸਾਡੀ ਨੌਜਵਾਨ ਪੀੜ੍ਹੀ ਦੂਜੇ ਮੁਲਕਾਂ ਵਿਚ ਆਪਣਾ ਭਵਿੱਖ ਤਲਾਸ਼ ਰਹੀ ਹੈ ਤਾਂ ਇਸ ਵਿਚ ਕਿਤੇ ਨਾ ਕਿਤੇ ਕਿਤਾਬਾਂ ਦਾ ਵੀ ਬਹੁਤ ਵੱਡਾ ਰੋਲ ਹੈ।

ਅਸੀਂ ਹੁਣ ਉਸ ਦੌਰ ਵਿਚ ਪ੍ਰਵੇਸ਼ ਕਰ ਗਏ ਹਾਂ ਜਿੱਥੇ ਅਨਪੜ੍ਹ ਹੀ ਨਹੀਂ, ਪੜ੍ਹੇ ਲਿਖੇ ਵੀ ਚੀਜ਼ਾਂ ਨੂੰ ਪੜ੍ਹਨ ਦੀ ਬਜਾਇ ਦੇਖਣ ਦੇ ਆਦੀ ਹੋਣ ਲੱਗ ਪਏ ਹਨ। ਹੁਣ ਅਸੀਂ ਖ਼ਬਰਾਂ ਪੜ੍ਹਦੇ ਘੱਟ ਤੇ ਸੁਣਦੇ ਦੇਖਦੇ ਜ਼ਿਆਦਾ ਹਾਂ। ਪੜ੍ਹਨ ਦਾ ਰੁਝਾਨ ਘਟ ਰਿਹਾ ਹੈ। ਇੰਟਰਨੈੱਟ 'ਤੇ ਈ-ਬੁੱਕ ਦਾ ਰਿਵਾਜ ਵਧ ਰਿਹਾ ਹੈ। ਅਸੀਂ ਕਿਤਾਬਾਂ ਤੋਂ ਕੁਝ ਦੂਰ ਹੋ ਗਏ ਹਾਂ। ਇਸ ਸਭ ਕੁਝ ਦੇ ਬਾਵਜੂਦ ਕਿਤਾਬਾਂ ਦੀ ਸਾਰਥਿਕਤਾ ਬਣੀ ਰਹੇਗੀ। ਉਸ ਦਾ ਕਾਰਨ ਇਹ ਹੈ ਕਿ ਇੰਟਰਨੈੱਟ 'ਤੇ ਕਿਤਾਬ ਪੜ੍ਹਦਿਆਂ ਕਾਲ, ਮੈਸੇਜ, ਕੋਈ ਐਡ ਸਾਡੀ ਇਕਾਗਰਤਾ ਨੂੰ ਵਾਰ-ਵਾਰ ਭੰਗ ਕਰਦੇ ਰਹਿੰਦੇ ਹਨ। ਸਕਰੀਨ ਦੀ ਰੌਸ਼ਨੀ ਵੀ ਸਾਡੀਆਂ ਅੱਖਾਂ ਨੂੰ ਪ੍ਰਭਾਵਿਤ ਕਰਦੀ ਹੈ, ਅੱਖਾਂ ਥੱਕਣ ਲੱਗਦੀਆਂ ਹਨ। ਇਸ ਲਈ ਕਿਤਾਬ ਪੜ੍ਹਨ ਲਈ ਲੋੜੀਂਦੀ ਇਕਾਗਰਤਾ ਇੰਟਰਨੈੱਟ 'ਤੇ ਨਹੀਂ ਬਣ ਸਕਦੀ।

ਕਿਤਾਬਾਂ ਪੜ੍ਹਨ ਲਈ ਚਾਹੀਦਾ ਹੈ ਕਿ ਅਸੀਂ ਕਿਤਾਬ ਪੜ੍ਹਨ ਲਈ ਘਰ ਵਿਚ ਲਾਇਬ੍ਰੇਰੀ ਬਣਾਉਣ ਦੇ ਨਾਲ-ਨਾਲ ਆਪਣੇ ਪੜ੍ਹਨ ਲਈ ਸਮਾਂ ਅਤੇ ਥਾਂ ਤੈਅ ਕਰੀਏ। ਹਰ ਰੋਜ਼ ਕਿਸੇ ਕਿਤਾਬ ਦੇ ਦਸ-ਬਾਰਾਂ ਪੰਨੇ ਪੜ੍ਹਨ ਨਾਲ ਅਸੀਂ ਆਪਣੇ ਅੰਦਰ ਹੁੰਦੀ ਤਬਦੀਲੀ ਮਹਿਸੂਸ ਕਰ ਸਕਦੇ ਹਾਂ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਪੜ੍ਹਨ ਲਈ ਅੱਧਾ ਘੰਟਾ ਜਾਂ ਇੱਕ ਘੰਟਾ ਰਾਖਵਾਂ ਰੱਖੀਏ। ਪੂਰਾ ਦਿਨ ਮੋਬਾਈਲ ਦੀ ਸਕਰੀਨ 'ਤੇ ਉਂਗਲਾਂ ਮਾਰ-ਮਾਰ ਕੇ ਅਸੀਂ ਬਹੁਤ ਸਾਰਾ ਸਮਾਂ ਬਰਬਾਦ ਕਰ ਦਿੰਦੇ ਹਾਂ। ਬਹੁਤ ਸਾਰਾ ਡੇਟਾ ਦੇ ਰੂਪ ਵਿਚ ਫਜ਼ੂਲ ਕਚਰਾ ਅਸੀਂ ਆਪਣੇ ਦਿਮਾਗਾਂ ਵਿਚ ਭਰ ਰਹੇ ਹਾਂ। ਇਹ ਸਾਨੂੰ ਬੌਧਿਕ ਪੱਖ ਤੋਂ ਬੌਣਾ ਬਣਾ ਰਿਹਾ ਹੈ। ਚਾਹੀਦਾ ਇਹ ਹੈ ਕਿ ਅਸੀਂ ਆਪਣੀ ਸੋਚਣ ਦੇ ਢੰਗ ਨੂੰ ਵਿਗਿਆਨਕ ਬਣਾਉਣ ਲਈ ਚੰਗੀਆਂ ਕਿਤਾਬਾਂ ਪੜ੍ਹੀਏ।

ਇੱਕ ਵਾਰ ਕੇਰਲ ਜਾਣ ਦਾ ਮੌਕਾ ਮਿਲਿਆ। ਅਸੀਂ ਉੱਥੇ ਕਿਤਾਬਾਂ ਦੀਆਂ ਫੜ੍ਹੀਆਂ ਲੱਗੀਆਂ ਦੇਖੀਆਂ। ਬੱਸ ਸਫ਼ਰ ਦੌਰਾਨ 55-60 ਸਾਲ ਦੀ ਔਰਤ ਕਿਤਾਬਾਂ ਵੇਚਣ ਲਈ ਬੱਸ 'ਤੇ ਚੜ੍ਹ ਆਈ। ਇਹਦੇ ਕੋਲ ਨਗਾਂ ਰਾਸ਼ੀਆਂ ਵਾਲੀਆਂ ਕਿਤਾਬਾਂ ਜੰਤਰੀਆਂ ਨਹੀਂ ਸਨ ਸਗੋਂ ਸੰਸਾਰ ਦੇ ਪ੍ਰਸਿੱਧ ਲੇਖਕਾਂ ਦੀਆਂ ਜਗਤ ਪ੍ਰਸਿੱਧ ਕਿਤਾਬਾਂ ਸਨ। ਇੱਥੇ ਅਸੀਂ ਕਰਿਆਨੇ ਅਤੇ ਮੁਨਿਆਰੀ ਵਾਲੀਆਂ ਦੁਕਾਨਾਂ ਦੇ ਬਾਹਰ ਭੁਜੀਏ ਦੇ ਪੈਕਟਾਂ ਵਾਂਗ ਕਿਤਾਬਾਂ ਮੈਗਜ਼ੀਨ ਲਟਕਦੇ ਆਮ ਦੇਖੇ।

ਇੱਧਰ ਸਾਡੇ ਪੰਜਾਬੀ ਸਮਾਜ ਵਿਚ ਪੜ੍ਹਨ ਦੀ ਰੁਚੀ ਘਟ ਰਹੀ ਹੈ। ਟੀ.ਵੀ. ਚੈਨਲਾਂ 'ਤੇ ਅੰਧ-ਵਿਸ਼ਵਾਸ ਨਾਲ ਭਰਪੂਰ ਪ੍ਰੋਗਰਾਮਾਂ ਦਾ ਪ੍ਰਸਾਰਨ, ਮੋਬਾਈਲ ਇੰਟਰਨੈੱਟ ਅਤੇ ਮਸ਼ੀਨੀ ਕਲਚਰ ਦਾ ਵਿਕਾਸ ਵਰਗੇ ਇਸ ਦੇ ਕਈ ਕਾਰਨ ਹਨ। ਬਹੁਗਿਣਤੀ ਪੰਜਾਬੀ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਅਖ਼ਬਾਰ ਤਕ ਨਹੀਂ ਪੜ੍ਹਦੇ, ਕਿਤਾਬਾਂ ਪੜ੍ਹਨੀਆਂ ਦੂਰ ਦੀ ਗੱਲ ਹੈ। ਸਾਡੇ ਲੋਕ ਮੋਬਾਈਲ 'ਤੇ ਟਿਊਨਾਂ ਲਗਵਾ ਕੇ ਜਾਂ ਫਜ਼ੂਲ ਹੀ ਕਿਸੇ ਨਾਲ ਗੱਲਾਂ ਕਰ ਕੇ ਦਸ ਪੰਦਰਾਂ ਰੁਪਏ ਬਰਬਾਦ ਕਰ ਦੇਣਗੇ ਪਰ ਦੋ-ਤਿੰਨ ਰੁਪਏ ਦਾ ਅਖ਼ਬਾਰ ਖਰੀਦਣਾ ਫਜ਼ੂਲ ਖਰਚ ਸਮਝਦੇ ਹਨ। ਧਨਾਢ ਲੋਕ ਘਰ ਬਣਾਉਂਦਿਆਂ ਦੇਖਾ-ਦੇਖੀ ਘਰਾਂ ਵਿਚ ਪੂਜਾ ਰੂਮ ਤਾਂ ਬਣਾ ਲੈਣਗੇ ਪਰ ਕਿਤਾਬਾਂ ਲਈ ਘਰਾਂ ਵਿਚ ਕੋਈ ਥਾਂ ਨਹੀਂ ਹੁੰਦੀ। ਲੋਕ ਦਿਖਾਵਾ, ਫੋਕੀਆਂ ਰਸਮਾਂ, ਵਿਆਹਾਂ ਸ਼ਾਦੀਆਂ 'ਤੇ ਬੇਤਹਾਸ਼ਾ ਕਰਜ਼ਾ ਚੁੱਕ-ਚੁੱਕ ਕੇ ਪੈਸਾ ਲਾਉਣ, ਉੱਚੇ ਮਹਿੰਗੇ ਘਰ ਉਸਾਰਨ ਅਤੇ ਮਹਿੰਗੀਆਂ ਗੱਡੀਆਂ ਖਰੀਦਣ ਵਿਚ ਸਾਡੇ ਲੋਕ ਇੱਕ ਦੂਜੇ ਤੋਂ ਵਧ ਕੇ ਔਖੇ ਹੋ ਕੇ ਵੀ ਪੈਸਾ ਲਾਉਣ ਲਈ ਤਿਆਰ ਰਹਿੰਦੇ ਹਨ। ਅਜਿਹੇ ਹੋਰ ਵੀ ਕਈ ਕੰਮ ਕਰਨ ਵਿਚ ਅਸੀਂ ਭਾਰਤ ਵਿਚੋਂ ਪਹਿਲੇ ਨੰਬਰ 'ਤੇ ਹਾਂ ਪਰ ਬਹੁਗਿਣਤੀ ਲੋਕਾਂ ਦਾ ਕਿਤਾਬਾਂ ਦਾ ਬਜਟ ਜ਼ੀਰੋ ਫ਼ੀਸਦੀ ਹੁੰਦਾ ਹੈ।

ਅਖੌਤੀ ਬਾਬਿਆਂ, ਡੇਰਿਆਂ, ਜੋਤਸ਼ੀਆਂ, ਵਾਸਤੂ ਸ਼ਾਸਤਰੀਆਂ ਦਾ ਕਾਰੋਬਾਰ ਵੀ ਪੰਜਾਬ ਵਿਚ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਚਮਕ ਰਿਹਾ ਹੈ। ਦੂਜੇ ਸੂਬਿਆਂ ਖ਼ਾਸਕਰ ਬੰਗਾਲ ਤੋਂ ਅਖੌਤੀ ਕਾਲੇ ਇਲਮ ਦੇ ਮਾਹਿਰ ਇੱਥੇ ਆ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਪੰਜਾਬੀ ਲੋਕ ਆਪਣੀ ਲੁੱਟ ਕਰਵਾ ਕੇ ਉਨ੍ਹਾਂ ਨੂੰ ਮਾਲਾਮਾਲ ਕਰ ਰਹੇ ਹਨ। ਸਾਡੇ ਕੋਲ ਹਰ ਤਰ੍ਹਾਂ ਦੀਆਂ ਵਸਤਾਂ ਹਰ ਦਿਨ ਵਧ ਰਹੀਆਂ ਹਨ ਪਰ ਬੌਧਿਕਤਾ ਪੱਖੋਂ ਅਸੀਂ ਕੰਗਾਲ ਹੋ ਰਹੇ ਹਾਂ। ਜਿੱਥੇ ਕਿਤਾਬਾਂ ਦਾ ਨਿਰਾਦਰ ਹੋਵੇਗਾ, ਉੱਥੇ ਮਨੁੱਖਤਾ ਦਾ ਵੀ ਨਿਰਾਦਰ ਹੋਵੇਗਾ।

ਕਿਤਾਬਾਂ ਬੇਸ਼ੱਕ ਘੱਟ ਪੜ੍ਹੀਆਂ ਜਾ ਰਹੀਆਂ ਹਨ ਪਰ ਇਸ ਦੇ ਬਾਵਜੂਦ ਕਿਤਾਬਾਂ ਪਹਿਲਾਂ ਨਾਲੋਂ ਕਿਤੇ ਵੱਧ ਗਿਣਤੀ ਵਿਚ ਛਪ ਰਹੀਆਂ ਹਨ। ਕਿਤਾਬਾਂ ਦਾ ਘੜਮੱਸ ਹੈ। ਭੀੜ ਹੈ। ਕਿਤਾਬਾਂ ਪੜ੍ਹਨ ਦੀ ਚੇਟਕ ਰੱਖਣ ਵਾਲੇ ਕੁਝ ਕੁ ਲੋਕਾਂ ਨੂੰ ਕਿਤਾਬਾਂ ਦੀ ਚੋਣ ਕਰਨ ਵਿਚ ਬੜੀ ਮੁਸ਼ਕਿਲ ਆਉਂਦੀ ਹੈ। ਹਰ ਹਫ਼ਤੇ ਸੈਂਕੜਿਆਂ ਦੀ ਗਿਣਤੀ ਵਿਚ ਕਿਤਾਬਾਂ ਛਪਣਾ ਦੱਸਦਾ ਹੈ ਕਿ ਜ਼ਿਆਦਾਤਰ ਕਿਤਾਬਾਂ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਹੀ ਛਪਵਾਈਆਂ ਜਾਂਦੀਆਂ ਹਨ। ਇਸ ਮਗਰੋਂ ਇਨ੍ਹਾਂ ਨੂੰ ਰਿਲੀਜ਼ ਕਰਾਉਣ, ਇਨ੍ਹਾਂ 'ਤੇ ਗੋਸ਼ਟੀਆਂ ਕਰਨ ਦੀਆਂ ਖ਼ਬਰਾਂ ਲਗਵਾ ਕੇ ਮਨ ਨੂੰ ਠੰਢ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਮਾਗਮਾਂ ਮਗਰੋਂ ਇਹ ਵੰਡ ਦਿੱਤੀਆਂ ਜਾਂਦੀਆਂ ਹਨ। ਬਹੁਤ ਸਾਰੀਆਂ ਕਿਤਾਬਾਂ ਅਜਿਹੀਆਂ ਹਨ ਜੋ ਨਵੇਂ ਪਾਠਕਾਂ ਨੂੰ ਹੋਰ ਕਿਤਾਬਾਂ ਪੜ੍ਹਨ ਤੋਂ ਰੋਕ ਦਿੰਦੀਆਂ ਹਨ। ਪਾਠਕ ਨੂੰ ਚਾਹੀਦਾ ਹੈ ਕਿ ਉਹ ਨਿਰਾਸ਼ ਨਾ ਹੋਵੇ ਸਗੋਂ ਚੰਗੀਆਂ ਕਿਤਾਬਾਂ ਨੂੰ ਲੱਭਣ ਅਤੇ ਪੜ੍ਹਨ ਲਈ ਯਤਨਸ਼ੀਲ ਰਹੇ। ਸਾਹਿਤ ਸਭਾਵਾਂ ਅਤੇ ਪੁਸਤਕ ਮੇਲਿਆਂ ਵਿਚ ਜਾਵੇ। ਹੌਲੀ-ਹੌਲੀ ਬਹੁਮੁੱਲੀਆਂ ਕਿਤਾਬਾਂ ਨਾਲ ਉਹਦੀ ਵਾਕਫ਼ੀ ਬਣ ਜਾਵੇਗੀ।

ਗੁਰਬਾਣੀ ਦਾ ਪਾਠ ਕਰਨ ਤੋਂ ਬਾਅਦ ਜਦੋਂ ਅਸੀਂ ਅਰਦਾਸ ਕਰਦੇ ਹਾਂ ਤਾਂ ਉਸ ਵਿਚ ਬਿਬੇਕ ਦਾਨ ਮੰਗਦੇ ਹਾਂ ਜਿਸ ਦਾ ਭਾਵ ਹੈ- ਸਾਡੀ ਸੋਚ ਵਿਚਾਰ ਕਰਨ ਦੀ ਸ਼ਕਤੀ ਵਧੇ ਪਰ ਇਸ ਲਈ ਅਸੀਂ ਆਪ ਬਹੁਤ ਘੱਟ ਜ਼ਹਿਮਤ ਕਰਦੇ ਹਾਂ। ਚੰਗੀਆਂ ਅਖ਼ਬਾਰਾਂ, ਚੰਗੀਆਂ ਕਿਤਾਬਾਂ ਇਸ ਵਿਚ ਸਾਡੀਆਂ ਸਭ ਤੋਂ ਵੱਧ ਸਹਾਈ ਹੋ ਸਕਦੀਆਂ ਹਨ। ਇਸ ਤੋਂ ਇਲਾਵਾ ਚੰਗੀ ਸੋਚ ਰੱਖਣ ਵਾਲੇ ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ, ਚਿੰਤਕਾਂ ਦੇ ਸਕੂਲਾਂ ਕਾਲਜਾਂ ਵਿਚ ਸੈਮੀਨਾਰ ਕਰਵਾਉਣੇ ਚਾਹੀਦੇ ਹਨ। ਸੋਚ ਵਿਚਾਰ ਦਾ ਵਿਕਾਸ ਅਤੇ ਆਪਣੇ ਇਤਿਹਾਸ, ਵਿਰਸੇ ਦੇ ਮਹਾਨ ਲੋਕਾਂ ਦੀਆਂ ਨਿੱਗਰ ਕਦਰਾਂ ਕੀਮਤਾਂ ਗ੍ਰਹਿਣ ਕਰ ਕੇ ਅਸੀਂ ਬੌਧਿਕ ਪੱਖ ਤੋਂ ਅੱਗੇ ਵਧ ਸਕਦੇ ਹਾਂ।

ਚੀਨ ਦੇ ਲੋਕ ਆਖਦੇ ਹਨ: 'ਕਿਤਾਬ ਅੰਦਰ ਸੋਨੇ ਦਾ ਘਰ ਪਿਆ ਹੁੰਦਾ ਹੈ।' ਇਸੇ ਤਰ੍ਹਾਂ ਆਈਸਲੈਂਡ ਦੀ ਕਹਾਵਤ ਹੈ: 'ਕਿਤਾਬ ਵਿਹੂਣੇ ਹੋਣ ਨਾਲੋਂ ਜੁੱਤੀ ਵਿਹੂਣੇ ਹੋਣਾ ਬਿਹਤਰ ਹੈ।' ਕਿਤਾਬਾਂ ਸਾਡੀ ਜ਼ਿੰਦਗੀ ਦੇ ਬਹੁਤ ਸਾਰੇ ਦੁੱਖਾਂ ਨੂੰ ਹਮੇਸ਼ਾ ਲਈ ਦੂਰ ਕਰਨ ਦੀ ਸਮਰੱਥਾ ਰੱਖਦੀਆਂ ਹਨ। ਹੰਗਰੀ ਦੇ ਲੋਕ ਆਖਦੇ ਹਨ: 'ਕਿਤਾਬ ਖ਼ਾਮੋਸ਼ ਗੁਰੂ ਹੁੰਦੀ ਹੈ।'

ਉਹ ਲੋਕ ਕਿੰਨੇ ਜ਼ਿਆਦਾ ਬਦਕਿਸਮਤ ਸਨ ਜੋ ਕਿਤਾਬਾਂ ਪੜ੍ਹਨ ਤੋਂ ਵਿਰਵੇ ਹੀ ਇਸ ਦੁਨੀਆ ਤੋਂ ਚਲੇ ਜਾਣਗੇ। ਆਓ! ਕਿਤਾਬਾਂ ਨਾਲ ਸਾਂਝ ਪਾਈਏ। ਘਰਾਂ ਤੇ ਦਿਲਾਂ ਵਿਚ ਕਿਤਾਬਾਂ ਨੂੰ ਥਾਂ ਦੇਈਏ।

*ਅਸੀਂ ਹੁਣ ਉਸ ਦੌਰ ਵਿਚ ਪ੍ਰਵੇਸ਼ ਕਰ ਗਏ ਹਾਂ ਜਿੱਥੇ ਅਨਪੜ੍ਹ ਹੀ ਨਹੀਂ, ਪੜ੍ਹੇ ਲਿਖੇ ਵੀ ਚੀਜ਼ਾਂ ਨੂੰ ਪੜ੍ਹਨ ਦੀ ਬਜਾਇ ਦੇਖਣ ਦੇ ਆਦੀ ਹੋਣ ਲੱਗ ਪਏ ਹਨ। ਹੁਣ ਅਸੀਂ ਖ਼ਬਰਾਂ ਪੜ੍ਹਦੇ ਘੱਟ ਤੇ ਸੁਣਦੇ ਦੇਖਦੇ ਜ਼ਿਆਦਾ ਹਾਂ। ਪੜ੍ਹਨ ਦਾ ਰੁਝਾਨ ਘਟ ਰਿਹਾ ਹੈ। ਇੰਟਰਨੈੱਟ 'ਤੇ ਈ-ਬੁੱਕ ਦਾ ਰਿਵਾਜ ਵਧ ਰਿਹਾ ਹੈ। ਅਸੀਂ ਕਿਤਾਬਾਂ ਤੋਂ ਕੁਝ ਦੂਰ ਹੋ ਗਏ ਹਾਂ। ਇਸ ਸਭ ਕੁਝ ਦੇ ਬਾਵਜੂਦ ਕਿਤਾਬਾਂ ਦੀ ਸਾਰਥਿਕਤਾ ਬਣੀ ਰਹੇਗੀ। ਉਸ ਦਾ ਕਾਰਨ ਇਹ ਹੈ ਕਿ ਇੰਟਰਨੈੱਟ 'ਤੇ ਕਿਤਾਬ ਪੜ੍ਹਦਿਆਂ ਕਾਲ, ਮੈਸੇਜ, ਕੋਈ ਐਡ ਸਾਡੀ ਇਕਾਗਰਤਾ ਨੂੰ ਵਾਰ-ਵਾਰ ਭੰਗ ਕਰਦੇ ਰਹਿੰਦੇ ਹਨ। ਸਕਰੀਨ ਦੀ ਰੌਸ਼ਨੀ ਵੀ ਸਾਡੀਆਂ ਅੱਖਾਂ ਨੂੰ ਪ੍ਰਭਾਵਿਤ ਕਰਦੀ ਹੈ, ਅੱਖਾਂ ਥੱਕਣ ਲੱਗਦੀਆਂ ਹਨ। ਇਸ ਲਈ ਕਿਤਾਬ ਪੜ੍ਹਨ ਲਈ ਲੋੜੀਂਦੀ ਇਕਾਗਰਤਾ ਇੰਟਰਨੈੱਟ 'ਤੇ ਨਹੀਂ ਬਣ ਸਕਦੀ।*

# ਬਾਈ ਸੁਰਜੀਤ ਦਾ ਗੀਤ 'ਪੰਜਾਬੀਏ ਜ਼ੁਬਾਨੇ' ਰਿਲੀਜ਼

**ਫਰਿਜ਼ਨੋ:** ਅੱਜ ਕੱਲ੍ਹ ਜਦੋਂ ਬਹੁਤੇ ਗਾਇਕ ਆਪਣੇ ਗੀਤਾਂ ਦੀ ਪੇਸ਼ਕਾਰੀ ਵਪਾਰਕ ਤਰੀਕੇ ਨਾਲ ਕਰਦੇ ਹਨ, ਅਜਿਹੇ ਮਾਹੌਲ ਵਿਚ ਅੱਜ ਵੀ ਆਪਣੇ ਸ਼ੌਕ ਨੂੰ ਪੂਰਾ ਕਰਨ ਵਾਲੇ ਅਜਿਹੇ ਕਲਾਕਾਰ ਹਨ ਜੋ ਸੱਚਮੁੱਚ ਸੱਭਿਆਚਾਰਕ ਗੀਤ ਗਾਉਂਦੇ ਹਨ। ਇਨ੍ਹਾਂ ਵਿਚੋਂ ਹੀ ਇਕ ਹੈ ਪੰਜਾਬੀਅਤ ਦਾ ਮਾਣ ਅਤੇ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੀ ਸ਼ਾਨ ਗਾਇਕ ਕਲਾਕਾਰ ਅਤੇ ਅਦਾਕਾਰ ਬਾਈ ਸੁਰਜੀਤ। ਉਸ ਦਾ ਨਵਾਂ ਨਕੋਰ ਗੀਤ 'ਪੰਜਾਬੀਏ ਜ਼ੁਬਾਨੇ' ਰਿਲੀਜ਼ ਹੋ ਚੁੱਕਾ ਹੈ। ਇਹ ਗੀਤ ਪੰਜਾਬੀ ਮਾਂ ਬੋਲੀ ਦੇ ਦਿਵਸ ਨੂੰ ਸਮਰਪਿਤ ਹੁੰਦੇ ਹੋਏ ਗਾਇਆ ਗਿਆ ਹੈ। ਜੋ ਬਹੁਤ ਹੀ ਪਿਆਰਾ ਅਤੇ ਪੰਜਾਬੀਅਤ ਦੀ ਗੱਲ ਕਰਦਾ ਹੈ।

ਗੀਤ ਦੇ ਗੀਤਕਾਰ ਪਰਮ ਸਾਗਰ ਹਨ, ਸੰਗੀਤ ਥ੍ਰੀ ਐਨੀਮੀ ਵੱਲੋਂ ਦਿੱਤਾ ਗਿਆ ਅਤੇ ਗੀਤ ਕੰਪੋਜ਼ਰ ਕੁਮਾਰ ਵਿਨੋਦ ਹਨ। ਇਹ ਬਹੁਤ ਹੀ ਪਿਆਰਾ ਗੀਤ ਪੰਜਾਬੀ ਮਾਂ ਬੋਲੀ ਅਤੇ ਸੱਭਿਆਚਾਰਕ ਰੰਗਾਂ ਵਿਚ ਰੰਗਿਆ ਹੋਇਆ ਹੈ, ਜੋ ਸੱਚ-ਮੁੱਚ ਪੰਜਾਬੀਅਤ ਦੀ ਤਰਜ਼ਮਾਨੀ ਕਰਦਾ ਹੈ। ਸਮੁੱਚੀ ਟੀਮ ਨੂੰ ਇਸ ਨਵੇਂ ਗੀਤ ਦੇ ਰਿਲੀਜ਼ ਹੋਣ 'ਤੇ ਬਹੁਤ-ਬਹੁਤ ਮੁਬਾਰਕਾਂ। ਸਮੇਂ ਦੇ ਲੋੜ ਅਨੁਸਾਰ ਅਜਿਹੇ ਸੱਭਿਆਚਾਰਕ ਗੀਤ ਪੰਜਾਬੀ ਮਾਂ ਬੋਲੀ ਦਾ ਸੱਚਾ ਸਰਮਾਇਆ ਹਨ। ਅਜਿਹੇ ਗਾਇਕ ਅਤੇ ਗੀਤਕਾਰਾਂ ਨੂੰ ਸਮਰਥਨ ਦੇਣਾ ਸਮੇਂ ਦੀ ਲੋੜ ਹੈ। ਅਜਿਹਾ ਕਰਦੇ ਹੋਏ ਅਸੀਂ ਆਪਣੇ ਵਿਰਸੇ ਨੂੰ ਲੱਚਰਤਾ ਤੋਂ ਬਚਾ ਸਕਦੇ ਹਾਂ। ਇਸ ਦੇ ਨਾਲ-ਨਾਲ ਇਹ ਨਵੀਂ ਪੀੜ੍ਹੀ ਨੂੰ ਵੀ ਸੱਭਿਆਚਾਰ ਨਾਲ ਜੋੜਨ ਦਾ ਵਧੀਆ ਉਪਰਾਲਾ ਹੋਵੇਗਾ।

*-ਰਿਪੋਰਟ: ਕੁਲਵੰਤ ਧਾਲੀਆਂ/ਨੀਟਾ ਮਾਛੀਕੇ*






TBF THE BAINS FIRM




Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results



WILLIAM E. WEISS
Of Counsel


Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



Homeopathicvibes

Harminder Singh Gill
Homeopathic Consultant and Practitioner



*D.H.M.S; B.C.I.H*
(Ex Homeopathic Medical officer Punjab Govt.)
**Now we have two locations:**
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

| | | |
|---|---|---|
| SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ । | ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ। | STOCKTON ਵਿਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP • 3 Axle Alignment $199 • Trailer Alignment $150 |

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਸੂਹੀਆ ਅਫਸਰ ਦੀਆਂ ਆਪਬੀਤੀਆਂ

ਕਲਾ ਪਰਿਕਰਮਾ

ਗੱਲ 1976 ਦੀ ਹੈ। ਕਾਠਮੰਡੂ (ਨੇਪਾਲ) ਵਿਚ ਪਾਕਿਸਤਾਨੀ ਦੂਤਾਵਾਸ ਬੜਾ ਛੋਟਾ ਜਿਹਾ ਸੀ। ਇਕ ਸਫੀਰ ਸਮੇਤ ਕੁਲ ਤਿੰਨ ਸਫਾਰਤੀ ਅਧਿਕਾਰੀਆਂ ਵਾਲਾ। ਭਾਰਤੀ ਸਫਾਰਤੀ ਅਮਲਾ, ਪਾਕਿਸਤਾਨੀ ਦੂਤਾਵਾਸ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖਣ ਵਿਚ ਵੀ ਆਪਣੀ ਹੱਤਕ ਸਮਝਦਾ ਸੀ। ਪਾਕਿਸਤਾਨੀ ਤਾਂ ਕੀ, ਨੇਪਾਲੀ ਹਕੂਮਤ ਪ੍ਰਤੀ ਵੀ ਭਾਰਤੀ ਅਧਿਕਾਰੀਆਂ ਦਾ ਰੁਖ਼ ਹਿਕਾਰਤ ਵਾਲਾ ਸੀ। ਇਹ ਸੋਚ ਆਮ ਸੀ ਕਿ ਨੇਪਾਲ ਭਾਰਤ ਦੇ ਖ਼ਿਲਾਫ ਨਹੀਂ ਜਾ ਸਕਦਾ; ਭਾਰਤੀ ਮਿਹਰਬਾਨੀਆਂ ਤੋਂ ਬਿਨਾ ਉਸ ਮੁਲਕ ਦਾ ਗੁਜ਼ਾਰਾ ਹੀ ਨਹੀਂ। ਪਾਕਿਸਤਾਨੀ ਨੀਅਤ ਜਾਂ ਉਸ ਮੁਲਕ ਪ੍ਰਤੀ ਨੇਪਾਲ ਦੇ ਰਵੱਈਏ ਨੂੰ ਜੇ ਉਸ ਸਮੇਂ ਸੰਜੀਦਗੀ



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਨਾਲ ਲਿਆ ਜਾਂਦਾ ਤਾਂ ਕਾਠਮੰਡੂ ਆਈ.ਐੱਸ.ਆਈ. ਦਾ ਅੱਡਾ ਨਹੀਂ ਸੀ ਬਣਨਾ ਅਤੇ 1999 ਵਿਚ ਇੰਡੀਅਨ ਏਅਰਲਾਈਨਜ਼ ਦੀ ਆਈ.ਸੀ.-814 ਉਡਾਨ ਨੂੰ ਪਾਕਿਸਤਾਨੀ ਦਹਿਸ਼ਤੀਆਂ ਵੱਲੋਂ ਅਗਵਾ ਕੀਤੇ ਜਾਣ ਵਰਗੀ ਘਟਨਾ ਨਹੀਂ ਸੀ ਵਾਪਰਨੀ। ਨਾ ਹੀ ਅਗਵਾ ਜਹਾਜ਼ ਦੇ ਮੁਸਾਫਰਾਂ ਤੇ ਅਮਲੇ ਨੂੰ ਸੁਰੱਖਿਅਤ ਛੁਡਾਉਣ ਬਦਲੇ ਭਾਰਤ ਨੂੰ ਕਾਬੁਲ ਵਿਚ ਤਾਲਿਬਾਨ ਅੱਗੇ ਨੱਕ ਰਗੜਨ ਵਰਗੀ ਨਮੋਸ਼ੀ ਬਰਦਾਸ਼ਤ ਕਰਨੀ ਪੈਂਦੀ।

ਇਹ ਰਾਇ ਅਮਰਜੀਤ ਸਿੰਘ ਦੁਲੱਟ ਦੀ ਨਵੀਂ ਕਿਤਾਬ 'ਏ ਲਾਈਫ ਇਨ ਦਿ ਸ਼ੈਡੋਜ਼' (ਪਰਛਾਵਿਆਂ ਵਿਚ ਗੁਜ਼ਰੀ ਜ਼ਿੰਦਗੀ) ਦਾ ਹਿੱਸਾ ਹੈ। ਦੁਲੱਟ ਭਾਰਤੀ ਖ਼ੁਫੀਆ ਏਜੰਸੀ 'ਰਿਸਰਚ ਐਂਡ ਐਨੇਲਾਈਸਿਜ਼ ਵਿੰਗ' (ਰਾਅ) ਦੇ ਸਾਬਕਾ ਡਾਇਰੈਕਟਰ ਜਨਰਲ ਅਤੇ ਫਿਰ ਪ੍ਰਧਾਨ ਮੰਤਰੀ ਵਾਜਪਾਈ ਦੇ ਕਸ਼ਮੀਰ ਮਾਮਲਿਆਂ ਬਾਰੇ ਵਿਸ਼ੇਸ਼ ਸਲਾਹਕਾਰ ਦੇ ਅਹੁਦਿਆਂ 'ਤੇ ਰਹੇ। ਇਹ ਉਨ੍ਹਾਂ ਦੀ ਤੀਜੀ ਕਿਤਾਬ ਹੈ। ਪਹਿਲੀਆਂ ਦੋ 'ਦਿ ਵਾਜਪਾਈ ਯੀਅਰਜ਼' ਅਤੇ 'ਸਪਾਈ ਕਰੌਨੀਕਲਜ਼' ਕ੍ਰਮਵਾਰ 2015 ਤੇ 2018 ਵਿਚ ਛਪੀਆਂ ਸਨ। ਦੂਜੀ ਕਿਤਾਬ ਪਾਕਿਸਤਾਨੀ ਖ਼ੁਫੀਆ ਏਜੰਸੀ ਆਈ.ਐੱਸ.ਆਈ. ਦੇ ਸਾਬਕਾ ਮੁਖੀ ਜਨਰਲ ਅਸਦ ਦੁਰਾਨੀ ਅਤੇ ਪੱਤਰਕਾਰ ਆਦਿੱਤਿਆ ਸਿਨਹਾ ਨਾਲ ਮਿਲ ਕੇ ਲਿਖੀ ਗਈ ਸੀ।


ਦੁਲੱਟ ਨੇ 'ਸ਼ੈਡੋਜ਼' ਨੂੰ ਆਪਬੀਤੀ ਕਰਾਰ ਦਿੱਤਾ ਹੈ ਪਰ ਇਹ ਰਵਾਇਤੀ ਆਪਬੀਤੀ ਨਹੀਂ, ਯਾਦਾਂ ਦਾ ਗੁਲਦਸਤਾ ਹੈ। ਰਾਜ਼ਦਾਰੀ, ਜਾਸੂਸਾਂ ਦੀ ਜੀਵਨ ਜਾਚ ਬਣ ਜਾਂਦੀ ਹੈ। ਸੇਵਾਮੁਕਤੀ ਮਗਰੋਂ ਆਪਣੀਆਂ ਯਾਦਾਂ ਸਾਂਝੀਆਂ ਕਰਨ ਸਮੇਂ ਵੀ ਉਹ ਛੁਪਾਉਂਦੇ ਜ਼ਿਆਦਾ ਹਨ, ਦੱਸਦੇ ਘੱਟ ਹਨ। ਸਰਕਾਰੀ ਅਫਸਰਾਂ ਉੱਤੇ ਤਾਂ ਬੰਦਸ਼ਾਂ ਵੀ ਬਹੁਤ ਸਾਰੀਆਂ ਹਨ। ਗੁਪਤ ਦਸਤਾਵੇਜ਼ ਵੀ ਦਹਾਕਿਆਂ ਤਕ ਗੁਪਤ ਹੀ ਰਹਿੰਦੇ ਹਨ। ਉਨ੍ਹਾਂ ਦਾ ਹਵਾਲਾ ਦੇਣਾ ਕੌਮੀ ਰਾਜ਼ਦਾਰੀ ਕਾਨੂੰਨਾਂ ਦੀ ਉਲੰਘਣਾ ਤੇ ਫੌਜਦਾਰੀ ਅਪਰਾਧ ਮੰਨਿਆ ਜਾਂਦਾ ਹੈ। ਅਜਿਹੇ ਕਾਰਨਾਂ ਕਰ ਕੇ ਹੀ ਬਹੁਤੇ ਉੱਚ ਅਫਸਰਾਂ ਦੀਆਂ ਸਵੈ-ਜੀਵਨੀਆਂ ਪੜ੍ਹਨਯੋਗ ਨਹੀਂ ਜਾਪਦੀਆਂ। ਦੁਲੱਟ ਇਸ ਸਾਂਚੇ ਵਿਚ ਨਹੀਂ ਢਲੇ ਹੋਏ। ਉਨ੍ਹਾਂ ਅੰਦਰ ਸੰਕੋਚੀ ਸ਼ਬਦਾਵਲੀ ਰਾਹੀਂ ਵੀ ਬਹੁਤ ਕੁਝ ਰੌਚਿਕ ਕਹਿ ਦੇਣ ਦਾ ਹੁਨਰ ਮੌਜੂਦ ਹੈ। 'ਸ਼ੈਡੋਜ਼' ਇਸੇ ਹੁਨਰ ਦੀ ਸ਼ਾਨਦਾਰ ਮਿਸਾਲ ਹੈ।

ਅੰਤਿਕਾ ਤੋਂ ਇਲਾਵਾ ਇਸ ਕਿਤਾਬ ਦੇ ਨੌਂ ਅਧਿਆਇ ਹਨ। ਸ਼ੁਰੂਆਤ ਪਰਿਵਾਰਕ ਪਿਛੋਕੜ, ਬਚਪਨ, ਜਵਾਨੀ ਤੇ ਵਿਆਹ ਵਰਗੇ ਪ੍ਰਸੰਗਾਂ ਨਾਲ ਹੁੰਦੀ ਹੈ। ਬੀਕਾਨੇਰੀ ਰਾਜਪੂਤਾਂ ਦੇ ਬੀਜ ਤੋਂ ਉਪਜੇ ਸਨ ਪੰਜਾਬ ਦੇ ਦੁਲੱਟ ਜੱਟ। ਅਮਰਜੀਤ ਸਿੰਘ ਦੁਲੱਟ ਦੇ ਪਿਤਾ ਸ਼ਮਸ਼ੇਰ ਸਿੰਘ ਦੁਲੱਟ ਆਈ.ਸੀ.ਐੱਸ. ਨਾਮਜ਼ਦ ਹੋਣ ਮਗਰੋਂ ਜ਼ਿਲ੍ਹਾ ਤੇ ਸੈਸ਼ਨ ਜੱਜ, ਫਿਰ ਹਾਈ ਕੋਰਟ ਦੇ ਜੱਜ ਅਤੇ ਫਿਰ ਭਾਰਤੀ ਕਾਨੂੰਨ ਕਮਿਸ਼ਨ ਦੇ ਮੈਂਬਰ ਰਹੇ। ਦਾਦਾ ਗੁਰਦਿਆਲ ਸਿੰਘ ਦੁਲੱਟ ਦਾ ਦੂਰਲਾ ਨਾਤਾ ਰਿਆਸਤ ਪਟਿਆਲਾ ਦੇ ਸ਼ਾਹੀ ਪਰਿਵਾਰ ਨਾਲ ਸੀ ਪਰ ਉਹ ਰਿਆਸਤ ਨਾਭਾ ਵਿਚ ਉੱਚ ਅਹਿਲਕਾਰ ਰਹੇ। ਅਮਰਜੀਤ ਦਾ ਜਨਮ 1940 'ਚ ਸਿਆਲਕੋਟ ਵਿਚ ਹੋਇਆ। ਭਾਰਤ ਦੀ ਵੰਡ ਵੇਲੇ ਦੁਲੱਟ ਪਰਿਵਾਰ ਰਾਵਲਪਿੰਡੀ ਵਿਚ ਸੀ। ਵੰਡ ਮਗਰੋਂ ਇਹ ਪਹਿਲਾਂ ਦਿੱਲੀ ਰਿਹਾ ਅਤੇ ਫਿਰ ਬਰਾਸਤਾ ਸ਼ਿਮਲਾ, ਚੰਡੀਗੜ੍ਹ ਜਾ ਵਸਿਆ। ਅਮਰਜੀਤ ਦਾ ਇਕ ਵੱਡਾ ਭਰਾ ਸੀ ਜਗਜੀਤ। ਦੋ ਵਰ੍ਹੇ ਵੱਡਾ। ਦੋਵਾਂ ਦੀਆਂ ਮਾਵਾਂ ਵੱਖਰੀਆਂ ਸਨ। ਜਗਜੀਤ ਦੀ ਮਾਂ ਇਲੀਨ ਮਾਰਗ੍ਰੈਟ ਲਾਰੈਂਸ ਬਾਰਨੈਬੀ ਬ੍ਰਿਟਿਸ਼ ਸੀ ਜੋ ਜਣੇਪੇ ਸਮੇਂ ਪ੍ਰਾਣ ਤਿਆਗ ਗਈ। ਉਸ ਨੂੰ ਨਾਨੀ ਨੇ ਬ੍ਰਿਟੇਨ ਵਿਚ ਪਾਲਿਆ। ਨਾਨੀ ਦੇ ਬਿਰਧ ਹੋਣ 'ਤੇ ਉਹ ਭਾਰਤ ਆਇਆ ਅਤੇ ਉਸ ਦੀ ਆਮਦ ਮਗਰੋਂ ਹੀ ਪਿਤਾ ਸ਼ਮਸ਼ੇਰ ਸਿੰਘ ਦੁਲੱਟ ਨੇ ਦੂਜਾ ਵਿਆਹ ਕਰਵਾਉਣਾ ਵਾਜਬ ਸਮਝਿਆ। ਇਹ ਵੀ ਅਜਬ ਵਰਤਾਰਾ ਸੀ ਕਿ ਭਾਰਤ ਆਉਣ ਮਗਰੋਂ ਜਗਜੀਤ ਆਪਣੇ ਸਿੱਖ ਵਿਰਸੇ ਤੇ ਵਜੂਦ ਵੱਲ ਵੱਧ ਆਕਰਸ਼ਿਤ ਹੋਇਆ ਅਤੇ ਝੁਗਜਇਟ ਭਅਰਨਅਬੇ ਤੋਂ ਝਅਗਜਟਿ (ਸਿੰਘ ਦੁਲੱਟ) ਬਣ ਗਿਆ। ਦਸਵੀਂ ਪਾਸ ਕਰਨ ਮਗਰੋਂ ਅਮਰਜੀਤ ਨੂੰ ਪਿਤਾ ਨੇ ਦਿੱਲੀ ਯੂਨੀਵਰਸਿਟੀ ਦੀ ਬਜਾਇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਦਾਖ਼ਲ ਕਰਵਾਇਆ। ਇਸ ਯੂਨੀਵਰਸਿਟੀ ਨੇ ਪੰਜਾਬੀ, ਪੰਜਾਬ ਤੇ ਪੰਜਾਬੀਅਤ ਨੂੰ ਉਸ ਦੀ ਸ਼ਖ਼ਸੀਅਤ ਦਾ ਸਥਾਈ ਹਿੱਸਾ ਬਣਾਇਆ। ਪੰਜਾਬੀ ਉਸ ਦੀ ਬੋਲਚਾਲ ਦਾ ਮੁੱਖ ਮਾਧਿਅਮ ਬਣ ਗਈ। ਮਾਂ ਹਿੰਦੂ ਖਤਰੀ (ਸਾਹਨੀ) ਹੋਣ ਅਤੇ ਸਕੂਲ ਵਿਚ ਚਰਚ ਦੀ ਹਾਜ਼ਰੀ ਰੋਜ਼ਾਨਾ ਲਾਜ਼ਮੀ ਹੋਣ ਸਦਕਾ ਉਪਜੀ ਧਾਰਮਿਕ ਸੁਲ੍ਹਾਕੁਲਤਾ ਦੇ ਬਾਵਜੂਦ ਸਿੱਖੀ ਦੁਲੱਟ ਦੇ ਅਕੀਦਿਆਂ ਦਾ ਹਿੱਸਾ ਬਣੀ ਰਹੀ। ਉਨ੍ਹਾਂ ਦੇ ਲਿਖਣ ਮੁਤਾਬਿਕ ਉਹ ਅਤੇ ਉਨ੍ਹਾਂ ਦੀ ਪਤਨੀ ਪਰਨ ਗਰੇਵਾਲ ਚਾਹੇ ਕਿਤੇ ਵੀ ਹੋਣ, ਹਰ ਐਤਵਾਰ ਗੁਰਦੁਆਰੇ ਜ਼ਰੂਰ ਜਾਂਦੇ ਹਨ। ਦੁਲੱਟ ਨੇ ਸਿਵਲ ਸੇਵਾਵਾਂ ਪ੍ਰੀਖਿਆ 1964 ਵਿਚ ਪਾਸ ਕੀਤੀ। ਟੀਚਾ ਤਾਂ ਭਾਰਤੀ ਵਿਦੇਸ਼ ਸੇਵਾ (ਆਈ.ਐੱਫ.ਐੱਸ.) ਵਿਚ ਜਾਣ ਦਾ ਸੀ ਪਰ ਰੈਂਕ ਜ਼ਿਆਦਾ ਉਪਰਲਾ ਨਾ ਹੋਣ ਕਾਰਨ ਮਿਲੀ ਆਈ.ਪੀ.ਐੱਸ। ਪਹਿਲਾਂ ਪੁਲਿਸ ਤੇ ਫਿਰ 30 ਵਰ੍ਹੇ ਆਈ.ਬੀ. ਵਿਚ ਰਹਿਣ ਮਗਰੋਂ ਉਹ 'ਰਾਅ' ਵਿਚ ਪਹੁੰਚੇ। ਇਹੋ ਏਜੰਸੀ ਉਨ੍ਹਾਂ ਦੇ ਪੇਸ਼ੇਵਾਰਾਨਾ ਜੀਵਨ ਦਾ ਸਿਖਰਲਾ ਮੁਕਾਮ ਸਾਬਤ ਹੋਈ।

ਖ਼ੁਫੀਆ ਨਿਜ਼ਾਮ ਅਤੇ ਉਸ ਨਾਲ ਜੁੜੀ ਸੰਗਦਿਲੀ ਦਾ ਹਿੱਸਾ ਰਹਿਣ ਦੇ ਬਾਵਜੂਦ ਦੁਲੱਟ 'ਗੋਲੀ ਨਹੀਂ, ਗੱਲ' ਦੇ ਸਿਧਾਂਤ ਦੇ ਪੈਰੋਕਾਰ ਰਹੇ ਹਨ ਅਤੇ ਹੁਣ ਵੀ ਹਨ। ਉਨ੍ਹਾਂ ਦਾ ਮੱਤ ਹੈ ਕਿ ਦੁਸ਼ਮਣਾਂ ਦੇ ਮਨ ਸਿਰਫ ਇਮਾਨਦਾਰੀ ਤੇ ਨੇਕ ਨੀਅਤੀ ਨਾਲ ਜਿੱਤੇ ਜਾ ਸਕਦੇ ਹਨ, ਲੋਭ-ਲਾਲਚ ਜਾਂ ਦਬਾਅ ਰਾਹੀਂ ਨਹੀਂ। ਇਸੇ ਪ੍ਰਸੰਗ ਵਿਚ ਉਹ ਕਸ਼ਮੀਰੀ ਸਮਾਜ ਤੇ ਸਿਆਸਤ, ਖ਼ਾਸ ਕਰ ਕੇ ਇੰਤਹਾਪਸੰਦ ਆਗੂਆਂ ਨਾਲ ਆਪਣੇ ਸਬੰਧਾਂ ਦੀਆਂ ਮਿਸਾਲਾਂ ਦਿੰਦੇ ਹਨ। 1990ਵਿਆਂ ਵਿਚ ਆਈ.ਬੀ. ਦੇ ਕਸ਼ਮੀਰ ਖੇਤਰੀ ਮੁਖੀ ਵਜੋਂ ਉਨ੍ਹਾਂ ਨੇ ਸ਼ੱਬੀਰ ਸ਼ਾਹ ਜਾਂ ਅਬਦੁਲ ਗ਼ਨੀ ਲੋਨ ਵਰਗੇ ਇੰਤਹਾਪਸੰਦ ਆਗੂਆਂ ਨਾਲ ਜੋ ਸਬੰਧ ਬਣਾਏ, ਉਨ੍ਹਾਂ ਦਾ ਆਧਾਰ ਨੇਕ ਨੀਅਤੀ ਤੇ ਵਾਅਦਾਪਸੰਦਗੀ ਹੀ ਸੀ।

ਜਾਸੂਸੀ ਦੀ ਦੁਨੀਆ ਦੇ ਭਾਰਤੀ ਸਿਤਾਰਿਆਂ ਤੇ ਸਿਆਸੀ-ਸਮਾਜਿਕ ਹਸਤੀਆਂ ਬਾਰੇ ਦੁਲੱਟ ਦੇ ਵਿਚਾਰ ਵੀ ਜ਼ਿਕਰਯੋਗ ਹਨ। ਨਹਿਰੂ ਯੁੱਗ ਦੇ ਆਈ.ਬੀ. ਮੁਖੀ ਬੀ.ਐੱਨ. ਮਲਿਕ ਨੂੰ ਉਹ 'ਆਪਣੇ' ਵੇਲੇ ਦੇ 'ਬਿਹਤਰੀਨ ਜਾਸੂਸ' ਦੱਸਦੇ ਹਨ। 'ਰਾਅ' ਦੇ ਸਾਬਕਾ ਮੁਖੀ ਤੇ ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਨੂੰ ਵੀ ਉਹ 'ਸਿਰਮੌਰ ਸੂਹੀਆ' ਬਿਆਨਦੇ ਹਨ। ਇਕ ਥਾਂ ਉਹ 'ਰਾਅ' ਨੂੰ ਪਾਕਿਸਤਾਨੀ ਆਈ.ਐੱਸ.ਆਈ. ਤੋਂ ਬਿਹਤਰ ਖ਼ੁਫੀਆ ਏਜੰਸੀ ਕਰਾਰ ਦਿੰਦੇ ਹਨ ਅਤੇ ਕਹਿੰਦੇ ਹਨ ਕਿ ਇਹ ਰਾਇ ਉਨ੍ਹਾਂ ਦੀ ਹੀ ਨਹੀਂ, ਅਸਦ ਦੁਰਾਨੀ ਦੀ ਵੀ ਹੈ।

ਕਿਤਾਬ ਦਾ ਨੌਵਾਂ ਤੇ ਆਖ਼ਰੀ ਅਧਿਆਇ ਮੌਜੂਦਾ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਬਾਰੇ ਹੈ ਜਿਸ ਨੂੰ ਦੁਲੱਟ 'ਮੇਰੇ ਨਾਲੋਂ ਬਿਹਤਰ ਸੂਹੀਆ' ਮੰਨਦੇ ਹਨ। ਇਸ ਅਧਿਆਇ ਵਿਚ ਡੋਵਾਲ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਹੈ ਅਤੇ ਅਸਿੱਧੀ ਨੁਕਤਾਚੀਨੀ ਵੀ ਮੌਜੂਦ ਹੈ। ਦੁਲੱਟ ਕਸ਼ਮੀਰ ਬਾਰੇ ਮੋਦੀ ਸਰਕਾਰ ਵਾਲੀ ਰਣਨੀਤੀ, ਖ਼ਾਸਕਰ ਧਾਰਾ 370 ਦੇ ਖ਼ਾਤਮੇ ਨਾਲ ਸਹਿਮਤ ਨਹੀਂ ਕਿਉਂਕਿ ਇਹੋ ਜਿਹੇ ਕਦਮ "ਕਸ਼ਮੀਰੀਆਂ ਅੰਦਰ ਇਸ ਅਹਿਸਾਸ ਨੂੰ ਪਕੇਰਾ ਕਰਦੇ ਹਨ ਕਿ ਭਾਰਤ ਸਿਰਫ ਕਸ਼ਮੀਰੀ ਧਰਤੀ ਚਾਹੁੰਦਾ ਹੈ, ਕਸ਼ਮੀਰੀਆਂ ਨੂੰ ਨਹੀਂ।" ਕਿਤਾਬ ਪੜ੍ਹਨਯੋਗ ਵੀ ਹੈ ਅਤੇ ਸਾਂਭਣਯੋਗ ਵੀ।







*ਭਾਰਤੀ ਖੁਫੀਆ ਏਜੰਸੀ 'ਰਿਸਰਚ ਐਂਡ ਐਨੇਲਾਈਸਿਜ਼ ਵਿੰਗ' (ਰਾਅ) ਦੇ ਸਾਬਕਾ ਡਾਇਰੈਕਟਰ ਜਨਰਲ ਅਮਰਜੀਤ ਸਿੰਘ ਦੁਲੱਟ ਅਤੇ (ਉਪਰ) ਉਨ੍ਹਾਂ ਦੀ ਲਿਖੀ ਕਿਤਾਬ ਦਾ 'ਏ ਲਾਈਫ ਇਨ ਦਿ ਸ਼ੈਡੋਜ਼' ਦਾ ਮੁਖੜਾ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਫਰਵਰੀ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-573



**ਇਹੁ ਹਮਾਰਾ ਜੀਵਣਾ, ਜ਼ਰਾ ਸਾਹਿਬ ਸੱਚੇ ਦੇਖ,**
**ਬੇਕਸਾਂ ਦਾ ਹੈ ਜੀਵਣਾ, ਕਾਹਤੋਂ ਮਾੜੇ ਲਿਖੇ ਲੇਖ।**
**ਕਦੇ ਨ ਹੌਂਸਲਾ ਹਾਰਦੇ, ਵਿੱਢਾਂਗੇ ਨਵੇਂ ਸੰਘਰਸ਼,**
**ਖੁਦ ਲਿਖਾਂਗੇ ਕਿਸਮਤ, ਪੜ੍ਹ ਕੇ ਉਡਾਂਗੇ ਅਰਸ਼।**

### ਕੈਪਸ਼ਨ ਮੁਕਾਬਲਾ-571



ਨਾ ਰੋ ਮਾਏ ਮੇਰੀਏ,
ਕੋਈ ਨਾ ਸਮਝੇ ਸਾਡੇ ਦੁੱਖ।
ਹੁਣ ਨਾ ਮੰਗੂੰ ਖਾਣ ਨੂੰ,
ਚਾਹੇ ਲੱਗੇ ਕਿੰਨੀ ਵੀ ਭੁੱਖ।
ਲਿਆ ਮੈਂ ਤੇਰੇ ਹੰਝੂ ਪੂੰਝਾਂ,
ਤੂੰ ਕਰ ਕੇ ਹਿੰਮਤ ਉਠ।
ਉਨ੍ਹਾਂ ਤੋਂ ਹਿਸਾਬ ਲੈਣਾ,
ਜਿਨ੍ਹਾਂ ਨੇ ਮਚਾਈ ਲੁੱਟ।
***-ਜਗਮੀਤ ਸਿੰਘ ਪੰਧੇਰ***
***ਫੋਨ : +91 98783-37222***

---

ਹੋਵੇ ਭਾਵੇਂ ਕਿੰਨਾ ਵੀ ਕੋਈ ਗਰੀਬ
ਸਹਿ ਲੈਂਦਾ ਤੰਗੀਆਂ ਤੁਰਸ਼ੀਆਂ
ਪਰ ਹੱਤਕ ਜ਼ਿਆਦਾ ਘਾਤਕ ਹੁੰਦੀ
ਇਕ ਜ਼ਖਮ ਤੋਂ ਵੀ ਵੱਧ
ਖਾ ਕਈਆਂ ਤੋਂ ਹਿੜਕਾਂ, ਝਿੜਕਾਂ, ਤਾਅਨੇ
ਲਾ ਗਈ ਦਿਲ ਨੂੰ ਮਾਂ
ਨਾ ਭਾਂਪਦਿਆਂ ਕਾਰਨ
ਦੇਖ ਮਾਂ ਨੂੰ ਬੁਸਕਦਿਆਂ,
ਹਉਕਿਆਂ, ਹਟਕੋਰਿਆਂ 'ਚ
ਬੱਚਾ ਪੂੰਝ ਮਾਂ ਦੀਆਂ ਅੱਖਾਂ
ਸ਼ਾਂਤ ਕਰਨ ਦੀ ਅਸਫ਼ਲ ਕੋਸ਼ਿਸ਼ ਕਰਦਾ।
***-ਦਰਸ਼ਨ ਪਾਲ ਦੋਸਾਂਝ***

---

ਮਾਂਵਾਂ ਵਿਚਾਰੀਆਂ ਕਿਧਰ ਨੂੰ ਜਾਣ,
ਪਰਾਏ ਘਰਾਂ 'ਚ ਕੰਮ ਨਾਲ ਮਤਲਬ।
ਆਪਣੇ ਘਰ 'ਚ ਵੀ ਨ੍ਹੀਂ
ਮਿਲਦੀ ਪਹਿਚਾਣ।
ਛੋਟਾ ਬੱਚਾ ਅਣਭੋਲ ਵਿਚਾਰਾ,
ਮਾਂ ਨਾਲ ਹਮਦਰਦੀ ਦਾ ਲਾਵੇ ਤਾਣ।
ਲਾਡ-ਲਡਾਈ ਨਾਲ ਥੋੜ੍ਹਾ ਸਮਾਂ ਬੀਤੇ,
ਕੰਮ ਵਿਚ ਦੁਬਾਰਾ ਮਗਨ ਹੋ ਕੇ
ਗਮ ਨੂੰ ਭੁਲਾਣ।
ਮੇਰਾ ਰਾਜ ਦੁਲਾਰਾ, ਅੱਖੀਆਂ ਦਾ ਤਾਰਾ,
ਸ਼ਾਮ ਨੂੰ ਥੱਕ ਟੁੱਟ ਕੇ ਘਰ ਨੂੰ ਜਾਣ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ : 98784-69639***

# 'ਬ੍ਰੈਕਟਾਂ ਪਾਉਣ' ਵਾਲ਼ੀ ਬਾਬੂਸ਼ਾਹੀ ਤੋਂ ਬਚ ਕੇ ਭਗਵੰਤ ਸਿੰਘ ਮਾਨ ਜੀ !

ਸਿਆਸਤ ਤੋਂ ਬਾਅਦ ਪੱਤਰਕਾਰੀ ਨਾਲ ਥੋੜ੍ਹਾ ਬਹੁਤ ਸਬੰਧਿਤ ਹੋਣ ਦੇ ਨਾਲ਼-ਨਾਲ਼, ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਨੂੰ 'ਸਲਾਹ ਦੇਣ' ਦਾ ਮੇਰਾ ਹੱਕ ਇਸ ਲਈ ਵੀ ਬਣਦਾ ਹੈ ਕਿਉਂਕਿ ਉਨ੍ਹਾਂ ਨੇ ਇਕ ਸਮੇਂ ਪੀ.ਪੀ.ਪੀ. ਛੱਡ ਕੇ ਆਮ ਆਦਮੀ ਪਾਰਟੀ ਵਿਚ ਜਾਣ ਦੀ ਸਲਾਹ ਮੈਥੋਂ ਵੀ ਮੰਗੀ ਸੀ। ਮਾਨ ਸਾਹਿਬ ਨੇ ਕੁੱਲ ਮਿਲਾ ਕੇ ਮੈਨੂੰ ਤਿੰਨ ਵਾਰ ਫੋਨ

**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: 78146-92724**

ਕੀਤਾ। ਪਹਿਲੀ ਵਾਰ ਉਦੋਂ ਜਦ ਉਹ ਪੀ.ਪੀ.ਪੀ. ਵੱਲੋਂ ਚੋਣ ਲੜ ਰਹੇ ਸਨ। ਉਨ੍ਹਾਂ ਦੀ ਕਲਾਕਾਰੀ ਦਾ ਪ੍ਰਸ਼ੰਸਕ ਹੋਣ ਨਾਤੇ ਮੈਂ ਇਕ ਲੇਖ ਲਿਖਿਆ ਸੀ, ਜਿਸ ਵਿਚ ਮੈਂ ਸਬੰਧਿਤ ਹਲਕੇ ਦੇ ਵੋਟਰਾਂ ਨੂੰ ਅਪੀਲ ਕੀਤੀ ਸੀ ਕਿ ਜਿਵੇਂ ਦਸਵੇਂ ਗੁਰੂ ਜੀ ਨੇ ਭੰਡਾਂ ਵਲੋਂ ਮਸੰਦਾਂ ਦੀਆਂ ਲਾਈਆਂ ਨਕਲਾਂ ਨੂੰ ਕੇਵਲ ਹਾਸਾ ਮਜ਼ਾਕ ਜਾਂ ਸੰਗਤ ਦੇ ਮਨੋਰੰਜਨ ਵਜੋਂ ਹੀ ਨਹੀਂ ਸੀ ਦੇਖਿਆ ਸਗੋਂ ਭ੍ਰਿਸ਼ਟ ਮਸੰਦਾਂ ਨੂੰ ਤਤਕਾਲ ਹੀ ਕਰੜੀ ਸਜ਼ਾ ਦਿੱਤੀ ਸੀ। ਬਿਲਕੁਲ ਉਵੇਂ ਹੀ ਭਗਵੰਤ ਮਾਨ ਵੱਲੋਂ ਵਰ੍ਹਿਆਂ ਤੋਂ ਆਪਣੀ ਵਿਅੰਗ-ਕਲਾ ਰਾਹੀਂ ਭ੍ਰਿਸ਼ਟਾਚਾਰ ਦੇ ਪਰਦੇ ਫਾਸ਼ ਕਰਨ ਦਾ ਮੁੱਲ ਮੋੜ ਦਿਉ ਹਲਕੇ ਦੀ ਸੰਗਤ ਜੀ! ਅਖਬਾਰਾਂ ਵਿਚ ਛਪਿਆ ਉਹ ਲੇਖ ਪੜ੍ਹ ਕੇ ਹੀ ਮੈਨੂੰ ਮਾਨ ਸਾਹਬ ਨੇ ਪਹਿਲੀ ਵਾਰ ਫੋਨ ਕਰ ਕੇ ਮੇਰਾ ਧੰਨਵਾਦ ਕਰਿਆ ਸੀ। ਦੂਜੀ ਵਾਰ ਉਨ੍ਹਾਂ ਮੈਨੂੰ ਫੋਨ ਕਰ ਕੇ ਪੀ.ਪੀ.ਪੀ. ਛੱਡ ਕੇ 'ਆਪ' ਵਿਚ ਜਾਣ ਬਾਰੇ ਮੇਰੀ ਰਾਇ ਪੁੱਛੀ ਸੀ। ਤੀਜੀ ਵਾਰ ਉਨ੍ਹਾਂ ਨੇ ਅਮਰੀਕਾ 'ਚ ਸਾਡੇ ਗੁਆਂਢ 'ਚ ਰਹਿੰਦੇ ਆਪਣੇ ਹਮ-ਜਮਾਤੀ ਰਹੇ ਤਰਨਜੀਤ ਸਿੰਘ ਟਿਵਾਣਾ ਨਾਲ ਕਾਨਫਰੰਸਿੰਗ ਕਾਲ ਕਰਦਿਆਂ ਮੇਰੀਆਂ ਅਖਬਾਰੀ ਲਿਖਤਾਂ ਦੀ ਤਾਰੀਫ ਕੀਤੀ ਸੀ ਅਤੇ ਬੜੇ ਮੋਹ ਨਾਲ ਮੇਰੀ ਬੇਟੀ ਅਤੇ ਪਤਨੀ ਨਾਲ ਵੀ ਗੱਲਾਂ ਕੀਤੀਆਂ ਸਨ। ਉਸ ਤੋਂ ਬਾਅਦ ਮੈਂ ਸੰਨ ਸਤਾਰਾਂ ਵਿਚ ਅਮਰੀਕਾ ਤੋਂ ਪੰਜਾਬ ਆ ਕੇ 'ਆਪ' ਵਲੋਂ ਪਹਿਲੀ ਵਾਰ ਲੜੀਆਂ ਵਿਧਾਨ ਸਭਾਈ ਚੋਣਾਂ ਮੌਕੇ ਮਾਨ ਸਾਹਿਬ ਨਾਲ ਕੁੱਝ ਚੋਣ ਰੈਲੀਆਂ ਵਿਚ ਵੀ ਸ਼ਾਮਲ ਹੋਇਆ ਸਾਂ। ਉਦੋਂ ਹੀ ਮੈਂ ਆਮ ਆਦਮੀ ਪਾਰਟੀ ਦੇ ਕੁਝ ਹੋਰ ਆਗੂਆਂ ਨਾਲ ਵੀ ਮੇਲ-ਮੁਲਾਕਾਤਾਂ ਕੀਤੀਆਂ ਸਨ। ਸੋ ਤਦ ਕਰਕੇ ਹੁਣ ਮੈਂ ਮਾਨ ਸਾਹਿਬ ਨੂੰ ਬਿਨ-ਮੰਗੀ ਸਲਾਹ ਦੇ ਰਿਹਾ ਹਾਂ।

'ਮਾਨ ਸਾਹਬ ਜੀ, ਮੈਂ ਤੁਹਾਨੂੰ ਸਲਾਹ ਵੀ ਤੁਹਾਡੀ ਮਨਪਸੰਦ ਸ਼ੈਲੀ ਵਿਚ ਹੀ ਦੇਣ ਜਾ ਰਿਹਾ ਹਾਂ। ਤੁਹਾਡੇ ਬਾਰੇ ਸਾਰਾ ਜੱਗ ਜਾਣਦਾ ਹੈ ਕਿ ਪਹਿਲੀ ਵਾਰ ਮੁੱਖ ਮੰਤਰੀ ਬਣੇ ਹੋਣ ਨਾਤੇ ਤੁਹਾਨੂੰ ਅਫਸਰਸ਼ਾਹੀ ਨਾਲ ਨਜਿੱਠਣ ਦਾ ਬਹੁਤਾ ਤਜਰਬਾ ਨਹੀਂ ਹੈ। ਇਹ ਵੀ ਸੱਚ ਹੈ ਕਿ ਤੁਹਾਡੀ ਸਰਕਾਰ ਦੇ ਮਿੱਥੇ ਸਾਰੇ ਕਾਰਜ ਅਫਸਰਾਂ ਨੇ ਹੀ ਕਰਨੇ ਕਰਾਉਣੇ ਹਨ, ਤੁਸੀਂ ਜਾਂ ਤੁਹਾਡੀ ਪਾਰਟੀ ਦੇ ਵਿਧਾਨਕਾਰਾਂ ਨੇ ਖੁਦ ਹੱਥੀਂ ਨਹੀਂ ਕਰਨੇ। ਸਰਕਾਰੀ ਕਾਰ-ਵਿਹਾਰ ਚੁਸਤੀ, ਦਰੁਸਤੀ ਅਤੇ ਫੁਰਤੀ ਨਾਲ ਕਰਵਾਉਣ ਲਈ ਆਪਣੇ ਬਚਪਨ ਦੀ ਇਕ ਮਿਸਾਲ ਦੇ ਰਿਹਾ ਹਾਂ, ਸੱਤਵੀਂ ਅੱਠਵੀਂ ਵਿਚ ਪੜ੍ਹਨ ਸਮੇਂ ਇਕ ਵਾਰ ਅਸੀਂ ਤਿੰਨੋਂ ਭਰਾ ਆਪਣੀ ਟੋਕਾ ਮਸ਼ੀਨ ਨਾਲ ਪੱਠੇ ਕੁਤਰ ਰਹੇ ਸਾਂ ਪਰ ਮਸ਼ੀਨ ਜੂਠ (ਬਿਨ ਕੁਤਰੇ ਪੱਠੇ) ਛੱਡੀ ਜਾ ਰਹੀ ਸੀ। ਪੱਠਿਆਂ ਦੇ ਗਾਲ਼ੇ ਲਾਉਣੇ ਛੱਡ ਕੇ ਛੋਟੇ ਭਰਾ ਤੋਂ ਖਿਝ ਕੇ ਮੈਂ ਹੱਥੀ ਫੜ ਲਈ ਕਿ ਤੈਥੋਂ ਮਸ਼ੀਨ ਤੇਜ਼ ਨਹੀਂ ਘੁਮਾ ਹੁੰਦੀ। ਪਰ ਜਦ ਮੈਂ ਪੂਰਾ ਤਾਣ ਲਾ ਕੇ ਮਸ਼ੀਨ ਤੇਜ਼ ਘੁਮਾਈ ਫਿਰ ਜੂਠ ਸਗੋਂ ਪਹਿਲਾਂ ਨਾਲ਼ੋਂ ਜ਼ਿਆਦਾ ਨਿਕਲਣ ਲੱਗ ਪਈ। ਸਾਨੂੰ ਖਿਝੇ



ਝੁੰਜਲਾਏ ਦੇਖ ਕੇ ਥੋੜ੍ਹੀ ਦੂਰ ਖੜ੍ਹੇ ਭਾਈਆ ਜੀ ਹੱਸ ਪਏ। ਉਹ ਘਰ ਅੰਦਰੋਂ ਰੇਤੀ ਚੁੱਕ ਲਿਆਏ ਤੇ ਸਾਨੂੰ ਮਸ਼ੀਨ ਤੋਂ ਪਿੱਛੇ ਹਟਾਉਂਦਿਆਂ ਕਹਿੰਦੇ, 'ਉਏ ਕਮਲਿਓ, ਮਸ਼ੀਨ ਦੇ ਜੂਠ ਛੱਡਣ ਦਾ 'ਇਲਾਜ' ਮਸ਼ੀਨ ਤੇਜ਼ ਚਲਾਉਣ ਨਾਲ ਨੀਂ ਹੋਣਾ, ਨੁਕਸ ਤਾਂ ਇਹਦੇ ਖੁੰਢੇ ਹੋਏ ਗੰਡਾਸਿਆਂ ਦਾ ਐ!" ਲਓ ਜੀ ਭਾਈਆ ਜੀ ਨੇ ਗੰਡਾਸਿਆਂ ਉੱਤੇ ਰੇਤੀ ਰਗੜ ਕੇ ਤਿੱਖੀਆਂ ਧਾਰਾਂ ਬੰਨ੍ਹ ਦਿੱਤੀਆਂ! ਫਿਰ ਅਸੀਂ ਮਸ਼ੀਨ ਭਾਵੇਂ ਹੌਲ਼ੀ ਹੌਲ਼ੀ ਗੇੜਦੇ ਰਹੇ ਪਰ ਮੋਹਰੇ ਕੁਤਰਾ ਇਕਦਮ ਬਰੀਕ ਹੁੰਦਾ ਰਿਹਾ! ਜੂਠ ਨਿਕਲਣੀ ਬਿਲਕੁਲ ਬੰਦ!!'

'ਡੈਮੋਕ੍ਰੇਸੀ ਇਕ ਐਸੀ ਅਲਬੇਲੀ ਦੁਲਹਨ ਹੈ
ਜਿਸਕਾ ਘੂੰਘਟ ਅਬ ਤਕ ਹਮ ਸੇ ਖੋਲ੍ਹ ਨਹੀਂ ਹੋਤਾ!
ਨਿਸਫ (ਅੱਧੀ) ਸਦੀ ਸੇ ਸੋਚ ਰਹੇ ਹੈਂ ਹਮ ਮੂੰਹ ਲਟਕਾਏ
ਭ੍ਰਿਸ਼ਟਾਚਾਰ ਕਾ ਬਿਸਤਰ ਕਿਉਂ ਕਰ ਗੋਲ ਨਹੀਂ ਹੋਤਾ?'

ਆਖਰ 'ਚ ਇਸ ਲੇਖ ਦੇ ਸਿਰਲੇਖ ਵਿਚ 'ਬ੍ਰੈਕਟਾਂ ਪਾਉਣ' ਵਾਲ਼ੇ ਬਾਬੂਆਂ ਤੋਂ ਬਚ ਕੇ ਰਹਿਣ ਬਾਰੇ ਕਿਉਂ ਲਿਖਿਆ ਹੈ, ਇਹ ਕਿੱਸਾ ਵੀ ਦਿਲਚਸਪ ਤੇ ਗੌਰ ਨਾਲ਼ ਪੜ੍ਹਨ ਵਾਲ਼ਾ ਹੈ:

ਇਕ ਲੋਕ-ਰੁਚੀ ਕਥਾ ਹੈ - ਕਹਿੰਦੇ ਇਕ ਬੰਦੇ ਦੀ ਰੱਬ ਨਾਲ਼ ਯਾਰੀ ਪੈ ਗਈ। ਉਹ ਜਦ ਵੀ ਦਰਗਾਹ ਵਿਚ ਜਾਇਆ ਕਰੇ ਤਾਂ ਕਿਸੇ ਪੀ.ਏ. ਜਾਂ ਹੋਰ ਸਹਾਇਕ-ਅਫਸਰ ਤੋਂ ਇਜਾਜ਼ਤ ਲੈਣ ਦੀ ਬਜਾਏ ਸਿੱਧਾ ਹੀ ਰੱਬ ਦੇ ਦਫਤਰ ਜਾ ਵੜਿਆ ਕਰੇ। ਅੰਦਰ ਚਾਹ-ਪਾਣੀ ਛਕ ਕੇ ਤੇ ਆਪਣਾ ਕੋਈ ਕੰਮ ਕਰਵਾਉਣ ਬਾਅਦ ਦਫਤਰੋਂ ਨਿਕਲ਼ ਜਾਇਆ ਕਰੇ। ਰੱਬ ਦੇ ਸੈਕਟਰੀ ਵਗੈਰਾ ਮਨ ਹੀ ਮਨ ਬੜੇ ਸੜਿਆ ਕਰਨ ਕਿ ਇਹ ਬੰਦਾ ਸਾਡੀ ਬਾਤ ਹੀ ਨਹੀਂ ਪੁੱਛਦਾ! ਇਕ ਦਿਨ ਕੀ ਹੋਇਆ, ਰੱਬ ਦਾ ਯਾਰ ਬੰਦਾ ਨਰਕ ਵਿਚ ਗਏ ਹੋਏ ਆਪਣੇ ਕਿਸੇ ਰਿਸ਼ਤੇਦਾਰ ਦਾ ਸਿਫਾਰਸ਼ੀ ਬਣ ਕੇ ਰੱਬ ਨੂੰ ਕਹਿਣ ਗਿਆ ਕਿ ਜੀ ਇਹਦੇ ਕਿਸੇ ਰਾਜੇ ਬਾਦਸ਼ਾਹ ਦੇ ਘਰ ਜਨਮ ਲੈਣ ਲਈ 'ਆਰਡਰ' ਕੱਢ ਦਿਉ! ਰੱਬ ਕਿਸੇ ਕਾਹਲ਼ ਵਿਚ ਸੀ। ਉਹਨੇ ਆਪਣੇ ਸੈਕਟਰੀ ਨੂੰ 'ਵਾਜ ਮਾਰ ਕੇ ਆਰਡਰ ਕੱਢਣ ਲਈ ਕਹਿ ਦਿੱਤਾ। ਰੱਬ ਦੇ ਦਫਤਰੋਂ ਹੋਏ ਆਰਡਰਾਂ ਮੁਤਾਬਕ ਨਰਕ ਵਾਲ਼ੇ ਬੰਦੇ ਦਾ ਧਰਤੀ 'ਤੇ ਜਨਮ ਤਾਂ ਹੋ ਗਿਆ ਪਰ ਉਹ ਪੰਜਾਬ ਵਿਚ ਓਸ ਬਿਰਾਦਰੀ ਦੇ ਘਰਾਂ ਵਿਚ ਪੈਦਾ ਹੋ ਗਿਆ, ਜਿਨ੍ਹਾਂ ਨੂੰ ਪੇਂਡੂ ਵਰਤੋਂ ਵਿਹਾਰ ਵਿਚ 'ਰਾਜੇ' ਕਿਹਾ ਜਾਂਦਾ ਹੈ ਪਰ ਅਕਸਰ ਉਹ ਵਿਚਾਰੇ ਹਮ੍ਹਾਤੜ ਹੀ ਹੁੰਦੇ ਹਨ!

ਇਹ ਦੇਖ ਕੇ ਰੱਬ ਦੇ ਯਾਰ ਬੰਦੇ ਨੂੰ ਬੜਾ ਹਿਰਖ ਆਇਆ! ਉਹ ਭਰਿਆ ਪੀਤਾ ਰੱਬ ਕੋਲ ਗਿਆ ਤੇ ਸ਼ਿਕਾਇਤ ਕੀਤੀ ਕਿ ਇਹ ਉਲਟਾ-ਪੁਲਟਾ ਕਿਵੇਂ ਹੋ ਗਿਆ? ਰੱਬ ਨੇ ਸੈਕਟਰੀ ਵਲੋਂ ਕੱਢੇ ਹੋਏ ਆਰਡਰ ਦੀ ਕਾਪੀ ਮੰਗਵਾਈ ਤਾਂ ਉਹਦੇ ਉੱਤੇ ਰਾਜੇ ਦੇ ਘਰ ਜਨਮ ਹੋਣ ਦੀ ਗੱਲ ਤਾਂ ਸਹੀ ਸਹੀ ਲਿਖੀ ਹੋਈ ਸੀ ਪਰ ਰਾਜੇ ਸ਼ਬਦ ਦੇ ਨਾਲ਼ ਹੀ ਬਰੀਕ ਜਿਹੀ ਬ੍ਰੈਕਟ ਵਿਚ (ਨਾਈ) ਵੀ ਲਿਖਿਆ ਹੋਇਆ ਸੀ!

ਸਰਕਾਰੀ ਦਫਤਰਾਂ ਦੇ ਬਾਬੂਆਂ ਕੋਲ ਬਹੁਤ ਸਾਰੀਆਂ ਐਸੀਆਂ 'ਜੁਗਤਾਂ' ਹੁੰਦੀਆਂ ਹਨ, ਜਿਨ੍ਹਾਂ ਦਾ ਵਜ਼ੀਰਾਂ ਜਾਂ ਵੱਡੇ ਅਫਸਰਾਂ ਨੂੰ ਵੀ ਇਲਮ ਨਹੀਂ ਹੁੰਦਾ। ਉਨ੍ਹਾਂ ਕੋਲ ਕੋਈ ਨਾ ਕੋਈ 'ਮਾਸਟਰ ਕੀਅ' ਹੁੰਦੀ ਹੈ ਜਿਹਦੀ ਵਰਤੋਂ ਕਰ ਕੇ ਉਹ ਵਿਗੜੇ ਹੋਏ ਕੰਮ ਸਵਾਰ ਵੀ ਲੈਂਦੇ ਹਨ ਅਤੇ ਸਿੱਧ-ਪੱਧਰੇ ਕੰਮਾਂ ਵਿਚ ਅੜਿੱਕੇ ਵੀ ਖੜ੍ਹੇ ਕਰ ਦਿੰਦੇ ਹਨ:

'ਸਾਰੇ ਲੀਡਰ ਹਿੰਮਤ ਹਾਰੇ ਸਾਰੇ ਅਫਸਰ ਬੇਬਸ ਥੇ
ਦਸ ਰੁਪਏ ਮੇਂ ਬਾਬੂ ਜੀ ਨੇ ਮੇਰਾ ਸਾਰਾ ਕਾਮ ਕੀਆ।'

# ਕੈਲੀਫੋਰਨੀਆ ਡਾਇਰੀ (2)

ਅਮਰੀਕਾ ਰਹਿੰਦਾ ਸਾਡਾ ਬੇਟਾ ਕਹਿੰਦਾ ਹੈ: 'ਮੈਂ ਸਭ ਤੋਂ ਵੱਧ 'ਐਟ ਪੀਸ' ਉਦੋਂ ਹੁੰਦਾ ਹਾਂ ਜਦੋਂ ਮੈਂ ਸ਼ਾਂਤ, ਘੱਟ ਭੀੜ ਵਾਲੀਆਂ ਕੁਦਰਤੀ ਥਾਂਵਾਂ 'ਤੇ ਫਿਰਦਾ ਤੇ ਔਖੀਆਂ 'ਹਾਈਕਸ' ਕਰਦਾ ਹਾਂ। ਅੱਜ ਦੁਪਹਿਰ ਮਗਰੋਂ ਅਸੀਂ ਇਸ ਤਰ੍ਹਾਂ ਦੀ ਇਕ ਥਾਂ 'ਤੇ ਸੰਖੇਪ, ਤੇ ਮੁਕਾਬਲਤਨ ਸੌਖੀ, ਹਾਈਕ ਲਈ ਜਾ ਰਹੇ ਹਾਂ।

ਸ਼ਹਿਰਾਂ, ਮਹਾਂਨਗਰਾਂ 'ਚ ਰਹਿੰਦਾ ਮਨੁੱਖ, ਵਾਰ ਵਾਰ ਕੁਦਰਤ ਵੱਲ ਕਿਉਂ ਪਰਤਦਾ ਹੈ? ਕਿਉਂਕਿ ਉਹ ਕੁਦਰਤ ਦਾ ਹਿੱਸਾ ਹੈ, ਕਿਉਂਕਿ ਉਹ ਖ਼ੁਦ ਵੀ ਕੁਦਰਤ ਹੀ ਹੈ, ਭਾਵੇਂ ਕਿ ਇਹ ਗੱਲ ਉਹ ਬਹੁਤ ਹੱਦ ਤੱਕ ਭੁੱਲ ਚੁੱਕਿਆ ਹੈ।



ਊਵਾਸ ਕੈਨੀਅਨ ਕਾਊਂਟੀ ਪਾਰਕ (Uvas Canyon County Park), ਹੋਲਿਸਟਰ ਸਾਡੇ ਘਰ ਤੋਂ ਸਵਾ-ਡੇਢ ਘੰਟਾ ਕਾਰ-ਦੂਰੀ 'ਤੇ ਹੈ। ਅੱਧਾ-ਪੌਣਾ

**ਡਾ. ਅੰਬਰੀਸ਼**

ਘੰਟਾ, ਦੋਹੇਂ ਪਾਸੀਂ ਨੀਂਵੇਂ, ਭੂਰੇ-ਨੀਲੇ ਪਹਾੜਾਂ ਵਿਚਕਾਰ ਫੈਲੀ, ਵਿਸ਼ਾਲ ਥਾਲ ਜਿਹੀ ਪੱਧਰੀ ਸੈਂਟਰਲ ਵੈਲਿ ਦੇ ਵਿਚੋ-ਵਿਚ ਵਿਛਾਈ ਬਹੁਲੇਨੀ ਸੜਕ 'ਤੇ ਚੱਲਦੇ ਅਸੀਂ, ਪਹਾੜਾਂ 'ਚ ਪੁੱਜ ਦੋ-ਲੇਨੀ ਸੜਕ 'ਤੇ ਦੌੜਨ ਲੱਗੇ ਹਾਂ। ਹੁਣ ਉਹੀ ਖਾਸੁਲ-ਖਾਸ ਪਹਾੜੀ ਦ੍ਰਿਸ਼ ਹੈ: ਦੁਆਲੇ ਦੇ ਸੰਘਣੇ ਜੰਗਲ 'ਚ ਘਿਰੀ, ਚਿੱਟੇ ਦਿਨ ਵੀ ਕੂਲੇ ਹਨੇਰੇ 'ਚ ਵਲੀ, ਵਲਦਾਰ, ਹਲਕਾ ਚੜ੍ਹਦੀ ਸੜਕ। ਮੈਂ, ਤੇ ਬੇਟੇ ਨੇ ਵੀ, ਇਕ ਹੋਰ ਗੱਲ ਨੋਟ ਕੀਤੀ ਹੈ: ਅਮਰੀਕਾ ਦੀਆਂ ਸਭ ਸੜਕਾਂ ਇਕਸਾਰ ਪੱਧਰੀਆਂ ਹੁੰਦੀਆਂ, ਪਰ ਇਹ ਪਹਾੜੀ ਸੜਕ ਉਨ੍ਹਾਂ ਤੋਂ ਵੀ ਇਕ ਦਰਜਾ ਉੱਪਰ ਹੈ: ਬਿਲੀਅਰਡ ਟੇਬਲ ਜਿਹੀ ਮੁਲਾਇਮ, ਤੇ ਇਕਸਾਰ ਗੂੜ੍ਹੇ ਸੁਰਮਈ ਰੰਗ ਦੀ। ਸੜਕ ਕੰਢੇ ਕਿਤੇ ਕਿਤੇ ਵਿਨੇਯਾਰਡ ਤੇ ਵਾਇਨਰੀਜ਼ ਨੇ। ਇਹ ਇਲਾਕਾ ਅੰਗੂਰ ਦੀ ਖੇਤੀ ਲਈ ਆਦਰਸ਼ ਹੈ। ਸ਼ਬਦ 'ਊਵਾਸ' ਦਾ ਮੂਲ ਹੀ ਸਪੇਨੀ ਭਾਸ਼ਾ ਦਾ ਸ਼ਬਦ 'ਊਵਾ', ਮਤਲਬ ਅੰਗੂਰ ਹੈ - ਕਦੇ ਊਵਾਸ ਕੈਨੀਅਨ 'ਚ ਜੰਗਲੀ ਅੰਗੂਰਾਂ ਦੀ ਭਰਮਾਰ ਹੁੰਦੀ ਸੀ। ਇਹ ਕਮਾਲ ਹੈ ਨਾ, ਕਿੰਜ ਹਰ ਭਾਸ਼ਾ ਦਾ ਹਰ ਸ਼ਬਦ, ਆਪਣੇ ਨਾਲ ਇਤਿਹਾਸ-ਭੂਗੋਲ ਤੇ ਕਈ ਕੁਝ ਹੋਰ ਲਈ ਤੁਰਦਾ ਹੈ; ਆਪਣੇ ਆਪ 'ਚ ਪੂਰੀ ਕਹਾਣੀ, ਗਾਥਾ, ਸਗੋਂ ਮਹਾਂਗਾਥਾ ਹੁੰਦਾ ਹੈ।

ਸ਼ਨਿਚਰਵਾਰ ਹੋਣ ਕਰਕੇ ਅੱਜ ਊਵਾਸ ਪਾਰਕ 'ਚ ਚਹਿਲ-ਪਹਿਲ ਹੈ। ਬੱਚੇ, ਜਵਾਨ, ਬਜ਼ੁਰਗ, ਇਕ ਬਜ਼ੁਰਗ ਡੰਗੋਰੀ ਵਾਲਾ, ਹਰ ਕਦਮ ਸੋਚ ਤੇ ਵਾਹਵਾ ਕੋਸ਼ਿਸ਼ ਕਰ ਕੇ ਧਰਦਾ, ਜੋੜੇ, ਪਰਿਵਾਰ, ਟੋਲੀਆਂ... ਸਭ ਹੌਲੀ ਹੌਲੀ ਚੜ੍ਹਦੇ ਜਾਂ ਉਤਰ ਰਹੇ ਨੇ। ਹੱਸਦੇ, ਗੱਲਾਂ ਕਰਦੇ, ਕੁਝ ਚੁੱਪ-ਚਾਪ, ਧਿਆਨ ਨਾਲ ਆਲਾ-ਦੁਆਲਾ ਤੱਕਦੇ।

ਬੇਟਾ ਤੇਜ਼ੀ ਨਾਲ ਤੇ ਬਿਨਾਂ ਸਾਹੋ-ਸਾਹ ਹੋਇਆ ਚੜ੍ਹਾਈ ਚੜ੍ਹ ਰਿਹਾ - ਉਹ ਨਿਯਮਤ ਜਿੰਮ ਜਾਂਦਾ - ਪਰ ਮੇਰੇ ਲਈ, ਉਮਰ ਦੇ ਤਕਾਜ਼ੇ ਤੇ ਪ੍ਰੈਕਟਿਸ ਦੀ ਘਾਟ ਦੇ ਚੱਲਦਿਆਂ, ਇਹ ਮੁਸ਼ਕਲ ਹੈ। 10-15 ਮਿੰਟਾਂ ਦੀ ਚੜ੍ਹਾਈ ਮਗਰੋਂ, ਮੈਂ ਹਫਣ ਲੱਗਾ ਹਾਂ, ਤੇ ਮੇਰੇ ਕਹਿਣ 'ਤੇ, ਅਸੀਂ ਇਸ ਹਾਈਕ ਨੂੰ ਵਿਚੇ ਛੱਡ ਮੁੜ ਪਏ ਹਾਂ। ਵਾਹ! ਉਤਰਨਾ, ਜਾਂ ਪੱਧਰੀ ਰਾਹ 'ਤੇ, ਆਸੇ-ਪਾਸੇ ਕੁਦਰਤ ਦੀਆਂ ਬਰੀਕੀਆਂ 'ਤੇ ਧਿਆਨ ਧਰਦੇ ਤੁਰਨਾ, ਕਿੰਨਾ ਸੁਖਦਾਇਕ ਹੈ! ਤੇ ਮੇਰਾ ਧਿਆਨ ਇਸ ਵੇਲੇ ਪਗਡੰਡੀ ਦੇ ਕੰਢਿਆਂ 'ਤੇ ਵਿਛੇ ਮੇਪਲ ਰੁੱਖਾਂ ਦੇ ਭੂਰੇ, ਸੁੱਕੇ, ਪੰਜੁੱਕਰੇ ਪੱਤਿਆਂ ਦੀਆਂ ਢੇਰੀਆਂ 'ਤੇ ਹੈ - ਇਨ੍ਹਾਂ 'ਚ ਹੀ ਤਾਂ ਬੇਹੱਦ ਜ਼ਹਿਰੀਲੇ, ਤੇ ਛਦਾਵਰਣ ਦੇ ਮਾਹਰ 'ਰੈਟਲ ਸਨੇਕ' ਛੁਪੇ ਬੈਠੇ ਹੁੰਦੇ; ਹਾਈਕ ਦੇ ਸ਼ੁਰੂ 'ਤੇ, ਇਨ੍ਹਾਂ ਦੀ, ਅਤੇ 'ਪੁਆਇਜ਼ਨ ਆਇਵੀ' (ਭਾਰਤ ਦੇ ਪਹਾੜਾਂ 'ਚ ਸ਼ਾਇਦ ਬਿੱਛੂ ਬੂਟੀ ਵਰਗਾ ਬੂਟਾ) ਦੀ ਚੇਤਾਵਨੀ ਦੇਂਦੇ ਬੋਰਡ ਲੱਗੇ ਨੇ। ਮੈਂ ਸਰਦੀਆਂ ਦੇ ਇਨ੍ਹੀਂ ਦਿਨੀਂ ਏਥੇ ਜੰਗਲੀ ਫੁੱਲਾਂ, ਭੌਰਿਆਂ, ਤਿਤਲੀਆਂ, ਹੋਰ ਕੀਟ-ਪਤੰਗਿਆਂ, ਤੇ ਦਿਸਦੇ-ਅਦਿਸਦੇ ਪੰਛੀਆਂ ਦੀ ਅਣਹੋਂਦ ਨੋਟ ਕਰਦਾ ਹਾਂ।

ਬੇਟਾ ਆਪਣੀ ਪਤਨੀ ਤੇ ਬੱਚੀ ਸਮੇਤ ਏਥੇ ਇਕ ਵਾਰ ਪਹਿਲਾਂ ਆ ਚੁੱਕਿਆ ਤੇ ਜਿਉਂ ਉਹਨੇ ਦੱਸਿਆ ਸੀ, ਇਹ ਬਹੁਤ ਸੋਹਣੀ ਥਾਂ ਹੈ। ਅਸਲ 'ਚ ਕੁਦਰਤ 'ਚ ਕੁਝ ਕੁਸੋਹਣਾ ਹੁੰਦਾ ਹੀ ਨਹੀਂ, ਬੰਦਾ ਹੀ ਉਹਨੂੰ ਤਹਿਸ-ਨਹਿਸ ਕਰ ਬਦਸੂਰਤ ਬਣਾ ਦੇਂਦਾ ਹੈ। ਇੰਜ ਬਦਰੂਪ ਕੀਤੀ ਕੁਦਰਤ ਨੂੰ ਵੀ ਬੰਦਾ ਉਹਦੇ ਹਾਲ 'ਤੇ ਛੱਡ ਦੇਵੇ ਤਾਂ ਉਹ ਬੜੀ ਛੇਤੀ ਆਪਣੇ ਆਪ ਨੂੰ ਪੁਨਰ-ਸੁਰਜੀਤ ਕਰ ਲੈਂਦੀ, ਮੁੜ ਸੋਹਣੀ ਹੋ ਜਾਂਦੀ ਹੈ। ਜਿਉਂ ਪਾਰਕ ਵਾਲਾ ਇਹ ਇਲਾਕਾ ਕਦੇ ਲੱਕੜ ਉਦਯੋਗ ਵਾਸਤੇ ਵਰਤਿਆ ਜਾਂਦਾ ਸੀ ਅਤੇ ਏਥੇ ਵਿਨੇਯਾਰਡ ਤੇ ਫਲਾਂ ਦੇ ਬਾਗ ਸਨ। ਹੌਲੀ ਹੌਲੀ ਕਰਕੇ ਪਾਰਕ ਵਾਲੇ ਇਲਾਕੇ ਗੌਰਮਿੰਟ ਨੇ ਲੋਕਾਂ ਤੋਂ ਖਰੀਦ ਲਏ ਅਤੇ ਇਹਨੂੰ ਸੁਰੱਖਿਅਤ, ਜੰਗਲੀ ਇਲਾਕੇ 'ਚ ਤਬਦੀਲ ਕਰ ਦਿੱਤਾ, ਤੇ ਲੱਖਾਂ-ਕਰੋੜਾਂ ਸਾਲ ਪੁਰਾਣੀ ਕੁਦਰਤੀ ਪ੍ਰਣਾਲੀ, ਤੇ ਸੁਹੱਪਣ ਨੂੰ, ਮੁੜ ਬਹਾਲ ਹੋਣ ਦਾ ਮੌਕਾ ਦਿੱਤਾ।

ਮੌਰਗਨ ਹਿੱਲ ਸ਼ਹਿਰ ਕੋਲ ਸਾਂਟਾ ਕਰੂਜ਼ ਪਹਾੜਾਂ 'ਚ ਸਥਿਤ ਇਹ ਪਾਰਕ 1147 ਏਕੜ ਵਿਚ ਫੈਲਿਆ ਹੈ। ਸੰਘਣੇ ਰੁੱਖਾਂ-ਝਾੜੀਆਂ ਦੇ ਵਿਚੋ-ਵਿਚ, ਕਿਸੇ ਵੀ ਨਿੱਕੀ ਪਹਾੜੀ ਨਦੀ ਵਾਲਾ ਪਣੀਲਾ ਛਰਲ-ਛਾਂਅ ਵਾਲਾ ਉਹੀ ਸਮਾਂਹੀਣ ਸੰਗੀਤ ਸਿਰਜਦੀ, ਸਾਰਾ ਸਾਲ ਚੱਲਦੀ ਇਕ ਨਿੱਕੀ ਨਦੀ ਵਹਿੰਦੀ ਹੈ। ਉਹ ਪਹਾੜ ਦੀ ਚੋਟੀ ਕੋਲ ਕਿਸੇ ਝਰਨੇ ਤੋਂ ਉਗਮਦੀ ਹੈ, ਕਿਉਂਕਿ ਇਸ ਪਹਾੜ 'ਤੇ ਬਰਫ ਨਹੀਂ ਪੈਂਦੀ, ਤੇ ਗਲੇਸ਼ੀਅਰ ਨਹੀਂ ਹੁੰਦੇ। ਤਿੱਖੀਆਂ ਢਲਾਣਾਂ ਤੋਂ ਦੀ ਵਹਿੰਦੀ ਇਹ 5-7 ਛੋਟੇ ਜਲਪ੍ਰਪਾਤ ਸਿਰਜਦੀ, ਹੇਠਾਂ ਊਵਾਸ ਜਲਾਸ਼ਯ 'ਚ ਜਾ ਮਿਲਦੀ ਹੈ। ਪਾਰਕ ਵਾਲਾ ਇਹ ਇਲਾਕਾ ਕਦੇ ਮੁਤਸੂਨ ਓਹਲੋਨ ਮੂਲਨਿਵਾਸੀ ਇੰਡੀਅਨਾਂ ਦੀ ਸ਼ਿਕਾਰ ਕਰਨ ਤੇ ਖਾਜੇ ਬਟੋਰਨ ਦੀ ਥਾਂ ਸੀ। ਬੇਚਾਰੇ ਇੰਡੀਅਨ! ਕੋਲੰਬਸ ਦੁਆਰਾ ਸਨ 1492 ਚ ਇਸ 'ਨਵੀਂ ਦੁਨੀਆ' ਦੀ ਇਤਫਾਕਨ, ਮੂਲਵਾਸੀਆਂ ਲਈ ਮੰਦਭਾਗੀ ਖੋਜ ਤੋਂ ਪਹਿਲਾਂ, ਉਹ ਸਦੀਆਂ-ਸਹੰਸਰਾਬਦੀਆਂ ਤੋਂ ਇਸ ਮਹਾਂਦੀਪ 'ਚ ਰਹਿ ਰਹੇ ਸਨ। ਬਿਹਤਰ ਤਕਨਾਲੋਜੀ, ਯੂਰਪ ਤੋਂ ਆਈਆਂ ਮਹਾਂਮਾਰੀਆਂ, ਸ਼ਾਤਿਰ ਦਿਮਾਗਾਂ, ਤੇ ਮਨੁੱਖ ਦੀ ਹੋਰ, ਹੋਰ, ਤੇ ਸਦਾ ਹੋਰ ਦੀ ਹਵਸ ਨੇ ਉਨ੍ਹਾਂ ਦਾ ਤਕਰੀਬਨ ਬੀਜ ਹੀ ਨਾਸ ਕਰ ਦਿੱਤਾ ਸੀ। ਅਮਰੀਕਾ 'ਚ ਪੰਜਵੀਂ ਜਾਂ ਛੇਵੀਂ ਵਾਰ ਆਇਆ ਹਾਂ, ਕਿਸੇ ਸੜਕ-ਮਾਲ-ਬਾਜ਼ਾਰ 'ਚ ਮੈਨੂੰ ਕਦੇ ਕੋਈ ਮੂਲਨਿਵਾਸੀ ਇੰਡੀਅਨ ਚਿਹਰਾ ਨਹੀਂ ਦਿਸਿਆ। ਇਹ ਉਂਜ ਹੀ ਹੈ ਜਿਵੇਂ ਕੋਈ ਬਿਹਤਰ ਤਕਨਾਲੋਜੀ ਅਤੇ ਵਧੇਰੇ ਵਿਕਸਤ ਦਿਮਾਗ ਵਾਲੀ, ਕਿਸੇ ਪਰਗ੍ਰਹਿ ਤੋਂ ਆਈ ਕੋਈ ਪ੍ਰਜਾਤੀ, ਧਰਤੀ 'ਤੇ ਰਹਿੰਦੀ ਮਨੁੱਖ ਪ੍ਰਜਾਤੀ ਨੂੰ, ਉਹਦੇ ਤਮਾਮ ਸੰਸਾਧਨਾਂ ਸਮੇਤ, ਆਪਣੇ ਅਧੀਨ ਕਰ ਮਾਰ ਮੁਕਾਅ ਦੇਵੇ, ਤੇ ਬਚੀ-ਖੁਚੀ ਨੂੰ ਆਪਣੇ 'ਚ ਰਲਾਅ ਲਵੇ।

ਬੁੱਧਤਵ ਨੂੰ ਪੁੱਜੇ ਕੁਝ ਮਹਾਂਪੁਰਖ ਕਹਿੰਦੇ ਨੇ ਕਿ ਹਰ ਦ੍ਰਿਸ਼, ਹਰ ਬੀਤਦੇ ਪਲ ਨੂੰ, ਸਦਾ ਨਵੀਂ ਦ੍ਰਿਸ਼ਟੀ ਨਾਲ ਤੱਕੋ, ਨਵੀਂ ਚੇਤਨਾ ਨਾਲ ਜਜ਼ਬ ਕਰੋ, ਕਿਉਂਕਿ ਪੁਰਾਣਾ, ਸਿਮਰਤੀ 'ਚ ਪਿਆ, ਖਤਮ, ਮ੍ਰਿਤ ਹੈ। ਭਾਸ਼ਾਈ ਪੱਧਰ 'ਤੇ ਮੈਂ ਸਮਝਦਾ ਹਾਂ ਕਿ ਮਨੁੱਖੀ ਅਨੁਭਵਾਂ ਦੇ ਸੰਬੰਧ 'ਚ ਇਹ ਸਹੀ ਹੈ, ਪਰ ਜ਼ਮੀਨੀ ਪੱਧਰ 'ਤੇ ਇਹ ਕਾਰਜ, ਮੇਰੇ ਜਿਹੇ ਆਮ ਮਨੁੱਖ ਲਈ ਅਸੰਭਵ ਹੈ। ਮਸਲਨ, ਨਦੀ ਦੇ ਨਾਲ ਚੱਲਦੀ, ਕਿਤੇ ਤਿੱਖੀ ਚੜ੍ਹਦੀ ਇਸ ਪਾਰਕ ਦੀ ਕੱਚੀ, ਉਬੜ-ਖਾਬੜ ਪਗਡੰਡੀ, ਤੇ ਉਹਦੇ ਦੁਆਲੇ ਦੇ ਰੁੱਖ ਤੇ ਝਾੜੀਆਂ ਮੈਨੂੰ, ਭਾਰਤ 'ਚ ਹਿਮਾਚਲ, ਉੱਤਰਾਖੰਡ ਤੇ ਜੰਮੂ-ਕਸ਼ਮੀਰ, ਅਤੇ ਕੈਨੇਡਾ, ਆਸਟ੍ਰੇਲੀਆ ਤੇ ਇੰਗਲੈਂਡ ਦੇ ਜੰਗਲੀ ਇਲਾਕਿਆਂ 'ਚ ਭ੍ਰਮਣਾਂ ਦੀ ਯਾਦ ਦਿਵਾਉਂਦੇ ਨੇ। ਮਹਿਸੂਸ ਕਰਵਾਉਂਦੇ ਨੇ ਕਿ ਦਰਅਸਲ, ਕੁਦਰਤ 'ਚ 'ਗ੍ਰੈਂਡ ਡਿਜ਼ਾਇਨ' ਤਾਂ ਗਿਣੇ-ਚੁਣੇ ਹੁੰਦੇ, ਪਰ ਵੱਖ ਭੂ-ਖਿੱਤਿਆਂ, ਸਗੋਂ ਉਨ੍ਹਾਂ ਭੂ-ਖਿੱਤਿਆਂ ਦੀਆਂ ਵੱਖ ਨਿੱਕੀਆਂ ਥਾਂਵਾਂ, ਈਕੋਸਿਸਟਮਜ਼ 'ਚ, ਅਸੰਖ ਬਰੀਕੀਆਂ ਤੇ ਖਾਸਤੀਅਤਾਂ ਹੁੰਦੀਆਂ ਜਿਹੜੀਆਂ ਕਈ ਵਾਰ ਤਾਂ ਧਰਤੀ 'ਤੇ ਇਕ ਥਾਂ ਤੋਂ ਵੱਧ ਕਿਤੇ ਹੋਰ ਨਹੀਂ ਹੁੰਦੀਆਂ। ਡੂੰਘਾ ਵੇਖਣ ਵਾਲਾ ਬੰਦਾ ਹਰ ਥਾਂ ਤੇ ਸਮੇਂ, ਉਨ੍ਹਾਂ ਹਰ ਪਲ ਬਦਲਦੀਆਂ ਬਰੀਕ ਖਾਸਤੀਅਤਾਂ ਨੂੰ ਆਤਮਸਾਤ ਕਰਦਾ ਹੈ।

ਇਸ ਤਰ੍ਹਾਂ ਦੀਆਂ ਸ਼ਾਂਤ ਇਕਾਂਤ ਥਾਂਵਾਂ 'ਤੇ ਘੁੰਮਦਾ ਮੈਂ ਜਿੰਨਾ ਬਾਹਰ ਦੇ ਦ੍ਰਿਸ਼ਾਂ ਨੂੰ ਸੋਖਦਾ, ਓਨਾ ਹੀ ਆਪਣੇ ਅੰਦਰੂਨ 'ਚ ਵਿਚਰਦਾ, ਸਮੇਂ 'ਚ ਪਿਛਾਂਹ, ਬਹੁਤ ਪਿਛਾਂਹ ਚਲਾ ਜਾਂਦਾ ਹਾਂ। ਉਸ ਸਮੇਂ ਤੱਕ, ਜਦੋਂ ਧਰਤੀ ਗ੍ਰਹਿ 'ਤੇ ਮਨੁੱਖ ਜਿਹੇ ਬੁੱਧੀਸ਼ੀਲ ਜੀਵ ਦੀ ਹੋਂਦ ਅਜੇ ਕਰੋੜਾਂ ਵਰ੍ਹੇ ਭਵਿੱਖ 'ਚ ਸੀ। ਪੱਥਰਾਂ, ਦਰਖਤਾਂ ਦੇ ਤਣਿਆਂ, ਜ਼ਮੀਨ 'ਤੇ ਡਿੱਗੇ ਮ੍ਰਿਤ ਰੁੱਖਾਂ ਤੇ ਟਹਿਣੀਆਂ 'ਤੇ ਚਿਪਕਿਆ ਹਰਾ ਸੰਘਣਾ 'ਮੌਸ', ਤੇ ਜ਼ਮੀਨ 'ਤੇ ਪਈਆਂ ਟੁੱਟੀਆਂ ਟਹਿਣੀਆਂ 'ਤੇ ਪਲਦੇ ਇਹ 'ਲਾਈਕਨ' ਕਈ ਸੌ ਮਿਲੀਅਨ ਵਰ੍ਹੇ ਪੁਰਾਤਨ ਜੀਵ ਨੇ - ਡਾਇਨਾਸੌਰਾਂ ਤੋਂ ਕਿਤੇ ਪਹਿਲਾਂ ਦੇ। ਕਾਲੇ, ਕਿੰਗਰੀਦਾਰ ਸਖਤ ਗ੍ਰੇਨਾਈਟ ਪੱਥਰਾਂ ਦੀਆਂ ਝੀਥਾਂ 'ਚੋਂ ਜੀਵਨ ਦੀ ਅਰੁਕ, ਅਵਸ਼, ਤੇ ਅਮਰ ਸ਼ਕਤੀ ਨਾਲ ਲੈਸ ਜਿਹੜੀਆਂ ਇਹ ਹਰੀਆਂ-ਕਚੂਰ ਫਰਨ-ਬੂਟੀਆਂ ਲਹਿਲਹਾ ਰਹੀਆਂ, ਧਰਤੀ 'ਤੇ ਪੱਤਿਆਂ ਤੇ ਤਣਿਆਂ ਵਾਲੇ ਪਹਿਲੇ ਬੂਟੇ ਨੇ - ਤਕਰੀਬਨ 400 ਮਿਲੀਅਨ ਵਰ੍ਹੇ ਪੁਰਾਣੇ। ਪਗਡੰਡੀ ਦੇ ਕਿਨਾਰੇ ਖਿੜੇ, ਇਸ ਮੌਸਮ ਦੇ ਦੁਰਲੱਭ ਨਜ਼ਾਰੇ, ਇਸ ਸਫੈਦ, 'ਕੱਲੇ ਨਿੱਕੇ ਜੰਗਲੀ ਫੁੱਲ ਜਿਹੜੇ ਦੀ ਮੈਂ ਤਸਵੀਰ ਖਿੱਚੀ ਹੈ, ਇਹ ਫੁੱਲਾਂ ਵਾਲੇ ਬੂਟਿਆਂ ਦਾ ਨੁਮਾਇੰਦਾ ਹੈ - ਜੀਵ ਅਵਸ਼ੇਸ਼ ਰਿਕਾਰਡ ਦੱਸਦੇ ਨੇ ਫੁੱਲਦਾਰ ਬੂਟੇ ਸਿਰਫ 130 ਮਿਲੀਅਨ ਵਰ੍ਹੇ ਪਹਿਲਾਂ ਧਰਤੀ 'ਤੇ ਵਿਕਸਤ ਹੋਏ ਅਤੇ ਉਨ੍ਹਾਂ ਸਦਾ-ਸਦਾ ਲਈ ਧਰਤੀ ਦੀ ਦਿੱਖ, ਤੇ ਉਹਦੇ 'ਤੇ ਜੀਵਨ ਦਾ ਢੰਗ ਬਦਲ ਦਿੱਤਾ। ਬੇਫੁੱਲੇ ਤੇ ਫੁੱਲਦਾਰ ਦਰਖਤ ਬਾਅਦ ਦੀਆਂ ਗੱਲਾਂ ਨੇ।

ਇਸ ਸੁਖਾਵੀਂ, ਸੁੰਦਰ ਥਾਂ 'ਤੇ ਘੁੰਮਦਿਆਂ ਇਕ ਵਿਚਲਿਤ ਕਰਨ ਵਾਲੀ ਹਕੀਕਤ ਮੈਨੂੰ ਬੇਚੈਨ ਕਰ ਰਹੀ ਹੈ। ਕਦੇ ਸਾਰੀ ਸਾਂਟਾ ਕਰੂਜ਼ ਪਰਬਤਮਾਲਾ, ਤੇ ਕੈਲੀਫੋਰਨੀਆ ਦੇ ਹੋਰ ਸਾਰੇ ਪਹਾੜ, ਇੰਜ ਦੇ ਸੰਘਣੇ ਜੰਗਲਾਂ ਹੇਠ ਢੱਕੇ ਰਹੇ ਹੋਣਗੇ। ਹੁਣ ਵਧੇਰੇ ਜੰਗਲਾਂ ਨੂੰ ਕੱਟ-ਵੱਢ, ਉਨ੍ਹਾਂ ਨੂੰ ਚਰਾਗਾਹਾਂ, ਰਿਹਾਇਸ਼ੀ ਕਲੋਨੀਆਂ, ਵਿਨੇਯਾਰਡ'ਸ ਤੇ ਫਲਾਂ ਦੇ ਬਾਗਾਂ ਆਦਿ 'ਚ ਤਬਦੀਲ ਕਰ ਦਿੱਤਾ ਗਿਆ ਹੈ। ਜੰਗਲੀ ਸ਼ੇਰ, ਰੈਕੂਨ, ਕੋਇਟੀ, ਲੂਮੜ, ਸੱਪਾਂ ਦੀਆਂ ਕਈ ਪ੍ਰਜਾਤੀਆਂ, ਕਈ ਤਰ੍ਹਾਂ ਦੇ ਪੰਛੀ, ਕੀਟ-ਪਤੰਗੇ ਤੇ ਹੋਰ ਜਾਨਵਰ, ਅਤੇ ਰੈਡਵੁੱਡ ਜਿਹੇ ਵਿਸ਼ਾਲ, ਤੇ ਕੁਝ ਹੋਰ ਰੁੱਖ ਤੇ ਬਨਸਪਤੀਆਂ, ਇਸ ਪਾਰਕ ਜਿਹੀਆਂ ਸੀਮਤ ਥਾਂਵਾਂ 'ਤੇ ਘਿਰ ਕੇ ਰਹਿ ਗਏ ਨੇ। ਬੰਦੇ ਦੀ ਜ਼ਮੀਨ ਤੇ ਕੁਦਰਤੀ ਸੰਸਾਧਨਾਂ ਦੀ ਹਵਸ ਕਦੋਂ ਤੇ ਕਿੱਥੇ ਜਾ ਰੁਕੇਗੀ? ਸੋਚਦਾ ਹਾਂ, ਚੰਗਾ ਹੈ ਕਿ ਕੁਦਰਤ ਨੂੰ ਬੇਹੱਦ ਪ੍ਰੇਮ, ਤੇ ਉਦੋਂ ਵੀ ਪਰਿਆਵਰਨ, ਮੂਲਨਿਵਾਸੀਆਂ, ਤੇ ਗੁਲਾਮਾਂ ਦੀ ਫਿਕਰ ਕਰਨ ਵਾਲਾ ਮੇਰਾ ਸਭ ਤੋਂ ਪਿਆਰਾ ਲੇਖਕ੍ਹ ਇਨਰੇ ਧਅਵਦਿ ਠਹੋਰਏਉ, ਅੱਜ ਤੋਂ ਤਕਰੀਬਨ ਪੌਣੇ ਦੋ ਸੌ ਸਾਲ ਪਹਿਲਾਂ ਇਸ ਦੁਨੀਆ ਤੋਂ ਤੁਰ ਗਿਆ ਸੀ। ਇਸ ਤਰ੍ਹਾਂ ਦੀਆਂ ਜੰਗਲੀ ਥਾਂਵਾਂ 'ਤੇ ਘੁੰਮਦਾ ਮੈਂ ਅਕਸਰ ਖੁਦ ਨੂੰ ਥੌਰੋ ਦੀਆਂ ਅੱਖਾਂ ਰਾਹੀਂ ਆਲਾ-ਦੁਆਲਾ ਵੇਖਦਾ, ਜਜ਼ਬਦਾ ਮਹਿਸੂਸ ਕਰਦਾ ਹਾਂ। ਉਹਦੇ ਦੇਸ ਆਇਆਂ ਇਹ ਜਜ਼ਬਾ ਹੋਰ ਸ਼ਿੱਦਤਮਈ ਹੋ ਜਾਂਦਾ ਹੈ।

ਇਨ੍ਹਾਂ ਪੌਣੇ ਦੋ ਸੌ ਸਾਲਾਂ ਦੌਰਾਨ, ਉਹ ਮਨੁੱਖ ਦੁਆਰਾ ਕੁਦਰਤ, ਤੇ ਦੂਸਰੇ ਮਨੁੱਖਾਂ ਦੇ ਘਾਣ, ਅਤੇ ਗੁਲਾਮਾਂ ਤੇ ਮੂਲ-ਨਿਵਾਸੀ ਇੰਡੀਅਨਾਂ ਦੇ ਹਸ਼ਰ ਨੂੰ ਕਿੰਜ ਸਹਿੰਦਾ?

# ਸੂਖ਼ਮ ਪੇਸ਼ਕਾਰੀ ਦਾ ਕਮਾਲ : ਸੁਰਿੰਦਰ ਗੀਤ ਕਾਵਿ

ਅਦਬ, ਸਾਹਿਤ ਜਾਂ ਲਿਟਰੇਚਰ (ਇਸ ਦਾ ਚਾਹੇ ਕੋਈ ਵੀ ਨਾਂ ਹੋਵੇ) ਮਨੁੱਖ ਦੁਆਰਾ ਸਿਰਜਿਆ ਇਕ ਖੂਬਸੂਰਤ ਢਾਂਚਾ ਹੈ। ਇਸ ਢਾਂਚੇ ਨਾਲ ਉਹ ਹਜ਼ਾਰਾਂ ਵਰ੍ਹਿਆਂ ਤੋਂ ਆਪਣੀ ਕਲਪਨਾ ਸ਼ਕਤੀ ਦੇ ਸਹਾਰੇ, ਜਜ਼ਬੇ ਦੀ ਭਾਸ਼ਾ ਵਿਚ, ਕਦੇ ਜ਼ਮਾਨੇ ਨੂੰ ਉਂਝ ਹੀ ਚਿਤਰਦਾ, ਕਦੀ ਤਕਨੀਕੀ ਅੱਖ ਰਾਹੀਂ ਵੇਖਦਾ, ਕਦੀ ਇਸ ਦੀਆਂ ਪੇਚੀਦਗੀਆਂ ਨੂੰ ਖੋਲ੍ਹਦਾ ਅਤੇ ਕਦੀ ਨਾ ਜਿਉਣਯੋਗ ਹੋਣ ਸਦਕਾ ਇਸ ਨੂੰ ਬਦਲਣ ਦਾ ਸੁਨੇਹਾ ਦੇਂਦਾ ਆਇਆ ਹੈ। ਕਦੀ ਇਸ ਮਨੁੱਖੀ ਹੋਂਦ ਅੰਦਰ ਭਾਵੁਕਤਾ, ਕੋਮਲਤਾ ਤੇ ਸੁਹਜ ਦੀਆਂ ਧੁਨਾਂ ਛੇੜ ਉਸ ਨੂੰ ਆਲੇ ਦੁਆਲੇ ਪ੍ਰਤੀ ਸੰਵੇਦਨਸ਼ੀਲ ਬਣਾਇਆ ਹੈ।

ਸਾਹਿਤ ਰੂਪ ਕਵਿਤਾ ਸੁਹਜ ਦੀ ਪੇਸ਼ਕਾਰੀ ਦਾ ਦੂਜਾ ਨਾਮ ਹੈ। "ਸੁਹਜ ਸ਼ਬਦ ਆਪਣੇ ਆਪ

**ਡਾ. ਮਿੰਨੀ ਸਲਵਾਨ**

ਵਿਚ ਨਜ਼ਾਕਤ ਤੇ ਨਫ਼ਾਸਤ ਭਰਿਆ ਲਫ਼ਜ਼ ਹੈ ਜਿਸ ਦਾ ਸਮਾਨਾਰਥੀ ਸ਼ਬਦ 'ਸੁੰਦਰ' ਹੈ...ਪੰਜਾਬੀ ਦਾ 'ਸੁਹਜ' ਸ਼ਬਦ ਅੰਗਰੇਜ਼ੀ ਦੇ ਸ਼ਬਦ 'ਇਸਥਟਹਟਚਿ' ਦਾ ਸਮਾਨਾਰਥੀ ਹੈ, ਜਿਸ ਦਾ ਸ਼ਾਬਦਿਕ ਅਰਥ ਹੈ 'ਇੰਦਰੀਆਂ ਦਾ ਗਿਆਨ ਦੇ ਮਾਧਿਅਮ ਤੋਂ ਕੀਤਾ ਗਿਆ ਅਧਿਐਨ' ਅਰਥਾਤ ਸੁਹਜ ਆਪਣੇ ਆਪ ਵਿਚ ਕੁਝ ਨਹੀਂ ਹੈ, ਇਹ ਸੰਵੇਦਨਸ਼ੀਲ ਵਿਅਕਤੀ ਦੀ ਜ਼ਰੂਰਤ ਹੈ।"

ਬਹੁਤ ਘੱਟ ਸ਼ਾਇਰ ਹੁੰਦੇ ਹਨ ਜਿਨ੍ਹਾਂ ਦੀ ਕਵਿਤਾ ਵਿਚ ਸੰਵੇਦਨਾ ਹੁੰਦੀ ਹੈ ਤੇ ਉਸ ਤੋਂ ਵੀ ਘੱਟ ਸ਼ਾਇਰ ਹੁੰਦੇ ਹਨ ਜਿਨ੍ਹਾਂ ਦੇ ਜੀਵਨ ਵਿਹਾਰ ਵਿਚ ਸੰਵੇਦਨਾ ਹੁੰਦੀ ਹੈ। ਸੁਰਿੰਦਰ ਗੀਤ ਜਿਸ ਸੰਵੇਦਨਾ ਵਿਚ ਸ਼ਾਇਰੀ ਕਰ ਰਹੀ ਹੈ, ਉਸ ਤੋਂ ਵੀ ਕਿਤੇ ਵਧੀਕ ਤੇ ਗਹਿਰੀ ਸੰਵੇਦਨਾ ਆਪਣੀ ਵਿਹਾਰਕਤਾ ਵਿਚ ਲੈ ਕੇ ਵਿਚਰ ਰਹੀ ਹੈ। ਇਸ ਸੰਵੇਦਨਾ ਨੇ ਉਸ ਨੂੰ ਅਪਣੱਤ ਭਰੀ ਊਰਜਾ ਦੀ ਅਨੋਖੀ ਦਾਤ ਬਖ਼ਸ਼ੀ ਹੈ। ਉਸਦੀ ਇਸ ਊਰਜਾ ਨੇ ਉਸਦੇ ਵਿਚਰਨ-ਪ੍ਰਬੰਧ ਨੂੰ ਸੁਗੰਧਿਤ ਤੇ ਸੁਹਾਵਣਾ ਬਣਾਇਆ ਹੈ। ਉਸ ਦੀਆਂ ਕਵਿਤਾਵਾਂ ਉਸਦੇ ਮਨੋਵੇਗਾਂ ਤੇ ਭਾਵਨਾਵਾਂ ਦਾ ਕਾਵਿ-ਭਾਸ਼ਾ ਦੇ ਰੂਪ ਵਿਚ ਸੁਹਜਾਤਮਕ ਅਨੁਵਾਦ ਹੀ ਹੈ। ਕਵਿਤਾ ਕਾਵਿ-ਭਾਸ਼ਾ ਦੇ ਮਾਧਿਅਮ ਰਾਹੀਂ ਅਨੁਭਵ, ਕਲਪਨਾ ਅਤੇ ਚਿੰਤਨ ਦੁਆਰਾ ਜੀਵਨ ਦਾ ਪੁਨਰ-ਸਿਰਜਣ ਹੈ। ਇਸ ਪੁਨਰ-ਸਿਰਜਣ ਨੂੰ ਕਾਵਿ ਦੀ ਹੋਂਦ ਵਿਧੀ ਦੇ ਸੰਬੰਧ ਵਿਚ ਕਾਵਿਕ-ਬਿੰਬ ਜਾਂ ਕਾਵਿਕ-ਚਿੱਤਰ ਵੀ ਕਿਹਾ ਜਾ ਸਕਦਾ ਹੈ। ਇਸ ਕਾਵਿਕ-ਬਿੰਬ ਦੇ ਨਿਰਮਾਣ ਭਾਸ਼ਾ, ਅਨੁਭਵ, ਕਲਪਨਾ ਅਤੇ ਬੁੱਧੀ ਦਾ ਚਿੰਤਨ ਸੰਯੁਕਤ ਰੂਪ ਵਿਚ ਸਮਾਏ ਹੁੰਦੇ ਹਨ। ਇਨ੍ਹਾਂ ਦਾ ਸਮੁੱਚਾ ਸੁਮੇਲ ਹੀ ਕਾਵਿ-ਸੁਹਜ ਪੈਦਾ ਕਰਦਾ ਹੈ।

ਕਵਿਤਾ ਲੇਖਨ ਸੁਖਾਲਾ ਕਾਰਜ ਨਹੀਂ, ਇਹ ਜਿੱਥੇ ਦੁਰਗਮ ਕਾਰਜ ਹੈ, ਉਥੇ ਜ਼ਿੰਮੇਵਾਰੀ ਵਾਲਾ ਕਾਰਜ ਵੀ ਹੈ। ਕਵਿਤਾ ਜਿਹਨੀ ਅੱਯਾਸ਼ੀ ਦਾ ਰੂਪਾਂਤਰਨ ਨਹੀਂ ਹੁੰਦੀ। ਇਹ ਸਮਾਜ ਦੇ ਪ੍ਰਾਪਤ ਯਥਾਰਥ ਦੀ ਸਹਿਜ ਅਭਿਵਿਅਕਤੀ ਵੀ ਨਹੀਂ ਹੁੰਦੀ, ਸਗੋਂ ਮੋੜਵੇਂ ਰੂਪ 'ਚ ਸਮਾਜ ਨੂੰ ਪ੍ਰਭਾਵਿਤ ਕਰਨ, ਸਮਾਜ ਨੂੰ ਚੇਤਨਸ਼ੀਲ ਕਰਨ ਅਤੇ ਸਮਾਜ ਨੂੰ ਬਦਲਣ ਦਾ ਬਾਇਸ ਵੀ ਹੁੰਦੀ ਹੈ। ਕਵਿਤਾ ਇਲਹਾਮ ਵੀ ਨਹੀਂ ਹੁੰਦੀ, ਸਗੋਂ ਇਹ ਕਵੀ-ਕਵਿੱਤਰੀ ਦੇ ਪ੍ਰਤੱਖਣ-ਬਲ, ਨਿੱਜੀ ਅਨੁਭਵਾਂ-ਤਜਰਬਿਆਂ ਦੀ ਦ੍ਰਿਸ਼ਟੀ ਅਤੇ ਵਿਚਾਰਧਾਰਕ ਪ੍ਰਸਤੁਤੀ ਹੁੰਦੀ ਹੈ।

ਕਵੀ ਇਕ ਸੂਖਮ-ਦ੍ਰਸ਼ਟਾ ਪ੍ਰਾਣੀ ਹੁੰਦਾ ਹੈ, ਜੋ ਕਾਵਿ-ਸਮਰੱਥਾ ਦੇ ਵਿਭਿੰਨ ਪੱਖਾਂ ਨੂੰ ਅਭਿਵਿਅਕਤ ਕਰ ਸਕਦਾ ਹੈ; ਉਹ ਆਪਣੀ ਕਲਾ ਤੇ ਸ਼ਕਤੀ ਨੂੰ ਪ੍ਰਗਟਾ ਵੀ ਸਕਦਾ ਹੈ ਪਰ ਨਾਲ ਹੀ ਸਾਨੂੰ ਉਹੀ ਪ੍ਰਭਾਵ ਦੇ ਸਕਦਾ ਹੈ। ਇਹੀ ਕਵਿਤਾ ਦੀ ਸਿੱਖਿਅਤ ਕਰਨ ਦੀ ਸ਼ਕਤੀ ਹੈ ਜੋ ਸਾਨੂੰ ਜੀਵਨ ਦੀ ਸੂਝ ਨਾਲ ਜੋੜਦੀ ਹੈ। ਕਾਵਿ ਵਿਚ ਅਨੁਭਵ ਬੜੇ ਸਜੀਵ ਅਤੇ ਪ੍ਰਾਣਵੰਤ ਰੂਪ ਵਿਚ ਪੇਸ਼ ਹੁੰਦਾ ਹੈ। ਕਾਵਿ ਦੀਆਂ ਜੁਗਤਾਂ ਅਨੁਭਵ ਨੂੰ ਪ੍ਰਭਾਵਸ਼ਾਲੀ ਵਿਅਕਤਿਤਵ ਪ੍ਰਦਾਨ ਕਰਦੀਆਂ ਹਨ ਅਤੇ ਕਾਵਿ ਵਿਚੋਂ ਅਰਥਾਂ ਨੂੰ ਮੂਰਤੀਮਾਨ ਕਰਦੀਆਂ ਰਹਿੰਦੀਆਂ ਹਨ। ਏਸੇ ਲਈ ਅਸੀਂ ਮੰਨਦੇ ਹਾਂ ਕਿ ਕਾਵਿ ਦਾ ਅਰਥ ਕੋਈ ਸਥਿਰ ਤੱਤ ਨਹੀਂ ਸਗੋਂ ਗਤੀਸ਼ੀਲ ਪ੍ਰਕਿਰਿਆ ਹੈ।

ਮੂਲ ਰੂਪ ਵਿਚ ਕਿਸੇ ਕਵਿਤਾ ਦਾ ਮੂਲ-ਵਿਧਾਨ ਦੋ ਪੱਖਾਂ-ਵਸਤੂਗਤ ਤੇ ਸੁਹਜਾਤਮਕ ਉਤੇ ਨਿਰਭਰ ਹੁੰਦਾ ਹੈ। ਇਹ ਦੋਵੇਂ ਪੱਖ ਅੰਤਰ-ਸੰਬੰਧਤ ਹਨ। ਇਨ੍ਹਾਂ ਤੋਂ ਬਿਨਾਂ ਕਵਿਤਾ ਦੀ ਸਿਰਜਣਾ ਵਿਚਾਰਾਂ ਦਾ ਰੂਪਾਂਤਰਨ ਹੈ। ਉਸ ਕੋਲ ਜ਼ਿੰਦਗੀ, ਜ਼ਿੰਦਗੀ ਨਾਲ ਸੰਬੰਧਿਤ ਵਿਚਾਰ ਅਤੇ ਇਨ੍ਹਾਂ ਵਿਚਾਰਾਂ ਦੀ ਸੁਹਜਮਈ ਪੇਸ਼ਕਾਰੀ ਹਿੱਤ ਸੂਖਮ, ਭਾਸ਼ਾਈ ਅੰਦਾਜ਼ ਹੈ:

ਰੁੱਤਾਂ ਬਦਲਦੀਆਂ ਸਨ
ਪਰ ਹੁਣ ਰੁੱਤਾਂ ਨਹੀਂ ਬਦਲਦੀਆਂ
ਨਵੇਂ ਰੰਗ ਨਹੀਂ ਲਿਆਉਂਦੀਆਂ
ਇਕੋ ਰੁੱਤ ਹੈ ਅੱਗ ਦੀ ਰੁੱਤ
ਪੂੰਜੀਵਾਦ ਦੀ ਰੁੱਤ...
ਇਹ ਰੁੱਤ ਤਾਂ
ਅੱਗ ਦੇ ਖਿਡਾਉਣੇ ਬਣਾਉਂਦੀ ਹੈ
ਜਹਾਜ਼ਾਂ 'ਚ ਲੱਦ ਕੇ
ਦੂਰ ਬੇਦੋਸ਼ਿਆਂ 'ਤੇ ਸੁੱਟ ਕੇ
ਰੱਜ ਕੇ ਮਨੁੱਖਤਾ ਨੂੰ ਲੁੱਟਦੀ ਹੈ। (ਅੱਗ ਦੀ ਰੁੱਤ)

ਸੁਰਿੰਦਰ ਗੀਤ ਦੀ ਲਿਖਤ ਦਾ ਇਹ ਮੀਰੀ ਗੁਣ ਹੈ ਕਿ ਉਹ ਆਪਣੇ ਵਿਚਾਰਾਂ ਦੀ ਸੂਖਮ ਪੇਸ਼ਕਾਰੀ ਹਿੱਤ ਮੈਟਾਫਰਾਂ ਦੀ ਖੁੱਲ੍ਹ ਕੇ ਵਰਤੋਂ ਕਰਦੀ ਹੈ। "ਮੈਟਾਫਰ ਕਵਿਤਾ ਦਾ ਇਕ ਮੂਲ ਤੱਤ ਹੈ। ਇਹ ਬੋਲਾਂ ਦਾ ਅਜਿਹਾ ਸਮੂਹ ਹੈ ਜਿਸ ਦੇ ਅੰਤਰਗਤ ਇਕ ਵਸਤੂ ਨੂੰ ਹੋਰਨਾਂ ਅਰਥਾਂ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ।" ਮੈਟਾਫਰਾਂ ਦੀ ਵਰਤੋਂ ਰਾਹੀਂ ਜਿੱਥੇ ਕਵਿਤਾ ਦਾ ਖੇਤਰ ਵਿਸਤ੍ਰਿਤ ਹੁੰਦਾ ਹੈ, ਉਥੇ ਇਸ ਵਿਚ ਜਾਨ ਵੀ ਪੈਂਦੀ ਹੈ।

ਉਪਰੋਕਤ ਕਾਵਿ-ਸਤਰਾਂ ਵਿਚ 'ਰੁੱਤ' ਬੇਰੋਕ ਤੇ ਗਤੀਸ਼ੀਲ ਜ਼ਿੰਦਗੀ ਦਾ ਮੈਟਾਫਰ ਹੈ। ਰੁੱਤਾਂ ਜ਼ਿੰਦਗੀ ਵਿਚ ਹਮੇਸ਼ਾਂ ਨਵੇਂ ਰੰਗ ਲੈ ਕੇ ਆਉਂਦੀਆਂ ਹਨ। ਪਰੰਤੂ ਵਾਸਤਵਿਕਤਾ ਇਹ ਹੈ ਕਿ ਜ਼ਿੰਦਗੀ ਨਿਰੰਤਰ ਇਕ ਸਮਾਨ ਨਹੀਂ ਰਹਿੰਦੀ। ਕਵਿਤਾ ਵਿਚ 'ਅੱਗ ਦੀ ਰੁੱਤ' ਨੂੰ ਪੂੰਜੀਵਾਦੀ ਨਿਜ਼ਾਮ ਦੇ ਮੈਟਾਫਰ ਵਜੋਂ ਪ੍ਰਸਤੁਤ ਕੀਤਾ ਗਿਆ ਹੈ ਜਿਸ ਵਿਚ ਹਫੜਾ-ਦਫੜੀ, ਲੁੱਟ-ਖਸੁੱਟ, ਮਾਰ-ਧਾੜ ਵਰਗੀਆਂ ਅਮਾਨਵੀ ਨੀਤੀਆਂ ਦੀ ਪ੍ਰਧਾਨਤਾ ਹੈ। ਇਸ 'ਅੱਗ ਦੀ ਰੁੱਤ' ਰੂਪੀ ਸਮਾਜਿਕ ਯਥਾਰਥ ਨੇ ਸਾਡੀ ਜ਼ਿੰਦਗੀ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ :

ਉਹ ਤਾਂ ਚਾਹੁੰਦੇ ਨੇ
ਕਿ ਚਾਨਣ ਸੁੱਤਾ ਰਹੇ
ਹਨ੍ਹੇਰਾ ਜਾਗਦਾ ਰਹੇ...
ਸੱਚ ਹੈ
ਚਾਨਣ ਬਹੁਤ ਖ਼ਤਰਨਾਕ ਹੈ...
ਸੱਤਾ ਦੇ ਪਿਆਸਿਆਂ ਲਈ
ਅੱਗ ਦੇ ਵਿਉਪਾਰੀਆਂ ਲਈ
ਭਾਵਨਾਵਾਂ ਦੇ ਸ਼ਿਕਾਰੀਆਂ ਲਈ।
(ਉਹ ਤਾਂ ਚਾਹੁੰਦੇ ਨੇ)

ਕਵਿਤਾ ਮਨੁੱਖ ਦੀ ਅਜਿਹੀ ਸਿਰਜਣਾ ਹੈ ਜਿਸ ਨੇ ਉਸਦੇ ਅੰਦਰ ਜਾਨਣ ਅਤੇ ਸਮਝਣ ਦੀ ਇੱਛਾ ਪੈਦਾ ਕੀਤੀ। ਕਵਿਤਾ ਮਨੁੱਖ ਦੇ ਸੰਕਟਾਂ ਦਾ ਕਥਾਰਸਿਸ ਹੀ ਨਹੀਂ ਸਗੋਂ ਉਹ ਸ਼ਕਤੀ ਹੈ ਜੋ ਸਾਨੂੰ ਅਦ੍ਰਿਸ਼ਟ ਸੰਕਟਾਂ ਨੂੰ ਵੇਖਣ-ਸਮਝਣ ਦਾ ਆਭਾਸ ਕਰਵਾਉਂਦੀ ਹੈ ਅਤੇ ਸੰਕਟ ਵਿਚ ਹੌਸਲਾ ਪ੍ਰਦਾਨ ਕਰਦੀ ਹੋਈ ਮਨੁੱਖ ਨੂੰ ਵਰਤਮਾਨ ਨਾਲ ਲੜਨ ਵੱਲ ਪ੍ਰੇਰਿਤ ਕਰਦੀ ਹੈ। ਸ਼ਕਤੀਸ਼ਾਲੀ ਕਵਿਤਾ ਦਾ ਇਹੋ ਗੁਣ ਹੁੰਦਾ ਹੈ ਕਿ ਉਹ ਵਰਤਮਾਨ ਵਿਚ ਹੀ ਨਹੀਂ ਵਿਚਰਦੀ, ਸਗੋਂ ਦੁਰੇਡੇ ਭਵਿੱਖ ਤੱਕ ਮਨੁੱਖ ਨਾਲ ਨਿਭਦੀ ਹੋਈ ਉਨ੍ਹਾਂ ਮੁਸ਼ਕਲਾਂ ਨੂੰ ਸਮਝਣ ਦਾ ਯਤਨ ਕਰਦੀ ਹੈ ਅਤੇ ਉਨ੍ਹਾਂ ਪਰਤਾਂ ਨੂੰ ਉਘਾੜਦੀ ਹੈ ਜਿਸ ਬਾਰੇ ਆਮ ਮਨੁੱਖ ਕੋਲ ਉਹ ਸੂਖਮ ਅਤੇ ਚੇਤੰਨ ਦਿੱਖ ਨਹੀਂ ਦਿੰਦੀ, ਜਿਸ ਨੂੰ ਕਵਿਤਾ ਨੇ ਵੇਖਿਆ ਹੀ ਨਹੀਂ ਸਗੋਂ ਪਛਾਣ ਲਿਆ ਹੁੰਦਾ ਹੈ। ਕਵਿਤਾ ਮਨੁੱਖ ਦਾ ਉਹ ਤੀਸਰਾ ਨੇਤਰ ਹੈ ਜੋ ਸੂਖਮ ਅਤੇ ਸਹਿਜ ਸਮਝੇ ਜਾਣ ਵਾਲੇ ਵਰਤਾਰਿਆਂ ਦੇ ਪਿੱਛੇ ਡੂੰਘੇ ਸੰਕਟਾਂ ਨੂੰ ਆਸਾਨੀ ਨਾਲ ਸਮਝ ਲੈਂਦੀ ਹੈ।

ਸੁਰਿੰਦਰ ਗੀਤ ਸੂਖਮ ਅਤੇ ਸਹਿਜ ਵਰਤਾਰਿਆਂ ਪਿੱਛੇ ਕਿਰਿਆਸ਼ੀਲ ਸੰਕਟਾਂ ਦੀ ਸੂਖਮ ਪੇਸ਼ਮਕਾਰੀ ਹਿੱਤ ਚੁਣੀਦਾ ਮੈਟਾਫਰਾਂ— ਮਸਲਨ ਰੁੱਤ, ਚਾਨਣ, ਹਵਾ, ਪੌਣ, ਹਨ੍ਹੇਰਾ, ਪਿਆਰ, ਜ਼ਿੰਦਗੀ, ਮੌਸਮ, ਪੱਤਝੜ, ਅੱਗ, ਦਿਲ, ਜਿੰਦ, ਧਰਤੀ, ਨੈਣ, ਮਹਿਕ, ਚਿਹਰਾ, ਪਰਿੰਦਾ ਆਦਿ ਦੀ ਬਾਖ਼ੂਬੀ ਵਰਤੋਂ ਕਈ ਅਰਥਾਂ ਵਿਚ ਕਰਦੀ ਹੈ। ਇਨ੍ਹਾਂ ਮੈਟਾਫਰਾਂ ਤੋਂ ਨਾ ਕੇਵਲ ਉਸਦੀ ਵਿਚਾਰਧਾਰਕ, ਬਲਕਿ ਸੂਖਮ ਦ੍ਰਿਸ਼ਟੀ ਦਾ ਵੀ ਸਹਿਜੇ ਬੋਧ ਹੁੰਦਾ ਹੈ :

ਡਿਗੂੰ ਡਿਗੂੰ ਕਰਨ ਲੱਗੀ ਜਦ
ਦਿਲ ਮੇਰੇ ਦੀ ਮਮਟੀ
ਕਵਿਤਾ ਨੇ ਆ ਦੇ ਕੇ ਠੁੰਮਣਾ
ਫੇਰ ਬਰਾਬਰ ਕਰਤੀ...
ਪੋਲੇ ਕਦਮੀਂ ਦਿਲ ਦੇ ਵਿਹੜੇ
ਜਦ ਵੀ ਕਵਿਤਾ ਆਈ
ਧੋ ਮਾਂਜ ਕੇ ਸੁੱਚੇ ਸ਼ਬਦਾਂ ਦੀ ਭਰ ਲੱਪ ਲਿਆਈ



ਸ਼ਬਦਾਂ ਨੇ ਬਣ ਬਲਦੇ ਦੀਵੇ
ਰੂਹ ਮੇਰੀ ਰੁਸ਼ਨਾਈ
ਮੈਨੂੰ ਜਾਪਿਆ ਮੈਂ ਸਭ ਦੀ
ਤੇ ਮੇਰੀ ਸਭ ਲੋਕਾਈ। (ਦਿਲ ਦੀ ਮਮਟੀ)

ਕਵਿਤਾ ਵਿਚ 'ਦਿਲ' ਉਸ 'ਮਨ' ਦਾ ਮੈਟਾਫਰ ਹੈ ਜੋ ਮਨੁੱਖ ਦੇ ਸਰੀਰ ਦਾ ਅਹਿਮ ਹਿੱਸਾ ਹੈ। ਇਹ ਪ੍ਰਵਿਰਤੀਆਂ, ਜਜ਼ਬਿਆਂ ਅਤੇ ਸੰਵੇਦਨਾਵਾਂ ਦਾ ਜੋਤ ਹੁੰਦਾ ਹੈ। 'ਦਿਲ ਦੀ ਮਮਟੀ' ਮਨ ਦੇ ਉੱਚੇ ਰੁਤਬੇ ਦਾ ਚਿਹਨ ਹੈ ਜੋ ਢਹਿ ਰਿਹਾ ਹੈ। ਕਵਿਤਾ ਇਸ ਮਮਟੀ ਨੂੰ ਠੁੰਮ੍ਹਣਾ ਦੇ ਇਸ ਨੂੰ ਢਹਿਣ ਤੋਂ ਬਚਾਉਂਦੀ ਹੈ। ਇਥੇ 'ਕਵਿਤਾ' ਮਨੁੱਖ ਦੀ ਜਾਗਰੂਕ ਸੋਚ/ਦ੍ਰਿਸ਼ਟੀ ਦਾ ਚਿਹਨਕ ਹੈ। ਅਸਲ ਵਿਚ ਕਵਿਤਾ ਸ਼ਬਦ ਰੂਪੀ ਵਿਚਾਰਾਂ ਦੇ ਮਾਧਿਅਮ ਰਾਹੀਂ ਆਪਣੀ ਹੋਂਦ ਗ੍ਰਹਿਣ ਕਰਦੀ ਹੋਈ ਕਵਿੱਤਰੀ ਦੇ ਰੂਹ ਰੂਪੀ ਮਨ ਨੂੰ ਉਸ ਸਮੇਂ ਰੁਸ਼ਨਾਉਂਦੀ ਹੈ, ਜਦੋਂ ਕਿ ਪੂੰਜੀਵਾਦੀ ਨਿਜ਼ਾਮ ਨੇ ਸਮਾਜ ਨੂੰ ਬੇਅਰਥੀ ਸੰਵੇਦਨਹੀਣ ਭੀੜ ਵਿਚ ਰੂਪਾਂਤਰਿਤ ਕੀਤਾ ਹੋਇਆ ਹੈ :

ਪਰ
ਏਥੇ ਤਾਂ ਬਾਰੀ ਖੋਲ੍ਹਣ 'ਤੇ
ਆਉਂਦੀ ਹੈ ਠੰਡੀ ਸੀਤ ਹਵਾ
ਜਿਸ ਵਿਚ ਘੁਲੀ
ਵੱਖ-ਵੱਖ ਰੰਗਾਂ ਦੇ ਜਿਸਮਾਂ ਦੀ ਮਹਿਕ ਨੂੰ
ਚਿੱਟੀ ਚਮੜੀ ਦੇ
ਖੋਖਲੇ ਸ਼ਿਸ਼ਟਾਚਾਰਾਂ ਦੀ ਬਦਬੂ
ਆਰੇ ਵਾਂਗ ਵੱਢਦੀ ਹੈ... (ਇਸ ਸ਼ਹਿਰ ਵਿਚ)

ਸਦੀਵੀ ਕਵਿਤਾ ਦੀ ਸੰਚਾਰ ਯੋਗਤਾ ਵੀ ਸਦੀਵੀ ਹੁੰਦੀ ਹੈ। ਕਵੀ ਦੀ ਪ੍ਰਤਿਭਾ ਦਾ ਪ੍ਰਮਾਣ ਉਸਦੀ ਦੂਰ-ਦ੍ਰਿਸ਼ਟੀ ਤੋਂ ਮਿਲਦਾ ਹੈ ਜਿਹੜੀ ਸਮੱਸਿਆਵਾਂ ਅਤੇ ਯਥਾਰਥ ਵਰਤਾਰਿਆਂ ਨੂੰ ਇਸ ਨਜ਼ਰੀਏ ਨਾਲ ਵੇਖਦੀ, ਪਰਖਦੀ ਤੇ ਵਾਚਦੀ ਹੈ ਜਿਸ ਨਾਲ ਉਨ੍ਹਾਂ ਦੇ ਅਸਲ ਅਰਥ ਉਜਾਗਰ ਹੋ ਸਕਣ। ਪ੍ਰਸਤੁਤ ਕਵਿਤਾ ਵਿਚ 'ਚਿੱਟੀ ਚਮੜੀ' ਪੂੰਜੀਵਾਦੀ ਵਿਸ਼ਵੀਕਰਨ ਦਾ ਮੈਟਾਫਰ ਹੈ ਜੋ ਵਿਭਿੰਨ ਚਮੜੀ ਵਾਲਿਆਂ ਨੂੰ ਇੰਝ ਵੱਢ ਰਹੀ ਹੈ, ਜਿਵੇਂ ਕਿ ਆਰਾ ਵੱਢਦਾ ਹੈ। ਅਰਥਾਤ ਆਮ ਵਰਗ ਦੀ ਹੋਂਦ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

ਸੁਰਿੰਦਰ ਗੀਤ ਭਾਵੀਹੀਣ ਤੇ ਵਿਚਾਰਹੀਣ ਕਵਿਤਾ ਨੂੰ ਕਵਿਤਾ ਨਹੀਂ ਸਵੀਕਾਰਦੀ। ਉਹ ਮਾਨਵਵਾਦੀ ਪਹੁੰਚ ਵਾਲੀ ਕਵਿਤਾ ਨੂੰ ਹੀ ਪੜ੍ਹਨਯੋਗ ਤੇ ਪ੍ਰਵਾਨਯੋਗ ਮੰਨਦੀ ਹੈ। ਉਸਦੇ ਅਨੁਸਾਰ ਕਵੀ ਤੇ ਕਵਿਤਾ ਦਾ ਮੂਲ ਧਰਮ/ ਕਰਤੱਬ ਸਮੁੱਚੀ ਮਨੁੱਖਤਾ ਦੇ ਭਲਾਈ ਕਰਨ ਲਈ ਆਵਾਜ਼ ਬੁਲੰਦ ਦੇ ਨਾਲ-ਨਾਲ ਮਨੁੱਖੀ ਚੇਤਨਾ ਨੂੰ ਵਿਕਸਿਤ ਕਰਨਾ ਵੀ ਹੈ। ਸੁਰਿੰਦਰ ਇਸ ਮੰਤਵ ਦੀ ਪੂਰਤੀ ਹਿੱਤ ਕਿਧਰੇ ਸੰਬੋਧਨੀ ਅਤੇ ਕਿਧਰੇ ਸੰਵਾਦੀਆ ਲਹਿਜਾ ਅਖਤਿਆਰ ਕਰ ਆਪਣੇ ਨੈਣ, ਸਮੁੱਚੀ ਲੋਕਾਈ, ਕਵੀ ਤੇ ਕਵਿਤਾ ਨੂੰ ਮੁਖ਼ਾਤਬ ਹੋ ਆਪਣੇ ਵਿਚਾਰਾਂ ਦੀ ਸੂਖਮ ਪੇਸ਼ਕਾਰੀ ਕਰਦੀ ਹੈ:

ਕਵੀ !
ਤੂੰ ਕਵਿਤਾ ਲਿਖ
ਅਸੀਂ ਕਵਿਤਾ ਪੜ੍ਹਾਂਗੇ...
ਤੇ ਤੇਰੀ ਕਵਿਤਾ ਦੇ ਹਰ ਹਰਫ਼ ਦੀ
ਹਰ ਪੈੜ 'ਤੇ
ਤੇਰੀ ਸੋਚ ਦਾ ਦੀਵਾ ਧਰਾਂਗੇ...
ਤੇਰੀ ਕਵਿਤਾ ਦਾ ਧਰਮ ਹੈ
ਸਵੱਛ ਸੀਤਲ ਸ਼ਬਦਾਂ ਦੀ ਵਰਖਾ ਕਰ ਕੇ...
ਮਨੁੱਖਤਾ ਦੀ ਪੀੜਾ ਨੂੰ ਚੂਸਣਾ...
(ਅਸੀਂ ਕਵਿਤਾ ਪੜਾਂਗੇ)

ਕਵਿਤਾ ਵਿਚ ਮਨੁੱਖੀ ਜ਼ਿੰਦਗੀ ਦੇ ਹਰੇਕ ਰੰਗ ਨੂੰ ਪ੍ਰਸਤੁਤ ਕਰਨ ਦੀ ਸ਼ਕਤੀ ਹੁੰਦੀ ਹੈ। ਇਹ ਅਜਿਹੀ ਸਦਾਬਹਾਰ, ਨਰੋਈ ਤੇ ਪ੍ਰਭਾਵਸ਼ਾਲੀ ਸਿਨਫ਼ ਹੈ ਜਿਸ ਦਾ ਪ੍ਰਯੋਜਨ ਯੁੱਗ-ਪਲਟਾਊ ਹੁੰਦਾ ਹੈ। ਸਾਰਥਕ ਤੇ ਮੁੱਲਵਾਨ ਕਵਿਤਾ ਰਚਣ ਵਾਲੇ ਹੀ ਲੋਕ-ਮਨਾਂ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਸਕਣ ਵਿਚ ਕਾਮਯਾਬ ਰਹਿੰਦੇ ਹਨ। ਇਸ ਲਈ ਇਕ ਕਵੀ ਦੀ ਇਹ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੀ ਕਲਮ ਨੂੰ ਹਮੇਸ਼ਾਂ ਜਾਗਦਿਆਂ ਰੱਖੇ ਅਤੇ ਮਨੁੱਖਤਾ ਦਾ ਘਾਣ ਕਰਨ ਵਾਲੀਆਂ ਗੁਸਤਾਖ਼ ਹਵਾਵਾਂ ਰੂਪੀ ਸਰਕਾਰਾਂ ਤੋਂ ਮਨੁੱਖ ਨੂੰ ਚੇਤੰਨ/ਜਾਗਰੂਕ ਕਰੇ। ਅਸਲ ਵਿਚ ਗੁਸਤਾਖ਼ ਹਵਾਵਾਂ ਨੂੰ ਚੇਤੰਨ ਲੋਕਾਂ ਤੋਂ ਬਹੁਤ ਡਰ ਲੱਗਦਾ ਹੈ:

ਇਸ ਤਰ੍ਹਾਂ ਦੀ ਗੁਸਤਾਖ਼ ਹਵਾ
ਜਦੋਂ ਵੀ ਵਗਦੀ ਹੈ
ਮਨੁੱਖਤਾ ਦਾ ਘਾਣ ਕਰਦੀ ਹੈ...
ਸੋ ਦੋਸਤੋ !
ਆਪੋ ਆਪਣੀ ਕਲਮ ਨੂੰ ਆਖੋ ਕਿ
ਜਾਗਦੀ ਰਹੇ
ਕਿਉਂਕਿ ਜਾਗਦੀਆਂ ਕਲਮਾਂ ਹੀ
ਲੋਕਾਂ ਨੂੰ ਜਾਗਦੇ ਰੱਖਦੀਆਂ ਹਨ
ਅਤੇ ਗੁਸਤਾਖ਼ ਹਵਾ
ਜਾਗਦੀਆਂ ਅੱਖਾਂ ਤੋਂ ਬਹੁਤ ਡਰਦੀ ਹੈ।
(ਗੁਸਤਾਖ਼ ਹਵਾ)

ਸੁਰਿੰਦਰ ਗੀਤ ਦੀ ਕਵਿਤਾ ਮਨੁੱਖ ਦੀ ਸਿਰਜਣਾਤਮਿਕ ਸ਼ਕਤੀ ਅਤੇ ਕਵਿਤਾ ਦੀ ਸ਼ਕਤੀ ਦਾ ਉਸਤਤੀ ਗਾਣ ਹੈ; ਮਨੁੱਖ, ਮੁਹੱਬਤ ਤੇ ਕਲਾ ਦਾ 'ਫਤਿਹਨਾਮਾ'। ਉਸ ਦੀਆਂ ਕਵਿਤਾਵਾਂ ਦੀ ਸੂਖਮ, ਗਹਿਨ ਅਤੇ ਗੰਭੀਰ ਵਾਕ ਸੰਰਚਨਾ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। "ਕਾਵਿ-ਵਾਕ ਦਾ ਸੁਭਾਅ ਵੀ ਸਾਧਾਰਨ ਵਾਕ ਤੋਂ ਵੱਖਰਾ ਹੈ। ਕਵੀ ਦੇ ਮਨ ਵਿਚ ਵਾਕ ਦੀ ਸਕੀਮ ਹੁੰਦੀ ਹੈ। ਇਹ ਤਾਂ ਇਵੇਂ ਹੈ ਜਿਵੇਂ ਪਿਕਾਸੋ ਖ਼ਾਲੀ ਕੈਨਵਸ ਦੇ ਸਾਹਮਣੇ ਬੈਠ ਉਸ ਉਪਰ ਇਕ ਮਨੋਮੂਰਤ ਸਾਖਿਆਤ ਵੇਖ ਰਿਹਾ ਹੋਵੇ। ਇਕ ਵਾਕ ਦਾ ਦੂਜੇ ਨਾਲ ਜੋੜ ਇਕ ਰੰਗ ਦੀ ਇਕ ਕਾਤਰ ਦਾ ਦੂਜੀ ਕਾਤਰ ਨਾਲ ਜੋੜ ਹੈ। ਕਵੀ ਲਈ ਵਾਕ ਇਕ ਟੋਨ ਹੈ, ਇਕ ਸ਼ੇਡ ਹੈ, ਇਕ ਟੇਸਟ ਹੈ। ਜੀਵਨ ਪ੍ਰਤੀ ਪਿਆਰ, ਭੈਣ, ਘਿਰਣਾ, ਰੋਹ, ਇਹ ਸਭ ਵਾਤਾਵਰਣ ਉਲੀਕਦਾ ਹੈ। ਇਹ ਸ਼ੇਡ ਵਾਕ ਦਾ ਵਾਸਤਵਿਕ ਗੁਣ ਬਣ ਜਾਂਦੇ ਹਨ।" ਕੁਝ ਅਜਿਹੇ ਵਿਲੱਖਣ ਤੇ ਵਾਸਤਵਿਕ ਸ਼ੇਡਜ਼ ਸੁਰਿੰਦਰ ਗੀਤ ਦੀ ਕਵਿਤਾ ਵਿਚ ਉਜਾਗਰ ਹੁੰਦੇ ਹਨ :

ਉਹ ਪੁੱਛਦਾ ਹੈ ਮੈਨੂੰ
ਮੈਂ ਆਵਾਂ ਤਾਂ
ਤੇਰੇ ਲਈ ਕੀ ਲਿਆਵਾਂ।
ਮੈਂ ਆਖਦੀ ਹਾਂ
ਜਿਉਂਦਾ ਰਹੁ ਵੀਰਾ '
ਤੂੰ ਮੈਨੂੰ
ਮਿਲਣ ਜ਼ਰੂਰ ਆਵੀਂ
ਤੇ ਚਾਨਣ ਦੇ ਕੁਝ ਬੀਜ
ਲੈਂਦਾ ਆਵੀਂ। (ਚਾਨਣ ਦੇ ਬੀਜ)

ਸੁਰਿੰਦਰ ਗੀਤ ਮਨੁੱਖੀ ਹੋਂਦ ਨੂੰ ਸਮਝਣ-ਸਮਝਾਉਣ ਹਿੱਤ ਆਪਣੇ ਸਵੈ ਨਾਲ ਸੰਵਾਦ ਰਚਾਉਂਦੀ ਹੈ। ਉਸਦੀ ਕਵਿਤਾ ਦੀ ਇਹ ਅਹਿਮ ਪ੍ਰਾਪਤੀ ਹੈ ਕਿ ਉਸ ਦੀਆਂ ਕਵਿਤਾਵਾਂ ਵਿਚਲੀ 'ਮੈਂ' ਅਸਲ ਵਿਚ 'ਮੈਂ' ਨਾ ਰਹਿ ਕਿਸੇ ਬਿੰਦੂ ਉਤੇ 'ਪਰ' ਬਣ ਜਾਂਦੀ ਹੈ। ਉਹ 'ਮੈਂ' ਦੇ ਮਾਧਿਅਮ ਰਾਹੀਂ 'ਉਹ', 'ਤੂੰ', 'ਤੁਸੀਂ' ਨੂੰ ਸੰਬੋਧਨ ਹੋ ਸੂਖਮ ਅਰਥਾਂ ਦਾ ਸੰਚਾਰ ਕਰਦੀ ਹੈ। ਪ੍ਰਸਤੁਤ ਕਵਿਤਾ ਵਿਚ 'ਮੈਂ' ਤੇ 'ਉਹ' ਨੂੰ ਸਿਰਜਿਆ ਗਿਆ ਹੈ ਜਿਸ ਵਿਚ 'ਮੈਂ' ਰੂਪੀ ਔਰਤ ਆਪਣੇ ਭਰਾ ਵਰਗੇ ਪਵਿੱਤਰ ਰਿਸ਼ਤੇ ਤੋਂ 'ਚਾਨਣ ਦੇ ਬੀਜ' ਦੀ ਮੰਗ ਕਰਦੀ ਹੈ। ਕਵਿਤਾ ਵਿਚ 'ਚਾਨਣ ਦੇ ਬੀਜ' ਨਵ ਗਿਆਨ ਦੇ ਮੈਟਾਫਰ ਹਨ ਜੋ ਰੁੱਖ ਬਣ ਸਾਰੇ ਸੰਸਾਰ ਨੂੰ ਰੁਸ਼ਨਾਵੇਗਾ।

ਸੁਰਿੰਦਰ ਗੀਤ ਦੀ ਕਵਿਤਾ ਜਾਗਦੀਆਂ, ਨਿਹਾਰਦੀਆਂ, ਤਿੱਖੀ ਨੀਝ ਵਾਲੀਆਂ ਪਰ ਸੁਪਨਿਆਂ ਨਾਲ ਭਰੀਆਂ ਅੱਖਾਂ ਦੀ ਕਵਿਤਾ ਹੈ। ਆਪਣੇ ਪਾਠਕ ਨੂੰ ਸਹਿਜ-ਸੁਭਾਅ ਹੀ ਆਪਣੇ ਨਾਲ ਲੈ ਕੇ ਤੁਰਦੀਆਂ ਇਹ ਕਵਿਤਾਵਾਂ ਉਸ ਨੂੰ ਉਥੇ ਪਹੁੰਚ ਕੇ ਅਲਵਿਦਾ ਕਹਿੰਦੀਆਂ ਹਨ ਜਿਥੇ ਉਹ ਅੱਗੇ ਤੋਂ ਵੱਧ ਸੋਚਵਾਨ ਅਤੇ ਸੰਵੇਦਨਸ਼ੀਲ ਹੋ ਜਾਂਦਾ ਹੈ।


ਸੁਰਿੰਦਰ ਗੀਤ ਦੀ ਕਾਵਿ-ਸੰਵੇਦਨਾ ਲੋਕ ਉਨਮੁਖ ਹੈ। ਜਿਵੇਂ-ਜਿਵੇਂ ਉਸਦੀ ਸਮਾਜਕ ਚੇਤਨਾ ਵਿਕਸਿਤ ਹੁੰਦੀ ਰਹੀ, ਤਿਵੇਂ-ਤਿਵੇਂ ਉਹ ਅਗਾਂਹਵਧੂ ਸ਼ਕਤੀਆਂ, ਲੋਕ ਹਿਤੈਸ਼ੀ ਸਰਗਰਮੀਆਂ ਅਤੇ ਮਨੁੱਖ ਦੇ ਉਜਲੇ ਭਵਿੱਖ ਨਾਲ ਜੁੜੇ ਹੁੰਗਾਰਿਆਂ ਦੀ ਅਭਿਲਾਖੀ ਹੁੰਦੀ ਗਈ :

ਇਸ ਤੋਂ ਚੰਗਾ
ਹੱਥ ਕਿਸੇ ਮਜ਼ਦੂਰ ਦੇ ਆਵਾਂ
ਉਸਦੇ ਪਾਕ ਪਸੀਨੇ ਵਿਚ ਮੈਂ
ਰੱਜ ਨਹਾਵਾਂ
ਉਹਦੇ ਹੱਥੋਂ ਚੂਰ ਮੈਂ ਹੋ ਕੇ
ਖ਼ੁਸ਼ੀਆਂ ਨਾਲ ਭਰਪੂਰ ਮੈਂ ਹੋ ਕੇ
ਵਿੰਗੇ ਟੇਢੇ
ਕੱਚੇ ਰਾਹਾਂ 'ਤੇ ਵਿਛ ਜਾਵਾਂ
ਮਨੁੱਖਤਾ ਦੇ ਲਈ
ਸਿੱਧ ਪੱਧਰੀ
ਸੜਕ ਬਣਾਵਾਂ।

ਸੁਰਿੰਦਰ ਗੀਤ ਦੀ ਸੂਖਮ ਪੇਸ਼ਕਾਰੀ ਦਾ ਇਕ ਹੋਰ ਪੱਖ ਇਹ ਹੈ ਕਿ ਉਹ ਪਹਿਲਾਂ ਖ਼ੁਦ ਹੀ ਪਾਠਕ ਸਾਹਵੇਂ ਆਪਣੀਆਂ ਕਵਿਤਾਵਾਂ ਦੇ ਮਾਧਿਅਮ ਰਾਹੀਂ ਸਵਾਲ ਉਠਾਉਂਦੀ ਹੈ ਅਤੇ ਫੇਰ ਖ਼ੁਦ ਹੀ ਉਸਦਾ ਜਵਾਬ ਦੇ ਪਾਠਕ-ਸੋਚ ਨੂੰ ਜਾਗ੍ਰਿਤ ਵੀ ਕਰਦੀ ਹੈ। ਮਸਲਨ ਔਰਤ ਦੀ ਜ਼ਿੰਦਗੀ ਦੇ ਕਈ ਅਜਿਹੇ ਪੱਖ ਹਨ ਜੋ ਵਿਚਾਰੇ ਜਾਣ ਯੋਗ ਹਨ ਜਿਵੇਂ ਕਿ ਉਸਦਾ ਘਰ ਕਿਹੜਾ ਹੈ? ਪੇਕੇ ਘਰ ਉਸ ਨੂੰ ਇਹ ਅਹਿਸਾਸ ਕਰਾਇਆ ਜਾਂਦਾ ਹੈ ਕਿ ਇਹ ਤੇਰਾ ਅਸਲ ਘਰ ਨਹੀਂ ਅਤੇ ਫੇਰ ਜਦ ਉਹ ਅਸਲ ਘਰ ਦੀ ਤਸਵੀਰ ਲੈ ਕਿਸੇ ਦੂਜੇ ਦਾ ਘਰ ਵਸਾਉਣ ਚਲੀ ਜਾਂਦੀ ਹੈ ਤਾਂ ਉਥੇ ਵੀ ਉਸ ਨੂੰ ਆਪਣੇਪਣ

*(ਬਾਕੀ ਅਗਲੇ ਸਫੇ 'ਤੇ)*

# ਮਨ ਦਾ ਮੌਸਮ: ਅਰਤਿੰਦਰ ਸੰਧੂ ਦੇ ਸਰੋਦੀ ਕਾਵਿ ਦੀ ਝਲਕ



ਰਵਿੰਦਰ ਸਿੰਘ ਸੋਢੀ

**ਪੁਸਤਕ ਚਰਚਾ**

ਪੰਜਾਬੀ ਸਾਹਿਤ ਵਿਚ ਅਰਤਿੰਦਰ ਸੰਧੂ ਦਾ ਕੱਦ ਉਸ ਦੀ ਸਾਹਿਤਕ ਪ੍ਰਪੱਕਤਾ ਨਾਲ ਉੱਚਾ ਹੋਇਆ ਹੈ। ਉਸ ਨੇ ਆਪਣੀ ਸਾਹਿਤਕ ਕਿਰਤਾਂ ਦੇ ਗਿਣਾਤਮਕ ਪੱਖ ਦੇ ਨਾਲ ਨਾਲ ਗੁਣਾਤਮਕ ਪੱਖ ਦਾ ਵੀ ਧਿਆਨ ਰੱਖਿਆ ਹੈ। ਇਸੇ ਲਈ ਉਸ ਦੇ ਚੌਦਾਂ ਮੌਲਿਕ ਕਾਵਿ ਸੰਗ੍ਰਹਿ ਪਾਠਕਾਂ ਵਿਚ ਮਕਬੂਲ ਹੋਣ ਤੋਂ ਇਲਾਵਾ ਆਲੋਚਕਾਂ ਵੱਲੋਂ ਵੀ ਸਰਾਹੇ ਗਏ ਹਨ। ਉਸ ਨੇ ਹਿੰਦੀ ਕਵਿਤਾ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਪੱਖੋਂ ਵੀ ਪ੍ਰਸ਼ੰਸਾ ਯੋਗ ਕੰਮ ਕੀਤਾ ਹੈ ਤੇ ਕੁਝ ਪੁਸਤਕਾਂ ਦਾ ਸੰਪਾਦਨ ਵੀ ਕੀਤਾ ਹੈ। ਉਹ ਪਿਛਲੇ ਗਿਆਰਾਂ ਸਾਲਾਂ ਤੋਂ ਉੱਚ ਪਾਏ ਦਾ ਪੰਜਾਬੀ ਮੈਗਜ਼ੀਨ 'ਸਾਹਿਤਕ ਏਕਮ' ਵੀ ਕੱਢ ਰਹੀ ਹੈ। ਇਸ ਮੈਗਜ਼ੀਨ ਨੂੰ ਕੇਂਦਰੀ ਸਰਕਾਰ ਵੱਲੋਂ ਵੀ ਸਨਮਾਨ ਮਿਲ ਚੁੱਕਿਆ ਹੈ। ਇਸ ਤਰ੍ਹਾਂ ਉਸ ਨੇ ਪੰਜਾਬੀ ਸਾਹਿਤਕ ਪੱਤਰਕਾਰੀ ਨੂੰ ਕੌਮੀ ਪੱਧਰ 'ਤੇ ਪ੍ਰਫੁੱਲਿਤ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਉਸ ਦੀਆਂ ਕਈ ਰਚਨਾਵਾਂ 'ਤੇ ਆਲੋਚਨਾਤਮਿਕ ਕੰਮ ਵੀ ਹੋਇਆ ਹੈ ਤੇ ਐਮ ਫਿਲ ਲਈ ਖੋਜ ਨਿਬੰਧ ਵੀ ਲਿਖਿਆ ਜਾ ਚੁੱਕਾ ਹੈ। ਅਰਤਿੰਦਰ ਦੀ ਵਾਰਤਕ ਪੁਸਤਕ 'ਜੜ੍ਹਾਂ ਦੇ ਵਿਚ ਵਿਚਾਲੇ' ਦਾ ਵੀ ਖ਼ੈਰ ਮਕਦਮ ਹੋਇਆ ਹੈ।

ਅਰਤਿੰਦਰ ਪ੍ਰਸਤੁਤ ਕਾਵਿ ਸੰਗ੍ਰਹਿ 'ਮਨ ਦਾ ਮੌਸਮ' ਨੂੰ 'ਸ਼ਬਦ ਸੰਵਾਦ' ਦਾ ਨਾਂ ਦੇਂਦੀ ਹੈ। ਡਾ. ਲਖਵਿੰਦਰ ਸਿੰਘ ਜੌਹਲ ਇਸ ਨੂੰ 'ਫੱਗਣ ਚੇਤ ਤੇ ਸਾਉਣ ਰੁੱਤਾਂ ਦਾ ਕਾਵਿ ਰਾਗ' ਅਤੇ 'ਮਨਾਂ ਵਿਚ ਰਚੇ ਹੋਏ ਨ੍ਹੇਰਿਆਂ' ਨਾਲ ਸੰਵਾਦ ਕਹਿੰਦਾ ਹੈ। ਜੇ ਮੈਂ ਆਪਣੀ ਕਸਵੱਟੀ ਦੀ ਗੱਲ ਕਰਾਂ ਤਾਂ ਮੈਂ ਇਸ ਨੂੰ ਅਰਤਿੰਦਰ ਸੰਧੂ ਦਾ 'ਸਰੋਦੀ ਕਾਵਿ' ਕਹਾਂਗਾ। ਪੰਜਾਬੀ ਸਾਹਿਤ ਵਿਚ ਸਰੋਦੀ ਕਾਵਿ ਦੀ ਇਕ ਅਮੀਰ ਪਰਿਪਾਟੀ ਰਹੀ ਹੈ। ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਡਾ. ਹਰਭਜਨ ਸਿੰਘ, ਸੁਰਜੀਤ ਪਾਤਰ ਤੇ ਕੁਝ ਹੋਰ ਕਵੀਆਂ ਨੇ ਸਾਹਿਤਕ ਗੀਤਾਂ ਦੀ ਪ੍ਰੰਪਰਾ ਨੂੰ ਬੁਲੰਦੀ 'ਤੇ ਪਹੁੰਚਾਇਆ ਹੈ। ਅਰਤਿੰਦਰ ਦੀ ਇਸ ਪੁਸਤਕ ਦਾ ਪਾਠ ਕਰਦੇ ਹੋਏ ਮੈਨੂੰ ਉਸ ਦੇ ਸਾਹਿਤਕ ਗੀਤਾਂ ਵਿਚੋਂ ਅੰਮ੍ਰਿਤਾ ਦੇ ਗੀਤਾਂ ਵਰਗਾ ਸੋਹਜ, ਪ੍ਰੋ. ਮੋਹਨ ਸਿੰਘ ਦੇ ਗੀਤਾਂ ਵਰਗੀ ਲੈਅ, ਸ਼ਿਵ ਵਰਗੀ ਕਲਾਤਮਕ ਸ਼ਬਦ ਚੋਣ, ਡਾ. ਹਰਭਜਨ ਸਿੰਘ ਵਰਗੀ ਵਿਦਵਤਾ ਤੇ ਸੁਰਜੀਤ ਪਾਤਰ ਵਰਗੀ ਅਰਥਾਂ ਦੀ ਡੂੰਘਾਈ ਨਜ਼ਰ ਆਈ ਹੈ। ਇਸ ਦਾ ਭਾਵ ਇਹ ਨਹੀਂ ਕਿ ਉਸ ਨੇ ਇਨ੍ਹਾਂ ਮਹਾਨ ਸਾਹਿਤਕ ਹਸਤੀਆਂ ਦਾ ਅਨੁਕਰਨ ਕੀਤਾ ਹੈ, ਸਗੋਂ ਉਸ ਨੇ ਤਾਂ ਆਪਣੀ ਵੱਖਰੀ ਸ਼ੈਲੀ ਵਿਚ ਆਪਣੇ 'ਸ਼ਬਦ ਸੰਵਾਦ' ਅਤੇ 'ਕਾਵਿ ਰਾਗ' ਨੂੰ ਪੇਸ਼ ਕੀਤਾ ਹੈ।

ਇਸ ਪੁਸਤਕ ਦੇ ਬਹੁਤੇ ਗੀਤ ਸੰਬੋਧਨੀ ਸੁਰ ਦੇ ਹਨ। ਜਿਵੇਂ ਕਦੇ ਉਹ ਸੋਚ ਦੀ ਡਾਚੀ (ਸੋਚ ਦੀ ਡਾਚੀ ਤੂੰ ਸੁਣ), ਆਪਣੇ ਖ਼ਿਆਲਾਂ ਨੂੰ (ਮੇਰੇ ਖਿਆਲੋ ਸੁਰ ਚੁਣੋ), ਮਨ ਦੀ ਨਦੀ ਨੂੰ (ਮਨ ਦੀਏ ਭਰ ਭਰ ਵਗਦੀਏ ਨਦੀਏ), ਨਿਰਮੋਹੀ ਰੁੱਤ ਨੂੰ (ਆ ਨਿਰਮੋਹੀਏ ਰੁੱਤੇ), ਜ਼ਿੰਦਗੀ ਨੂੰ (ਆਈ ਹੀ ਸੈਂ ਜੇ ਜ਼ਿੰਦਗੀ), ਬੱਦਲੀ ਨੂੰ (ਸੁਣ ਬੱਦਲੀਏ ਸਾਂਵਲੀਏ ਨੀ), ਤੇ ਕਦੇ ਹਵਾਵਾਂ ਆਦਿ ਨੂੰ (ਐ ਹਵਾਏ ਸਿਰਫ ਸਾਡੇ ਸਾਹੀਂ ਹੀ ਨਾ ਆ ਤੇ ਜਾਹ) ਰਾਹੀਂ ਸੰਬੋਧਿਤ ਹੁੰਦੀ ਹੈ। ਉਸ ਦੀ ਸੁਰ ਆਸ਼ਾਵਾਦੀ ਰਹਿੰਦੀ ਹੈ, ਕੋਈ ਨਵੀਂ ਪ੍ਰੇਰਣਾ ਦੇਂਦੀ ਹੈ। ਕਹਿਣ ਤੋਂ ਭਾਵ ਕਿ ਉਹ ਕਦੇ ਢਹਿੰਦੀ ਕਲਾ ਵਿਚ ਗੱਲ ਨਹੀਂ ਕਰਦੀ ਸਗੋਂ ਹਮੇਸ਼ਾਂ ਹੀ ਹਾਂ-ਪੱਖੀ ਸੋਚ ਦਾ ਪ੍ਰਗਟਾਵਾ ਕਰਦੀ ਹੈ। ਇਸ ਪ੍ਰਥਾਏ ਕੁਝ ਉਦਾਹਰਨਾਂ ਹਨ

ਸਾਵੇ ਘਾਹ ਦੇ ਵਾਂਗ
ਸਾਡੀ ਆਸ ਬਣ ਕੇ ਆ
ਮੌਤ ਦੀ ਥਾਂ ਜੀਣ ਖ਼ਾਤਰ
ਵਾਸ ਬਣ ਕੇ ਆ।
...ਆ ਵੀ ਜਾਹ ਐ ਜ਼ਿੰਦਗੀ

ਸਾਹਾਂ ਲਈ ਆਈ ਹਵਾ
ਧੂਣੀ ਕੋਈ ਨਵੀਂ ਧੁਖਾਅ
ਮਰਨ ਰੁੱਤ ਨੂੰ ਸਾੜ ਕੇ
ਬਣ ਜਾਹ ਜੀਣ ਦੀ ਦੁਆ...
ਸੋਚ ਦੀ ਡਾਚੀ ਤੂੰ ਸੁਣ

ਤੁਰਦੇ ਰਹਿਣਾ ਨ੍ਹੇਰ ਸੰਗ
ਅੱਛੇ ਦਿਨਾਂ ਦੀ ਆਸ ਲਈ...
ਪਲ ਸੀ ਜਿਹੜੇ ਡਲ੍ਹਕਦੇ


ਤਿਰਹਾਏ ਤਿੜਕੇ ਸੁਪਨਿਆਂ ਦੀਆਂ ਕਬਰਾਂ ਉੱਤੇ
ਫਿਰ ਇਕ ਵਾਰੀ ਬੀਜੀਏ ਤੇ ਆਸ ਉਗਾਈਏ
...ਜਾਗ ਪੰਜਾਬ ਦੇ ਫ਼ਿਕਰ ਜਾਗ

ਅਰਤਿੰਦਰ ਨੂੰ ਇਹ ਭਲੀ ਭਾਂਤ ਪਤਾ ਹੈ ਕਿ ਦਿਲ ਦੇ ਸੂਖ਼ਮ ਵਲਵਲਿਆਂ ਨੂੰ ਪ੍ਰਗਟਾਉਣ ਲਈ ਸਾਹਿਤਕ ਸ਼ਬਦ ਚੋਣ ਵੀ ਸੂਖ਼ਮ ਹੀ ਹੋਣੀ ਚਾਹੀਦੀ ਹੈ। ਇਸ ਪੱਖੋਂ ਸ਼ਿਵ ਕੁਮਾਰ ਬਟਾਲਵੀ ਦੇ ਮੇਚ ਦਾ ਹੋਣਾ ਬਹੁਤ ਮੁਸ਼ਕਿਲ ਹੈ, ਪਰ ਅਰਤਿੰਦਰ ਨੇ ਇਸ ਖੇਤਰ ਵਿਚ ਵੀ ਆਪਣਾ ਵਿਸ਼ੇਸ਼ ਮਿਆਰ ਕਾਇਮ ਕਰ ਲਿਆ ਹੈ। 'ਮਨ ਦਾ ਮੌਸਮ' ਵਿਚ ਵੀ ਕਵਿੱਤਰੀ ਦੀ ਸ਼ਬਦ ਚੋਣ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਣ ਵਿਚ ਕਾਮਯਾਬ ਹੋਵੇਗੀ। ਅਜਿਹੇ ਸ਼ਬਦ ਉਸ ਦੇ ਅੰਦਰੋਂ ਪਹਾੜਾਂ ਵਿਚ ਵਹਿੰਦੇ ਝਰਨਿਆਂ ਵਾਂਗ ਆਪ ਮੁਹਾਰੇ ਫੁੱਟਦੇ ਪ੍ਰਤੀਤ ਹੁੰਦੇ ਹਨ। ਜਿਵੇਂ:

ਜਿੰਦਾਂ 'ਚੋਂ ਲੈ ਉਦਾਸੀਆਂ
ਪੌਣਾ ਫਿਰਨ ਹਿਰਾਸੀਆਂ...
ਮੇਰੇ ਖਿਆਲੋ ਸੁਰ ਚੁਣੋ

ਕਿੰਨੇ ਕੰਡੇ ਨਿੱਤ ਘਲਾਵੇਂ
ਸ਼ਬਦਾਂ ਅੰਦਰ ਲਿਪਟੇ ਰਹਿੰਦੇ ...
ਕੱਚ ਦੇ ਇਸ ਕੋਟ ਦੇ ਧੁਰ ਅੰਦਰ

ਚੀਸਾਂ ਦੀ ਵਹਿੰਦੀ ਭੀੜ ਨੂੰ ਹੈ
ਮੰਨਣਾਂ ਮੇਲਾ ਕਿਵੇਂ




ਤੂੰ ਸਾਹਾਂ ਦੇ ਰਾਹਾਂ ਲਈ
ਭਰ ਕੇ ਕਿੰਨੀ ਪੀੜ ਹਵਾਵਾਂ
ਤੋਰੇਂ ਸਾਡੇ ਸਾਹਾਂ ਲਈ
ਚਾਵਾਂ ਤੇ ਸਾਹਵਾਂ ਦੀ ਪੀੜਾ
ਹਰ ਪਲ ਖ਼ੁਦ 'ਚੋਂ ਪਾਰ ਕਰਾਂ...
ਆ ਨਿਰਮੋਹੀਏ ਰੁੱਤੇ

ਇਸ ਚੁੱਪ ਵਿਚ ਪਰਬਤ ਪੀੜਾਂ ਦੇ
ਅੱਥਰੂਆਂ ਦੇ ਝਰਨੇ ਵਹਿੰਦੇ
ਕੁਝ ਗੀਤ ਦਫ਼ਨ ਮਨ ਦੇ ਵਿਹੜੇ
ਆਪਣੇ ਟੋਟੇ ਵੇਚ ਕੇਵੇਂ
ਮਣਸਣੇ ਅਰਮਾਨ ਵੀ...
ਆਈ ਹੀ ਸੈਂ ਜੇ ਜ਼ਿੰਦਗੀ

ਲਿਖ ਰਹੇ ਨੇ ਅਕਲਦਾਨ
ਸੂਤਰ ਸਾਡੇ ਜੀਣ ਦੇ
ਸਰਘੀਆਂ ਦੇ ਲਾਰਿਆਂ ਦੇ
ਹੱਥ ਵਿਚ ਸਲਫਾਸ ਲਈ... ਪਲ ਸੀ ਜਿਹੜੇ ਡਲ੍ਹਕਦੇ
ਅਗਵਾ ਰੁੱਤ ਦੇ ਪਿੰਜਰਿਆਂ ਵਿਚ ਕੈਦ
ਉਮੀਦਾਂ ... ਜਾਗ ਪੰਜਾਬ ਦੇ ਫਿਕਰ ਜਾਗ

ਵੈਸੇ ਤਾਂ ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਰਚਨਾਵਾਂ 'ਤੇ ਵਿਸਤਾਰ ਵਿਚ ਚਰਚਾ ਕੀਤੀ ਜਾ ਸਕਦੀ ਹੈ, ਪਰ ਦੋ ਗੀਤਾਂ 'ਜਿਸ ਸਾਵਣ ਨੂੰ ਤਾਂਘ ਰਹੇ ਹਾਂ' ਅਤੇ 'ਦੱਸ ਨੀ ਵਿਸਾਖੀਏ' ਸੰਬੰਧੀ ਵਿਸ਼ੇਸ਼ ਤੌਰ 'ਤੇ ਕਹਿਣਾ ਚਾਹੁੰਦਾ ਹਾਂ ਕਿ ਇਸ ਪੁਸਤਕ ਦੇ ਬਹੁਤ ਸਾਰੇ ਗੀਤਾਂ ਵਿਚ ਕਵਿੱਤਰੀ ਨੇ ਵੱਖ ਵੱਖ ਮੌਸਮਾਂ ਨੂੰ ਸੰਬੋਧਨ ਕੀਤਾ ਹੈ, ਪਰ 'ਜਿਸ ਸਾਵਣ ਨੂੰ ਤਾਂਘ ਰਹੇ ਹਾਂ' ਵਿਚ ਸਾਵਣ ਮਹੀਨੇ ਨੂੰ ਅੱਡ ਅੱਡ ਰੂਪਾਂ ਵਿਚ ਵਰਤਿਆ ਹੈ:

ਨਵੀਂ ਨਰੋਈ ਜ਼ਿੰਦਗੀ ਲਈ (ਪਹਿਲਾ ਬੰਦ), ਗਰੀਬ ਦੇ ਪੇਟ ਦੀ ਭੁੱਖ ਕਦੋਂ ਦੂਰ ਹੋਵੇਗੀ (ਦੂਜਾ ਬੰਦ), ਚੰਗੇ ਦਿਨਾਂ ਦੀ ਆਸ ਲਈ (ਤੀਜਾ ਬੰਦ), ਦੂਰਦਰਸ਼ੀ ਹਾਕਮ ਅਤੇ ਖ਼ੁਸ਼ਹਾਲ ਜਨਤਾ ਲਈ (ਚੌਥਾ ਬੰਦ), ਨੌਜੁਆਨ ਨਸ਼ੇ ਦੇ ਦੌਰ ਵਿਚੋਂ ਕਦੋਂ ਬਾਹਰ ਆਉਣਗੇ (ਪੰਜਵਾਂ ਬੰਦ) ਸਰਹੱਦਾਂ 'ਤੇ ਅਮਨ (ਛੇਵਾਂ ਬੰਦ), ਮਿਹਨਤਕਸ਼ਾਂ ਦੀ ਲੁੱਟ ਕਦੋਂ ਖ਼ਤਮ ਹੋਵੇਗੀ (ਸੱਤਵਾਂ ਬੰਦ)। ਇਹ ਇਕ ਬਹੁਪਰਤੀ ਗੀਤ ਹੈ ਤੇ ਇਸ ਨੂੰ ਪੰਜਾਬੀ ਦੇ ਚੋਣਵੇਂ ਸਾਹਿਤਕ ਗੀਤਾਂ ਦੀ ਫ਼ਹਿਰਿਸਤ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ 'ਦੱਸ ਨੀ ਵਿਸਾਖੀਏ' ਵਿਚ ਇਹ ਦਰਸਾਇਆ ਗਿਆ ਹੈ ਕਿ ਬਦਲਦੇ ਹਾਲਾਤ ਅਨੁਸਾਰ ਰੀਤੀ ਰਿਵਾਜਾਂ ਤੇ ਤਿਓਹਾਰਾਂ ਦੀ ਵੀ ਨੁਹਾਰ ਬਦਲ ਗਈ ਹੈ। ਖ਼ੁਸ਼ੀਆਂ ਘਟ ਗਈਆਂ ਹਨ, ਦਿਖਾਵਾ ਵਧ ਗਿਆ ਹੈ, ਚਾਅ ਮੁੱਕ ਗਏ ਹਨ, ਰਸਮਾਂ ਹੀ ਨਿਭਾਈਆਂ ਜਾ ਰਹੀਆਂ ਹਨ। ਕਿਸਾਨ ਕਦੇ ਸ਼ਾਹੂਕਾਰਾਂ ਦੇ ਕਰਜ਼ਦਾਰ ਸਨ, ਹੁਣ ਬੈਂਕਾਂ ਦੇ ਹੋ ਗਏ ਹਨ। ਮੌਸਮਾਂ ਦੀ ਮਾਰ ਕਾਰਨ ਕਿਸਾਨ ਦੁਖੀ ਹਨ ਤੇ ਵਿਸਾਖੀ ਦੇ ਸੁਪਨੇ 'ਧੂੰਏਂ ਦੀ ਜੂਨ' ਪੈ ਚੁੱਕੇ ਹਨ।

ਗ਼ਜ਼ਲ ਨੁਮਾ ਰਚਨਾਵਾਂ ਦੇ ਕਈ ਸ਼ਿਅਰ ਵੀ ਪ੍ਰਭਾਵਿਤ ਕਰਦੇ ਹਨ।

ਜੀਣ ਲਈ ਸੌਖਾ ਜਿਹਾ ਨੁਸਖ਼ਾ ਬਣਾ ਲਿਆ
ਖ਼ੁਦ ਨੂੰ ਮਸਲਿਆ ਅਤੇ ਜ਼ਖ਼ਮਾਂ 'ਤੇ ਲਾ ਲਿਆ ;

ਹਰ ਸ਼ਹਿਰ ਵਿਕਾਊ ਹੈ ਸੱਜਣਾ
ਹਰ ਲਹਿਰ ਵਿਕਾਊ ਹੈ ਸੱਜਣਾ
ਹੁਣ ਵੱਜਦੇ ਰਾਗ ਬਜ਼ਾਰੀ ਦੀ
ਹਰ ਬਹਿਰ ਵਿਕਾਊ ਹੈ ਸੱਜਣਾ

ਮੇਰਾ ਵਿਚਾਰ ਹੈ ਕਿ ਜੇ ਇਨ੍ਹਾਂ ਗੀਤਾਂ ਵਿਚੋਂ ਕੁਝ ਗੀਤਾਂ ਨੂੰ ਕਿਸੇ ਸਾਹਿਤਕ ਸੂਝ ਵਾਲੇ ਸੰਗੀਤਕਾਰ ਦੀ ਅਗਵਾਈ ਵਿਚ, ਕਿਸੇ ਹਲਕੀ ਸੁਰ ਵਿਚ ਗਾਉਣ ਵਾਲੇ ਗਾਇਕ ਤੋਂ ਗਵਾਏ ਜਾਣ ਤਾਂ ਨਿਸ਼ਚੇ ਹੀ ਅਜਿਹੇ ਗੀਤ ਸਾਹਿਤਕ ਮਹਿਫ਼ਲਾਂ ਵਿਚ ਤਾਜ਼ਗੀ ਲਿਆਉਣਗੇ।

ਯੂਨੀਸਟਾਰ ਬੁੱਕਸ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਦੀ ਦਿੱਖ ਅਤੇ ਛਪਾਈ ਵੀ ਉੱਚ ਪੱਧਰ ਦੀ ਹੈ। ਇਸ ਕਾਵਿ- ਸੰਗ੍ਰਹਿ ਨਾਲ ਅਰਤਿੰਦਰ ਸੰਧੂ ਨੇ ਆਪਣੇ ਸਾਹਿਤਕ ਸਫਰ ਵਿਚ ਇਕ ਹੋਰ ਮਹੱਤਵਪੂਰਨ ਪ੍ਰਾਪਤੀ ਕੀਤੀ ਹੈ।

---

*(ਪਿਛਲੇ ਸਫੇ ਦਾ ਬਾਕੀ)*

ਦਾ ਅਹਿਸਾਸ ਨਹੀਂ ਹੁੰਦਾ। ਉਸ ਨੂੰ ਤਾਂ ਪਹਿਲਾਂ ਨਾਲੋਂ ਵੀ ਵਧੀਕ ਬੰਦਿਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਖ਼ਿਰਕਾਰ ਕਵਿਤਰੀ ਨੂੰ ਇਸ ਮਸਲੇ ਦੇ ਹੱਲ ਦੀ ਸੰਭਾਵਨਾ ਕ੍ਰਾਂਤੀ ਵਿਚ ਹੀ ਨਜ਼ਰ ਆਉਂਦੀ ਹੈ :

ਉਹ
ਉਸ ਘਰ ਦੇ
ਪਿਛਲੇ ਅੰਦਰ ਜੰਮੀ
ਕਿੰਨੇ ਹੀ ਵਰ੍ਹੇ
ਉਹ ਉਸ ਘਰ ਨੂੰ
ਸੰਭਾਲਦੀ ਸੰਵਾਰਦੀ ਰਹੀ
ਪਰ।
ਆਪਣੇ ਘਰ ਤਸਵੀਰ ਲੈ ਕੇ
ਕਿਸੇ ਹੋਰ ਦੇ ਘਰ ਚਲੀ ਗਈ।
ਉਹਦੇ ਕੰਨਾਂ ਨੇ ਸੁਣਿਆ ਸੀ
ਇਹ ਤੇਰੇ ਪਿਉ ਦਾ ਘਰ ਨਹੀਂ।
ਸੋਚ ਰਹੀ ਸੀ
ਉਸਦਾ ਘਰ ਕਿਹੜਾ ਹੈ
ਸ਼ਾਇਦ
ਕ੍ਰਾਂਤੀਕਾਰੀ ਯੁੱਗ ਦਾ
ਬੂਹਾ ਲੰਘ ਕੇ
ਉਸਦੇ ਘਰ ਦਾ
ਵਿਹੜਾ ਹੈ। (ਉਸਦਾ ਘਰ)

ਸੁਰਿੰਦਰ ਗੀਤ ਦੀ ਕਵਿਤਾ ਨੂੰ ਜਿਹੜਾ ਕਾਵਿਕ ਗੁਣ ਲੋਕਪ੍ਰਿਯਤਾ ਦਾ ਹੱਕਦਾਰ ਬਣਾਉਂਦਾ ਹੈ, ਉਹ ਹੈ ਉਸਦੀ ਕਾਵਿ ਪ੍ਰਤਿਭਾ ਵਿਚ ਵਿਦਮਾਨ ਕਹਿਰਾਂ ਦੀ ਰਵਾਨੀ। ਉਸਦੀ ਚੇਤਨਾ ਕਿਸੇ ਲੈਅ ਵਿਚ ਥਰਕਦੀ ਹੈ। ਉਸਦੀ ਸ਼ਬਦ ਚੋਣ, ਸ਼ਬਦ ਘਾੜਤ ਅਤੇ ਬੀੜ੍ਹਤ ਅਨੁਪਮ ਤੇ ਨਿਰਾਲੀ ਹੈ। ਕਵਿਤਰੀ ਦੇ ਸ਼ਬਦਾਂ ਵਿਚ ਬੇਹੱਦ ਤਾਕਤ ਹੁੰਦੀ ਹੈ। ਇਨ੍ਹਾਂ ਨੂੰ ਜਦ ਕਵਿਤਾਵਾਂ ਵਿਚ ਢਾਲਿਆ ਜਾਂਦਾ ਹੈ, ਤਦ ਹੀ ਇਨ੍ਹਾਂ ਦੀ ਅਸਲ ਤਾਕਤ ਦਾ ਬੋਧ ਹੁੰਦਾ ਹੈ :

ਤੜਕਸਾਰ
ਇਕ ਸ਼ਬਦ ਸੁਨੱਖੇ
ਮੈਨੂੰ ਆਣ ਜਗਾਇਆ
ਕਹਿਣ ਲੱਗਾ—
ਉੱਠ ਕਰ ਇਸ਼ਨਾਨਾ
ਮੇਰੇ ਸਾਹਵੇਂ ਬਹਿ ਜਾ
ਤੇਰੇ ਲਈ ਮੈਂ ਅੱਗ ਦਾ ਭੋਰਾ
ਮੰਗ ਸੂਰਜ ਤੋਂ ਲਿਆਇਆ।
ਅਦਬ ਪਿਆਰ ਦੇ ਨਾਲ ਉਸਨੇ
ਅੱਗ ਦਾ ਭੋਰਾ
ਨੈਣਾਂ 'ਚੋਂ ਦੋ ਹੰਝੂ ਕਿਰ ਕੇ
ਅਗਨੀ ਦੇ ਸੰਗ ਰਲ ਗਏ
ਮੇਰੀ ਤਲੀ ਟਿਕਾਇਆ।
ਵੇਂਹਦੇ-ਵੇਂਹਦੇ ਕਾਗਜ਼ ਉੱਤੇ
ਹੜ੍ਹ ਕਵਿਤਾ ਦਾ ਆਇਆ। (ਸ਼ਬਦ ਸੁਨੱਖੇ)

ਸੁਰਿੰਦਰ ਦੀ ਸਰਬਾਂਗੀ ਕਵਿਤਾ ਉਸਦੇ ਵਸਤੂਗਤ ਅਤੇ ਰੂਪਗਤ ਸਰੋਕਾਰਾਂ ਅਤੇ ਵਿਚਾਰਾਂ ਦਾ ਰੁਪਾਂਤਰਣ ਹੈ। ਉਸਦੀ ਕਵਿਤਾ ਦਾ ਕੱਦ ਉਸਦੇ ਵਿਅਕਤਿਤਵ ਜਿੰਨਾ ਹੈ, ਇਉਂ ਕਹਿਣਾ ਵੀ ਉਚਿਤ ਹੈ ਕਿ ਉਸਦੇ ਉੱਚੇ-ਸੁੱਚੇ ਵਿਅਕਤਿਤਵ ਦੇ ਕੱਦ ਜਿੱਡੀ ਉਸਦੀ ਕਵਿਤਾ ਹੈ। ਸੁਰਿੰਦਰ 'ਚੋਂ ਕਵਿਤਾ, ਕਵਿਤਾ 'ਚੋਂ ਗੀਤ ਨਜ਼ਰ ਆਉਂਦੀ ਹੈ। ਸੁਰਿੰਦਰ 'ਸੁਰਿੰਦਰ' ਕਰ ਕੇ ਚਰਚਿਤ ਨਹੀਂ, ਸੁਰਿੰਦਰ 'ਗੀਤ' ਅਤੇ 'ਕਵਿਤਾ' ਕਰਕੇ ਚਰਚਿਤ ਹੈ।

ਉਸਦੀ ਕਵਿਤਾ ਕਦੇ ਇਕ ਸ਼ਬਦ ਵਿਚੋਂ ਸੰਚਾਰਿਤ ਹੁੰਦੀ ਹੈ, ਕਦੇ ਕਿਸੇ ਵਾਕ ਵਿਚੋਂ ਅਤੇ ਕਦੇ ਸਮੁੱਚੀ ਕਵਿਤਾ ਦੇ ਕੇਂਦਰੀ ਭਾਵ ਵਜੋਂ। ਉਸਦੀ ਕਵਿਤਾ ਵਿਚ ਪਾਠਕ ਨੂੰ ਸਹਿਜ-ਸੁਭਾਅ ਆਪਣੇ ਨਾਲ ਤੋਰਨ ਦੀ ਨਿਵੇਕਲੀ ਖਿੱਚ ਹੈ। ਇਸ ਖਿੱਚ ਦਾ ਮੂਲ ਆਧਾਰ ਸਰੋਤ ਹੈ। ਉਸਦੇ ਗਹਿਨ-ਗੰਭੀਰ ਵਿਚਾਰ ਅਤੇ ਇਨ੍ਹਾਂ ਵਿਚਾਰਾਂ ਦੀ ਸੂਖ਼ਮ ਪੇਸ਼ਕਾਰੀ। ਸੱਚ ਤਾਂ ਇਹ ਹੈ ਕਿ ਸੁਰਿੰਦਰ ਗੀਤ ਨੂੰ ਕਵਿਤਾ ਦੀ ਹੋਂਦ ਵਿਧੀ ਦਾ ਪੂਰਨ ਬੋਧ ਹੈ।

## ਹਵਾਲੇ ਅਤੇ ਟਿੱਪਣੀਆਂ

*1. ਹਰਿਭਜਨ ਸਿੰਘ ਭਾਟੀਆ, ਸੰਵਾਦ ਪੁਨਰ-ਸੰਵਾਦ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012, ਪੰਨਾ 9*
*2. ਡਾ. ਯੋਗਰਾਜ, ਨਵੀਂ ਪੰਜਾਬੀ ਕਵਿਤਾ ਤੇ ਸਹਜ ਸ਼ਾਸਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ 13*
*3. ਡਾ. ਦੇਵਿੰਦਰ ਸੈਫ਼ੀ, "ਸੰਵੇਦਨਸ਼ੀਲ ਕਵਿੱਤਰੀ", ਸ਼ਬਦ ਸੁਨੱਖੇ, ਸੁਰਿੰਦਰ ਗੀਤ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2019, ਪੰਨਾ 10*
*4. ਡਾ. ਯੋਗਰਾਜ, ਉਹੀ, ਪੰਨਾ 33*
*5. ਡਾ. ਸੁਰਜੀਤ ਬਰਾੜ, ਸੁਰਿੰਦਰ ਗੀਤ ਕਾਵਿ : ਦ੍ਰਿਸ਼ਟੀਗਤ ਪ੍ਰਵਚਨ, ਨਵਰੰਗ ਪਬਲੀਕੇਸ਼ਨਜ਼, ਸਮਾਣਾ, 2019, ਪੰਨਾ 9*
*6. ਡਾ. ਸਤਿੰਦਰ ਸਿੰਘ, ਵਿਹਾਰਕ ਸਮੀਖਿਆ : ਕਵਿਤਾ ਤੇ ਵਾਰਤਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 5*
*7. "A figure of speech in which one thing is described in terms of another. The basic figure of poetry." J. A. Cuddon, Dictionary of Literary terms & Literary theory, Penguin Books, London, 1999*
*8. ਤਸਕੀਨ, ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 13*
*9. ਸੁਦਰਸ਼ਨ ਗਾਸੋ, ਪੰਜਾਬੀ ਕਵਿਤਾ : ਵਿਸ਼ਲੇਸ਼ਣ ਤੇ ਮੁੱਲਾਂਕਣ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2007, ਪੰਨਾ 18*
*10. ਡਾ. ਸੁਖਦੇਵ ਸਿੰਘ ਸਿਰਸਾ, 'ਸ਼ਬਦ ਸੁਨੱਖੇ', ਸ਼ਬਦ ਸੁਨੱਖੇ, ਪੰਨਾ 9*
*11. ਹਰਿਭਜਨ ਸਿੰਘ, ਸਾਹਿਤ ਵਿਗਿਆਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ 2002, ਪੰਨਾ 64*
*12. ਸੁਰਜੀਤ ਪਾਤਰ, 'ਦੋ ਸ਼ਬਦ', ਸ਼ਬਦ ਸੁਨੱਖੇ, ਪੰਨਾ 8*

# ਵੀਅਤਨਾਮ ਤੇ ਅਮਰੀਕਾ: ਇਤਿਹਾਸ ਦਾ ਇਕ ਵਰਕਾ

**ਦਸੰਬਰ 1972 ਨੂੰ ਅਮਰੀਕੀ ਬੰਬਾਰੀ ਨਾਲ ਵੀਅਤਨਾਮੀ ਲੋਕਾਂ ਦਾ ਸਮੂਹਕ ਕਤਲੇਆਮ ਕੀਤਾ ਗਿਆ। ਅਸਲ ਵਿਚ ਸਾਮਰਾਜੀ ਜੰਗੀ ਮਨਸੂਬੇ ਹਮੇਸ਼ਾ ਸ਼ਾਂਤੀ ਦੇ ਓਹਲੇ ਹੇਠ ਸਿਰੇ ਚੜ੍ਹਾਏ ਜਾਂਦੇ ਹਨ। ਇੱਕ ਪਾਸੇ ਸ਼ਾਂਤੀ ਵਾਰਤਾਵਾਂ ਚੱਲ ਰਹੀਆਂ ਸਨ, ਦੂਜੇ ਪਾਸੇ ਹੱਲੇ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਸ਼ਾਂਤੀ ਵਾਰਤਾਵਾਂ ਨੂੰ ਵੀ ਵੀਅਤਨਾਮੀ ਆਗੂਆਂ ਉਤੇ ਕੂਟਨੀਤਕ ਦਬਾਅ ਵਧਾਉਣ ਲਈ ਵਰਤਿਆ ਜਾਂਦਾ ਸੀ। ਇਨ੍ਹਾਂ ਹਾਲਾਤ ਵਿਚੋਂ ਲੰਘਦਿਆਂ ਵੀਅਤਨਾਮੀ ਆਗੂਆਂ ਨੇ ਕਿਸ ਤਰ੍ਹਾਂ ਜਿੱਤ ਵੱਲ ਕਦਮ ਵਧਾਏ, ਉਸ ਬਾਰੇ ਚਰਚਾ ਜਮਹੂਰੀ ਅਧਿਕਾਰ ਸਭਾ, ਹਰਿਆਣਾ ਦੇ ਕਨਵੀਨਰ ਡਾ. ਸੁਖਦੇਵ ਹੁੰਦਲ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**






*ਦੱਖਣੀ ਵੀਅਤਨਾਮ ਵਿਚ ਅਮਰੀਕੀ ਫੌਜੀ ਉਤਾਰੇ ਜਾਣ ਦੀ ਝਲਕ ਅਤੇ (ਸੱਜੇ) ਅਕਤੂਬਰ 1965 ਨੂੰ ਬੋਸਟਨ (ਅਮਰੀਕਾ) ਦੇ ਕਾਲਜ ਵਿਦਿਆਰਥੀ ਜੰਗ ਖਿਲਾਫ ਰੋਸ ਵਿਖਾਵਾ ਕਰਦੇ ਹੋਏ।*

ਦਸੰਬਰ 2022 ਨੂੰ ਅਮਰੀਕੀ ਬੰਬਾਰੀ ਨਾਲ ਵੀਅਤਨਾਮੀ ਲੋਕਾਂ ਦੇ ਸਮੂਹਕ ਕਤਲੇਆਮ ਦੀ 50ਵੀਂ ਵਰ੍ਹੇਗੰਢ ਸੀ। ਵੀਅਤਨਾਮ ਦੇ ਹਨੋਈ ਅਤੇ ਹਾਈਫੋਂਗ ਸ਼ਹਿਰ ਦੀ ਨਾਗਰਿਕ ਆਬਾਦੀ 'ਤੇ ਅੰਨ੍ਹੇਵਾਹ ਬੰਬਾਂ ਦਾ ਮੀਂਹ ਵਰ੍ਹਾ ਦਿੱਤਾ ਗਿਆ ਸੀ। ਖਤਰਨਾਕ ਬੰਬਾਂ ਨਾਲ਼ ਭਰੇ ਫੌਜੀ ਹਵਾਈ ਜਹਾਜ਼ਾਂ ਨੇ ਵੀਅਤਨਾਮੀ ਸ਼ਹਿਰਾਂ ਅਤੇ ਪੇਂਡੂ ਖੇਤਰਾਂ ਵਿਚ ਮਨੁੱਖੀ ਇਤਿਹਾਸ ਦੇ ਭਿਆਨਕ ਕਤਲੇਆਮ ਦੀ

**ਡਾ. ਸੁਖਦੇਵ ਹੁੰਦਲ**
**ਫੋਨ: +91-98131-92365**

ਕਾਰਵਾਈ ਨੂੰ ਸਿਰੇ ਚੜ੍ਹਾਉਂਦੇ ਹੋਏ 40000 ਟਨ ਗੋਲਾ-ਬਾਰੂਦ ਆਮ ਨਾਗਰਿਕ ਆਬਾਦੀ 'ਤੇ ਸੁੱਟਿਆ ਸੀ। ਕ੍ਰਿਸਮਸ ਬੰਬਾਰੀ ਦੇ ਨਾਂ ਨਾਲ ਮਸ਼ਹੂਰ ਇਹ ਹਮਲਾ 1972 ਵਿਚ 18 ਦਸੰਬਰ ਤੋਂ ਲੈ ਕੇ 29 ਦਸੰਬਰ ਤੱਕ ਚੱਲਿਆ। 2000 ਤੋਂ ਵੱਧ ਲੋਕ ਮਾਰੇ ਗਏ। ਮਰਨ ਵਾਲਿਆਂ ਵਿਚ ਔਰਤਾਂ ਅਤੇ ਬੱਚਿਆਂ ਦੀ ਗਿਣਤੀ ਵੱਧ ਸੀ। ਹਨੋਈ ਦੀ ਇੱਕ ਗਲੀ ਵਿਚ ਇੱਕੋ ਰਾਤ 287 ਲੋਕ ਮਾਰੇ ਗਏ ਜਿਨ੍ਹਾਂ ਵਿਚ ਲਗਭਗ ਸਾਰੇ ਹੀ ਬੱਚੇ ਅਤੇ ਔਰਤਾਂ ਸਨ। ਹਮਲੇ ਵਿਚ 17 ਸਾਲ ਦਾ ਮਜ਼ਦੂਰ ਜੋ ਬਚ ਗਿਆ ਸੀ, ਨੇ ਬਾਅਦ ਵਿਚ ਦੱਸਿਆ ਕਿ ਬਹੁਤੇ ਲੋਕ ਸੋਚ ਰਹੇ ਸਨ ਕਿ ਅਮਰੀਕਾ ਕ੍ਰਿਸਮਸ ਦੇ ਦਿਨਾਂ ਵਿਚ ਹਮਲਾ ਨਹੀਂ ਕਰੇਗਾ। 2000 ਦੇ ਕਰੀਬ ਇਮਾਰਤਾਂ ਢਹਿ-ਢੇਰੀ ਹੋ ਗਈਆਂ। ਕਈ ਸਾਲ ਗਲੀਆਂ-ਸੜੀਆਂ ਲਾਸ਼ਾਂ ਦੀ ਬਦਬੂ ਲੋਕਾਂ ਦੀਆਂ ਯਾਦਾਂ ਵਿਚ ਰਹੀ। ਉੱਤਰੀ ਵੀਅਤਨਾਮ ਦਾ ਸਨਅਤੀ ਢਾਂਚਾ ਪੂਰੀ ਤਰ੍ਹਾਂ ਬਰਬਾਦ ਕਰ ਦਿੱਤਾ ਗਿਆ ਸੀ। 80 ਫੀਸਦੀ ਬਿਜਲੀ ਘਰ ਤਬਾਹ ਹੋ ਗਏ ਸਨ। 1600 ਦੇ ਕਰੀਬ ਫੌਜੀ ਸਾਜ਼ੋ-ਸਾਮਾਨ ਦੇ ਕਾਰਖਾਨੇ ਅਤੇ ਹੋਰ ਅਦਾਰੇ ਤਬਾਹ ਕਰ ਦਿੱਤੇ ਗਏ ਸਨ। ਹਮਲੇ ਦੇ ਆਖ਼ਰੀ ਪੜਾਅ ਵਿਚ ਅਮਰੀਕਨ ਫੌਜੀ ਮਾਹਿਰਾਂ ਨੂੰ ਹਮਲੇ ਲਈ ਕੋਈ ਨਿਸ਼ਾਨਾ ਨਹੀਂ ਲੱਭ ਰਿਹਾ ਸੀ। ਇੱਕ ਰਿਪੋਰਟ ਵਿਚ ਹਮਲੇ ਦਾ ਪੈਮਾਨਾ ਸਮਝਣ ਲਈ ਅੰਕੜੇ ਦਿੱਤੇ ਗਏ ਸਨ। 1972 ਵਿਚ ਦੋਹਾਂ ਸ਼ਹਿਰਾਂ ਦੀ ਆਬਾਦੀ 9,57,000 ਸੀ। 40,000 ਟਨ ਬਰੂਦ ਦੇ ਹਿਸਾਬ ਨਾਲ਼ ਹਰ ਆਦਮੀ ਔਰਤ ਅਤੇ ਬੱਚੇ ਦੇ ਹਿੱਸੇ 84 ਪੌਂਡ ਵਿਸਫੋਟਕ ਪਦਾਰਥ ਆਉਂਦਾ ਹੈ। ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਹੀਰੋਸ਼ੀਮਾ ਵਿਚ ਐਟਮੀ ਹਮਲੇ ਨਾਲ ਕੀਤੀ ਤਬਾਹੀ ਦੀ ਸਮਰੱਥਾ 20,000 ਟਨ ਬਾਰੂਦ ਨਾਲ ਕੀਤੀ ਤਬਾਹੀ ਦੇ ਬਰਾਬਰ ਸੀ। ਇੱਥੇ ਉਸ ਤੋਂ ਦੁੱਗਣਾ ਬਾਰੂਦ ਸੁੱਟਿਆ ਗਿਆ ਸੀ। ਵੀਅਤਨਾਮ ਵਿਰੁੱਧ ਜੰਗ ਵਿਚ ਅਮਰੀਕਾ ਨੇ ਦੂਜੀ ਸੰਸਾਰ ਜੰਗ ਦੌਰਾਨ ਸੁੱਟੇ ਜਾਣ ਵਾਲੇ ਕੁੱਲ ਬੰਬਾਂ ਨਾਲੋਂ ਦੋ ਗੁਣਾ ਬੰਬ ਸੁੱਟੇ ਸਨ। ਕਿਸੇ ਖੇਤਰੀ ਝਗੜੇ ਵਿਚ ਵਰਤੇ ਗਏ ਬੰਬਾਂ ਦੀ ਇਹ ਮਾਤਰਾ ਇਤਿਹਾਸ ਦੀ ਸਭ ਤੋਂ ਵੱਡੀ ਮਾਤਰਾ ਸੀ। ਜਨਵਰੀ 1962 ਤੋਂ ਲੈ ਕੇ ਦਸੰਬਰ 1972 ਤੱਕ ਵੀਅਤਨਾਮੀ ਲੋਕਾਂ ਉੱਤੇ ਅਮਰੀਕਾ ਵੱਲੋਂ 76 ਲੱਖ ਟਨ ਬੰਬ ਸੁੱਟੇ ਗਏ ਜਿਹਨਾਂ ਦੀ ਤਬਾਹੀ ਸਮਰੱਥਾ 380 ਹੀਰੋਸ਼ੀਮਾ ਬੰਬਾਂ ਦੇ ਬਰਾਬਰ ਬਣਦੀ ਹੈ। ਵੀਅਤਨਾਮ ਦੀ ਲੋਕ ਫੌਜ ਨੇ ਬਹਾਦਰੀ ਨਾਲ਼ ਇਹਨਾਂ ਹਮਲਿਆਂ ਦਾ ਸਾਹਮਣਾ ਕੀਤਾ। ਵੀਅਤਨਾਮੀ ਮੁਕਤੀ ਫੌਜ ਦਾ ਦਾਅਵਾ ਸੀ ਕਿ ਉਸ ਨੇ 34 ਹਮਲਾਵਰ ਜਹਾਜ ਵੀ ਡੇਗ ਦਿੱਤੇ ਸਨ।

ਸਾਮਰਾਜੀ ਜੰਗੀ ਮਨਸੂਬੇ ਹਮੇਸ਼ਾ ਸ਼ਾਂਤੀ ਦੀ ਲਫਾਜ਼ੀ ਵਰਤਦੇ ਹੋਏ ਸਿਰੇ ਚੜ੍ਹਾਏ ਜਾਂਦੇ ਹਨ। ਇੱਕ ਪਾਸੇ ਸ਼ਾਂਤੀ ਵਾਰਤਾਵਾਂ ਚੱਲ ਰਹੀਆਂ ਸਨ ਪਰ ਸ਼ਾਂਤੀ ਵਾਰਤਾਵਾਂ ਨੂੰ ਵੀ ਵੀਅਤਨਾਮੀ ਕੌਮੀ ਮੁਕਤੀ ਘੋਲ ਦੇ ਆਗੂਆਂ 'ਤੇ, ਕੂਟਨੀਤਕ ਦਬਾਅ ਵਧਾਉਣ ਲਈ ਵਰਤਿਆ ਜਾਂਦਾ ਸੀ। ਵੀਅਤਨਾਮੀ ਇਨਕਲਾਬੀ ਆਗੂਆਂ ਨੇ ਭਾਵੇਂ ਕਦੀ ਵੀ ਸ਼ਾਂਤੀ ਵਾਰਤਾਵਾਂ ਤੋਂ ਮੂੰਹ ਨਹੀਂ ਮੋੜਿਆ ਸੀ। ਅਕਤੂਬਰ 1972 ਵਿਚ ਉਸ ਵੇਲੇ ਦੇ ਅਮਰੀਕਨ ਰਾਸ਼ਟਰਪਤੀ ਨਿਕਸਨ ਦਾ ਸੁਰੱਖਿਆ ਸਲਾਹਕਾਰ ਹੈਨਰੀ ਕਸਿੰਗਰ ਬਿਆਨ ਦੇ ਰਿਹਾ ਸੀ ਕਿ ਇੱਕ ਗੁਪਤ ਮੀਟਿੰਗ ਵਿਚ ਉੱਤਰੀ ਵੀਅਤਨਾਮ ਨਾਲ ਸਮਝੌਤਾ ਹੋ ਗਿਆ ਹੈ ਅਤੇ ਛੇਤੀ ਹੀ ਸ਼ਾਂਤੀ ਸਥਾਪਤ ਹੋ ਜਾਏਗੀ। ਸ਼ਾਤੀ ਸ਼ਾਂਤੀ ਦੀ ਇਹ ਝੂਠੀ ਲਫਾਜ਼ੀ ਅਮਰੀਕਾ ਵਿਚ ਰਾਸ਼ਟਰਪਤੀ ਚੋਣਾਂ ਜਿੱਤਣ ਲਈ ਵਰਤੀ ਜਾ ਰਹੀ ਸੀ। ਚੋਣਾਂ ਜਿੱਤਣ ਤੋਂ ਬਾਅਦ ਦੱਖਣੀ ਵੀਅਤਨਾਮ ਵਿਚ ਅਮਰੀਕੀ ਕਠਪੁਤਲੀ ਹਕੂਮਤ ਨਾਲ ਗੰਢ-ਤੁਪ ਕਰ ਕੇ ਅਮਰੀਕਾ ਸ਼ਾਂਤੀ ਲਈ ਕੋਈ ਸਹਿਮਤੀ ਤੋਂ ਮੁੱਕਰ ਗਿਆ। ਅਮਰੀਕਾ ਦੀ ਧੋਖੇਬਾਜ਼ੀ ਦੇ ਨਤੀਜੇ ਵਜੋਂ ਉੱਤਰੀ ਵੀਅਤਨਾਮ ਦੇ ਨੁਮਾਇੰਦੇ ਸ਼ਾਂਤੀ ਵਾਰਤਾਵਾਂ ਦੀ ਮੀਟਿੰਗ ਵਿਚੋਂ ਬਾਹਰ ਆ ਗਏ। ਹੰਕਾਰੇ ਸਾਮਰਾਜੀ ਹਾਕਮਾਂ ਲਈ ਇਹ ਬਰਦਾਸ਼ਤ ਤੋਂ ਬਾਹਰ ਸੀ। ਉਹਨਾਂ ਨੇ ਚਿਤਾਵਨੀ ਦਿੱਤੀ ਕਿ ਵੀਅਤਨਾਮ 72 ਘੰਟਿਆਂ ਦੇ ਅੰਦਰ ਅੰਦਰ ਅਖੌਤੀ ਸ਼ਾਂਤੀ ਵਾਰਤਾ ਵਿਚ ਵਾਪਸ ਸ਼ਾਮਲ ਹੋ ਜਾਵੇ ਜਾਂ ਹਮਲੇ ਲਈ ਤਿਆਰ ਰਹੇ। 72 ਘੰਟੇ ਲੰਘ ਜਾਣ 'ਤੇ ਨਿਕਸਨ ਨੇ ਵੀਅਤਨਾਮੀ ਲੋਕਾਂ ਉੱਤੇ ਹਮਲੇ ਦਾ ਹੁਕਮ ਸੁਣਾ ਦਿੱਤਾ। ਕ੍ਰਿਸਮਸ ਬੰਬਾਰੀ ਨਾਲ ਮਸ਼ਹੂਰ ਇਸ ਹਮਲੇ ਦਾ ਨਾਂ 'ਓਪਰੇਸ਼ਨ ਲਾਈਨਬੈਕਰ-2' ਸੀ। ਵੱਡੀ ਗਿਣਤੀ ਵਿਚ ਨੀਵੀਆਂ ਉਡਾਣਾਂ ਭਰਦੇ ਜੰਗੀ ਜਹਾਜ਼ ਆਬਾਦੀ ਵਾਲੇ ਇਲਾਕੇ ਵਿਚ ਛਾਂ ਕਰ ਦਿੰਦੇ ਸਨ। ਅਸਮਾਨ ਤੋਂ ਅੱਗ ਵਰ੍ਹਾਉਂਦੇ ਜੰਗੀ ਜਹਾਜ ਨਾਗਰਿਕ ਆਬਾਦੀ 'ਤੇ ਇਤਿਹਾਸ ਦੇ ਸਭ ਤੋਂ ਵੱਡੇ ਬੰਬ ਹਮਲੇ ਨੂੰ ਅੰਜਾਮ ਦੇ ਰਹੇ ਸਨ।

ਸੰਸਾਰ ਸਰਮਾਏਦਾਰੀ ਦਾ ਸੰਕਟ ਅਤੇ ਜੰਗਾਂ: ਸਾਮਰਾਜ ਜੰਗਾਂ ਦਾ ਸਰੋਤ ਹੈ। ਸਨਅਤੀ ਵਿਕਾਸ ਲਈ ਸਰਮਾਏਦਾਰੀ ਨੂੰ ਭਾਵੇਂ ਸ਼ਾਂਤੀ ਦੀ ਵੀ ਲੋੜ ਹੁੰਦੀ ਹੈ ਪਰ ਸਰਮਾਏਦਾਰਾ ਆਰਥਿਕ ਸੰਕਟ ਦੇ ਦੌਰ ਵਿਚ ਸਰਮਾਏਦਾਰੀ, ਸ਼ਾਂਤੀਪੂਰਨ ਤਰੀਕੇ ਨਾਲ ਆਪਣੇ ਮਸਲੇ ਹੱਲ ਕਰਨ ਦੀ ਯੋਗਤਾ ਗੁਆ ਦਿੰਦੀ ਹੈ। ਦੁਨੀਆ ਭਰ ਦੇ ਕੁਦਰਤੀ ਖਜ਼ਾਨਿਆਂ ਦੀ ਲੁੱਟ ਅਤੇ ਕਿਰਤੀ ਆਬਾਦੀ ਦੀ ਵਾਧੂ ਕਦਰ ਲੁੱਟਣ ਲਈ, ਖਾਸ ਕਰ ਕੇ ਲੋਕਾਂ ਦੇ ਵਿਦਰੋਹ ਨੂੰ ਦਬਾਉਣ ਲਈ, ਸਰਮਾਏਦਾਰੀ ਜੰਗਾਂ ਦਾ ਸਹਾਰਾ ਲੈਂਦੀ ਹੈ। ਵੀਅਤਨਾਮ 'ਤੇ ਹਮਲੇ ਦਾ ਇਹ ਉਹ ਦੌਰ ਸੀ ਜਦੋਂ ਕਲਿਆਣਕਾਰੀ ਦੌਰ ਵਾਲਾ ਸਰਮਾਏਦਾਰਾ ਮਾਡਲ ਆਪਣੇ ਆਖ਼ਰੀ ਸਾਹ ਲੈ ਰਿਹਾ ਸੀ। ਦੁਨੀਆ ਭਰ ਵਿਚ ਅਮਰੀਕਨ ਸਾਮਰਾਜ ਦੀਆਂ ਨੀਤੀਆਂ ਦਾ ਵਿਰੋਧ ਹੋ ਰਿਹਾ ਸੀ। ਅਮਰੀਕੀ ਫੌਜੀਆਂ ਦੀਆਂ ਵੀ ਵੀਅਤਨਾਮ ਵਿਚ ਜਾਨਾਂ ਜਾ ਰਹੀਆਂ ਸਨ। ਇਸ ਜੰਗ ਵਿਚ 30 ਲੱਖ ਵੀਅਤਨਾਮੀ ਸ਼ਹੀਦ ਹੋ ਚੁੱਕੇ ਸਨ ਅਤੇ 58,000 ਅਮਰੀਕੀ ਫੌਜੀ ਵੀ ਮਾਰੇ ਜਾ ਚੁੱਕੇ ਸਨ। ਅਮਰੀਕਾ ਦੇ ਅੰਦਰੋਂ ਵੀ ਭਾਰੀ ਵਿਰੋਧ ਦੇ ਸੁਰ ਉੱਠ ਰਹੇ ਸਨ। ਨਤੀਜੇ ਵਜੋਂ ਅਮਰੀਕੀ ਸਰਕਾਰ ਨੂੰ ਆਪਣੇ ਫੌਜੀ ਵਾਪਸ ਬੁਲਾਉਣੇ ਪੈ ਰਹੇ ਸਨ। 1968 ਵਿਚ ਵੀਅਤਨਾਮ ਵਿਚ ਅਮਰੀਕੀ ਫੌਜੀਆਂ ਦੀ ਗਿਣਤੀ 5,30,000 ਸੀ ਜੋ 1972 ਵਿਚ 24,200 ਰਹਿ ਗਈ ਸੀ।

ਅਮਰੀਕਾ ਸਮੇਤ ਦੁਨੀਆ ਭਰ ਵਿਚ ਜੰਗ ਦਾ ਵਿਰੋਧ ਹੋ ਰਿਹਾ ਸੀ। 60ਵਿਆਂ ਅਤੇ 70ਵਿਆਂ ਦੀ ਜੰਗ ਵਿਰੋਧੀ ਲਹਿਰ ਦੇ ਨਾਲ ਨਾਲ ਸਨਅਤੀ ਹੜਤਾਲਾਂ ਦੀ ਲਹਿਰ ਵੀ ਜ਼ੋਰ ਫੜ ਰਹੀ ਸੀ। ਕੌਮਾਂਤਰੀ ਪੱਧਰ 'ਤੇ ਮਜ਼ਦੂਰਾਂ ਅਤੇ ਨੌਜਵਾਨਾਂ ਵਿਚ ਬੇਚੈਨੀ ਵਧ ਰਹੀ ਸੀ। 1968 ਤੋਂ 1975 ਤੱਕ ਦਾ ਇਹ ਦੌਰ ਸੰਸਾਰ ਸਰਮਾਏਦਾਰੀ ਲਈ ਖ਼ਤਰੇ ਦੀ ਘੰਟੀ ਸੀ। 1968 ਵਿਚ ਫਰਾਂਸ ਵਿਚ ਵਿਦਿਆਰਥੀ ਅਤੇ ਨੌਜਵਾਨਾਂ ਨੇ ਬਗਾਵਤ ਕਰ ਦਿੱਤੀ ਸੀ। ਕਿਤੇ ਇਹ ਸੰਸਾਰ ਵਿਆਪੀ ਬੇਚੈਨੀ ਮਜ਼ਦੂਰ ਜਮਾਤ ਦੇ ਇਨਕਲਾਬੀ ਅੰਦੋਲਨ ਵਿਚ ਨਾ ਬਦਲ ਜਾਵੇ, ਸਾਮਰਾਜੀ ਤਾਕਤਾਂ ਲਈ ਇਹ ਬਰਦਾਸ਼ਤ ਕਰਨਾ ਬਹੁਤ ਔਖਾ ਸੀ। ਜਦੋਂ ਕੋਈ ਚਾਰਾ ਨਾ ਚੱਲੇ ਤਾਂ ਸਰਮਾਏਦਾਰਾ ਹਾਕਮ ਆਮ ਲੋਕਾਂ ਨੂੰ ਜੰਗ ਦੀ ਭੱਠੀ ਵਿਚ ਝੋਕ ਦਿੰਦੇ ਹਨ। ਦੂਜੇ ਪਾਸੇ ਵੀਅਤਨਾਮੀ ਕਿਰਤੀਆਂ ਦਾ ਘੋਲ ਸਾਰੇ ਸੰਸਾਰ ਦੇ ਮੁਕਤੀ ਘੋਲਾਂ ਲਈ ਪ੍ਰੇਰਨਾ ਸਰੋਤ ਬਣ ਰਿਹਾ ਸੀ। ਸਮਾਜਵਾਦੀ ਸੋਵੀਅਤ ਸੰਘ 1956 ਤੋਂ ਹੀ ਸਰਮਾਏਦਾਰਾ ਮਾਰਗੀਆਂ ਦੇ ਰਾਜ ਪਲਟੇ ਤੋਂ ਬਾਅਦ ਸਮਾਜਿਕ ਸਾਮਰਾਜ ਵਿਚ ਬਦਲ ਚੁੱਕਾ ਸੀ। ਅੰਤਰ-ਸਾਮਰਾਜੀ ਖਹਿ-ਭੇੜ ਵੀ ਸ਼ਾਂਤੀ ਦੇ ਰਾਹ ਵਿਚ ਵੱਡੀ ਰੁਕਾਵਟ ਸੀ। ਵੀਅਤਨਾਮੀ ਕਿਰਤੀਆਂ ਨੇ ਵੀਅਤਨਾਮ ਦੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਿਚ ਸ਼ਾਨਦਾਰ ਅਤੇ ਬਹਾਦਰੀ ਨਾਲ ਘੋਲ ਕੀਤਾ। 1975 ਵਿਚ ਦੱਖਣੀ ਵੀਅਤਨਾਮ ਵਿਚ ਅਮਰੀਕਾ ਦੀ ਕਠਪੁਤਲੀ ਹਕੂਮਤ ਡਿੱਗ ਗਈ ਅਤੇ ਅਮਰੀਕਾ ਦੀ ਫੌਜ ਨੂੰ ਵੀਅਤਨਾਮ ਛੱਡ ਕੇ ਭੱਜਣਾ ਪਿਆ। ਵੀਅਤਨਾਮ ਵਿਚ ਅਮਰੀਕੀ ਫੌਜ ਦੀ ਸ਼ਰਮਨਾਕ ਹਾਰ ਨੇ ਇੱਕ ਵਾਰ ਫਿਰ ਸਾਬਤ ਕਰ ਦਿੱਤਾ ਸੀ ਕਿ ਇਨਕਲਾਬੀ ਘੋਲਾਂ ਵਿਚ ਫੈਸਲਾਕੁਨ ਤਾਕਤ ਲੋਕ ਹੁੰਦੇ ਹਨ ਨਾ ਕਿ ਹਥਿਆਰ। ਜਿੱਥੋਂ ਤੱਕ ਹਥਿਆਰਾਂ ਦਾ ਸਵਾਲ ਸੀ ਇਹ ਨਾ-ਬਰਾਬਰ ਲੜਾਈ ਸੀ। ਅਮਰੀਕੀ ਫੌਜ ਦੁਨੀਆ ਦੀ ਸਭ ਤੋਂ ਵੱਧ ਵਿਕਸਤ ਹਥਿਆਰਾਂ ਨਾਲ ਲੈਸ ਫੌਜ ਸੀ। 1972 ਦੀ ਕ੍ਰਿਸਮਸ ਬੰਬਾਰੀ ਅਤੇ ਲੰਮੇ ਸਮੇਂ ਤੱਕ ਤਬਾਹੀ ਦੇ ਹਥਿਆਰਾਂ ਦੀ ਵੀਅਤਨਾਮ ਵਿਚ ਵਰਤੋਂ ਨੇ ਸਰਮਾਏਦਾਰੀ ਦਾ ਖੂਨੀ ਚਿਹਰਾ ਬੇਨਕਾਬ ਕਰ ਦਿੱਤਾ ਸੀ।

ਸੰਸਾਰ ਵਿਚ ਸਦੀਵੀ ਸ਼ਾਂਤੀ ਲਈ ਜ਼ਰੂਰੀ ਹੈ ਕਿ ਸਰਮਾਏਦਾਰਾ ਪ੍ਰਬੰਧ ਦਾ ਭੋਗ ਪਾ ਕੇ ਸਮਾਜਵਾਦੀ ਪ੍ਰਬੰਧ ਕਾਇਮ ਹੋਵੇ। ਸਰਮਾਏਦਾਰੀ ਦਾ ਸਾਮਰਾਜੀ ਢਾਂਚਾ ਜੰਗਾਂ ਦਾ ਸਰੋਤ ਹੈ। ਦੁਨੀਆ ਭਰ ਵਿਚ ਵਧ ਰਿਹਾ ਲੋਕ ਰੋਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਸਰਮਾਏਦਾਰੀ ਖਿਲਾਫ ਜਨਤਕ ਸੰਘਰਸ਼ ਲਾਜ਼ਮੀ ਹੀ ਇਸ ਪ੍ਰਬੰਧ ਦੀ ਕਬਰ ਪੁੱਟਣਗੇ। ਮਨੁੱਖ ਜਾਤੀ ਦਾ ਭਵਿੱਖ ਬਹੁਤ ਸ਼ਾਨਦਾਰ ਹੈ।

# ਪਹਿਲਾ ਮਰੀਜ਼

ਗੱਲ 1991 ਦੀ ਗਰਮੀ ਰੁੱਤ ਦੀ ਹੈ। ਬੀਬੀ (ਮਾਂ) ਦੇ ਨੱਕ ਵਿਚੋਂ ਖੂਨ ਵਹਿੰਦਾ ਦੇਖ ਪਿਆਰੋ ਅਤੇ ਮਣਸੋ ਤਾਈ ਦੌੜੀਆਂ ਦੌੜੀਆਂ ਸਾਡੇ ਘਰ ਦੇ ਪਿਛਵਾੜੇ ਪਹੁੰਚ ਗਈਆਂ। ਤਾਈ ਮਣਸੋ ਨੇ ਸਲਾਹ ਦਿੱਤੀ ਸੀ, "ਕੋਈ ਖੋਟ-ਦੋਸ ਪੁੱਛ ਲੈ ਭਾਊ।"

**ਅਮਰੀਕ ਸਿੰਘ ਦਿਆਲ**
**ਫੋਨ: +91-94638-51568**

ਬੀਬੀ ਦੁਆਲੇ ਆਂਢ-ਗੁਆਂਢ ਦੀਆਂ ਜ਼ਨਾਨੀਆਂ ਦਾ ਝੁਰਮਟ ਜਿਹਾ ਬਣ ਗਿਆ। ਮੈਂ ਉਦੋਂ ਬੀ.ਏ. ਦਾ ਪਹਿਲਾ ਸਾਲ ਪਾਸ ਕਰ ਚੁੱਕਾ ਸਾਂ।

ਉਥੇ ਹਾਜ਼ਰ ਸਾਰਿਆਂ ਨੇ ਜਿਵੇਂ ਅਜਿਹਾ ਪਹਿਲਾ ਮਰੀਜ਼ ਦੇਖਿਆ ਹੋਵੇ। ਹੈ ਵੀ ਸ਼ਾਇਦ ਪਹਿਲਾ ਹੀ ਸੀ ਕਿਉਂਕਿ ਇਹ ਵਰਤਾਰਾ ਪਹਿਲਾਂ ਕਿਸੇ ਨਹੀਂ ਸੀ ਦੇਖਿਆ। ਜਿੰਨੇ ਮੂੰਹ, ਓਨੀਆਂ ਸਲਾਹਾਂ। ਮਣਸੋ ਤਾਈ ਨੇ ਆਪਣੀ ਉਹੀ ਗੱਲ ਦੁਹਰਾਉਂਦਿਆਂ ਮੈਨੂੰ ਖੋਟ-ਦੋਸ ਪੁੱਛ ਕੇ ਕੋਈ ਓਹੜ-ਪਹੁੜ ਕਰਨ ਦੀ ਹਦਾਇਤ ਕਰ ਦਿੱਤੀ ਪਰ ਉਸ ਦੇ ਦੱਸੇ ਓਹੜ-ਪਹੁੜ ਮੇਰੇ ਲਈ ਕੋਈ ਮਾਇਨੇ ਨਹੀਂ ਸਨ ਰੱਖਦੇ। ਕਾਰਨ ਇਹ ਕਿ ਨੌਵੀਂ ਜਮਾਤ ਤੋਂ ਮੈਂ ਤਰਕਸ਼ੀਲ ਸਾਹਿਤ ਨਾਲ ਜੁੜ ਗਿਆ ਸਾਂ। ਉਹਨਾਂ ਦਿਨਾਂ ਵਿਚ ਦੋ ਸ਼ਖ਼ਸ ਸਾਡੇ ਸਕੂਲ ਆਏ ਸਨ, ਉਨ੍ਹਾਂ ਵਹਿਮਾਂ-ਭਰਮਾਂ ਬਾਰੇ ਭਾਸ਼ਣ ਕੀਤਾ ਅਤੇ ਇੱਕ-ਇੱਕ ਕਿਤਾਬ ਸਾਨੂੰ ਮੁਫ਼ਤ ਦੇ ਗਏ। ਇਹ ਕਿਤਾਬ '... ਤੇ ਦੇਵ ਪੁਰਸ਼ ਵੀ ਹਾਰ ਗਏ' ਸਿਲੇਬਸ ਬਾਹਰਲੀ ਪਹਿਲੀ ਕਿਤਾਬ ਸੀ ਜੋ ਮੈਂ ਪੜ੍ਹੀ ਸੀ। ਮਗਰੋਂ ਹੋਰ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਅਜਿਹੀਆਂ ਕਿਤਾਬਾਂ ਨੇ ਕਾਲਜ ਤੱਕ ਪਹੁੰਚਦਿਆਂ ਵਹਿਮ-ਭਰਮ ਦੇ ਜਾਲ਼ੇ ਕਾਫੀ ਹੱਦ ਤੱਕ ਸਾਫ਼ ਕਰ ਦਿੱਤੇ ਸਨ।

ਨੱਕ ਵਿਚੋਂ ਖੂਨ ਦਾ ਵਹਿਣ ਭਾਵੇਂ ਹੌਲ਼ੀ ਹੋ ਗਿਆ ਸੀ ਪਰ ਅਜੇ ਵੀ ਤ੍ਰਿਪ-ਤ੍ਰਿਪ ਚੋ ਰਿਹਾ ਸੀ। ਖ਼ਬਰ ਲੈਣ ਵਾਲ਼ਿਆਂ ਦਾ ਆਉਣ-ਜਾਣ ਲੱਗਿਆ ਹੋਇਆ ਸੀ।

ਉਦੋਂ ਸਾਡੇ ਪਿੰਡ ਤੋਂ ਸੁਰੇਸ਼ ਕੁਮਾਰ ਸਿਹਤ ਵਿਭਾਗ ਵਿਚ ਬੰਗਾ ਦੇ ਪਿੰਡ ਸੁੱਜੋਂ ਵਿਚ ਸਟੈਨੋ ਲੱਗਾ ਹੋਇਆ ਸੀ। ਬੱਸ ਰਾਹੀਂ ਰੋਜ਼ ਪਿੰਡ ਆਉਂਦਾ-ਜਾਂਦਾ ਸੀ। ਨਵਾਂਸ਼ਹਿਰ ਜ਼ਿਲ੍ਹਾ ਅਜੇ ਹੋਂਦ ਵਿਚ ਨਹੀਂ ਸੀ ਆਇਆ, ਇਹ ਜਲੰਧਰ ਜ਼ਿਲ੍ਹੇ ਦਾ ਹਿੱਸਾ ਸੀ। ਸੁਰੇਸ਼ ਕੁਮਾਰ ਦੀ ਸਲਾਹ ਨਾਲ ਅਸੀਂ ਦੂਜੇ ਦਿਨ ਸਾਢੇ ਸੱਤ ਵਾਲ਼ੀ ਰੋਡਵੇਜ਼ ਦੀ ਬੱਸ ਫੜ ਕੇ ਗੜ੍ਹਸ਼ੰਕਰ ਪਹੁੰਚ ਗਏ, ਉੱਥੋਂ ਤਿੰਨ ਪਹੀਆਂ ਵਾਲਾ ਟੈਂਪੂ ਲੈ ਕੇ ਪੱਲੀ ਝਿੱਕੀ ਅਤੇ ਫਿਰ ਟੈਂਪੂ ਲੈ ਕੇ ਸੁੱਜੋਂ। ਡਾ. ਚੀਮਾ ਜੀ ਨੂੰ ਮਿਲੇ। ਉਹ ਈ.ਐੱਨ.ਟੀ. ਦੇ ਮਾਹਿਰ ਸਨ। ਪਹਿਲੀ ਵਾਰ ਪਤਾ ਲੱਗਾ ਕਿ ਨੱਕ, ਕੰਨ, ਗ਼ਲ਼ੇ ਦਾ ਅਲੱਗ ਮਾਹਿਰ ਡਾਕਟਰ ਹੁੰਦਾ ਹੈ। ਸਾਰੀ ਗੱਲਬਾਤ ਦੱਸੀ। ਡਾਕਟਰ ਚੀਮਾ ਬੜੇ ਠਰੰਮੇ ਨਾਲ ਬੋਲੇ, "ਇਹਦੇ ਵਿਚ ਚਿੰਤਾ ਵਾਲੀ ਕਿਹੜੀ ਗੱਲ? ਇਹ ਤਾਂ ਸਗੋਂ ਚੰਗਾ ਹੋਇਆ ਕਿ ਨੱਕ ਵਿਚੋਂ ਖੂਨ ਨਿਕਲ ਗਿਆ, ਬਚਾਅ ਦੀ ਨਿਸ਼ਾਨੀ ਹੈ। ਮਾਤਾ ਦਾ ਬਲੱਡ ਪ੍ਰੈਸ਼ਰ ਵਧਦਾ ਹੈ। ਪੂਰੀ ਉਮਰ ਦਵਾਈ ਲੈਣੀ ਪਏਗੀ।" ਉਹਨਾਂ ਦੇ ਬੋਲਾਂ ਵਿਚ ਅੰਤਾਂ ਦਾ ਧਰਵਾਸ ਸੀ। ਉਹਨਾਂ ਪਰਚੀ 'ਤੇ ਰੋਜ਼ਾਨਾ ਇੱਕ ਗੋਲੀ ਖਾਣ ਲਈ ਲਿਖ ਦਿੱਤਾ, ਨਾਲ ਆਖਿਆ, "ਮਾਤਾ ਘਿਓ ਤੇਰੇ ਲਈ ਜ਼ਹਿਰ ਬਰਾਬਰ ਹੈ। ਨਮਕ ਫਿੱਕਾ ਖਾਓ।" ਘਿਓ ਨੂੰ ਜ਼ਹਿਰ ਸਮਾਨ ਦੱਸਣ 'ਤੇ ਬੀਬੀ ਨੇ ਰਾਸਤੇ ਵਿਚ ਬੁੜਬੁੜ ਕੀਤੀ ਸੀ, "ਹੋਰ ਹੈ ਵੀ ਕਿਆ ਪਿੰਡਾਂ ਵਿਚ ਖਾਣ ਨੂੰ, ਦੇਹ ਕੀਹਦੇ ਆਸਰੇ ਚੱਲੂ।" ਸਫ਼ਰ ਦੇ ਉਹੀ ਸਾਧਨ ਦੁਹਰਾਉਂਦੇ ਹੋਏ ਸ਼ਾਮ ਵੇਲੇ ਪਿੰਡ ਪਹੁੰਚੇ।

"ਕਿਆ ਦੱਸਿਆ ਡਾਕਟਰ ਨੈ?" ਪਿੰਡ ਪਹੁੰਚਣ ਸਾਰ ਗ਼ਲ਼ੀ-ਗਰਾਂ ਦੀਆਂ ਤ੍ਰੀਮਤਾਂ ਦਾ ਇੱਕੋ ਸਵਾਲ ਸੀ। ਤਾਈ ਬੰਤੀ ਨੇ ਹਮਦਰਦੀ ਪ੍ਰਗਟਾਈ ਸੀ, "... ਹੈਂ ਬਲੈਂਡ ਪ੍ਰੈਸ਼ਰ! ਇਹ ਤਾਂ ਚੰਦਰੀਆਂ ਸ਼ਹਿਰਾਂ ਆਲ਼ੀਆਂ ਬਿਮਾਰੀਆਂ ਪਿੰਡੀਂ ਪੁੱਜ ਗਈਆਂ।" ਬੀਬੀ ਨੂੰ ਉਹ ਇਸ ਬਿਮਾਰੀ ਦਾ ਪਹਿਲਾ ਮਰੀਜ਼ ਸਮਝਦੇ ਸਨ। ਹੈ ਵੀ ਪਹਿਲਾ ਸੀ। ਪਹਿਲਾਂ ਇਹ ਨਾਂ ਕਿਸੇ ਨੇ ਸੁਣਿਆ ਨਹੀਂ ਸੀ। ਉਦੋਂ ਤੱਕ ਬਲੱਡ ਪ੍ਰੈਸ਼ਰ ਮਾਪਣ ਵਾਲਾ ਯੰਤਰ ਅਜੇ ਪਿੰਡ ਨਹੀਂ ਸੀ ਪੁੱਜਿਆ। ਦੂਜੇ ਦਿਨ ਕੁਝ ਗਿਣੇ-ਮਿਣੇ ਨੁਸਖੇ ਜਾਣਨ ਵਾਲੇ ਪਿੰਡ ਦੇ ਬੰਦੇ ਨੇ ਆਪਣਾ ਤੋੜਾ ਝਾੜ ਦਿੱਤਾ ਸੀ, "ਯਾਰ ਇਹ ਬਲੈਂਡ ਪ੍ਰੈਸ਼ਰ ਤਾਂ ਐਵੇਂ ਵਹਿਮ ਐ, ਇਹ ਸਭ ਬਾਇ-ਬਾਦੀ ਨਾਲ਼ ਹੁੰਦੈ।"

ਪਿਛਲੇ 32 ਸਾਲ ਤੋਂ ਬੀਬੀ ਦੀ ਦਵਾਈ ਜਾਰੀ ਹੈ ਸਗੋਂ ਬੀਬੀ ਨੇ ਡਾਕਟਰ ਦੀ ਸਲਾਹ ਮੁਤਾਬਿਕ ਆਪਣੇ-ਆਪ ਨੂੰ ਢਾਲ਼ ਲਿਆ ਹੋਇਆ ਹੈ। ਪਿੰਡ ਵਿਚ ਕਲੀਨਿਕ ਚਲਾ ਰਹੇ ਡਾਕਟਰ ਅਨੁਸਾਰ ਹੁਣ ਪਿੰਡਾਂ ਦੇ ਵੱਡੀ ਗਿਣਤੀ ਲੋਕ ਵਧਦੇ ਬਲੱਡ ਪ੍ਰੈਸ਼ਰ ਤੋਂ ਪ੍ਰਭਾਵਿਤ ਹਨ। 32 ਸਾਲ ਪਹਿਲਾਂ ਤਾਈ ਦੇ ਓਹੜ-ਪਹੁੜ ਵਾਲੀ ਗੱਲ ਅਤੇ ਡਾਕਟਰ ਚੀਮਾ ਦੇ ਧਰਵਾਸ ਭਰੇ ਸ਼ਬਦ ਚੇਤੇ ਕਰਦਿਆਂ ਦੋਹਾਂ ਦੇ ਚਿਹਰੇ ਰੂਪਮਾਨ ਹੋ ਜਾਂਦੇ ਹਨ।

*ਪੰਜਾਬ ਇਸ ਵਕਤ ਵੱਖ-ਵੱਖ ਸਮੱਸਿਆਵਾਂ ਵਿਚ ਚੁਫੇਰਿਓਂ ਘਿਰਿਆ ਹੋਇਆ ਹੈ। ਉਘੇ ਲਿਖਾਰੀ ਜਸਵੰਤ ਸਿੰਘ ਜ਼ਫ਼ਰ ਨੇ ਆਪਣੀ ਇਸ ਲਿਖਤ ਰਾਹੀਂ ਸਵਾਲ ਉਠਾਇਆ ਹੈ ਕਿ ਪੰਜਾਬ ਵਿਚ ਹਰ ਤਰ੍ਹਾਂ ਦੀ ਨਿਆਮਤ ਹੋਣ ਦੇ ਬਾਵਜੂਦ ਇਹ ਦੁਨੀਆ ਦਾ ਸਭ ਤੋਂ ਸੋਹਣਾ, ਅਮੀਰ ਅਤੇ ਖੁਸ਼ਹਾਲ ਖਿੱਤਾ ਕਿਉਂ ਨਹੀਂ ਬਣ ਸਕਿਆ? ਸਾਰਾ ਕੁਝ ਇੰਨਾ ਵਧੀਆ ਹੋਣ ਦੇ ਬਾਵਜੂਦ ਇਹ ਏਨਾ ਨਿਘਾਰ-ਮੁਖੀ ਕਿਉਂ ਹੈ? ਇਸ ਦੇ ਬਾਸ਼ਿੰਦੇ ਆਪਣੀ ਧਰਤੀ ਛੱਡ ਕੇ ਦੌੜ ਕਿਉਂ ਰਹੇ ਹਨ? ਪੰਜਾਬ ਨੂੰ ਅੱਗੇ ਵਧਾਉਣ ਦੀ ਬਜਾਇ ਪੰਜਾਬੀ ਸਿਰਫ ਖੁਦਕੁਸ਼ੀ ਜਾਂ ਹਿਜਰਤ ਕਰਨ ਦੀ ਸੋਚਣ ਜੋਗੇ ਕਿਉਂ ਰਹਿ ਗਏ ਹਨ?...*

# ਗੁਰਾਂ ਦੇ ਨਾਂ 'ਤੇ ਵਸਦਾ ਪੰਜਾਬ ਕਿਹੜੇ ਰੋਗਾਂ ਦਾ ਸ਼ਿਕਾਰ?



ਪੰਜਾਬ ਦੀ ਧਰਤੀ ਪੱਧਰੀ ਅਤੇ ਜ਼ਰਖੇਜ਼ ਹੈ, ਹਰ ਇਕ ਇੰਚ ਉਪਜਾਊ ਹੈ। ਜਿੰਨੀ ਤਰ੍ਹਾਂ ਦੇ ਫੁੱਲ, ਫਲ ਅਤੇ ਫ਼ਸਲਾਂ ਇਥੇ ਉਗਾਈਆਂ ਜਾ ਸਕਦੀਆਂ ਹਨ, ਓਨੀਆਂ ਦੁਨੀਆ ਦੀ ਹੋਰ ਕਿਸੇ ਧਰਤੀ 'ਤੇ ਨਹੀਂ ਉਗਾਈਆਂ ਜਾ ਸਕਦੀਆਂ। ਏਨਾ ਖੁੱਲ੍ਹਾ ਪਾਣੀ ਵੀ ਸ਼ਾਇਦ ਹੀ ਧਰਤੀ ਦੇ ਕਿਸੇ ਹੋਰ ਖਿੱਤੇ ਨੂੰ ਨਸੀਬ ਹੋਵੇ। ਹਿਮਾਲਾ ਪਰਬਤ ਤੋਂ ਪੰਜਾਬ ਵਿਚ ਦਾਖਲ ਹੋਣ ਸਮੇਂ ਦਰਿਆਵਾਂ ਦਾ ਪਾਣੀ ਹੁੰਦਾ ਵੀ ਬਿਲਕੁਲ



ਸਾਫ਼ ਅਤੇ ਸ਼ੁੱਧ ਹੈ। ਇਸ ਧਰਤੀ ਦੇ ਸਾਰੇ ਮੌਸਮ ਹਰ ਤਰ੍ਹਾਂ ਦੇ ਕੰਮ ਧੰਦੇ ਕਰਨ ਲਈ ਅਨੁਕੂਲ ਹਨ। ਗਰਮੀ, ਸਰਦੀ ਅਤੇ ਬਰਸਾਤ ਦੇ ਬਾਵਜੂਦ ਬਾਰਾਂ ਮਹੀਨੇ, ਤੀਹ ਦਿਨ ਅਤੇ ਚੌਵੀ ਘੰਟੇ ਲੋਕ ਕੰਮ ਕਰ ਸਕਦੇ

**ਜਸਵੰਤ ਸਿੰਘ ਜ਼ਫ਼ਰ**

ਹਨ। ਪੰਜਾਬੀ ਲੋਕ ਮਿਹਨਤੀ ਵੀ ਬਹੁਤ ਹਨ, ਬੁੱਧੀ ਅਤੇ ਸਰੀਰਕ ਤੌਰ 'ਤੇ ਨਰੋਏ ਹਨ। ਵਿਰਾਸਤੀ ਵਿਚਾਰਧਾਰਕ ਅਮੀਰੀ ਦੇ ਨਾਲ-ਨਾਲ ਹਰ ਨਵੇਂ ਖਿਆਲ ਅਤੇ ਟੈਕਨੋਲੋਜੀ ਦਾ ਸਵਾਗਤ ਕਰਨ ਵਾਲੇ ਪੰਜਾਬੀ ਤਰੱਕੀਪਸੰਦ, ਅਗਾਂਹਵਧੂ ਅਤੇ ਭਵਿੱਖ ਦੇ ਵੱਡੇ ਸੁਪਨੇ ਲੈਣ ਵਾਲੇ ਹਨ।

ਇਥੇ ਹਰ ਕਿੱਤੇ, ਕਲਾ ਅਤੇ ਹੁਨਰ ਦੇ ਜਾਣਕਾਰ ਮਿਲਦੇ ਹਨ। ਔਰਤਾਂ ਵੀ ਬੰਦਿਆਂ ਨਾਲੋਂ ਘੱਟ ਕੰਮ ਕਰਨ ਵਾਲੀਆਂ ਨਹੀਂ। ਫਿਰ ਪੰਜਾਬ ਨੂੰ ਕਿਹੜੇ ਕੀੜੇ ਪਏ ਹੋਏ ਹਨ ਜਿਹਨਾਂ ਕਰਕੇ ਪੰਜਾਬ ਦੁਨੀਆ ਦਾ ਸਭ ਤੋਂ ਸੋਹਣਾ, ਅਮੀਰ ਅਤੇ ਖੁਸ਼ਹਾਲ ਖਿੱਤਾ ਨਹੀਂ ਬਣ ਸਕਿਆ? ਸਾਰਾ ਕੁਝ ਵਧੀਆ ਹੋਣ ਦੇ ਬਾਵਜੂਦ ਇਹ ਏਨਾ ਨਿਘਾਰ-ਮੁਖੀ ਕਿਉਂ ਹੈ? ਇਸ ਦੇ ਬਾਸ਼ਿੰਦੇ ਆਪਣੀ ਧਰਤੀ ਨੂੰ ਏਨੀ ਤੇਜ਼ੀ ਨਾਲ ਛੱਡ ਕੇ ਦੌੜੀ ਕਿਉਂ ਜਾ ਰਹੇ ਹਨ? ਪੰਜਾਬ ਨੂੰ ਅੱਗੇ ਵਧਾਉਣ ਦੀ ਬਜਾਇ ਪੰਜਾਬੀ ਸਿਰਫ ਖੁਦਕੁਸ਼ੀ ਜਾਂ ਹਿਜਰਤ ਕਰਨ ਦੀ ਸੋਚਣ ਜੋਗੇ ਕਿਉਂ ਰਹਿ ਗਏ ਹਨ?

ਮੈਂ ਪੰਜਾਬ ਦੇ ਸੈਂਕੜੇ ਇੰਜਨੀਅਰਾਂ ਨੂੰ ਜਾਣਦਾ ਹੋਵਾਂਗਾ ਜੋ ਇਧਰੋਂ ਇੰਜਨੀਅਰਿੰਗ ਦੀਆਂ ਵਧੀਆ ਸਰਕਾਰੀ ਜਾਂ ਪ੍ਰਾਈਵੇਟ ਨੌਕਰੀਆਂ ਛੱਡ ਕੇ ਅਮਰੀਕਾ, ਕੈਨੇਡਾ, ਆਸਟਰੇਲੀਆ ਜਾਂ ਹੋਰ ਵਿਕਸਤ ਦੇਸ਼ਾਂ ਵਿਚ ਬਤੌਰ ਇੰਜਨੀਅਰ ਕੰਮ ਕਰਦੇ ਹਨ। ਬਹੁਤ ਸਾਰੇ ਡਾਕਟਰ ਇਧਰੋਂ ਡਾਕਟਰੀ ਛੱਡ ਬਾਹਰਲੇ ਮੁਲਕਾਂ ਦੇ ਕਾਮਯਾਬ ਡਾਕਟਰ ਬਣੇ ਹੋਏ ਹਨ। ਪੰਜਾਬੀ ਵਿਗਿਆਨੀਆਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਆਪੋ-ਆਪਣੇ ਖੇਤਰਾਂ ਵਿਚ ਨਾਮਣਾ ਖੱਟਿਆ ਹੈ।

ਏਧਰ ਸਕੂਲਾਂ, ਕਾਲਜਾਂ, ਯੂਨੀਵਸਿਟੀਆਂ ਵਿਚ ਪੜ੍ਹਾਉਂਦੇ ਰਹੇ ਕਈ ਅਧਿਆਪਕ ਹੁਣ ਵਿਕਸਤ ਦੇਸ਼ਾਂ ਦੇ ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਪੜ੍ਹਾਉਂਦੇ ਹਨ। ਅਨੇਕਾਂ ਪੰਜਾਬੀ ਗਾਇਕਾਂ, ਸੰਗੀਤਕਾਰਾਂ, ਚਿਤਰਕਾਰਾਂ, ਫੋਟੋਕਾਰਾਂ ਅਤੇ ਮੀਡੀਆ ਕਰਮੀਆਂ ਨੇ ਬਾਹਰਲੇ ਦੇਸ਼ਾਂ ਵਿਚ ਜਾ ਕੇ ਆਪੋ-ਆਪਣੇ ਖੇਤਰ ਵਿਚ ਬਹੁਤ ਨਾਮ ਅਤੇ ਨਾਮਾ ਕਮਾਇਆ ਹੈ। ਬਹੁਤ ਸਾਰੇ ਪੰਜਾਬੀ ਕਿਸਾਨਾਂ ਦੇ ਅਮਰੀਕਾ, ਕੈਨੇਡਾ ਅਤੇ ਆਸਟਰੇਲੀਆ ਵਿਚ ਵੱਡੇ-ਵੱਡੇ ਖੇਤੀ ਫਾਰਮ ਅਤੇ ਬਾਗ ਹਨ।

ਕਈ ਪੰਜਾਬੀ ਵਪਾਰੀਆਂ ਨੇ ਬਾਹਰ ਜਾ ਕੇ ਆਪਣੇ ਵਪਾਰਕ ਅਦਾਰੇ ਸਥਾਪਤ ਕੀਤੇ ਹਨ। ਆਪਣੀ ਜਾਣ-ਪਛਾਣ ਦੇ ਆਧਾਰ 'ਤੇ ਕਹਿ ਸਕਦਾ ਹਾਂ ਕਿ ਪੰਜਾਬ ਦੇ ਕਿਸਾਨ, ਵਪਾਰੀ, ਇੰਜਨੀਅਰ, ਡਾਕਟਰ, ਵਿਗਿਆਨੀ, ਯੋਜਨਾਕਾਰ, ਅਧਿਆਪਕ ਅਤੇ ਹੋਰ ਕਿੱਤਾਕਾਰ ਤੇ ਹੁਨਰਮੰਦ ਵਿਕਸਤ ਦੇਸ਼ਾਂ ਦੀ ਤਰੱਕੀ ਵਿਚ ਆਪਣਾ ਹਿੱਸਾ ਪਾ ਰਹੇ ਹਨ।

ਦੂਜੇ ਸ਼ਬਦਾਂ ਵਿਚ ਪੰਜਾਬ ਦੇ ਗੁਣੀ ਕਿੱਤਾਕਾਰ ਅਤੇ ਹੁਨਰਮੰਦ ਪੰਜਾਬ ਨੂੰ ਦੁਨੀਆ ਦਾ ਸਭ ਤੋਂ ਵਿਕਸਤ ਖਿੱਤਾ ਬਣਾਉਣ ਦੀ ਯੋਗਤਾ ਰੱਖਦੇ ਹਨ ਪਰ ਉਹਨਾਂ ਦੇ ਅਜਿਹਾ ਕਰਨ ਲਈ ਪੰਜਾਬ ਅੰਦਰ ਲੋੜੀਂਦਾ ਮਹੌਲ ਗੈਰ-ਹਾਜ਼ਰ ਹੈ। ਫਿਰ ਉਹੀ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਨੂੰ ਉਹ ਕਿਹੜੇ ਕੀੜੇ ਪਏ ਹਨ ਜਿਹਨਾਂ ਨੇ ਪੰਜਾਬ ਦੇ ਸੰਘਰਸ਼, ਤਰੱਕੀ ਅਤੇ ਚੜ੍ਹਦੀ ਕਲਾ ਦੇ ਜਜ਼ਬੇ ਨੂੰ ਚੂਸ ਕੇ ਇਸ ਨੂੰ ਆਰਥਿਕ, ਮਾਨਸਿਕ ਅਤੇ ਆਤਮਿਕ ਤੌਰ 'ਤੇ ਸਾਹ-ਸਤਹੀਣ ਕਰ ਦਿੱਤਾ ਹੈ?

ਉਪਰੋਕਤ ਸਵਾਲ ਦਾ ਜਵਾਬ ਤਸਵੀਰ ਦੇ ਦੂਸਰੇ ਪਾਸੇ ਪਿਆ ਹੈ। ਤਸਵੀਰ ਦਾ ਦੂਸਰਾ ਪਾਸਾ ਦਰਸਾਉਂਦਾ ਹੈ ਕਿ ਪੰਜਾਬ ਦਾ ਕੋਈ ਸਿਆਸਤਦਾਨ ਇਧਰ ਆਪਣੀ ਚਲਦੀ ਸਿਆਸਤ ਛੱਡ ਕੇ ਕਦੀ ਕਿਸੇ ਬਾਹਰਲੇ ਮੁਲਕ ਦਾ ਸਿਰਕੱਢ ਸਿਆਸਤਦਾਨ ਨਹੀਂ ਬਣਿਆ। ਮੇਰੀ ਜਾਣਕਾਰੀ ਵਿਚ ਪੰਜਾਬ ਦਾ ਕੋਈ ਬਿਊਰੋਕਰੇਟ ਆਪਣੀ ਇਧਰਲੀ ਨੌਕਰੀ ਛੱਡ ਕੇ ਕਿਸੇ ਬਾਹਰਲੇ ਮੁਲਕ ਦਾ ਸਿਰਕੱਢ ਨੌਕਰਸ਼ਾਹ ਨਹੀਂ ਬਣਿਆ।



ਇਸ ਸਭ ਦਾ ਨਤੀਜਾ ਇਹ ਨਿਕਲਦਾ ਹੈ ਕਿ ਸਾਡਾ ਕਾਮਯਾਬ ਸਿਆਸਤਦਾਨ ਅਤੇ ਸ਼ਕਤੀਸ਼ਾਲੀ ਬਿਊਰੋਕਰੇਟ ਵਧੀਆ ਮੁਲਕਾਂ ਦੇ ਕਿਸੇ ਕੰਮ ਦੇ ਹੀ ਨਹੀਂ, ਇਹਨਾਂ ਦੀ ਉਧਰ ਕੋਈ ਮੰਗ ਹੀ ਨਹੀਂ, ਇਹਨਾਂ ਲਈ ਉਥੇ ਕੋਈ ਥਾਂ ਹੀ ਨਹੀਂ। ਇਹ ਸਿਰਫ ਸਾਡੇ ਜਾਂ ਸਾਡੇ ਤੋਂ ਪਛੜੇ ਮੁਲਕਾਂ ਵਿਚ ਹੀ ਪਾਏ ਜਾਂਦੇ ਹਨ।

ਦੂਜੇ ਸ਼ਬਦਾਂ ਵਿਚ ਪੰਜਾਬ ਦਾ ਸਥਾਪਤ ਸਿਆਸਤਦਾਨ ਅਤੇ ਨੌਕਰਸ਼ਾਹੀ ਪ੍ਰਬੰਧ ਇਸ ਨੂੰ ਗੁਣਾਤਮਕ ਤਰੱਕੀ ਦੇ ਰਸਤੇ ਤੋਰ ਸਕਣ ਦੇ ਯੋਗ ਨਹੀਂ। ਫਿਰ ਵੀ ਪੰਜਾਬ ਵਿਚ ਇਹਨਾਂ ਦਾ ਪੂਰਾ ਦਬਦਬਾ ਹੈ। ਇਹਨਾਂ ਦੀ ਹਰ ਖੇਤਰ ਵਿਚ ਦਖਲਅੰਦਾਜ਼ੀ ਅਤੇ ਚੌਧਰ ਹੈ। ਉਪਰੋਕਤ ਉਦਾਹਰਨਾਂ ਅਤੇ ਚਰਚਾ ਨਾਲ ਪੰਜਾਬ ਨੂੰ ਪਏ ਹੋਏ ਕੀੜਿਆਂ ਦੀਆਂ ਦੋ ਮੋਟੀਆਂ ਕਿਸਮਾਂ ਦੀ ਪਛਾਣ ਹੋ ਜਾਂਦੀ ਹੈ ਜਿਹਨਾਂ ਦੀ ਕਾਰਗੁਜ਼ਾਰੀ ਨਾਲ ਸੰਸਾਰ ਦੇ ਸਭ ਤੋਂ ਉਨਤ, ਖੁਸ਼ਹਾਲ ਅਤੇ ਸੋਹਣਾ ਖਿੱਤਾ ਹੋਣ ਦੀਆਂ ਸੰਭਾਵਨਾਵਾਂ ਵਾਲੇ ਪੰਜਾਬ ਨੂੰ ਖੁਦਕੁਸ਼ੀਆਂ ਅਤੇ ਉਜਾੜੇ ਦੀ ਧਰਤੀ ਬਣ ਗਿਆ ਹੈ ਪਰ ਇਹ ਕੀੜੇ ਕੋਈ ਬਾਹਰੋਂ ਨਹੀਂ ਪਏ, ਅੰਦਰੋਂ ਪੈਦਾ ਹੋਏ ਹਨ। ਪੰਜਾਬੀ ਮਾਨਸਿਕਤਾ ਨੇ ਇਹਨਾਂ ਨੂੰ ਵਧਣ ਫੁੱਲਣ ਦਾ ਮੌਕਾ ਦਿੱਤਾ ਹੈ।

ਇਥੇ ਹਰ ਸਰਕਾਰ ਕਹਿੰਦੀ ਹੈ ਕਿ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ, ਕਰਮਚਾਰੀਆਂ ਨੂੰ ਤਨਖਾਹਾਂ ਦੇਣ ਅਤੇ ਹੋਰ ਜ਼ਰੂਰੀ ਖਰਚੇ ਕਰਨ ਲਈ ਪੈਸੇ ਨਹੀਂ ਹਨ। ਸਭ ਤਰ੍ਹਾਂ ਦੇ ਕਿੱਤਾਕਾਰਾਂ, ਕਿਰਤੀਆਂ, ਹੁਨਰਮੰਦਾਂ ਨੂੰ ਮਿਲਦੀਆਂ ਉਜਰਤਾਂ ਅਤੇ ਸਹੂਲਤਾਂ ਕਿਸੇ ਗਰੀਬ ਤੋਂ ਗਰੀਬ ਦੇਸ਼ ਵਾਲੀਆਂ ਹਨ ਪਰ ਚੋਣਾਂ ਵਿਚ ਮੁੱਖ ਸਿਆਸੀ ਪਾਰਟੀਆਂ ਅਤੇ ਸਿਆਸਤਦਾਨਾਂ ਦਾ ਖਰਚ ਅਮੀਰ ਤੋਂ ਅਮੀਰ ਦੇਸ਼ ਤੋਂ ਵੀ ਜ਼ਿਆਦਾ ਹੁੰਦਾ ਹੈ।

ਸੂਬੇ ਵਿਚ ਆਰਥਿਕ ਤੰਗੀ ਦੀ ਦੁਹਾਈ ਦਿੱਤੀ ਜਾਂਦੀ ਹੈ ਅਤੇ ਲੋਕਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਸਾਡਾ ਦੇਸ਼ ਜਾਂ ਸੂਬਾ ਗਰੀਬ ਹੈ। ਫਿਰ ਰਾਜਨੀਤਕ ਪਾਰਟੀਆਂ ਜਾਂ ਸਿਆਸੀ ਲੋਕਾਂ ਕੋਲ ਚੋਣਾਂ ਲਈ ਏਨਾ ਪੈਸਾ ਕਿਥੋਂ, ਕਿਵੇਂ ਅਤੇ ਕਿਉਂ ਆ ਜਾਂਦਾ ਹੈ? ਚੋਣਾਂ ਲੜ ਰਹੇ ਉਮੀਦਵਾਰਾਂ ਅਤੇ ਪਾਰਟੀਆਂ ਵਲੋਂ ਹਰ ਪਾਰਲੀਮਾਨੀ ਸਭਾ ਸੀਟ 'ਤੇ ਤਕਰੀਬਨ ਇਕ-ਇਕ ਅਰਬ ਰੁਪਈਆ ਖਰਚਿਆ ਜਾਂਦਾ ਹੈ। ਜਿਸ ਤਰ੍ਹਾਂ ਦੀ ਸਿਆਸਤ ਅਸੀਂ ਆਪਣੇ ਪੇਸ਼ ਪਾ ਲਈ ਹੈ, ਇਹ ਪੰਜਾਬੀਆਂ ਨੂੰ ਬਹੁਤ ਜ਼ਿਆਦਾ ਮਹਿੰਗੀ ਪੈ ਰਹੀ ਹੈ। ਜਿਥੇ ਇਕ ਪੋਸਟਰ ਜਾਂ ਬੈਨਰ ਨਾਲ ਸਰ ਸਕਦਾ, ਉਥੇ ਸੌ-ਸੌ ਲਗਾਏ ਜਾਂਦੇ ਹਨ। ਅਜਿਹਾ ਕਰ ਕੇ ਸਹੀ ਸੋਚ ਵਾਲੇ ਸਿਆਣੇ ਲੋਕਾਂ ਨੂੰ ਆਤੰਕਤ ਕੀਤਾ ਜਾਂਦਾ ਹੈ ਕਿ ਉਹ ਰਾਜਨੀਤੀ ਵਿਚ ਆਉਣ ਦੀ ਸੋਚ ਵੀ ਨਾ ਸਕਣ। ਵੱਡੀ ਗਿਣਤੀ ਵਿਚ ਵੱਡੇ-ਵੱਡੇ ਹੋਰਡਿੰਗ ਲਾ ਕੇ ਸਿਆਸੀ ਬਦਮਾਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ।

ਸਥਾਪਤ ਸਿਆਸੀ ਲੋਕਾਂ ਦਾ ਉਦੇਸ਼ ਪਾਵਰ ਹਥਿਆਉਣ ਲਈ ਪੈਸਾ ਖਰਚਣਾ ਅਤੇ ਪੈਸੇ ਇਕੱਠੇ ਕਰਨ ਲਈ ਪਾਵਰ ਹਥਿਆਉਣਾ ਬਣ ਗਿਆ ਹੈ। ਕੋਈ ਸਿਧਾਂਤਕ ਜਾਂ ਨੀਤੀਗਤ ਵਖਰੇਵਾਂ ਨਾ ਹੋਣ ਕਰ ਕੇ ਇਹ ਆਪਣੀ ਸਹੂਲਤ ਲਈ ਬੜੇ ਆਰਾਮ ਨਾਲ ਪਾਰਟੀ ਬਦਲ ਲੈਂਦੇ ਹਨ। ਉਪਰੋਂ ਵਿਰੋਧੀ ਲਗਦੀਆਂ ਪਾਰਟੀਆਂ ਅੰਦਰੋਂ ਇਕ ਦੂਜੀ ਨਾਲ ਸੀਟਾਂ ਦਾ ਦੇਣ ਲੈਣ ਵੀ ਕਰ ਲੈਂਦੀਆਂ ਹਨ। ਲੋਕ ਬੇਦਿਲੀ ਨਾਲ ਕਹਿ ਛੱਡਦੇ ਹਨ, "ਸਾਰੇ ਇਕੋ ਜਿਹੇ ਹਨ" ਜਾਂ "ਸਭ ਰਲੇ ਹੋਏ ਹਨ"। ਇਸ ਤਰ੍ਹਾਂ ਪੰਜਾਬ ਜਾਂ ਦੇਸ਼ ਅੰਦਰ ਵਧੀ ਫੁੱਲੀ ਸਿਆਸਤ ਦਾ ਕੀੜਾ ਇਸ ਦੀ ਆਰਥਿਕ ਅਤੇ ਮਾਨਸਿਕ ਸਿਹਤ ਦਾ ਦੁਸ਼ਮਣ ਬਣਿਆ ਹੋਇਆ ਹੈ।

ਅਸਲ ਆਗੂਆਂ ਨੇ ਦੇਖਣਾ ਹੁੰਦਾ ਕਿ ਲੋਕਾਂ ਦੀ ਭਲਾਈ ਕਿਸ ਗੱਲ ਵਿਚ ਹੈ; ਲੋਕਾਂ ਨੂੰ ਚੰਗੇ, ਸਿਆਣੇ ਅਤੇ ਖੁਸ਼ਹਾਲ ਕਿਵੇਂ ਬਣਾਉਣਾ ਹੈ। ਉਹ ਆਪ ਆਚਰਨ, ਵਿਹਾਰ ਅਤੇ ਕਾਨੂੰਨ ਪਾਲਣਾ ਦੇ ਉਚੇ ਮਿਆਰ ਅਪਣਾਉਂਦੇ ਅਤੇ ਜਨਤਾ ਲਈ ਉਦਾਹਰਨ ਬਣਦੇ ਹਨ ਪਰ ਪੰਜਾਬ ਵਿਚ ਅਜਿਹੇ ਆਗੂਆਂ ਦਾ ਕਾਲ ਹੈ। ਸਾਡੇ ਵਾਂਗ ਸਾਡਾ ਸਿਆਸਤਦਾਨ ਆਪਣਾ ਵਕਤੀ ਲਾਭ ਦੇਖਦਾ ਹੈ। ਲੋਕਾਂ ਨੂੰ ਬੇਵਕੂਫ ਅਤੇ ਉਜੱਡ ਬਣਾਉਂਦਾ ਹੈ। ਰਾਜਨੀਤੀ ਦਾ ਕੰਮ ਸਮੱਸਿਆਵਾਂ ਨੂੰ ਸੁਲਝਾਉਣਾ ਜਾਂ ਮੁੱਦਿਆਂ ਨੂੰ ਨਜਿੱਠਣਾ ਹੁੰਦਾ ਹੈ ਪਰ ਸਾਡੇ ਹਰ ਪੱਧਰ ਦੇ ਮਸਲੇ ਵਧ ਰਹੇ ਹਨ। ਪੰਜਾਬ ਸਾਹ ਲੈਣ ਯੋਗ ਸਾਫ਼ ਹਵਾ ਅਤੇ ਪੀਣ ਯੋਗ ਸ਼ੁੱਧ ਪਾਣੀ ਵਰਗੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਹੀ ਵਾਂਝਾ ਹੋ ਗਿਆ ਹੈ।

ਸਾਡੇ ਸਥਾਪਤ ਸਿਆਸਤਦਾਨ ਔਸਤਨ ਹਰ ਸਵਾ ਸਾਲ ਬਾਅਦ ਆਉਣ ਵਾਲੀ ਕਿਸੇ ਨਾ ਕਿਸੇ ਚੋਣ ਲਈ ਜਿੰਨਾ ਪੈਸਾ, ਸਮਾਂ, ਸ਼ਕਤੀ, ਰਸੂਖ ਅਤੇ ਦਿਮਾਗ ਵਰਤਦੇ ਹਨ, ਜੇ ਓਨਾ ਲੋਕਾਂ ਦੀਆਂ ਸਮੱਸਿਆਵਾਂ ਨਜਿੱਠਣ ਲਈ ਲਾਉਣ ਤਾਂ ਸਵਾ ਸਾਲ ਦੇ ਅੰਦਰ ਪੰਜਾਬ ਮੋਟੀਆਂ-ਮੋਟੀਆਂ ਸਾਰੀਆਂ ਸਮੱਸਿਆਵਾਂ ਤੋਂ ਮੁਕਤ ਹੋ ਸਕਦਾ ਹੈ ਪਰ ਜਿਸ ਭਾਂਤ ਦੀ ਰਾਜਨੀਤੀ ਨੂੰ ਪੰਜਾਬ ਨੇ ਵਧਣ ਫੁੱਲਣ ਦਿੱਤਾ ਅਤੇ ਆਪਣੇ ਗਲ ਪਾ ਲਿਆ ਹੈ, ਇਹ ਆਪਣੇ ਆਪ ਵਿਚ ਸਭ ਤੋਂ ਵੱਡੀ ਸਮੱਸਿਆ ਬਣ ਗਈ ਹੈ। ਵੋਟਾਂ ਦੀ 'ਮਜਬੂਰੀ' ਕਾਰਨ ਇਹ ਰਾਜਨੀਤੀ ਜਨਤਕ ਪ੍ਰਬੰਧ ਨੂੰ ਸੁਚਾਰੂ ਰੱਖਣ ਵਾਲੇ ਸਾਰੇ ਨਿਯਮਾਂ ਕਾਨੂੰਨਾਂ ਦੀ ਪਾਲਣਾ ਲਈ ਅੜਿੱਕਾ ਬਣਦੀ ਹੈ; ਅੜਿੱਕਾ ਹੀ ਨਹੀਂ ਬਣਦੀ ਸਗੋਂ ਕਾਨੂੰਨ ਲਾਗੂ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਆਪਣੇ ਅਧੀਨ ਕਰਨ ਵਿਚ ਲੱਗੀ ਰਹਿੰਦੀ ਹੈ। ਪੁਲਿਸ ਪ੍ਰਬੰਧ ਵਿਚ ਦਖਲ ਦੇ ਕੇ ਉਸ ਦਾ ਅਪਰਾਧੀਕਰਨ ਕਰਦੀ ਹੈ। ਅਧੀਨ ਕਰਨ ਦੀ ਪ੍ਰਕਿਰਿਆ ਨੂੰ ਜ਼ੋਰ-ਸ਼ੋਰ ਅਤੇ ਅਸਰਦਾਰ ਢੰਗ ਨਾਲ ਚਲਾਉਣ ਲਈ ਸਿਆਸਤਦਾਨਾਂ ਨੂੰ ਆਪਣੇ ਟੱਬਰ ਨਾਲ ਲਾਉਣੇ ਪੈਂਦੇ ਹਨ। ਨਤੀਜੇ ਵਜੋਂ ਸਿਆਸਤ ਵਿਚ ਦੇਸ਼ ਪਿਆਰ ਜਾਂ ਲੋਕ ਭਲਾਈ ਦੀ ਜਗ੍ਹਾ ਪਰਿਵਾਰਵਾਦ ਦਾ ਬੋਲਬਾਲਾ ਹੋ ਗਿਆ ਹੈ।

ਦੂਸਰੀ ਗੱਲ, ਜਿਸ ਮੁਲਕ ਜਾਂ ਸੂਬੇ ਵਿਚ ਐਡਮਨਿਸਟ੍ਰੇਟਰ ਦਾ ਰੁਤਬਾ, ਰੋਹਬ ਜਾਂ ਦਬਦਬਾ ਕਿਸੇ ਵਿਗਿਆਨੀ, ਯੋਜਨਾਕਾਰ, ਆਰਥਿਕ ਮਾਹਿਰ, ਸਿੱਖਿਆ ਸ਼ਾਸਤਰੀ, ਤਕਨੀਕੀ ਮਾਹਿਰ ਜਾਂ ਹੋਰ ਹੁਨਰਮੰਦਾਂ ਨਾਲੋਂ ਵਧੇਰੇ ਹੋਵੇਗਾ, ਉਹ ਸਾਡੇ ਮੁਲਕ ਜਾਂ ਸੂਬੇ ਵਰਗੀ 'ਤਰੱਕੀ' ਹੀ ਕਰੇਗਾ। ਅਸੀਂ ਪਬਲਿਕ ਸਰਵੈਂਟਸ ਨੂੰ ਲੋਕਾਂ ਦੇ ਸੇਵਾਦਾਰ ਦੀ ਬਜਾਇ ਮਾਲਕ ਜਾਂ ਹਾਕਮ ਹੋਣ ਜਾਂ ਮਹਿਸੂਸ ਕਰਨ ਦਾ ਅਧਿਕਾਰ ਦਿੱਤਾ ਹੈ। ਨੌਕਰਸ਼ਾਹੀ ਕਿਸੇ ਵੀ ਖੇਤਰ ਦੀ ਮਾਹਿਰ ਨਾ ਹੋਣ ਦੇ ਬਾਵਜੂਦ ਇਹ ਸਭ ਮਾਹਿਰਾਂ ਦੇ ਸਿਰ 'ਤੇ ਬੈਠਦੀ ਹੈ। ਆਪਣੀ ਚਮਕ-ਦਮਕ ਅਤੇ ਰਾਜ ਸ਼ਕਤੀ ਕਾਰਨ ਇਹ ਹਰ ਤਰ੍ਹਾਂ ਦੀਆਂ ਸਰਕਾਰੀ ਕੁਰਸੀਆਂ 'ਤੇ ਬੈਠੇ ਹੋਰ ਲੋਕਾਂ ਲਈ ਰੋਲ ਮਾਡਲ ਬਣਦੀ ਹੈ। ਨੌਕਰਸ਼ਾਹੀ ਦਾ ਮਤਲਬ ਤਾਂ ਮੁਣਸ਼ੀਗੀਰੀ ਸੀ ਪਰ ਸਰਕਾਰੀ ਮੁਣਸ਼ੀਆਂ ਦਾ ਰੋਹਬ-ਦਾਬ ਅਤੇ ਪ੍ਰਭਾਵ ਦੇਖ ਕੇ ਰੀਸੋ-ਰੀਸੀ ਸਰਕਾਰੀ ਡਾਕਟਰਾਂ ਨੂੰ ਮੈਡੀਕਲ ਅਫਸਰ ਹੋਣਾ ਚੰਗਾ ਲੱਗਾ। ਖੇਤੀ ਵਿਗਿਆਨੀ ਖੇਤੀਬਾੜੀ ਅਫਸਰ ਹੋ ਗਏ ਤੇ ਸਿੱਖਿਆ ਸ਼ਾਸਤਰੀ ਸਿੱਖਿਆ ਅਫਸਰ ਅਖਵਾਉਣ ਲੱਗੇ। ਇਸੇ ਤਰ੍ਹਾਂ ਇੰਜਨੀਅਰਿੰਗ ਅਤੇ ਵਿਕਾਸ ਨਾਲ ਸੰਬੰਧਿਤ ਹੋਰ ਸਿਰਜਣਾਤਮਕ ਖੇਤਰਾਂ ਦਾ ਗੌਰਵ ਮੁਣਸ਼ੀਪੁਣੇ ਦੇ ਤਹਿਤ ਹੈ। ਨੌਕਰਸ਼ਾਹੀ ਨੇ ਇਕ ਜਮਾਤ ਨਾ ਰਹਿ ਕੇ ਸਮੁੱਚੇ ਸਰਕਾਰੀ ਤੰਤਰ ਵਿਚ ਫੈਲੇ ਭਿਆਨਕ ਕੋਹੜ ਦਾ ਰੂਪ ਧਾਰ ਲਿਆ ਹੈ।

ਅੱਜ ਕੱਲ੍ਹ ਰਾਜ ਨੇਤਾਵਾਂ ਵਲੋਂ ਜਨਤਕ ਧਨ ਹੜੱਪਣ ਦੇ ਸਕੈਂਡਲ ਲੱਖਾਂ ਨੂੰ ਟੱਪ ਕੇ ਕਰੋੜਾਂ, ਕਰੋੜਾਂ ਤੋਂ ਅਰਬਾਂ ਅਤੇ ਹੁਣ ਖਰਬਾਂ ਨੂੰ ਛੂਹਣ ਲੱਗੇ ਹਨ ਪਰ ਨੌਕਰਸ਼ਾਹੀ ਦੀ ਅਜੇ 'ਢਕੀ ਰਿੱਝ' ਰਹੀ ਹੈ ਕਿਉਂਕਿ ਇਸ ਦੀ ਵਿਰੋਧੀ ਧਿਰ ਅਜੇ ਪੈਦਾ ਨਹੀਂ ਹੋਈ।

ਭੁੱਲਾਂ ਚੁੱਕਾਂ ਦੀ ਖਿਮਾਂ।

# ਮਨੁੱਖੀ ਜੀਵਨ ਦਾ ਸਫ਼ਰਨਾਮਾ ਪਰਮਜੀਤ ਕੌਰ ਸਰਹਿੰਦ

## ਕਲਮਾਂ ਵਾਲੀਆਂ

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਤੇਰ੍ਹਵੇਂ ਪੂਰ ਵਿਚ ਉੱਘੀ ਲੇਖਕ ਪਰਮਜੀਤ ਕੌਰ ਸਰਹਿੰਦ ਬਾਰੇ ਗੱਲਾਂ ਹਨ।***



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਮਨੁੱਖਜਾਤੀ ਤੇਜ਼-ਤਿੱਖੀਆਂ ਤਬਦੀਲੀਆਂ ਵਿਚੋਂ ਲੰਘ ਰਹੀ ਹੈ। ਜਿੰਨਾ ਕੁਝ ਪਿਛਲੀ ਇਕ ਸਦੀ ਵਿਚ ਬਦਲਿਆ ਹੈ, ਉਹ ਉਸ ਤੋਂ ਪਹਿਲਾਂ ਦੇ ਸਹਿਸਰਕਾਲ ਵਿਚ ਵੀ ਨਹੀਂ ਸੀ ਬਦਲਿਆ। ਅਸੀਂ, ਆਜ਼ਾਦੀ ਤੋਂ ਪਹਿਲਾਂ ਜੰਮੇ ਹੋਏ ਲੋਕ ਜਦੋਂ ਆਪਣੇ ਬੱਚਪਨ ਦੀਆਂ ਗੱਲਾਂ ਅੱਜ ਦੇ ਬੱਚਿਆਂ ਨੂੰ ਸੁਣਾਉਂਦੇ ਹਾਂ, ਉਨ੍ਹਾਂ ਨੂੰ ਉਹੋ ਅਚੰਭਾ ਹੁੰਦਾ ਹੈ ਜੋ ਸਾਨੂੰ ਸ਼ੁਰੂਆਤੀ ਮੱਧ-ਕਾਲ ਦੇ ਮਨੁੱਖੀ ਜੀਵਨ ਬਾਰੇ ਪੜ੍ਹ ਕੇ ਹੁੰਦਾ ਸੀ। ਜੇ ਇਸ ਤੋਂ ਵੀ ਨੇੜੇ ਆਈਏ, ਪਿਛਲੇ ਤਿੰਨ ਦਹਾਕਿਆਂ ਵਿਚ ਕੰਪਿਊਟਰ, ਇੰਟਰਨੈੱਟ ਤੇ ਮੋਬਾਈਲ ਫੋਨ ਦੇ ਪਸਾਰ ਨੇ ਤਾਂ ਦੁਨੀਆ ਦਾ ਹੁਲੀਆ ਹੀ ਬਦਲ ਕੇ ਰੱਖ ਦਿੱਤਾ ਹੈ। ਖੋਜ-ਆਧਾਰਿਤ ਵਿਗਿਆਨ ਤੇ ਤਕਨਾਲੋਜੀ ਦਾ ਏਨੀ ਲਗਾਤਾਰਤਾ ਨਾਲ ਵਿਕਾਸ ਹੋ ਰਿਹਾ ਹੈ ਕਿ ਉਨ੍ਹਾਂ ਦਾ ਜੋ ਸਰੂਪ ਕੱਲ੍ਹ ਸੀ, ਉਹ ਅੱਜ ਨਹੀਂ ਤੇ ਜੋ ਅੱਜ ਹੈ, ਉਹ ਭਲਕੇ ਨਹੀਂ ਹੋਵੇਗਾ। ਵੈਸੇ ਤਾਂ ਲਗਭਗ ਹਰ ਚੀਜ਼ ਦੇ ਚੰਗੇ-ਮਾੜੇ ਪੱਖ ਹੋ ਸਕਦੇ ਹਨ, ਪਰ ਇਹ ਅਜਿਹੀ ਤਬਦੀਲੀ ਹੈ ਜੋ ਮਨੁੱਖ ਨੂੰ ਜਿੰਨਾ ਉਭਾਰ ਰਹੀ ਹੈ, ਓਨਾ ਹੀ ਨਿਘਾਰ ਵੀ ਰਹੀ ਹੈ। ਇਕੋ ਸਮੇਂ ਅੱਗੇ ਨੂੰ ਵਧ ਰਹੇ ਤੇ ਪਿੱਛੇ ਨੂੰ ਤਿਲ੍ਹਕ ਰਹੇ ਮਨੁੱਖ ਦੀ ਮਨੁੱਖਤਾ ਖੰਡ-ਖੰਡ ਹੋ ਰਹੀ ਹੈ।

ਵਿਗਿਆਨਕ-ਤਕਨਾਲੋਜੀਕਲ ਤਬਦੀਲੀਆਂ ਦਾ ਨਤੀਜਾ ਸਮਾਜਕ-ਆਰਥਕ ਤਬਦੀਲੀਆਂ ਦੇ ਰੂਪ ਵਿਚ ਨਿਕਲਣਾ ਸੁਭਾਵਿਕ ਸੀ। ਸਮਾਜਕ-ਆਰਥਕ ਤਬਦੀਲੀਆਂ ਆਈਆਂ ਤਾਂ ਮਨੁੱਖ ਦਾ ਰਹਿਣ-ਸਹਿਣ, ਰਿਸ਼ਤੇ-ਨਾਤੇ, ਰਸਮ-ਰਿਵਾਜ, ਗੱਲ ਕੀ ਸਮੁੱਚਾ ਸਭਿਆਚਾਰ, ਸਭ ਕੁਝ ਹੋਰ ਦਾ ਹੋਰ ਹੋ ਗਿਆ। ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਮਨੁੱਖੀ ਇਤਿਹਾਸ ਵਿਚ ਸਭਿਆਚਾਰ ਵੀ ਹੋਰ ਸਭ ਕੁਝ ਵਾਂਗ ਲਗਾਤਾਰ ਬਦਲਦਾ ਆਇਆ ਹੈ ਪਰ ਉਹ ਤਬਦੀਲੀ ਸਹਿਜ-ਸੁਭਾਵਿਕ ਹੁੰਦੀ ਸੀ। ਵੇਲ਼ਾ ਵਿਹਾ ਚੁੱਕੀਆਂ ਜਾਂ ਗਿਆਨ ਦੇ ਚਾਨਣ ਵਿਚ ਅੰਧ-ਵਿਸ਼ਵਾਸ ਦਿੱਸਣ ਲੱਗੀਆਂ ਗੱਲਾਂ ਛੱਡੀਆਂ ਜਾਂਦੀਆਂ ਜਾਂ ਛੁਟਦੀਆਂ ਰਹੀਆਂ ਤੇ ਕਈ ਸੂਰਤਾਂ ਵਿਚ ਨਵੇਂ ਰਵੀਰੇ ਪ੍ਰਚਲਿਤ ਹੁੰਦੇ ਰਹੇ। ਇਸ ਨਜ਼ਰੀਏ ਤੋਂ ਸਭਿਆਚਾਰ ਦੀ ਤੁਲਨਾ, ਭਾਸ਼ਾ ਵਾਂਗ, ਸਰੋਵਰ ਨਾਲ ਕੀਤੀ ਜਾ ਸਕਦੀ ਸੀ ਜਿਸ ਵਿਚ ਆਮ ਅਸ਼ਨਾਨੀਏ ਨੂੰ ਪਤਾ ਲੱਗੇ ਬਿਨਾ ਪੁਰਾਣਾ ਪਾਣੀ ਲਗਾਤਾਰ ਨਿਕਲਦਾ ਰਹਿੰਦਾ ਹੈ ਤੇ ਨਵਾਂ ਪੈਂਦਾ ਰਹਿੰਦਾ ਹੈ। ਪਰ ਸਮਾਜ ਦੀ ਹੁਣ ਵਾਲ਼ੀ ਤਬਦੀਲੀ ਅਜਿਹੀ ਸਹਿਜ ਨਹੀਂ। ਇਸ ਤਬਦੀਲੀ ਦੀ ਤੁਲਨਾ ਕਾਰ-ਸੇਵਾ ਨਾਲ ਕੀਤੀ ਜਾ ਸਕਦੀ ਹੈ ਜਦੋਂ ਇਕੋ ਹੱਲੇ ਤੇ ਹੀਲੇ ਨਾਲ ਪੂਰੇ ਦਾ ਪੂਰਾ ਪਾਣੀ ਬਦਲ ਜਾਂਦਾ ਹੈ।

ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਅੱਜ ਜੋ ਰਸਮਾਂ-ਰੀਤਾਂ ਸਾਨੂੰ ਅੰਧ-ਵਿਸ਼ਵਾਸ ਜਾਂ ਹਾਸੋਹੀਣੀਆਂ ਲਗਦੀਆਂ ਹਨ, ਕਿਸੇ ਸਮੇਂ ਉਹ ਅਹਿਮ ਭੂਮਿਕਾ ਨਿਭਾਉਂਦੀਆਂ ਰਹੀਆਂ ਹਨ। ਬਿਚਾਰੇ ਗਿਆਨ-ਵਿਹੂਣੇ, ਕੁਦਰਤ ਦੀਆਂ ਅੱਥਰੀਆਂ ਮੂੰਹਜ਼ੋਰ ਸ਼ਕਤੀਆਂ ਅੱਗੇ ਬੇਵੱਸ ਮਨੁੱਖ ਦਾ ਉਹ ਵੱਡਾ ਧਰਵਾਸ ਹੁੰਦੀਆਂ ਸਨ। ਕਿਸੇ ਖ਼ੁਸ਼ੀ-ਗ਼ਮੀ, ਔਖ-ਸੌਖ ਤੇ ਕੁਦਰਤੀ ਕਰੋਪੀ ਸਮੇਂ ਉਹ ਸੰਬੰਧਿਤ ਰੀਤ ਨਿਭਾ ਕੇ ਨਾਂਹਮੁਖ ਸੰਭਾਵਨਾਵਾਂ ਵੱਲੋਂ ਬੇਫ਼ਿਕਰ ਹੋ ਜਾਂਦਾ ਸੀ। ਉਹ ਸਮਝਦਾ ਸੀ, ਮੈਂ ਨਿਸਚਤ ਨੇਮਾਂ ਅਨੁਸਾਰ ਵਿਧੀ-ਵਿਧਾਨ ਨੇਪਰੇ ਚਾੜ੍ਹ ਦਿੱਤਾ ਹੈ, ਹੁਣ ਮੈਨੂੰ ਕੋਈ ਭੈ ਨਹੀਂ! ਜੇ ਅਸੀਂ ਇਨ੍ਹਾਂ ਰਸਮਾਂ-ਰੀਤਾਂ ਨੂੰ ਸਤਹੀ, ਤਰਦੀ-ਤਰਦੀ ਨਜ਼ਰ ਨਾਲ ਨਹੀਂ, ਸਗੋਂ ਇਸ ਪੁਸਤਕ ਵਾਂਗ ਡੂੰਘੀ ਤੇ ਗੰਭੀਰ ਝਾਤ ਨਾਲ ਦੇਖੀਏ, ਅੱਜ ਸਾਨੂੰ ਅੰਧ-ਵਿਸ਼ਵਾਸ ਲਗਦੀਆਂ ਹੋਣ ਦੇ ਬਾਵਜੂਦ ਉਨ੍ਹਾਂ ਦਾ ਇਤਿਹਾਸਕ ਮਨੁੱਖੀ ਮਹੱਤਵ ਝੱਟ ਉਜਾਗਰ ਹੋ ਜਾਵੇਗਾ।

ਨਿਰੰਤਰ ਤਬਦੀਲੀ ਦੇ ਕੁਦਰਤੀ ਨੇਮ ਅਨੁਸਾਰ ਰਹੁ-ਰੀਤਾਂ ਕਈ ਰਾਹਾਂ ਉੱਤੇ ਤੁਰਦੀਆਂ ਹਨ। ਕੁਝ ਗਈਆਂ-ਗੁਜ਼ਰੀਆਂ ਹੋ ਕੇ ਮਰ-ਮੁੱਕ ਜਾਂਦੀਆਂ ਹਨ। ਮਿਸਾਲ ਵਜੋਂ ਮੇਰੇ ਬਚਪਨ ਵਿਚ ਸਾਡੇ ਇਲਾਕੇ ਵਿਚ ਲਗਭਗ ਹਰ ਘਰ ਦੇ ਖੇਤ ਦੇ ਕਿਸੇ ਬਿਰਛ ਹੇਠ ਕਿਸੇ ਔਂਤ ਮਰੇ ਚਾਚੇ-ਤਾਏ, ਬਾਬੇ-ਪੜਬਾਬੇ ਦੀ ਚਾਰ ਪੱਕੀਆਂ ਇੱਟਾਂ ਰੱਖ ਕੇ ਬਣਾਈ ਹੋਈ ਬਿਲਕੁਲ ਸਾਧਾਰਨ ਜਿਹੀ ਮਟੀ (ਮੜ੍ਹੀ) ਹੁੰਦੀ ਸੀ ਜਿਸ ਨੂੰ ਤਿੱਥ-ਤਿਹਾਰਾਂ ਨੂੰ ਪੋਚਾ ਫੇਰ ਕੇ ਤੇ ਦੀਵਾ ਬਾਲ਼ ਕੇ ਉਚੇਚਾ ਪੂਜਿਆ ਜਾਂਦਾ ਸੀ। ਮੰਤਵ ਇਹ ਸੀ ਕਿ ਉਹ ਬੇਔਲਾਦੇ ਔਂਤ ਇਸ ਚਾਪਲੂਸੀ ਨਾਲ ਖ਼ੁਸ਼ ਤੇ ਸੰਤੁਸ਼ਟ ਹੋ ਕੇ ਪਿੱਛੇ ਘਰ-ਜ਼ਮੀਨ ਦੇ ਮਾਲਕ ਬਣ ਬੈਠੇ ਇਨ੍ਹਾਂ ਪਰਿਵਾਰਾਂ ਨੂੰ ਤੰਗ ਨਾ ਕਰਨ। ਸਮਾਜਕ ਜਾਗਰਤੀ ਨਾਲ, ਕਿਸੇ ਵੀ ਲਹਿਰ, ਅੰਦੋਲਨ ਜਾਂ ਪਰਚਾਰ ਤੋਂ ਬਿਨਾ, ਹੁਣ ਉਨ੍ਹਾਂ ਦਾ ਕਿਤੇ ਕੋਈ ਨਾਂ-ਨਿਸ਼ਾਨ ਤੱਕ ਬਾਕੀ ਨਹੀਂ ਰਿਹਾ।

ਰੂਪ-ਬਦਲੀ ਦੀ ਮਿਸਾਲ ਖ਼ੁਦ ਵਿਆਹ ਤੋਂ ਮਿਲ ਜਾਂਦੀ ਹੈ। ਘਰ ਦੇ ਵਿਹੜੇ ਦਾ ਸਥਾਨ ਮੈਰਿਜ ਪੈਲੇਸ ਨੇ, ਕੋਰਿਆਂ ਦਾ ਸਥਾਨ ਮੇਜ਼-ਕੁਰਸੀਆਂ ਨੇ ਤੇ ਕੁੜੀਆਂ ਦੇ ਕੋਇਲ-ਮਿੱਠੇ ਗੀਤਾਂ ਦਾ ਸਥਾਨ ਉੱਚੇ, ਬੇਸੁਰੇ, ਧਮੱਚੜੀ ਕਥਿਤ ਸੰਗੀਤ ਨੇ ਲੈ ਲਿਆ ਹੈ। ਇਸੇ ਤਰ੍ਹਾਂ ਰੀਤਾਂ ਦੇ ਉਦੇਸ਼ ਵੀ ਬਦਲ ਜਾਂਦੇ ਹਨ। ਲਾੜੇ ਨਾਲ ਜੰਨ ਦਾ ਰਵੀਰਾ ਪੈਦਲ ਜਾਂ ਊਠ-ਘੋੜਿਆਂ ਵਾਲ਼ੀ ਯਾਤਰਾ ਦੇ ਪੁਰਾਣੇ ਸਮੇਂ ਦੀਆਂ ਲੁੱਟਾਂ-ਖੋਹਾਂ ਤੋਂ ਬਚਾਅ ਦੇ ਮੰਤਵ ਨਾਲ ਸ਼ੁਰੂ ਹੋਇਆ ਸੀ। ਹੁਣ ਜੰਨ ਨਿਰੋਲ ਸ਼ਾਨ-ਸ਼ੌਕਤ ਦਾ ਚਿੰਨ੍ਹ ਬਣ ਕੇ ਰਹਿ ਗਈ ਹੈ।

ਇਕ ਗੱਲ ਹੋਰ, ਇਹ ਸਭਿਆਚਾਰਕ ਵਰਤਾਰਾ ਸਾਡੇ ਪੰਜਾਬੀ ਜਾਂ ਭਾਰਤੀ ਸਮਾਜ ਦੀ ਹੀ ਵਿਸ਼ੇਸ਼ਤਾ ਨਹੀਂ, ਇਹ ਹਰ ਮਨੁੱਖੀ ਸਮਾਜ ਦੀ ਕਹਾਣੀ ਹੈ। ਇਕ ਵਾਰ ਜਦੋਂ ਅਸੀਂ ਅਮਰੀਕਾ ਗਏ, ਸਾਨੂੰ ਬੜਾ ਅਨੋਖਾ ਤੇ ਦਿਲਚਸਪ ਤਜਰਬਾ ਹੋਇਆ। ਅਸੀਂ ਸਾਨ ਫ਼ਰਾਂਸਿਸਕੋ ਦੇ ਇਲਾਕੇ ਦੇ ਨਗਰ ਸੈਨ ਹੋਜ਼ੇ ਦਾ ਕੁਇਲਟ ਮਿਊਜ਼ੀਅਮ ਦੇਖਣ ਗਏ। ਕੁਇਲਟ ਆਮ ਕਰ ਕੇ ਰਜਾਈ ਨੂੰ ਕਿਹਾ ਜਾਂਦਾ ਹੈ ਪਰ ਇਹ ਵੱਖ-ਵੱਖ ਰੰਗਾਂ, ਰੂਪਾਂ ਤੇ ਬਣਤਰਾਂ ਦੇ ਕੱਪੜਿਆਂ ਦੇ ਲੋੜ ਅਨੁਸਾਰ ਕੱਟੇ ਹੋਏ ਟੁਕੜਿਆਂ ਨੂੰ ਵਿਉਂਤ-ਜੋੜ ਕੇ ਸਿਰਜੇ ਗਏ ਚਿੱਤਰ ਸਨ। ਇਹ ਤੂਲਿਕਾ ਤੇ ਰੰਗਾਂ ਵਾਲ਼ੇ ਚਿਤਰਾਂ ਵਾਂਗ ਹੀ ਕਲਾਤਮਿਕ ਸਨ ਤੇ ਉਨ੍ਹਾਂ ਵਾਂਗ ਹੀ ਦਸ-ਹਜ਼ਾਰਾਂ ਡਾਲਰਾਂ ਦੇ ਮਹਿੰਗੇ ਮੁੱਲ ਦੇ ਸਨ।

ਖ਼ੈਰ, ਅਸੀਂ ਰਿਸੈਪਸ਼ਨ ਦੇ ਸੱਜੇ ਹੱਥ ਬਣੇ ਕਾਊਂਟਰ ਤੋਂ ਟਿਕਟਾਂ ਲੈ ਕੇ ਖੱਬੇ ਹੱਥ ਮਿਊਜ਼ੀਅਮ ਵਿਚ ਜਾਣ ਲੱਗੇ ਤਾਂ ਦੇਖਿਆ, ਸਾਹਮਣੀ ਕੰਧ ਨਾਲ ਦੁੱਧ-ਚਿੱਟੇ ਕੱਪੜਿਆਂ ਨਾਲ ਢਕਿਆ ਹੋਇਆ ਤੇ ਫੁੱਲਾਂ-ਪੱਤੀਆਂ ਨਾਲ ਸਜਾਇਆ ਹੋਇਆ ਇਕ ਪੌੜੀਦਾਰ ਸਟੈਂਡ ਸੀ। ਉਸ ਸਟੈਂਡ ਉੱਤੇ ਇਸਤ੍ਰੀਆਂ ਤੇ ਪੁਰਸ਼ਾਂ ਦੀਆਂ ਛੋਟੀਆਂ-ਵੱਡੀਆਂ ਫ਼ਰੇਮੀ ਤਸਵੀਰਾਂ ਸਨ, ਧੂਫ਼, ਮੋਮਬੱਤੀਆਂ, ਕੱਚੇ ਦਾਲ-ਅਨਾਜ, ਭਾਂਤ-ਭਾਂਤ ਦੇ ਫਲ, ਦੇਸੀ ਸ਼ਰਾਬ, ਕੇਕ-ਪੇਸਟਰੀਆਂ, ਚਾਕਲੇਟ, ਖੰਡ ਦੇ ਖਿਡੌਣੇ, ਆਦਿ ਸਨ ਤੇ ਖੰਡ ਦੀਆਂ ਬਣੀਆਂ ਹੋਈਆਂ ਛੋਟੀਆਂ-ਛੋਟੀਆਂ ਮਨੁੱਖੀ ਖੋਪੜੀਆਂ ਸਨ। ਉਤਸੁਕਤਾ-ਵੱਸ ਸਾਨੂੰ ਉਥੇ ਜਾ ਖਲੋਤੇ ਦੇਖ ਰਿਸੈਪਸ਼ਨਿਸਟ ਆਈ ਤੇ ਬੋਲੀ, "ਅੱਜ ਤੋਂ ਚੌਥਾ ਤੇ ਪੰਜਵਾਂ, ਦੋ ਦਿਨ ਅਸੀਂ ਮੈਕਸੀਕਨ ਲੋਕ ਆਪਣੇ ਗੁਜ਼ਰ ਚੁੱਕੇ ਸਕੇ-ਸੰਬੰਧੀਆਂ ਦੀ ਯਾਦ ਵਿਚ 'ਮੋਇਆਂ ਦੇ ਦਿਵਸ' ਵਜੋਂ ਮਨਾਉਂਦੇ ਹਾਂ। ਇਹ ਉਹਦੀ ਤਿਆਰੀ ਹੈ। ਇਹ ਦੋ ਦਿਨ ਉਨ੍ਹਾਂ ਨੂੰ ਪਰਲੋਕ ਤੋਂ ਸਕੇ-ਸੰਬੰਧੀਆਂ ਤੇ ਮਿੱਤਰ-ਪਿਆਰਿਆਂ ਕੋਲ ਮਾਤਲੋਕ ਆਉਣ ਦੀ ਰੱਬੀ ਆਗਿਆ ਮਿਲਦੀ ਹੈ।"



ਮੈਂ ਉਹਨੂੰ ਕੁਝ ਫ਼ਰਕਾਂ ਨਾਲ ਵੱਡੀ ਹੱਦ ਤੱਕ ਇਸ ਰਸਮ ਨਾਲ ਮੇਲ ਖਾਂਦੇ ਸਾਡੇ ਸ਼ਰਾਧਾਂ ਬਾਰੇ ਦੱਸਿਆ ਤਾਂ ਸਾਡੀ ਗਹਿਰ-ਗੰਭੀਰ ਸਭਿਆਚਾਰਕ ਚਰਚਾ ਸੁਭਾਵਿਕ ਸੀ। ਉਸ ਵਿਚ ਘਰ-ਪਰਿਵਾਰਾਂ ਦੀ ਰਹਿਤਲ ਤੇ ਸੁਭਾਅ, ਰੰਗ-ਰੂਪ ਤੇ ਨੈਣ-ਨਕਸ਼, ਚੁੱਲ੍ਹਾ-ਪਰਾਂਤ ਤੇ ਰੋਟੀ-ਦਾਲ਼, ਕਿਸਾਨੀ ਕੰਮ ਤੇ ਭਾਰਤ ਦੀ ਬਾਹਰੋਂ ਅੰਨ ਮੰਗਣ ਦੀ ਮੁਥਾਜੀ ਖ਼ਤਮ ਕਰਨ ਵਾਲ਼ਾ ਪੰਜਾਬੀ ਕਿਸਾਨਾਂ ਦੇ ਹੱਥ ਲੱਗਿਆ ਮੈਕਸੀਕਨ ਬੀ, ਆਦਿ ਬਹੁਤ ਕੁਝ ਆ ਰਲ਼ਿਆ। ਦੋਵਾਂ ਧਿਰਾਂ ਦਾ ਹੈਰਾਨ ਹੋਣਾ ਕੁਦਰਤੀ ਸੀ। ਅੰਤ ਵਿਚ ਮੈਂ ਰਿਸ਼ਤਾ ਗੰਢਿਆ, "ਕੀ ਪਤਾ, ਅਸੀਂ ਪੰਜਾਬੀ ਇੰਡੀਅਨ ਤੇ ਤੁਸੀਂ ਮੈਕਸੀਕਨ ਇਕੋ ਬਿਰਛ ਦੀਆਂ ਦੋ ਡਾਹਣੀਆਂ ਹੋਈਏ!" ਉਹ ਇਕਦਮ ਸਹਿਮਤ ਹੋ ਗਈ, "ਜ਼ਰੂਰ ਹੋਵਾਂਗੇ! ਠੀਕ ਕਹਿੰਦੇ ਹੋ, ਇਕੋ ਬਿਰਛ ਦੀਆਂ ਡਾਹਣੀਆਂ ਹੀ ਹੋਵਾਂਗੇ!"

ਇਸੇ ਤਰ੍ਹਾਂ ਅਮਰੀਕੀ ਆਦਿਵਾਸੀਆਂ ਦੇ ਇਤਿਹਾਸ ਤੇ ਜੀਵਨ ਬਾਰੇ ਜਾਣਨ ਦੀ ਇੱਛਾ ਨਾਲ ਜਦੋਂ ਮੈਂ ਉਨ੍ਹਾਂ ਦੇ ਲੋਕ-ਸਾਹਿਤ ਦੇ ਨੇੜੇ ਹੋਇਆ, ਕਈ ਲੋਕ-ਕਹਾਣੀਆਂ ਅਜਿਹੀਆਂ ਮਿਲੀਆਂ ਜੋ ਸਾਡੇ ਬਜ਼ੁਰਗਾਂ ਵੱਲੋਂ ਸਾਨੂੰ ਸੁਣਾਈਆਂ ਜਾਂਦੀਆਂ ਬਾਤਾਂ ਨਾਲ ਬਹੁਤ ਮੇਲ ਖਾਂਦੀਆਂ ਸਨ।

ਉਪਰੋਕਤ ਦੋਵਾਂ ਸੂਰਤਾਂ ਵਿਚ ਮੈਨੂੰ ਉਹ ਕਹਾਵਤ ਚੇਤੇ ਆਈ ਕਿ ਮਨੁੱਖ ਕਿਸੇ ਵੀ ਦੇਸ ਦਾ ਤੇ ਕਿਸੇ ਵੀ ਕਾਲ਼ ਦਾ ਹੋਵੇ, ਮਨੁੱਖ ਤਾਂ ਮਨੁੱਖ ਹੀ ਹੁੰਦਾ ਹੈ! ਮੇਰਾ ਭਾਵ ਹੈ, ਸਾਨੂੰ ਆਪਣੇ ਸਭਿਆਚਾਰਕ ਅਤੀਤ ਦੀ ਲਿਖਤੀ ਸੰਭਾਲ ਸਿਰਫ਼ ਆਪਣੇ ਲਈ ਤੇ ਆਪਣੇ ਕਾਰਨ ਹੀ ਨਹੀਂ, ਸਗੋਂ ਸਮੁੱਚੀ ਮਨੁੱਖਜਾਤੀ ਦੇ ਅੰਗ ਹੋਣ ਸਦਕਾ ਕੌਮਾਂਤਰੀ ਸਭਿਆਚਾਰਕ ਇਤਿਹਾਸ ਦੇ ਇਕ ਅਹਿਮ ਕਾਂਡ ਵਜੋਂ ਵੀ ਕਰਨੀ ਚਾਹੀਦੀ ਹੈ।

ਇਸ ਕਰਕੇ ਸਾਡੇ ਲਈ, ਸ਼ਬਦ ਨਾਲ ਸੰਬੰਧਿਤ ਲੋਕਾਂ ਲਈ, ਸਾਹਿਤ ਤੇ ਸਭਿਆਚਾਰ ਦੇ ਇਤਿਹਾਸਕਾਰਾਂ ਦੀ ਭੂਮਿਕਾ ਨਿਭਾਉਂਦਿਆਂ, ਮਹੱਤਵ ਇਸ ਗੱਲ ਦਾ ਹੈ ਕਿ ਸਭਿਆਚਾਰਕ ਵਿਰਸੇ ਦਾ ਜੋ ਕੁਝ ਪਿੱਛੇ ਰਹਿ ਗਿਆ ਹੈ ਜਾਂ ਮਰ-ਮੁੱਕ ਗਿਆ ਹੈ, ਉਹ ਇਤਿਹਾਸ ਦੇ ਪੰਨਿਆਂ ਉੱਤੇ ਦਰਜ ਹੋ ਕੇ ਹਰ ਹਾਲਤ ਜੀਵਤ ਰਹੇ। ਤਦ ਹੀ ਤਾਂ ਇਹ ਸੰਭਵ ਹੋਵੇਗਾ ਕਿ ਅਗਲੀਆਂ ਪੀੜ੍ਹੀਆਂ ਇਹ ਜਾਣ ਸਕਣ ਕਿ ਉਨ੍ਹਾਂ ਦਾ ਸਮਾਜ ਕਿਨ੍ਹਾਂ ਸਭਿਆਚਾਰਕ ਵਿੰਗ-ਵਲੇਵਿਆਂ ਵਿਚੋਂ ਦੀ ਯਾਤਰਾ ਕਰਦਾ ਹੋਇਆ ਅੱਜ ਵਾਲ਼ੇ ਰੰਗ-ਰੂਪ ਤੇ ਨਕਸ਼-ਨੁਹਾਰ ਨਾਲ ਉਨ੍ਹਾਂ ਦੇ ਸਾਹਮਣੇ ਹੈ। ਸਮੇਂ ਨਾਲ ਮਹੱਤਵਹੀਣ ਹੋ ਕੇ ਛੁੱਟ ਚੁੱਕੇ ਤੱਥਾਂ ਦਾ ਇਤਿਹਾਸ ਦੀ ਮਾਲ਼ਾ ਦੇ ਮਣਕਿਆਂ ਵਜੋਂ ਵੱਡਾ ਮਹੱਤਵ ਕਿਸੇ ਵਿਆਖਿਆ ਦਾ ਲੋੜਮੰਦ ਨਹੀਂ।




**ਪਰਮਜੀਤ ਕੌਰ ਸਰਹਿੰਦ ਦੀ ਕਿਤਾਬ 'ਰੂਹ ਦਾ ਰੱਜ' ਦਾ ਮੁਖੜਾ**

ਜੇ ਸਾਂਭ-ਸੰਭਾਈ ਦਾ ਉਪਰਾਲਾ ਨਾ ਕੀਤਾ ਜਾਵੇ ਤਾਂ ਨਿੱਕਲਣ ਵਾਲ਼ੇ ਨਤੀਜੇ ਦੀ ਇਕ ਮਿਸਾਲ ਮੈਂ ਆਪਣੇ ਅਨੁਭਵ ਵਿਚੋਂ ਦੇਣਾ ਵਾਜਬ ਸਮਝਦਾ ਹਾਂ।

ਇਕ ਲੇਖ ਵਾਸਤੇ ਮੈਨੂੰ ਆਪਣੇ ਚੇਤੇ ਵਿਚੋਂ ਵਿੱਸਰ ਚੁੱਕੇ ਉਨ੍ਹਾਂ ਲੋਕਗੀਤਾਂ ਦੀ ਲੋੜ ਪਈ, ਜਿਨ੍ਹਾਂ ਨੂੰ ਗਾ ਕੇ ਕੁੜੀਆਂ ਭੋਜਨ ਛਕਣ ਵਾਸਤੇ ਤਿਆਰ ਜੰਨ ਨੂੰ ਬੰਨ੍ਹ ਕੇ, ਕਿਸੇ ਜਾਨੀ ਵੱਲੋਂ ਉਸੇ ਤਰ੍ਹਾਂ ਜੰਨ ਛੁਡਾਏ ਬਿਨਾਂ, ਬੁਰਕੀ ਤੋੜਨੋਂ ਵਰਜ ਦਿੰਦੀਆਂ ਸਨ। ਮਾਲਵੇ ਤੋਂ ਬਾਹਰੋਂ ਸਭਿਆਚਾਰਕ ਲੇਖਕਾਂ-ਲੇਖਿਕਾਵਾਂ ਨੇ ਦੱਸਿਆ ਕਿ ਇਹ ਰਿਵਾਜ ਉਨ੍ਹਾਂ ਦੇ ਇਲਾਕੇ ਵਿਚ ਹੁੰਦਾ ਹੀ ਨਹੀਂ ਸੀ। ਮਾਲਵੇ ਤੋਂ ਕਈ ਸਭਿਆਚਾਰਕ ਲੇਖਕਾਂ-ਲੇਖਿਕਾਵਾਂ ਨੇ ਮੇਰੀ ਭਾਲ਼ ਵਿਚ ਹੱਥ ਵਟਾਇਆ ਪਰ ਮੇਰੀ ਤਸੱਲੀ ਅਜੇ ਹੋਈ ਨਹੀਂ। ਜੇ ਕਿਸੇ ਮਲਵਈ ਵਿਅਕਤੀ ਜਾਂ ਸੰਸਥਾ ਨੇ ਉਹ ਗੀਤ ਸਾਂਭਣ ਦੀ ਖੇਚਲ ਕੀਤੀ ਹੁੰਦੀ ਤਾਂ ਇਹ ਮੁਸ਼ਕਿਲ ਪੈਦਾ ਨਾ ਹੁੰਦੀ।

ਇਹ ਇਸੇ ਪਰਸੰਗ ਵਿਚ ਹੈ ਕਿ ਪਰਮਜੀਤ ਕੌਰ ਸਰਹਿੰਦ ਦੀ ਪੁਸਤਕ 'ਖ਼ੁਸ਼ੀਆਂ ਤੋਂ ਉਦਾਸੀਆਂ ਤੱਕ' ਦਾ ਮਹੱਤਵ ਸਮਝਿਆ ਜਾ ਸਕਦਾ ਹੈ। ਵੈਸੇ ਇਹ ਉਹਦਾ ਕੋਈ ਪਹਿਲਾ ਉੱਦਮ ਨਹੀਂ। ਇਸ ਤੋਂ ਪਹਿਲਾਂ ਉਹ ਪੰਜ ਪੁਸਤਕਾਂ ਵਿਚ ਸਭਿਆਚਾਰਕ ਤਬਦੀਲੀਆਂ ਦਾ ਖੁਲਾਸਾ ਕਰ ਚੁੱਕੀ ਹੈ। ਉਨ੍ਹਾਂ ਵਿਚ ਸਾਕ-ਸਕੀਰੀਆਂ, ਰਹੁ-ਰੀਤਾਂ, ਤਿੱਥ-ਤਿਹਾਰਾਂ, ਰਸਮਾਂ-ਰਿਵਾਜਾਂ ਦੇ ਅਨੇਕ ਪੱਖਾਂ ਨੂੰ ਬੜੀ ਬਰੀਕ ਨਜ਼ਰ ਨਾਲ ਖੋਜ-ਘੋਖ ਕੇ ਬਿਆਨਿਆ ਗਿਆ ਹੈ। ਇਕ ਹੋਰ ਪੁਸਤਕ 'ਪੰਜਾਬਣਾਂ ਦੇ ਗੀਤ' ਵਿਚ ਉਹਨੇ ਲੋਕ-ਗੀਤ ਸੰਗ੍ਰਹਿਤ ਕੀਤੇ ਹਨ। ਭਾਵੇਂ ਸਾਡੇ ਅੱਜ ਦੇ ਵਿਸ਼ੇ ਨਾਲ ਉਨ੍ਹਾਂ ਦਾ ਸਿੱਧਾ ਨਾਤਾ ਨਹੀਂ ਪਰ ਉਹਦੇ ਇਕ ਯਾਤਰਾਨਾਮੇ, ਇਕ ਗ਼ਜ਼ਲ-ਸੰਗ੍ਰਹਿ ਤੇ ਤਿੰਨ ਕਾਵਿ-ਸੰਗ੍ਰਹਿਆਂ ਦੀ ਰਚਨਾਤਮਿਕ ਉੱਤਮਤਾ ਵੀ ਕਿਸੇ ਗਵਾਹੀ, ਪੁਸ਼ਟੀ ਜਾਂ ਤਾਈਦ ਦੀ ਮੁਥਾਜ ਨਹੀਂ।

ਇਸ ਪੁਸਤਕ ਵਿਚ ਲੇਖਿਕਾ ਨੇ ਮਨੁੱਖ ਦੇ ਜਨਮ ਲੈਣ ਅਤੇ ਛੋਟੀ-ਵੱਡੀ ਉਮਰ ਭੋਗ ਕੇ ਪੱਕੀ ਵਿਦਾਈ ਲੈਣ ਵਿਚਕਾਰਲੇ ਸਫ਼ਰ ਨਾਲ ਸੰਬੰਧਿਤ ਸੰਸਕਾਰਾਂ ਤੇ ਵਿਹਾਰਾਂ ਦਾ ਵਰਨਣ ਕੀਤਾ ਹੈ। ਉਹ ਬੰਦੇ ਦੇ ਜੀਵਨ ਨੂੰ ਠੀਕ ਹੀ ਉਹਦਾ ਅਣਲਿਖਿਆ ਸਫ਼ਰਨਾਮਾ ਆਖਦੀ ਹੈ। ਮਨੁੱਖ ਬਾਲ ਦੇ ਰੂਪ ਵਿਚ ਸੰਸਾਰ ਵਿਚ ਪ੍ਰਵੇਸ਼ ਕਰਦਾ ਹੈ ਤਾਂ ਭਰਪੂਰ ਖ਼ੁਸ਼ੀਆਂ ਦਾ ਵਸੀਲਾ ਬਣ ਕੇ ਆਉਂਦਾ ਹੈ। ਉਹ ਇਸ ਸੰਸਾਰ ਤੋਂ ਜਾਂਦਾ ਹੈ ਤਾਂ ਪਿੱਛੇ ਉਦਾਸੀਆਂ ਛੱਡ ਜਾਂਦਾ ਹੈ। ਪੁਸਤਕ ਵਿਚਲੇ ਫ਼ੈਲਵੇਂ ਬਿਆਨ ਤੋਂ ਪਹਿਲਾਂ ਉਹਦੇ ਨਾਂ 'ਖ਼ੁਸ਼ੀਆਂ ਤੋਂ ਉਦਾਸੀਆਂ ਤੱਕ' ਦੇ ਚਾਰ ਲਫ਼ਜ਼ ਹੀ ਮਨੁੱਖੀ ਸਫ਼ਰਨਾਮੇ ਦਾ ਸਾਰ ਬਾਖ਼ੂਬੀ ਦੱਸ ਦਿੰਦੇ ਹਨ। ਸਾਰੀ ਕਹਾਣੀ ਵਧਾਈਆਂ-ਲੋਰੀਆਂ ਤੋਂ ਤੁਰ ਕੇ ਵੈਣਾਂ-ਕੀਰਨਿਆਂ ਤੱਕ ਪਹੁੰਚ ਕੇ ਮੁੱਕ ਜਾਂਦੀ ਹੈ। ਮਨੁੱਖੀ ਸਫ਼ਰ ਦੀ ਜੇ ਵਧੀਆ ਸਮਾਨਤਾ ਲੱਭਣੀ ਹੋਵੇ, ਉਹ ਨਦੀ ਦੀ ਯਾਤਰਾ ਹੈ ਜੋ ਕਿਸੇ ਪਰਬਤੀ ਤੇੜ ਵਿਚੋਂ ਸਿੰਮੇ ਪਾਣੀ ਤੋਂ ਤੁਰ ਕੇ ਫ਼ੈਲਦੀ, ਵਿਗਸਦੀ, ਕਦੀ ਬਿਖ਼ਮ ਤੇ ਕਦੀ ਸਵਾਹਰੇ ਰਾਹ ਉੱਤੇ ਵਗਦੀ ਆਖ਼ਰ ਸਾਗਰ ਵਿਚ ਲੀਨ ਹੋ ਕੇ ਆਪਣੀ ਹੋਂਦ ਗੁਆ ਬੈਠਦੀ ਹੈ।

ਪੁਸਤਕ ਨੂੰ ਤਿੰਨ ਹਿੱਸਿਆਂ ਵਿਚ ਵੰਡ ਕੇ ਦੇਖਿਆ ਜਾ ਸਕਦਾ ਹੈ। ਸਾਰੇ ਲੇਖ ਜਨਮ, ਵਿਆਹ ਤੇ ਚਲਾਣੇ ਨਾਲ ਸੰਬੰਧਿਤ ਰਸਮਾਂ-ਰੀਤਾਂ ਨੂੰ ਬਿਆਨਦੇ ਹਨ। ਮੈਨੂੰ ਇਕ ਪੇਂਡੂ ਟੋਟਕਾ ਯਾਦ ਆਉਂਦਾ ਹੈ ਜੋ ਇਕੋ ਸਮੇਂ ਹਾਸ-ਵਿਅੰਗ ਵੀ ਹੈ ਤੇ ਗੰਭੀਰ ਸੱਚ ਵੀ। ਕਿਸੇ ਨੂੰ ਅਣਨ੍ਹਾਤਾ ਦੇਖ ਕੇ ਇਕ ਜਣਾ ਕਹਿੰਦਾ, "ਭਲਿਆ-ਮਾਨਸਾ, ਕਦੇ-ਕਦੇ ਨ੍ਹਾ ਵੀ ਲਿਆ ਕਰ!" ਕੋਲ਼ੋਂ ਦੂਜਾ ਆਖਦਾ, "ਇਹਨੇ ਤਾਂ ਬੱਸ ਜ਼ਿੰਦਗੀ ਵਿਚ ਤਿੰਨ ਵਾਰ ਹੀ ਨ੍ਹਾਉਣਾ ਹੈ, ਜੰਮਦੇ ਨੂੰ ਦਾਈ ਨੇ ਨੁਹਾ ਦਿੱਤਾ, ਜੇ ਇਹਦਾ ਵਿਆਹ ਹੋ ਗਿਆ, ਨਾਈ ਨੁਹਾਊ ਤੇ ਅਖ਼ੀਰ ਵੇਲ਼ੇ ਚਾਰ ਭਾਈ ਨੁਹਾਉਣਗੇ!" ਜੇ ਸੋਚ ਕੇ ਦੇਖੀਏ, ਇਹੋ ਜੀਵਨ ਦਾ ਕੌੜਾ-ਮਿੱਠਾ ਸੰਪੂਰਨ ਸੱਚ ਹੈ। ਜੀਵਨ-ਯਾਤਰਾ ਦੇ ਇਹੋ ਤਿੰਨ ਮੌਕੇ ਹੀ ਕਿਸੇ ਮਨੁੱਖ ਦਾ ਪੂਰਾ ਇਤਿਹਾਸ ਹੋ ਨਿੱਬੜਦੇ ਹਨ। ਇਹ ਪੁਸਤਕ ਇਸ ਪੂਰੇ ਮਨੁੱਖੀ ਇਤਿਹਾਸ ਦੀ ਹੀ ਪੇਸ਼ਕਾਰੀ ਹੈ।

# ਧਰਤੀ ਹੇਠਲੇ ਪਾਣੀ ਦੀ ਕਮੀ ਲਈ ਕੌਣ ਜ਼ਿੰਮੇਵਾਰ?


ਪੰਜਾਬ ਵਿਚ ਧਰਤੀ ਹੇਠਲਾ ਪਾਣੀ ਖ਼ਤਮ ਹੋ ਰਿਹਾ ਹੈ। ਇਸ ਦੇ ਕਾਰਨਾਂ ਦੀ ਘੋਖ ਅਤੇ ਪਾਣੀ ਵਿਚ ਵਾਧੇ ਲਈ ਢੰਗ ਤਰੀਕਿਆਂ ਬਾਰੇ ਵਿਚਾਰ ਵਟਾਂਦਰਾ ਕਰਨ ਦੀ ਥਾਂ ਭਾਂਡਾ ਕਿਸਾਨਾਂ ਸਿਰ ਭੰਨਿਆ ਜਾ ਰਿਹਾ ਹੈ। ਕੀ ਪੰਜਾਬ ਵਿਚ ਪਾਣੀ ਦੀ ਹੋ ਰਹੀ ਘਾਟ ਲਈ ਕੇਵਲ ਕਿਸਾਨ ਹੀ ਜ਼ਿੰਮੇਵਾਰ ਹਨ? ਕਿਸਾਨ ਤਾਂ ਅੰਨਦਾਤਾ ਹੈ, ਉਹ ਆਪ ਭਾਵੇਂ ਢਿੱਡੋਂ ਭੁੱਖਾ ਰਹੇ ਪਰ ਲੋਕਾਈ ਦਾ ਢਿੱਡ ਜ਼ਰੂਰ ਭਰਦਾ ਹੈ। ਉਹ ਤਾਂ ਕੁਦਰਤ ਦੇ ਨੇੜੇ ਹੈ, ਪਾਣੀ ਨੂੰ ਦੇਵਤਾ ਮੰਨਦਾ ਹੈ, ਪਾਣੀ ਦੀ ਬਰਬਾਦੀ ਜਾਂ ਇਸ ਨੂੰ ਗੰਧਲਾ ਕਰਨ ਬਾਰੇ ਸੋਚ ਵੀ ਨਹੀਂ ਸਕਦਾ। ਉਸ ਦਾ ਕਿੱਤਾ ਹੀ ਅਜਿਹਾ, ਹੋਰ ਕਿਸੇ ਕਿੱਤੇ ਵਿਚ ਇਤਨੀ ਮਿਹਨਤ ਨਹੀਂ ਕਰਨੀ ਪੈਂਦੀ। ਇਸ ਦੇ ਨਾਲ ਹੀ ਕੁਦਰਤ ਦੀ ਮਾਰ ਵੀ



**ਡਾ. ਰਣਜੀਤ ਸਿੰਘ**
ਫੋਨ: +91-94170-87328

ਉਸੇ ਨੂੰ ਸਭ ਤੋਂ ਵੱਧ ਝੱਲਣੀ ਪੈਂਦੀ ਹੈ। ਕਿਸਾਨ ਪਾਣੀ ਦੀ ਵਰਤੋਂ ਅਨਾਜ ਪੈਦਾ ਕਰਨ ਲਈ ਕਰਦਾ ਹੈ, ਸਾਡੇ ਵਾਂਗ ਉਸ ਦੀ ਬਰਬਾਦੀ ਨਹੀਂ ਕਰਦਾ। ਉਹ ਜਦੋਂ ਖੇਤ ਨੂੰ ਪਾਣੀ ਲਗਾਉਂਦਾ ਹੈ ਤਾਂ ਲਗਭਗ ਅੱਧਾ ਪਾਣੀ ਮੁੜ ਧਰਤੀ ਹੇਠ ਚਲਾ ਜਾਂਦਾ ਹੈ। ਇਕ ਹਿੱਸਾ ਭਾਫ ਬਣ ਕੇ ਉਡਦਾ ਹੈ ਤੇ ਮੁੜ ਸ਼ੁਧ ਹੋ ਕੇ ਮੀਂਹ ਦੇ ਰੂਪ ਵਿਚ ਵਾਪਸ ਧਰਤੀ ਸਿੰਜਦਾ ਹੈ ਤੇ ਬਾਕੀ ਪਾਣੀ ਦਾਣਿਆਂ ਅਤੇ ਨਾੜ ਰਾਹੀਂ ਮਨੁੱਖ ਤੇ ਪਸ਼ੂਆਂ ਕੋਲ ਜਾਂਦਾ ਹੈ।

ਸਾਡੇ ਮਾਹਿਰ ਸਾਰੇ ਫਸਾਦ ਦੀ ਜੜ੍ਹ ਝੋਨੇ ਨੂੰ ਮੰਨਦੇ ਹਨ। ਇੱਥੇ ਇਹ ਦੱਸਣਾ ਵਾਜਿਬ ਹੋਵੇਗਾ ਕਿ ਝੋਨਾ ਪੰਜਾਬ ਦੀ ਰਵਾਇਤੀ ਫ਼ਸਲ ਹੈ। ਚੌਲਾਂ ਦਾ ਗੁਣਗਾਣ ਵੇਦਾਂ ਵਿਚ ਵੀ ਕੀਤਾ ਗਿਆ ਹੈ। ਮੱਕੀ ਬਾਹਰੋਂ ਆਈ ਫ਼ਸਲ ਹੈ। ਵਾਰਸ ਸ਼ਾਹ ਨੇ ਆਪਣੀ ਹੀਰ ਵਿਚ ਬਾਸਮਤੀ ਦੀਆਂ ਵੀਹ ਤੋਂ ਵੀ ਵੱਧ ਕਿਸਮਾਂ ਦਾ ਜ਼ਿਕਰ ਕੀਤਾ ਹੈ। ਜਦੋਂ ਸਿੰਜਾਈ ਦੇ ਸਾਧਨ ਖੂਹ ਸਨ, ਉਦੋਂ ਸਾਉਣੀ ਵਿਚ ਬਹੁਤ ਘੱਟ ਰਕਬੇ ਵਿਚ ਫ਼ਸਲ ਬੀਜੀ ਜਾਂਦੀ ਸੀ। ਨਿਆਈਂ ਵਿਚ ਮੱਕੀ, ਕਮਾਦ, ਕੁਝ ਦਾਲਾਂ, ਸਬਜ਼ੀਆਂ ਤੇ ਚਰ੍ਹੀ ਜਾਂ ਬਾਜਰਾ। ਬਹੁਤੀ ਧਰਤੀ ਖਾਲੀ ਹੀ ਰੱਖੀ ਜਾਂਦੀ ਸੀ। ਮੀਂਹ ਪੈਣ 'ਤੇ ਉਸ ਦੀ ਮੁੜ ਮੁੜ ਵਹਾਈ ਕੀਤੀ ਜਾਂਦੀ ਸੀ। ਹਾੜ੍ਹੀ ਦੀ ਬਿਜਾਈ ਲਈ ਮੀਂਹ ਪਿਛੋਂ ਖੇਤ ਵਿਚ ਗਿੱਲ ਦੱਬ ਲਈ ਜਾਂਦੀ ਸੀ। ਨੀਵੇਂ ਖੇਤਾਂ ਵਿਚ ਝੋਨੇ ਦੀ ਬਿਜਾਈ ਕੀਤੀ ਜਾਂਦੀ ਸੀ। ਉਦੋਂ ਬਰਸਾਤ ਬਹੁਤ ਹੁੰਦੀ ਸੀ। ਹਫ਼ਤੇ ਹਫ਼ਤੇ ਦੀਆਂ ਝੜੀਆਂ ਲਗਦੀਆਂ ਸਨ। ਜਦੋਂ ਪਾਣੀ ਦੀ ਸਹੂਲਤ ਹੋਈ ਤਾਂ ਕਿਸਾਨ ਨੇ ਸਾਉਣੀ ਵਿਚ ਵੀ ਪੂਰੀ ਫ਼ਸਲ ਬੀਜਣੀ ਸ਼ੁਰੂ ਕਰ ਦਿੱਤੀ। ਕਿਸਾਨ ਸਭ ਤੋਂ ਵੱਧ ਮਿਹਨਤ ਕਰਦਾ ਹੈ। ਸਭ ਤੋਂ ਵੱਧ ਖਤਰੇ ਸਹੇੜਦਾ ਹੈ, ਫਿਰ ਵੀ ਉਸ ਦਾ ਗੁਜ਼ਾਰਾ ਮੁਸ਼ਕਿਲ ਨਾਲ ਹੁੰਦਾ ਹੈ। ਇਹ ਝੋਨੇ ਦੀ ਫ਼ਸਲ ਹੀ ਹੈ ਕਿ ਕਿਸਾਨ ਦੇ ਘਰ ਚੁੱਲ੍ਹਾ ਮਘਦਾ ਹੈ। ਝੋਨਾ



ਸਾਉਣੀ ਦੀ ਸਭ ਤੋਂ ਘੱਟ ਖ਼ਤਰੇ ਵਾਲੀ ਫ਼ਸਲ ਹੈ। ਜੇ ਇਸ ਦੀ ਲੁਆਈ 20 ਜੂਨ ਤੋਂ ਪਿੱਛੋਂ ਕੀਤੀ ਜਾਵੇ ਤਾਂ ਮਾਹਿਰਾਂ ਅਨੁਸਾਰ, ਵਰਤੇ ਪਾਣੀ ਤੇ ਉਪਜ ਦਾ ਆਪੋ ਵਿਚਲਾ ਅਨੁਪਾਤ ਝੋਨੇ ਦਾ ਸਭ ਤੋਂ ਵੱਧ ਹੈ। ਤਿੰਨ ਮਹੀਨਿਆਂ ਦੀ ਫ਼ਸਲ 'ਤੇ 35 ਕੁਇੰਟਲ ਤੋਂ ਵੱਧ ਇਕ ਏਕੜ ਵਿਚੋਂ ਝਾੜ ਪ੍ਰਾਪਤ ਹੋ ਜਾਂਦਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਝੋਨੇ ਹੇਠ ਕੋਈ 10 ਲੱਖ ਹੈਕਟੇਅਰ ਧਰਤੀ ਕੱਢ ਕੇ ਦੂਜੀਆਂ ਫ਼ਸਲਾਂ ਹੇਠ ਲਿਜਾਣ ਦੀ ਲੋੜ ਹੈ। ਕੀ ਕਿਸੇ ਮਾਹਿਰ ਨੇ ਦੱਸਿਆ ਹੈ ਕਿ ਉਸ ਦਸ ਲੱਖ ਹੈਕਟੇਅਰ ਵਿਚ ਕੀ ਬੀਜਿਆ ਜਾਵੇ? ਅਸਲ ਵਿਚ ਕੋਈ ਸਰਕਾਰ ਨਹੀਂ ਚਾਹੁੰਦੀ ਕਿ ਝੋਨੇ ਦੀ ਪੈਦਾਵਾਰ ਘੱਟ ਕੀਤੀ ਜਾਵੇ। ਹਰ ਵਰ੍ਹੇ ਕੇਂਦਰ ਸਰਕਾਰ ਰਾਜਾਂ ਨੂੰ ਪੈਦਾਵਾਰ ਦੇ ਟੀਚੇ ਦਿੰਦੀ ਹੈ ਤੇ ਇਸ ਵਿਚ ਹਰ ਵਾਰ ਵਾਧਾ ਕੀਤਾ ਜਾਂਦਾ ਹੈ। ਵਾਹੀ ਹੇਠ ਧਰਤੀ ਘਟ ਰਹੀ ਹੈ ਅਤੇ ਆਬਾਦੀ ਵਿਚ ਵਾਧਾ ਹੋ ਰਿਹਾ ਹੈ। ਦੇਸ਼ ਦੀ ਸਾਰੀ ਵਸੋਂ ਨੂੰ ਰੱਜਵੀਂ ਰੋਟੀ ਅਜੇ ਵੀ ਮਿਲ ਨਹੀਂ ਰਹੀ। ਪੰਜਾਬ ਸਰਕਾਰ ਨੇ ਗਰਮੀਆਂ ਵਿਚ ਮੂੰਗੀ ਬੀਜਣ ਨੂੰ ਹੁਲਾਰਾ ਦਿੱਤਾ ਹੈ। ਇਸ ਨਾਲ ਕਿਸਾਨ ਦੀ ਆਮਦਨ ਤਾਂ ਭਾਵੇਂ ਵਧ ਜਾਵੇ ਪਰ ਪਾਣੀ ਦੀ ਬਰਬਾਦੀ ਤਾਂ ਹੁੰਦੀ ਹੈ। ਇਹ ਸਮਰਥਨ ਮੁੱਲ ਮੁੱਖ ਮੌਸਮ ਦੀ ਮੂੰਗੀ ਅਤੇ ਮੱਕੀ ਲਈ ਦੇਣਾ ਚਾਹੀਦਾ ਹੈ। ਪਾਣੀ ਬਾਰੇ ਕਿਸੇ ਵਿਦਵਾਨ ਨੇ ਤਾਂ ਇਥੋਂ ਤਕ ਲਿਖ ਦਿੱਤਾ ਹੈ ਕਿ 90% ਪਾਣੀ ਦੀ ਵਰਤੋਂ ਕਿਸਾਨ ਹੀ ਕਰਦੇ ਹਨ। ਸ਼ਾਇਦ ਉਹ ਭੁੱਲ ਗਿਆ ਕਿ ਕਿਸਾਨਾਂ ਦੇ 14 ਲੱਖ ਟਿਊਬਵੈੱਲ ਹਨ ਜਿਹੜੇ ਸਾਲ ਵਿਚ ਛੇ ਕੁ ਮਹੀਨੇ ਚਲਦੇ ਹਨ। ਗੈਰ-ਕਿਸਾਨੀ ਖੇਤਰ ਵਿਚ 25 ਲੱਖ ਟਿਊਬਵੈੱਲ ਹਨ ਜਿਹੜੇ ਆਕਾਰ ਵਿਚ ਵੀ ਵੱਡੇ ਹਨ ਤੇ ਦਿਨ ਰਾਤ ਚਲਦੇ ਹਨ। ਘਰਾਂ ਵਿਚ ਪਾਣੀ ਦੀ ਵਰਤੋਂ ਸਮੇਂ ਕੋਈ ਸੰਜਮ ਨਹੀਂ ਵਰਤਿਆ ਜਾਂਦਾ।

ਅੱਧੀ ਸਦੀ ਪਹਿਲਾਂ ਜਦੋਂ ਸੂਬੇ ਦੀ ਆਬਾਦੀ ਇਕ ਕਰੋੜ ਤੋਂ ਘੱਟ ਸੀ ਤਾਂ ਪਾਣੀ ਦੀ ਵਰਤੋਂ ਸੰਜਮ ਨਾਲ ਕੀਤੀ ਜਾਂਦੀ ਸੀ। ਘਰ ਵਿਚ ਸਾਰੇ ਦਿਨ ਵਿਚ ਮਸਾਂ ਤਿੰਨ ਚਾਰ ਘੜੇ ਪਾਣੀ ਦੀ ਵਰਤੋਂ ਹੁੰਦੀ ਹੈ। ਮਰਦ ਸਾਰੇ ਖੂਹਾਂ 'ਤੇ ਜਾ ਕੇ ਨਹਾਉਂਦੇ ਸਨ ਤੇ ਔਰਤਾਂ ਇਕ ਬਾਲਟੀ ਨਾਲ ਨਹਾ ਲੈਂਦੀਆਂ ਸਨ। ਹੁਣ ਆਬਾਦੀ ਤਿੰਨ ਕਰੋੜ ਹੋਣ ਵਾਲੀ ਹੈ। ਘਰਾਂ ਵਿਚ ਟੂਟੀਆਂ, ਫਲਸ਼, ਬਾਥਰੂਮ, ਧੋ-ਧੁਆਈ ਤੇ ਗੱਡੀਆਂ ਦੀ ਧੁਆਈ ਲਈ ਪਾਣੀ ਦੀ ਅੰਨੇਵਾਹ੍ਹ ਬਰਬਾਦੀ ਕੀਤੀ ਜਾ ਰਹੀ ਹੈ। ਇਸ ਨੂੰ ਰੋਕਣ ਦੀ ਲੋੜ ਹੈ ਕਿਉਂਕਿ ਬਰਬਾਦੀ ਗੈਰ ਖੇਤੀ ਖੇਤਰ ਵਿਚ ਹੁੰਦੀ ਹੈ ਤੇ ਸਜ਼ਾ ਕਿਸਾਨ ਨੂੰ ਭੁਗਤਣੀ ਪੈਂਦੀ ਹੈ। ਇਵੇਂ ਹੀ ਘਰਾਂ, ਕਾਰਾਂ, ਦੁਕਾਨਾਂ, ਦਫ਼ਤਰਾਂ ਸਭ ਥਾਈਂ ਏਸੀ ਲੱਗੇ ਹਨ। ਇਸ ਨਾਲ ਆਲਮੀ ਤਪਸ਼ ਵਿਚ ਵਾਧਾ ਹੋ ਰਿਹਾ ਹੈ। ਨੁਕਸਾਨ ਕਿਸਾਨ ਦਾ ਹੋ ਰਿਹਾ ਹੈ। ਇਸ ਵਾਰ ਕਣਕ ਦੇ ਘਟੇ ਝਾੜ ਦਾ ਇਹੋ ਕਾਰਨ ਹੈ।

ਜੇ ਪਾਣੀ ਦੀ ਬਚਤ ਕਰਨੀ ਹੈ ਤਾਂ ਇਸ ਪਾਸੇ ਸੰਜੀਦਾ ਯਤਨ ਹੋਣੇ ਚਾਹੀਦੇ ਹਨ। ਘਰਾਂ ਵਿਚ ਪਾਣੀ ਦੇ ਮੀਟਰ ਲਗਾਏ ਜਾਣ ਤੇ ਮਿੱਥੇ ਸਮੇਂ 'ਤੇ ਹੀ ਪਾਣੀ ਦਿੱਤਾ ਜਾਵੇ। ਕਿਸਾਨ ਤੋਂ ਮੱਕੀ, ਦਾਲਾਂ ਦੀ ਖਰੀਦ ਕੀਤੀ ਜਾਵੇ ਤਾਂ ਜੋ ਉਹ ਉੱਚੀਆਂ ਤੇ ਰੇਤਲੀਆਂ ਧਰਤੀਆਂ ਵਿਚ ਝੋਨੇ ਦੀ ਖੇਤੀ ਨਾ ਕਰੇ। ਧਰਤੀ ਹੇਠ ਪਾਣੀ ਭੇਜਣ ਲਈ ਇਮਾਨਦਾਰੀ ਨਾਲ ਯਤਨ ਕੀਤੇ ਜਾਣ। ਧਰਤੀ ਹੇਠ ਪਾਣੀ ਦਾ ਕੋਈ ਭੰਡਾਰ ਨਹੀਂ, ਇਹ ਤਾਂ ਬਰਸਾਤ ਤੇ ਦਰਿਆਵਾਂ ਰਾਹੀਂ ਭੰਡਾਰ ਬਣਾਇਆ ਜਾਂਦਾ ਹੈ। ਮਾਲਵੇ ਤੇ ਬਹੁਤੇ ਇਲਾਕੇ ਵਿਚ ਤਾਂ ਹੁਣ ਵੀ ਪੀਣ ਵਾਲਾ ਸ਼ੁੱਧ ਪਾਣੀ ਨਹੀਂ ਮਿਲਦਾ। ਜਦੋਂ ਸਿੰਜਾਈ ਹਲਟਾਂ ਨਾਲ ਹੁੰਦੀ ਸੀ ਉਦੋਂ ਵੀ ਗਰਮੀਆਂ ਵਿਚ ਖੂਹਾਂ ਦਾ ਪਾਣੀ ਹੇਠਾਂ ਚਲਾ ਜਾਂਦਾ ਸੀ ਤੇ ਵਾਧੂ ਟਿੰਡਾਂ ਪਾਉਣੀਆਂ ਪੈਂਦੀਆਂ ਸਨ। ਕਈ ਵਾਰ ਤਾਂ ਖੂਹ ਸੁੱਕ ਜਾਂਦੇ ਸਨ ਤੇ ਮੀਂਹ ਪੈਣ ਨਾਲ ਮੁੜ ਭਰ ਜਾਂਦੇ ਸਨ। ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਨੇ ਇਸ ਸਮੱਸਿਆ ਦੇ ਹੱਲ ਲਈ ਪੰਜਾਬ ਦੇ ਲਗਭਗ ਹਰ ਖੇਤ ਤੱਕ ਨਹਿਰੀ ਪਾਣੀ ਪਹੁੰਚਾਇਆ ਸੀ। ਇਨ੍ਹਾਂ ਨਹਿਰਾਂ ਦੀ ਬਦੌਲਤ ਹੀ ਧਰਤੀ ਹੇਠ ਪਾਣੀ ਦੇ ਭੰਡਾਰ ਵਿਚ ਵਾਧਾ ਹੋਇਆ ਸੀ। ਜੇ ਟਿਊਬਵੈੱਲ ਨਾ ਲਗਦੇ ਤਾਂ ਪੰਜਾਬ ਦੇ ਬਹੁਤੇ ਹਿੱਸੇ ਵਿਚ ਸੇਮ ਹੋ ਜਾਣੀ ਸੀ। ਹੁਣ ਵੀ ਸਾਨੂੰ ਨਹਿਰਾਂ ਤੇ ਖਾਲੇ ਬਰਸਾਤ ਤੋਂ ਪਹਿਲਾਂ ਸਾਫ ਕਰਵਾ ਕੇ ਪਾਣੀ ਨਾਲ ਭਰਨੇ ਚਾਹੀਦੇ ਹਨ। ਬਰਸਾਤ ਵਿਚ ਦਰਿਆ ਪਾਣੀ ਨਾਲ ਭਰ ਜਾਂਦੇ ਹਨ। ਇਸ ਕਰ ਕੇ ਸਾਰੀਆਂ ਨਹਿਰਾਂ ਵਿਚ ਪਾਣੀ ਛੱਡਿਆ ਜਾ ਸਕਦਾ ਹੈ। ਅੱਗੇ ਪਿੰਡਾਂ ਸ਼ਹਿਰਾਂ ਵਿਚ ਤਲਾਬ ਤੇ ਟੋਭੇ ਹੁੰਦੇ ਸਨ। ਸੜਕਾਂ ਵੀ ਕੱਚੀਆਂ ਸਨ। ਇੰਝ ਪਾਣੀ ਧਰਤੀ ਹੇਠ ਚਲਾ ਜਾਂਦਾ ਸੀ। ਹੁਣ ਟੋਭੇ ਪੂਰੇ ਗਏ ਹਨ, ਸੜਕਾਂ ਪੱਕੀਆਂ ਹੋ ਗਈਆਂ ਹਨ। ਬਰਸਾਤ ਦਾ ਪਾਣੀ ਧਰਤੀ ਹੇਠ ਭੇਜਣ ਲਈ ਸਰਕਾਰ ਨੂੰ ਵਿਸ਼ੇਸ਼ ਪ੍ਰੋਗਰਾਮ ਉਲੀਕਣਾ ਚਾਹੀਦਾ ਹੈ। ਟੋਭਿਆਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ।

ਹੁਣ ਪਾਣੀ ਦੇ ਗੰਦੇ ਹੋਣ ਬਾਰੇ ਚਰਚਾ ਕਰਦੇ ਹਾਂ। ਇਸ ਦਾ ਦੋਸ਼ੀ ਵੀ ਕਿਸਾਨ ਨੂੰ ਹੀ ਬਣਾਇਆ ਜਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਖੇਤੀ ਵਿਚ ਜ਼ਹਿਰਾਂ ਦੀ ਵਰਤੋਂ ਘਟ ਕਰਨ ਦੀ ਲੋੜ ਹੈ ਪਰ ਇਹ ਪਾਣੀ ਵਿਚ ਘੁਲਦੀਆਂ ਨਹੀਂ। ਪਾਣੀ ਨੂੰ ਤਾਂ ਸ਼ਹਿਰੀ ਲੋਕ ਗੰਦਾ ਕਰਦੇ ਹਨ। ਲੁਧਿਆਣੇ ਕੋਲ ਵਗਦਾ ਬੁੱਢਾ ਦਰਿਆ ਗੰਦਾ ਨਾਲਾ ਬਣ ਗਿਆ ਹੈ। ਇਹ ਜ਼ਹਿਰੀਲਾ ਪਾਣੀ ਸਤਲੁਜ ਵਿਚ ਪੈਂਦਾ ਹੈ ਤੇ ਉਥੋਂ ਨਹਿਰਾਂ ਰਾਹੀਂ ਮਾਲਵੇ ਤੇ ਰਾਜਸਥਾਨ ਨੂੰ ਜਾਂਦਾ ਹੈ। ਲੋਕ ਇਹੀ ਜ਼ਹਿਰੀਲਾ ਪਾਣੀ ਪੀਂਦੇ ਹਨ। ਇਸ ਇਲਾਕੇ ਨੂੰ ਕੈਂਸਰ ਪੱਟੀ ਇਸੇ ਪਾਣੀ ਨੇ ਬਣਾਇਆ ਹੈ। ਅੱਧੀ ਸਦੀ ਤੋਂ ਰੌਲਾ ਪੈ ਰਿਹਾ ਹੈ ਪਰ ਅਜੇ ਤਕ ਇਸ ਗੰਦੇ ਪਾਣੀ ਨੂੰ ਸਤਲੁਜ ਵਿਚ ਜਾਣ ਤੋਂ ਰੋਕਿਆ ਨਹੀਂ ਗਿਆ। ਇਸ ਨੂੰ ਸਾਫ ਕਰ ਕੇ ਸਿੰਜਾਈ ਲਈ ਵਰਤਣ ਦਾ ਕੋਈ ਯਤਨ ਨਹੀਂ ਹੋਇਆ। ਬਹੁਤੇ ਘਰਾਂ ਵਿਚ ਗਰਕੀ ਟੂੱਟੀਆਂ ਹਨ। ਇਹ ਸਾਰਾ ਗੰਦ ਧਰਤੀ ਹੇਠ ਪਾਣੀ ਨੂੰ ਗੰਦਾ ਕਰਦਾ ਹੈ। ਬਹੁਤੀਆਂ ਫੈਕਟਰੀਆਂ ਦਾ ਗੰਦਾ ਪਾਣੀ ਇਵੇਂ ਹੀ ਧਰਤੀ ਹੇਠ ਭੇਜਿਆ ਜਾਂਦਾ ਹੈ। ਇਸ ਬਾਰੇ ਕਦੇ ਚਰਚਾ ਨਹੀਂ ਹੋਈ।

ਜੇ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਪਾਣੀ ਦੀ ਬਚਤ ਹੋਵੇ ਤੇ ਇਸ ਨੂੰ ਗੰਦਾ ਹੋਣ ਤੋਂ ਰੋਕਿਆ ਜਾਵੇ ਤਾਂ ਸਰਕਾਰ ਅਤੇ ਲੋਕਾਂ ਦੇ ਸਹਿਯੋਗ ਨਾਲ ਕਾਰਜਕਾਰੀ ਯੋਜਨਾ ਬਣਾਈ ਜਾਵੇ ਤੇ ਉਸ ਉਤੇ ਸੰਜੀਦਗੀ ਨਾਲ ਯਤਨ ਕੀਤੇ ਜਾਣ। ਕੇਵਲ ਕਿਸਾਨਾਂ ਦੇ ਸਿਰ ਦੋਸ਼ ਮੜ੍ਹਨ ਨਾਲ ਕੋਈ ਸੁਧਾਰ ਨਹੀਂ ਹੋਵੇਗਾ। ਕਿਸਾਨ ਦੀ ਤਾਂ ਵਾਹੀ ਹੇਠ ਧਰਤੀ ਹਰ ਸਾਲ ਘਟ ਰਹੀ ਹੈ ਤੇ ਅਸੀਂ ਉਸ ਨੂੰ ਖਾਲੀ ਰੱਖਣ ਦੀ ਸਲਾਹ ਦੇ ਰਹੇ ਹਾਂ। ਇਸ ਸ਼ਾਇਦ ਸੰਭਵ ਨਹੀਂ ਹੋਵੇਗਾ। ਸਾਨੂੰ ਸਾਰਿਆਂ ਨੂੰ ਆਪਣੇ ਅੰਦਰ ਝਾਤ ਮਾਰਨੀ ਚਾਹੀਦੀ ਹੈ। ਸਰਕਾਰੀ ਯਤਨ ਅਤੇ ਲੋਕਾਂ ਦੇ ਸਹਿਯੋਗ ਨਾਲ ਹੀ ਇਸ ਗੰਭੀਰ ਮਸਲੇ ਦਾ ਹਲ ਲੱਭਿਆ ਜਾ ਸਕਦਾ ਹੈ। ਕਿਸਾਨ ਜਥੇਬੰਦੀਆਂ ਦਾ ਵੀ ਫ਼ਰਜ਼ ਬਣਦਾ ਹੈ ਕਿ ਨਹਿਰੀ ਪ੍ਰਬੰਧ ਨੂੰ ਮੁੜ ਚਾਲੂ ਕਰਵਾਉਣ, ਇਸ ਨਾਲ ਜਿਥੇ ਧਰਤੀ ਹੇਠ ਪਾਣੀ ਜਾਵੇਗਾ, ਉਥੇ ਟਿਊਬਵੈਲ ਬੰਦ ਹੋ ਜਾਣਗੇ। ਪਾਣੀ ਤੇ ਬਿਜਲੀ ਦੀ ਬਚਤ ਹੋਵੇਗੀ। ਘਟ ਰਹੇ ਪਾਣੀ ਅਤੇ ਵਧ ਰਹੀ ਆਲਮੀ ਤਪਸ਼ ਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੋਵੇਗਾ। ਕਿਸਾਨ ਜਥੇਬੰਦੀਆਂ ਸਰਕਾਰ ਨੂੰ ਇਸ ਪਾਸੇ ਫ਼ੌਰੀ ਕਦਮ ਚੁੱਕਣ ਲਈ ਮਜਬੂਰ ਕਰ ਸਕਦੀਆਂ ਹਨ। ਅਜਿਹਾ ਕੀਤਿਆਂ ਕਿਸਾਨਾਂ ਦੇ ਹੱਕਾਂ ਦੀ ਸਭ ਤੋਂ ਵਧੀਆ ਢੰਗ ਨਾਲ ਰਾਖੀ ਹੋ ਸਕੇਗੀ।

# ਬਜਟ ਦਾ ਹਿਸਾਬ-ਕਿਤਾਬ

ਸਾਲ 2023-24 ਲਈ ਕੇਂਦਰ ਸਰਕਾਰ ਦੇ ਬਜਟ ਦਾ ਮੁੱਖ ਕੇਂਦਰ ਬਿੰਦੂ ਹੈ ਪੂੰਜੀ ਖਰਚ ਵਿਚ ਭਰਵਾਂ ਵਾਧਾ। 2022-23 ਵਿਚ ਕੀਤੇ 25 ਫ਼ੀਸਦ ਦੇ ਵਾਧੇ ਦੇ ਮੁਕਾਬਲੇ ਅਗਲੇ ਵਿੱਤੀ ਵਰ੍ਹੇ ਲਈ ਇਹ ਵਾਧਾ ਕਰੀਬ 30 ਫ਼ੀਸਦ ਬਣਦਾ ਹੈ। ਇਹ ਪੈਸਾ ਕਿੱਥੋਂ ਆਵੇਗਾ? ਟੈਕਸ ਪ੍ਰਾਪਤੀਆਂ ਤੋਂ ਤਾਂ ਨਹੀਂ ਆਵੇਗਾ ਕਿਉਂਕਿ ਜੀ.ਡੀ.ਪੀ. ਵਿਚ

**ਸੁਬੀਰ ਰਾਏ**

ਹਿੱਸੇਦਾਰੀ ਦੇ ਰੂਪ ਵਿਚ ਟੈਕਸ ਪ੍ਰਾਪਤੀਆਂ ਦਾ ਇਜ਼ਾਫ਼ਾ ਚਾਲੂ ਵਿੱਤੀ ਸਾਲ ਅਤੇ ਅਗਲੇ ਸਾਲ ਵਿਚ ਵੀ 11.1 ਫ਼ੀਸਦ ਰਹਿਣ ਦਾ ਅਨੁਮਾਨ ਹੈ।

ਯਕੀਨਨ, ਸਰਕਾਰ ਪੂੰਜੀ ਖਰਚ ਵਿਚ ਕੀਤੇ ਜਾ ਰਹੇ ਇਸ ਵਾਧੇ ਦੀ ਭਰਪਾਈ ਲਈ ਕਿਤੋਂ ਨਾ ਕਿਤੋਂ ਪੈਸਾ ਬਚਾ (ਹੋਰ ਮੱਦਾਂ 'ਤੇ ਕਟੌਤੀ ਕਰ ਕੇ) ਰਹੀ ਹੋਵੇਗੀ। ਪੈਨਸ਼ਨ ਖਰਚੇ ਵਿਚ ਕਰੀਬ 1000 ਕਰੋੜ ਰੁਪਏ ਦੀ ਕਮੀ ਆ ਜਾਵੇਗੀ। ਖਾਦਾਂ ਦੀ ਸਬਸਿਡੀ ਵਿਚ 50 ਹਜ਼ਾਰ ਕਰੋੜ ਰੁਪਏ ਦੀ ਵੱਡੀ ਕਟੌਤੀ ਕੀਤੀ ਹੈ। ਖੁਰਾਕ ਸਬਸਿਡੀ ਬਿੱਲ 90 ਹਜ਼ਾਰ ਕਰੋੜ ਰੁਪਏ ਰੱਖਿਆ ਜਾਵੇਗਾ। ਦੂਜੇ ਪਾਸੇ, ਸਰਕਾਰ ਸਿੱਖਿਆ 'ਤੇ 13000 ਕਰੋੜ ਅਤੇ ਸਿਹਤ ਸੰਭਾਲ ਉਪਰ 11000 ਕਰੋੜ ਰੁਪਏ ਘੱਟ ਖਰਚ ਕਰੇਗੀ। ਇਉਂ ਕੁੱਲ ਮਿਲਾ ਕੇ 1.2 ਲੱਖ ਕਰੋੜ ਰੁਪਏ ਦੀ ਬਚਤ ਬਣ ਜਾਂਦੀ ਹੈ।

ਇਸ ਤੋਂ ਇਲਾਵਾ, ਆਸ ਮੁਜਬ ਬਜਟ ਵਿਚ ਸਾਰੀਆਂ ਚੰਗੀਆਂ ਚੰਗੀਆਂ ਗੱਲਾਂ ਆਖੀਆਂ ਹਨ। ਉਂਝ, ਸਾਰੀ ਖੇਡ ਸਮਝਣ ਲਈ ਅੰਕੜਿਆਂ ਦੀ ਤਫ਼ਸੀਲ 'ਚ ਜਾਣਾ ਪੈਂਦਾ ਹੈ ਜਿਨ੍ਹਾਂ ਬਾਰੇ ਬਹੁਤੀ ਚਰਚਾ ਨਹੀਂ ਕੀਤੀ। ਇਨ੍ਹਾਂ ਦੀ ਨਿਸ਼ਾਨਦੇਹੀ ਹੋਣ ਵਿਚ ਕੁਝ ਸਮਾਂ ਲੱਗਦਾ ਹੈ। ਵਿੱਤ ਮੰਤਰੀ ਦੇ ਭਾਸ਼ਣ ਵਿਚ ਜਿਨ੍ਹਾਂ ਗੱਲਾਂ ਨੂੰ ਉਭਾਰ ਕੇ ਪੇਸ਼ ਕੀਤਾ ਗਿਆ, ਉਹ ਹਨ ਲੋਕ ਲੁਭਾਉਣੀਆਂ ਰਿਆਇਤਾਂ। ਸਭ ਤੋਂ ਪਹਿਲਾਂ ਆਉਂਦੀਆਂ ਹਨ ਨਵੀਂ ਟੈਕਸ ਪ੍ਰਣਾਲੀ ਵਾਲੇ ਕਰਦਾਤਿਆਂ ਲਈ ਮਨਮੋਹਕ ਰਿਆਇਤਾਂ ਤੇ ਛੋਟਾਂ। ਨਵੀਂ ਕਰ ਪ੍ਰਣਾਲੀ (ਪੁਰਾਣੀ ਪ੍ਰਣਾਲੀ ਵੀ ਰੱਖੀ ਜਾ ਸਕਦੀ ਹੈ) ਤਹਿਤ ਸਰਕਾਰ ਨੇ ਸਲੈਬਾਂ ਵਿਚ ਫੇਰਬਦਲ ਕਰ ਕੇ ਇਹ ਪ੍ਰਭਾਵ ਦਿੱਤਾ ਹੈ ਕਿ ਕਰਦਾਤਿਆਂ 'ਤੇ ਟੈਕਸਾਂ ਦਾ ਬੋਝ ਘਟਾਇਆ ਜਾ ਰਿਹਾ ਹੈ ਪਰ ਸਮਝਣ ਵਾਲੀ ਗੱਲ ਇਹ ਹੈ ਕਿ ਨਵੀਂ ਕਰ ਪ੍ਰਣਾਲੀ ਚੁਣਨ ਵਾਲਿਆਂ ਨੂੰ ਪੁਰਾਣੀ ਪ੍ਰਣਾਲੀ ਤਹਿਤ ਮਿਲਣ ਵਾਲੀਆਂ ਛੋਟਾਂ ਜਿਵੇਂ ਮਕਾਨ ਕਿਰਾਏ ਅਤੇ ਧਾਰਾ 80ਸੀ ਤਹਿਤ ਨਿਵੇਸ਼ 'ਤੇ ਰਿਆਇਤ ਆਦਿ ਨਹੀਂ ਮਿਲਣਗੀਆਂ। ਇਸ ਲਈ ਹਰ ਸ਼ਖ਼ਸ ਨੂੰ ਆਪੋ-ਆਪਣਾ ਹਿਸਾਬ ਕਿਤਾਬ ਲਾਉਣਾ ਪਵੇਗਾ ਕਿ ਕਿਹੜੀ ਪ੍ਰਣਾਲੀ ਚੁਣਨ ਨਾਲ ਉਸ ਨੂੰ ਲਾਭ ਹੁੰਦਾ ਹੈ। ਇੰਝ ਇਹ ਕੋਈ ਸਿੱਧ ਪੱਧਰੀ ਰਾਹਤ ਵਾਲੀ ਗੱਲ ਨਹੀਂ।

ਇਸ ਦਾ ਖਮਿਆਜ਼ਾ ਲੋਕਾਂ ਨੂੰ ਸਿਹਤ ਗੁਆ ਕੇ ਭੁਗਤਣਾ ਪੈਂਦਾ ਹੈ; ਗਰੀਬਾਂ ਲਈ ਬਿਮਾਰੀਆਂ ਦਾ ਖਰਚਾ ਵਧਦਾ ਰਹਿੰਦਾ ਹੈ। ਬਜਟ ਵਿਚ ਕੁਝ ਅਸਿੱਧੇ ਕਰਾਂ ਵਿਚ ਤਬਦੀਲੀਆਂ ਦਾ ਐਲਾਨ ਹੈ ਜਿਨ੍ਹਾਂ ਨੂੰ ਸਮਝਣਾ ਕਿਤੇ ਆਸਾਨ ਹੈ। ਟੀਵੀ ਸੈੱਟਾਂ ਅਤੇ ਦੇਸ਼ ਵਿਚ ਬਣਨ ਵਾਲੇ ਮੋਬਾਈਲ ਫੋਨਾਂ ਦੇ ਕੁਝ ਦਰਾਮਦੀ ਪੁਰਜ਼ਿਆਂ 'ਤੇ ਕਸਟਮਜ਼ ਡਿਊਟੀ ਘਟਾ ਦਿੱਤੀ ਹੈ। ਇਨ੍ਹਾਂ ਉਪਰਾਲਿਆਂ ਦਾ ਮਕਸਦ ਇਹ ਹੈ ਕਿ ਦੇਸ਼ ਅੰਦਰ ਇਲੈਕਟ੍ਰੌਨਿਕ ਸਾਜ਼ੋ-ਸਾਮਾਨ ਦੇ ਨਿਰਮਾਣ ਨੂੰ ਆਕਰਸ਼ਕ ਬਣਾਇਆ ਜਾਵੇ ਤਾਂ ਕਿ ਜਿਹੜੀਆਂ ਕੰਪਨੀਆਂ ਚੀਨ ਤੋਂ ਬਾਹਰ ਜਾਣ ਬਾਰੇ ਸੋਚ ਰਹੀਆਂ ਹਨ, ਉਨ੍ਹਾਂ ਨੂੰ ਭਾਰਤ ਲਿਆਂਦਾ ਜਾ ਸਕੇ।

ਬਜਟ ਵਿਚ ਕਈ ਗੁੱਝੀਆਂ ਗੱਲਾਂ ਲਈ ਵੀ ਥਾਂ ਹੁੰਦੀ ਹੈ। ਲੈਬਾਰਟਰੀਆਂ ਵਿਚ ਬਣਾਏ ਜਾਣ ਵਾਲੇ ਹੀਰਿਆਂ ਲਈ ਬੀਜਾਂ ਦੀ ਦਰਾਮਦ 'ਤੇ ਕਸਟਮਜ਼ ਡਿਊਟੀ ਘਟਾਈ ਹੈ। ਕੀ ਇਹ ਕਿਸੇ ਭੂਚਾਲ ਤੋਂ ਛੋਟੀ ਗੱਲ ਹੈ! ਇਸ ਬਜਟ ਬਾਰੇ ਜਿਹੜੀ ਗ਼ੈਰ-ਮਾਮੂਲੀ ਗੱਲ ਹੈ, ਉਹ ਇਹ ਹੈ ਕਿ ਇਕ ਲੇਖੇ ਇਹ ਚੁਣਾਵੀ ਸਾਲ ਦਾ ਬਜਟ ਹੈ। 2024 ਵਿਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਪੇਸ਼ ਕੀਤਾ ਗਿਆ ਇਹ ਇਸ ਸਰਕਾਰ ਦਾ ਆਖ਼ਿਰੀ ਮੁਕੰਮਲ ਬਜਟ ਹੈ। ਇਸ ਕਰ ਕੇ ਚੋਣਾਂ ਤੋਂ ਪਹਿਲਾਂ ਵੋਟਰਾਂ ਨੂੰ ਭਰਮਾਉਣ ਲਈ ਦਿੱਤੀਆਂ ਜਾਂਦੀਆਂ ਰਿਆਇਤਾਂ ਦੇ ਕਿਣਕੇ ਇਸ ਬਜਟ 'ਚੋਂ ਲੱਭੇ ਜਾਣਗੇ। ਉਂਝ, ਸਰਕਾਰ ਨੇ ਜਿੰਨਾ ਪ੍ਰਚਾਰ ਅੰਮ੍ਰਿਤ ਕਾਲ 'ਤੇ ਕੀਤਾ ਸੀ, ਉਹੋ ਜਿਹਾ ਇਸ ਵਿਚ ਕੁਝ ਨਹੀਂ ਹੈ। ਸ਼ਾਇਦ ਚੋਣਾਂ ਵਿਚ ਆਪਣੀ ਕਾਰਗੁਜ਼ਾਰੀ ਨੂੰ ਲੈ ਕੇ ਸਰਕਾਰ ਨੂੰ ਆਪਣੇ ਆਪ 'ਤੇ ਭਰੋਸਾ ਹੀ ਇੰਨਾ ਜ਼ਿਆਦਾ ਹੈ ਕਿ ਇਸ ਨੂੰ ਲੋਕਾਂ ਨੂੰ ਭਰਮਾਉਣ ਦੀ ਬਹੁਤੀ ਲੋੜ ਹੀ ਨਹੀਂ ਭਾਸੀ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਕੋਈ ਵੀ ਕੇਂਦਰੀ ਬਜਟ ਅਜਿਹਾ ਖਾਸ ਔਜ਼ਾਰ ਹੁੰਦਾ ਹੈ ਜਿਸ ਨੂੰ ਸਮੇਂ ਦੀ ਸਰਕਾਰ ਸਥਿਰ ਆਰਥਿਕ ਵਿਕਾਸ ਦੇ ਘੱਟੋ-ਘੱਟ ਇਕ ਹੋਰ ਸਾਲ ਲਈ ਆਧਾਰ ਬਣਾਉਣ ਲਈ ਵਰਤੋਂ ਕਰਦੀ ਹੈ। ਇਸ ਜ਼ਾਵੀਏ ਤੋਂ ਜਿਹੜਾ ਸਭ ਤੋਂ ਮੁੱਖ ਸੂਚਕ ਦੇਖਿਆ ਜਾਂਦਾ ਹੈ, ਉਹ ਇਹ ਹੁੰਦਾ ਹੈ ਕਿ ਜੋ ਮਾਰਗ ਤਿਆਰ ਕੀਤਾ ਹੈ, ਕੀ ਉਸ ਦਾ ਮੰਤਵ ਆਰਥਿਕ ਸਥਿਰਤਾ ਅਤੇ ਮਜ਼ਬੂਤੀ ਕਾਇਮ ਕਰਨਾ ਹੈ? ਬਜਟ ਵਿਚ ਦਰਜ ਕੀਤਾ ਹੈ ਕਿ ਰਾਜਕੋਸ਼ੀ ਘਾਟਾ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) ਦਾ 5.9 ਫ਼ੀਸਦ ਰਹਿਣ ਦਾ ਅਨੁਮਾਨ ਹੈ। ਬਜਟ ਦੇ ਸੋਧੇ ਅਨੁਮਾਨਾਂ ਮੁਤਾਬਕ ਚਾਲੂ ਮਾਲੀ ਸਾਲ ਲਈ ਰਾਜਕੋਸ਼ੀ ਘਾਟਾ 6.4 ਫ਼ੀਸਦ ਰਹਿਣ ਦਾ ਅਨੁਮਾਨ ਹੈ ਅਤੇ ਇਹ ਬਜਟ ਅਨੁਮਾਨ ਵਿਚ ਪੇਸ਼ ਅੰਕੜੇ ਨਾਲ ਹੂ-ਬ-ਹੂ ਮੇਲ ਖਾਂਦਾ ਹੈ। ਇਸ ਲਈ ਬਜਟ ਮਾਲੀ ਤੌਰ 'ਤੇ ਪੁਖਤਾ ਗਿਣਿਆ ਜਾ ਸਕਦਾ ਹੈ।

ਜੀ.ਡੀ.ਪੀ. ਦੀ ਫ਼ੀਸਦ ਦੇ ਲਿਹਾਜ਼ ਤੋਂ ਰਾਜਕੋਸ਼ੀ ਘਾਟੇ ਦੀਆਂ ਦੋ ਮੁੱਖ ਧਾਰਨਾਵਾਂ ਹਨ ਜਿਨ੍ਹਾਂ ਵਿਚੋਂ ਇਕ ਅਸਲ ਵਿਕਾਸ ਦਰ ਨਾਲ ਜੁੜੀ ਹੁੰਦੀ ਹੈ; ਭਾਵ, ਸਰਕਾਰ ਦਾ ਇਹ ਅਨੁਮਾਨ ਕਿ ਅਰਥਚਾਰੇ 'ਚ ਵਾਧੇ ਦੀ ਦਰ ਕਿੰਨੀ ਰਹੇਗੀ ਤੇ ਮਹਿੰਗਾਈ ਦੀ ਦਰ ਕਿੱਥੋਂ ਤਕ ਰਹਿ ਸਕਦੀ ਹੈ। ਜੇ ਵਿਕਾਸ ਦਰ ਵਾਹਵਾ ਚੰਗੀ ਰਹਿੰਦੀ ਹੈ ਪਰ ਮਹਿੰਗਾਈ ਦਰ ਉਸ ਨਾਲੋਂ ਵੀ ਜ਼ਿਆਦਾ ਸ਼ੂਟ ਵੱਟ ਲੈਂਦੀ ਹੈ ਤਾਂ ਰਾਜਕੋਸ਼ੀ ਘਾਟੇ ਦਾ ਅੰਕੜਾ (ਨਿਰੋਲ ਜਾਂ ਨੋਮੀਨਲ ਜੀ.ਡੀ.ਪੀ. ਦੀ ਫ਼ੀਸਦ ਵਜੋਂ) ਅਸਲ ਅੰਕੜੇ ਦੇ ਮੁਕਾਬਲੇ ਜ਼ਿਆਦਾ ਸਨਮਾਨਜਨਕ ਨਜ਼ਰ ਆਵੇਗਾ। ਉਲਟਾਵੇਂ ਰੂਪ ਵਿਚ ਜੇ ਆਰਥਿਕ ਵਿਕਾਸ ਦੀ ਦਰ ਬਹੁਤੀ ਅੱਛੀ ਨਹੀਂ ਰਹਿੰਦੀ ਪਰ ਮਹਿੰਗਾਈ ਦਰ ਨੂੰ ਕੱਸ ਕੇ ਰੱਖਿਆ ਜਾਂਦਾ ਹੈ ਤਾਂ ਰਾਜਕੋਸ਼ੀ ਘਾਟੇ ਦਾ ਅੰਕੜਾ ਅਸਲ ਸਥਿਤੀ ਨਾਲੋਂ ਕੁਝ ਜ਼ਿਆਦਾ ਮਾੜਾ ਨਜ਼ਰ ਆਵੇਗਾ।

ਆਰਥਿਕ ਵਿਕਾਸ ਤੇ ਮਹਿੰਗਾਈ ਦਰ ਬਾਰੇ ਮਨੌਤਾਂ ਜਾਂਚਣ ਲਈ ਇਕ ਦਿਸ਼ਾ ਮਾਰਗ ਇਹ ਹੈ: ਪਤਾ ਕੀਤਾ ਜਾਵੇ ਕਿ ਪਿਛਲੇ ਸਾਲ ਲਾਏ ਅਨੁਮਾਨ ਕਿੱਥੋਂ ਤੱਕ ਸਹੀ ਸਾਬਿਤ ਹੋਏ। 2022-23 ਦੇ ਬਜਟ ਵਿਚ ਨਿਰੋਲ ਕੁੱਲ ਘਰੇਲੂ ਪੈਦਾਵਾਰ 11 ਫ਼ੀਸਦ ਰਹਿਣ ਦਾ ਅਨੁਮਾਨ ਸੀ। ਇਸ ਤੋਂ ਬਾਅਦ ਆਰ.ਬੀ.ਆਈ. ਦੇ ਅਨੁਮਾਨ ਮੁਤਾਬਕ ਅਸਲ ਜੀ.ਡੀ.ਪੀ. 6.8 ਫ਼ੀਸਦ ਅਤੇ ਮਹਿੰਗਾਈ ਦਰ 6.7 ਫ਼ੀਸਦ ਰਹੇਗੀ ਜਿਸ ਦੇ ਸਿੱਟੇ ਵਜੋਂ ਨਿਰੋਲ ਜਾਂ ਨੋਮੀਨਲ ਜੀ.ਡੀ.ਪੀ. ਵਿਚ ਵਾਧਾ 13.5 ਫ਼ੀਸਦ ਰਿਹਾ। ਇਸ ਲਈ ਨਿਰੋਲ ਜੀ.ਡੀ.ਪੀ. ਅਨੁਮਾਨ ਨਾਲੋਂ ਜ਼ਿਆਦਾ ਰਹੀ ਜਿਸ ਨਾਲ ਰਾਜਕੋਸ਼ੀ ਘਾਟਾ ਸਨਮਾਨਜਨਕ ਨਜ਼ਰ ਆਉਂਦਾ ਹੈ।

ਅਗਲੇ ਵਿੱਤ ਵਰ੍ਹੇ ਲਈ ਸਰਕਾਰ ਦਾ ਅਨੁਮਾਨ ਹੈ ਕਿ ਨਿਰੋਲ ਜੀ.ਡੀ.ਪੀ. 10.5 ਫ਼ੀਸਦ ਰਹੇਗੀ; ਭਾਵ, ਚਾਲੂ ਵਿੱਤੀ ਵਰ੍ਹੇ ਜਿੰਨੀ ਹੀ। ਨਿਰੋਲ ਜਾਂ ਨੋਮੀਨਲ ਰਾਜਕੋਸ਼ੀ ਘਾਟਾ ਵੀ ਚਾਲੂ ਵਿੱਤੀ ਵਰ੍ਹੇ ਦੇ ਰਾਜਕੋਸ਼ੀ ਘਾਟੇ ਜਿੰਨਾ ਹੀ ਰਹਿਣ ਦਾ ਅਨੁਮਾਨ ਹੈ। ਇਸ ਲਈ ਜੇ ਅਸਲ ਜੀ.ਡੀ.ਪੀ. ਦੀ ਵਿਕਾਸ ਦਰ ਅਤੇ ਮਹਿੰਗਾਈ ਦਰ ਨੂੰ ਮਿਲਾ ਕੇ ਦੇਖਿਆ ਜਾਵੇ ਤਾਂ ਇਹ ਵੀ ਚਾਲੂ ਵਿੱਤ ਵਰ੍ਹੇ ਜਿੰਨੀਆਂ ਹੀ ਰਹਿਣਗੀਆਂ। ਉਂਝ, ਜੇ ਤੁਸੀਂ ਰਾਜਕੋਸ਼ੀ ਘਾਟੇ ਦੇ ਅੰਕੜੇ (ਨਿਰੋਲ ਜੀ.ਡੀ.ਪੀ. ਦੀ ਫ਼ੀਸਦ ਵਜੋਂ) 'ਤੇ ਝਾਤ ਪਾਉਂਦੇ ਹੋ ਤਾਂ ਜਾਪਦਾ ਹੈ ਕਿ ਹਾਲਾਤ ਵਿਚ ਸੁਧਾਰ ਹੋਇਆ ਹੈ! ਕਾਸ਼! ਇਹ ਮਾਜਰਾ ਸਾਡੇ ਵਰਗੇ ਲੋਕ ਵੀ ਜਾਣ ਸਕਣ।

ਕਹਾਣੀ

# ਪੰਜਾਬ ਵਾਪਸੀ

**ਅਮਰੀਕਾ ਵੱਸਦੇ ਲਿਖਾਰੀ ਚਰਨਜੀਤ ਸਿੰਘ ਪੰਨੂ ਦੀ ਕਹਾਣੀ 'ਪੰਜਾਬ ਵਾਪਸੀ' ਉਸ ਆਮ ਬੰਦੇ ਦੀ ਹੋਈ-ਬੀਤੀ ਹੈ ਜਿਹੜਾ ਪੈਰ-ਪੈਰ 'ਤੇ ਵਧੀਕੀਆਂ ਦੇ ਵੱਸ ਪਿਆ ਹੋਇਆ ਹੈ। ਲਿਖਾਰੀ ਨੇ ਇਸ ਬੇਵੱਸੀ ਨੂੰ ਮਾਰਮਿਕ ਰੂਪ ਵਿਚ ਪੇਸ਼ ਕੀਤਾ ਹੈ। ਖੱਟੀ ਕਰਨ ਲਈ ਪਰਦੇਸੀ ਹੋਏ ਜਿਊੜਿਆਂ ਨੂੰ ਤੰਤਰ ਦਾ ਇਹ ਕੁਹਜ ਇਸੇ ਤਰ੍ਹਾਂ ਖੂੰਖਾਰ ਹੋ ਕੇ ਟੱਕਰਦਾ ਹੈ।**

ਪੰਜਾਬ ਦੀਆਂ ਸਖ਼ਤ ਹਵਾਵਾਂ ਜ਼ਰਾ ਕੁ ਨਰਮ ਹੋਈਆਂ। ਅਸਮਾਨ ਵਿਚ ਤਰਦੇ ਕਾਲੇ ਬੋਲੇ ਬੱਦਲ ਖਿੰਡ ਗਏ। ਲੋਕ ਹੁਣ ਰਾਤ ਤੱਕ ਸੜਕਾਂ 'ਤੇ ਫਿਰ ਸਕਦੇ ਸਨ। ਪਿੰਡੋਂ ਸ਼ਹਿਰ ਤੇ ਸ਼ਹਿਰੋਂ ਪਿੰਡ ਜਾਣ ਲਈ ਰਿਕਸ਼ੇ, ਟਾਂਗੇ, ਟੈਕਸੀਆਂ ਦੇਰ ਰਾਤ ਤੱਕ ਮਿਲ ਸਕਦੀਆਂ ਸਨ। ਲੋਕਾਂ ਸੁੱਖ ਦਾ ਸਾਹ ਲਿਆ। ਹੁਣ ਖਾੜਕੂਆਂ ਦਾ ਕੋਈ ਡਰ ਨਹੀਂ ਸੀ ਤੇ ਨਾ ਹੀ ਪੁਲਸੀਆਂ ਦਾ। ਨਾ ਹੀ ਲੋਕ ਹੁਣ ਵਰਦੀ ਵਾਲੇ ਅੱਤਵਾਦੀਆਂ ਤੋਂ, ਤੇ ਨਾ ਹੀ ਕਾਲੀਆਂ ਬਿੱਲੀਆਂ ਜਾਂ ਕਾਲੇ ਕੱਛੇ ਵਾਲੇ ਕੁੱਤਿਆਂ ਤੋਂ ਡਰਦੇ ਸਨ।

ਪੰਜਾਬ ਦੇ ਮਾਪਿਆਂ ਨੇ ਪੁਲਿਸ ਤੋਂ ਡਰਦੇ ਜਾਂ ਅੱਤਵਾਦੀਆਂ ਤੋਂ ਡਰਦੇ ਆਪਣੇ ਬੱਚੇ ਕੈਨੇਡਾ, ਅਮਰੀਕਾ ਜਾਂ ਬਾਹਰਲੇ ਸੂਬਿਆਂ ਵਿਚ ਭੇਜ ਛੱਡੇ ਸਨ, ਉਹ ਹੁਣ ਹੌਲੀ-ਹੌਲੀ ਆਪਣੇ ਘਰਾਂ ਨੂੰ ਪਨਾਹਗੀਰਾਂ ਵਾਂਗ ਪਰਤਣ ਲੱਗੇ। ਕਿੰਨਾ ਕਹਿਰ ਤੇ ਬਿਗਾਨਾਪਨ ਸੀ ਇਨ੍ਹਾਂ ਹਵਾਵਾਂ ਵਿਚ! ਕੁੱਝ



**ਚਰਨਜੀਤ ਸਿੰਘ ਪੰਨੂ**
**ਫੋਨ: 408-608-4961**

ਚੋਣਵੀਂਆਂ ਜਵਾਨੀਆਂ ਖਾੜਕੂਆਂ ਨੇ ਚੁਣ ਲਈਆਂ ਤੇ ਕੁੱਝ ਹੋਰ ਬਾਕੀ ਰਹਿੰਦੇ ਨੌਜੁਆਨ ਪੁਲਿਸ ਮੁਕਾਬਲਿਆਂ ਵਿਚ ਖ਼ਤਮ ਹੋ ਗਏ ਜਾਂ ਪੁਲਿਸ ਚੁੱਕ ਕੇ ਅਣਦੱਸੀ ਥਾਂ ਲੈ ਗਈ।

ਹੁਣ ਪੰਜਾਬ ਦੇ ਵਾਤਾਵਰਨ ਵਿਚ ਨਵੀਂ ਜਵਾਨੀ ਪਰਤੀ ਸੀ। ਪੁਲਿਸ ਵਾਲਿਆਂ ਨੇ ਆਮ ਜਨਤਾ ਦੇ ਜਾਨ ਤੇ ਮਾਲ ਦੀ ਰਾਖੀ ਕਰਨ ਦਾ ਵਚਨ ਲਿਆ ਸੀ ਤੇ ਭਰੋਸਾ ਦਿਵਾਇਆ ਸੀ। ਏਸੇ ਕਰਕੇ ਅਖ਼ਬਾਰਾਂ ਦੀਆਂ ਖ਼ਬਰਾਂ ਪੜ੍ਹ-ਪੜ੍ਹ ਕੇ ਅੰਬਾਂ ਸੇਠ ਅੱਜ ਕਿੰਨੇ ਸਾਲਾਂ ਪਿੱਛੋਂ ਪੰਜਾਬ ਪਰਤਿਆ ਸੀ। ਸ਼ੰਭੂ ਬੈਰੀਅਰ 'ਤੇ ਦਾਖਲ ਹੁੰਦਿਆਂ ਉਸ ਦੀਆਂ ਅੱਖਾਂ ਜ਼ਜ਼ਬਾਤਾਂ ਦੇ ਹੜ੍ਹ ਨਾਲ ਤਰ ਹੋ ਗਈਆਂ। ਚੈਕਿੰਗ ਲਈ ਟਰੱਕਾਂ ਦੀ ਲਾਈਨ ਲੱਗੀ ਹੋਈ ਸੀ...। ਪਰ ਉਸ ਨੂੰ ਤਾਂ ਅੱਜ ਜਲਦੀ ਸੀ, ਉਹ ਬਹੁਤ ਜਲਦੀ ਆਪਣੇ ਪਿੰਡ ਦੀ ਮਿੱਟੀ ਦਾ ਸਪਰਸ਼ ਮਾਣਨ ਲਈ ਵਿਆਕੁਲ ਸੀ। ਟਰੱਕ ਪਾਸੇ-ਪਾਸੇ ਕਰ ਕੇ ਉਹ ਅੱਗੇ ਲੰਘਿਆ। ਦੂਰੋਂ ਹੌਲਦਾਰ ਸਾਹਿਬ ਮੁਸਕਰਾਉਂਦੇ ਉਸ ਦੀ ਤਾਕੀ ਲਾਗੇ ਆ ਖੜ੍ਹੇ ਹੋਏ। ਉਸ ਨੇ ਜੇਬ ਵਿਚੋਂ ਵੀਹ ਦਾ ਨੋਟ ਕੱਢਿਆ, ਤੇ ਉੱਧਰ ਸਰਕਾਇਆ।

'ਇਹ ਪੰਜਾਬ ਹੈ ਭਾਈ! ਇੱਥੇ ਵੀਹ-ਵੂਹ ਨਹੀਂ ਚੱਲਦੇ।'

'ਮੈਂ ਵੀ ਪੰਜਾਬੀ ਹਾਂ, ਹੌਲਦਾਰਾ! ਕੀ ਹੋਇਆ ਮੇਰਾ ਨੰਬਰ ਬੰਬੇ ਦਾ ਹੈ।'

'ਤਾਂ ਫਿਰ ਕੱਢ ਕਾਗ਼ਜ਼।' ਅਜੇਹੇ ਦਬਕੇ ਤਾਂ ਉਹ ਹਰ ਰੋਜ਼ ਝੱਲਦਾ ਆਇਆ ਸੀ।

ਉਸ ਨੇ ਕਾਗ਼ਜ਼ ਕੱਢ ਕੇ ਉਸ ਦੇ ਹੱਥ ਫੜਾਏ। ਸਭ ਠੀਕ-ਠੀਕ ਸੀ।

'ਲਿਖਾ ਫਿਰ ਚਲਾਨ...।' ਹੌਲਦਾਰ ਦੀਆਂ ਮੁੱਛਾਂ ਵਿਚ ਕਾਂਬਾ ਜਿਹਾ ਛਿੜ ਗਿਆ।

'ਕਾਹਦਾ ਚਲਾਨ ...?' ਉਸ ਨੇ ਵੀ ਅੱਗੋਂ ਡਰੈਵਰੀ ਰੋਹਬ ਝਾੜਿਆ।

'ਤੂੰ ਗੱਡੀ ਲਾਈਨ ਤੋਂ ਪਾਸੇ ਖੜੀ ਕਰ ਕੇ ਟਰੈਫ਼ਿਕ ਵਿਚ ਰੁਕਾਵਟ ਪਾਈ ਹੈ...।'

'ਮੈਨੂੰ ਜ਼ਰਾ ਜਲਦੀ ਹੈ, ਹੌਲਦਾਰ ਸਾਹਿਬ।' ਹੁਣ ਉਸ ਨੇ ਪੰਜਾਹ ਦਾ ਨੋਟ ਕੱਢ ਕੇ ਉਸ ਵੱਲ ਵਧਾਇਆ।

'ਚੱਲੋ ਓਏ...! ਕਰੋ ਇਹਦੀ ਤਲਾਸ਼ੀ ! ਉੱਤਰ ਥੱਲੇ...।' ਹੌਲਦਾਰ ਨੇ ਡੰਡਾ ਖੜਕਾਇਆ। ਕੁੱਝ ਹੋਰ ਸਿਪਾਹੀ ਨਾਲ ਆ ਰਲੇ।

'ਕੀ ਲੱਦਿਆ ਈ?' ਉਨ੍ਹਾਂ ਨੇ ਖਿੱਚ ਕੇ ਉਸ ਨੂੰ ਥੱਲੇ ਉਤਾਰ ਲਿਆ।

'ਕੇਲਾ ਹੈ...ਦੇਖ ਲੋ...।'

'ਹਾਂ ਤੇ ਜ਼ਰਾ ਚੰਗੀ ਤਰ੍ਹਾਂ ਵੇਖੋ...ਇਹਦੇ ਵਿਚ ਪਲੇਗ ਦੇ ਕੀਟਾਣੂ ਵੀ ਹੋਣਗੇ...ਗੱਡੀ ਅੱਗੇ ਨਹੀਂ ਜਾ ਸਕਦੀ...।' ਹੌਲਦਾਰ ਦੇ ਲਹਿਜ਼ੇ ਵਿਚ ਕੁੱਝ ਗਰਮੀ ਆ ਗਈ।

'ਵਿਸਕੀ ਦੀਆਂ ਦੋ ਬੋਤਲਾਂ।' ਤਲਾਸ਼ੀ ਲੈਂਦੇ ਇੱਕ ਸਿਪਾਹੀ ਨੇ ਬੋਤਲਾਂ ਉੱਪਰ ਉਲਾਰਦੇ ਆਪਣੀ ਕਾਰਗੁਜ਼ਾਰੀ ਦਾ ਸਬੂਤ ਦਿੱਤਾ।

'ਚਲੋ ਗੱਡੀ ਥਾਣੇ ਲੈ ਚੱਲੋ... ਇਹ ਸਮਗਲਿੰਗ ਦਾ ਬਹੁਤ ਗੰਭੀਰ ਮਾਮਲਾ ਹੈ।' ਉਹ ਸਾਰੇ ਗੱਡੀ ਵਿਚ ਚੜ੍ਹ ਗਏ। ਉਸ ਦਾ ਕਲੀਨਰ ਬੈਰੀਅਰ ਤੋਂ ਰਾਹਦਾਰੀ ਲੈ ਆਇਆ ਸੀ। ਹੁਣ ਉਸ ਦੀ ਗੱਡੀ ਪੰਜਾਬ ਵਿਚ ਸੀ, ਉਸ ਦੇ ਆਪਣੇ ਪੰਜਾਬ ਵਿਚ, ਤੇ ਪੰਜਾਬ ਦੇ ਲੋਕਾਂ ਦੇ ਰਖਵਾਲੇ ਉਸ ਦੇ ਨਾਲ ਬੈਠੇ ਸਨ।

'ਹਾਂ ਫਿਰ, ਦੱਸ ਕੀ ਇਰਾਦਾ...?' ਇੱਕ ਸਿਪਾਹੀ ਨੇ ਫਿਰ ਧਮਕੀ ਜਿਹੀ ਮਾਰੀ।

'ਫੜ ਯਾਰ...।' ਹੁਣ ਉਸ ਨੇ ਸੌ ਦਾ ਨੋਟ ਕੱਢਿਆ।

'ਨਹੀਂ! ਇਹ ਸੌਦਾ ਨਹੀਂ ਬਣਨਾ, ਤੂੰ ਪੰਜਾਬ ਪੁਲਿਸ ਨੂੰ ਨਹੀਂ ਜਾਣਦਾ, ਇਹ ਸੌ ਪੰਜਾਹ ਤਾਂ ਭਈਆਂ ਦੇ ਸੌਦੇ ਨੇ, ਸਾਡੇ ਤਾਂ ਘੱਟੋ ਘੱਟ ਇਕ ਹਜ਼ਾਰ ਲੱਗੂ...ਜੇ ਚਲਾਨ ਹੋ ਗਿਆ ਤਾਂ ਫਿਰ ਵੇਖੀਂ ਕਿੰਨੀ ਵੀਹੀ ਸੌ ਹੁੰਦਾ ਹੈ।' ਉਸ ਦੇ ਸਾਹਮਣੇ ਇਕਦਮ ਠਾਣੇ, ਕਚਹਿਰੀ, ਵਕੀਲ, ਮੁਨਸ਼ੀ, ਜੇਲ੍ਹ ਸਭ ਰੀਲ ਵਾਂਗ ਘੁੰਮ ਗਏ।

'ਤੇ ਫਿਰ ਪੰਜ ਸੌ ਵਿਚ ਸਾਰ ਲਉ ਮੇਰੇ ਯਾਰ...। ਮੈਂ ਤਾਂ ਬੜੀ ਦੇਰ ਬਾਅਦ ਪੰਜਾਬ ਆਉਣ ਦੀ ਗ਼ਲਤੀ ਕੀਤੀ ਹੈ...।'

'ਹੈ! ਸਾਲਾ ਪੰਜ ਸੌ ਦਾ...। ਅਸੀਂ ਤੇਰੇ ਮੰਗਤੇ ਹਾਂ? ਤੂੰ ਸ਼ੁਕਰ ਕਰ, ਤੇਰੇ ਛਿੱਤਰ ਪਰੇਡ ਨਹੀਂ ਹੋਈ...।'

ਡਰਾਈਵਰ ਨੇ ਕੋਈ ਹੋਰ ਚਾਰਾ ਨਾ ਚਲਦਾ ਵੇਖ ਕੇ ਸੌ-ਸੌ ਦੇ ਦਸ ਨੋਟ ਕੱਢ ਕੇ ਉੱਧਰ ਵਗਾਹ ਮਾਰੇ ਤੇ ਉਹ ਬੜੇ ਆਰਾਮ ਨਾਲ ਥੱਲੇ ਉਤਰ ਗਏ।

ਥੋੜੀ ਦੂਰ ਅੱਗੇ ਗਿਆ। ਕੁੱਝ ਖ਼ਾਕੀ ਵਰਦੀ ਵਾਲੇ ਲਾਲ ਰੁਮਾਲ ਹਿਲਾ ਰਹੇ ਸਨ।

'ਵੱਡਾ ਸਾਹਿਬ ਹੈ ਅੱਗੇ...।' ਇਕ ਲਾਲ ਪਗੜੀ ਵਾਲੇ ਨੇ ਪਾਸੇ ਖੜ੍ਹੀ ਕਾਰ ਵੱਲ ਇਸ਼ਾਰਾ ਕੀਤਾ।

'ਤੂੰ ਗੱਡੀ ਇੰਨੀ ਓਵਰ ਲੋਡ ਕਿਉਂ ਕੀਤੀ? ਕਾਗ਼ਜ਼? ਟੈਕਸ?...'

ਡਰਾਈਵਰ ਨੇ ਪੰਜਾਹ ਦਾ ਨੋਟ ਕੱਢ ਕੇ ਬਾਹਰ ਵਧਾਇਆ। ਇਨ੍ਹਾਂ ਮੂਰਖਾਂ ਭੁੱਖਿਆਂ ਨਾਲ ਬਾਰ ਬਾਰ...ਕੌਣ ਸਿਰ ਖਪਾਈ ਕਰੇ! ਸੰਤਰੀ ਸਾਹਿਬ ਨੇ ਨੋਟ ਜੇਬ ਵਿਚ ਪਾਇਆ ਤੇ ਹੱਥ ਦੇ ਇਸ਼ਾਰੇ ਨਾਲ ਜਾਣ ਦੀ ਖੁੱਲ੍ਹ ਦੇ ਦਿੱਤੀ।

'ਇਹ ਤਾਂ ਸੇਠ! ਕੋਈ ਨਕਲੀ ਸਾਹਿਬ ਹੀ ਲਗਦਾ...?' ਕਲੀਨਰ ਨੇ ਬਾਹਰ ਝਾਤੀ ਮਾਰਦੇ ਕਿਹਾ।

'ਚਲ ਦਫ਼ਾ ਕਰ...।' ਸੌ ਪੰਜਾਹ ਰੂਪੈ ਪਿੱਛੇ ਆਪਣਾ ਹੋਰ ਸਮਾਂ ਖ਼ਰਾਬ ਕਰਾਂਗੇ...। ਟਾਈਮ ਹੁੰਦਾ ਤਾਂ ਸਾਲੇ ਨੂੰ ਨਾਨੀ ਯਾਦ ਕਰਾ ਦਿੰਦੇ...। ਟਰੱਕ ਦਾ ਬਾਹਰਲਾ ਨੰਬਰ ਦੇਖ ਕੇ ਲੁਧਿਆਣਾ ਬਾਈ ਪਾਸ 'ਤੇ ਇੱਕ ਸਿਪਾਹੀ ਦੌੜਿਆ ਆਇਆ... ਉਸ ਨੇ ਮਲਕੜੇ ਜਿਹੇ ਕੱਢ ਕੇ ਪੰਜਾਹ ਦਾ ਨੋਟ ਉਸ ਦੇ ਹਵਾਲੇ ਕਰ ਦਿੱਤਾ...ਤੇ ਨਾਲੇ ਇਕ ਨੋਟ ਬੁੱਕ ਵੀ, 'ਐਂਟਰੀ?' ਸਿਪਾਹੀ ਨੇ ਚੁੱਪਚਾਪ ਕਾਪੀ ਵਿਚ ਕੁੱਝ ਐਕਸ ਵਾਈ ਕੋਡ ਲਿਖ ਦਿੱਤੇ। ਉਹ ਸਮਝ ਗਿਆ ਹੁਣ ਲੁਧਿਆਣਾ ਜ਼ਿਲ੍ਹਾ ਉਹ ਨਿਰਵਿਘਨ ਪਾਸ ਕਰ ਸਕਦਾ ਹੈ।

'ਇਹ ਤਾਂ ਲਾਗ ਦੇਣਾ ਹੀ ਪੈਣੈ, ਨਹੀਂ ਤੇ ਹੋਰ ਖੱਜਲ ਖੁਆਰ ਕਰਨਗੇ।' ਅੰਬੇ ਨੇ ਕੌੜਾ ਘੁੱਟ ਭਰਿਆ।

ਅਗਲੇ ਚੌਕ ਵਿਚ ਫਿਰ ਉਹੋ ਜਿਹੀ ਹੋਰ ਤਿੱਕੜੀ...

'ਹੋ ਗਿਆ ਹੋ ਗਿਆ...।' ਅੰਬੇ ਨੇ ਕਾਪੀ ਬਾਹਰ ਕੱਢ ਕੇ ਵਿਖਾਲਦੇ ਕਿਹਾ...। ਦੋ ਜ਼ਿਲ੍ਹੇ ਇਸ ਤਰ੍ਹਾਂ ਹੀ ਲੰਘ ਗਏ।

ਆਪਣਾ ਜ਼ਿਲ੍ਹਾ, ਤਰਨਤਾਰਨ ਨੇੜੇ ਆ ਰਿਹਾ ਸੀ। ਉਹ ਸ਼ਹਿਰ, ਹੁਣ ਉਸ ਦਾ ਆਪਣਾ ਇਲਾਕਾ, ਜਿਸ ਨੇ ਉਸ ਨੂੰ ਅੰਬੇ ਤੋਂ ਅੰਬਾ ਖਾੜਕੂ ਬਣਾਇਆ ਤੇ ਫਿਰ ਡਰਾਈਵਰ ਤੇ ਫਿਰ ਟਰੱਕ ਦਾ ਮਾਲਕ ਅੰਬਾ ਸੇਠ। ਉਸ ਨੇ ਸਿਰ ਨਿਵਾ ਕੇ ਧਰਤੀ ਨੂੰ ਸਿਜਦਾ ਕੀਤਾ। ਬਾਹਰ ਨਾ ਦੌੜਦਾ ਤਾਂ ਪਤਾ ਨਹੀਂ ਹੁਣ ਤੱਕ ਕਿੰਨੀਆਂ ਕੁ ਜੇਲ੍ਹਾਂ ਕੱਟਣੀਆਂ ਪੈਣੀਆਂ ਸਨ, ਪੁਲਿਸ ਦੇ




ਕਿੰਨੇ ਤਸੀਹੇ ਝੱਲਣੇ ਸਨ, ਖਾੜਕੂ ਬਣਨਾ ਸੀ ਜਾਂ ਅੱਤਵਾਦੀ...ਜਾਂ ਫਿਰ ਸ਼ਹੀਦ ਕਹਾਉਣਾ ਸੀ।

ਗੱਲ ਕੀ ਸੀ? ਗੱਲ ਤਾਂ ਕੁੱਝ ਵੀ ਨਹੀਂ ਸੀ। ਥਾਣੇਦਾਰ ਨੇ ਜਦ ਪਿੰਡ ਦੇ ਸਿਮਰੂ ਅਮਲੀ ਨੂੰ ਦੋਵੇਂ ਬਾਂਹਾਂ ਬੰਨ੍ਹ ਕੇ ਮੂੰਹ ਕਾਲਾ ਕਰ ਕੇ ਪਿੰਡ ਵਿਚ ਘੁਮਾਉਣ ਲਈ ਹੁਕਮ ਦਿੱਤਾ ਸੀ ਤਾਂ ਅੰਬਾ ਹੀ ਸੀ, ਜਿਸ ਨੇ ਇਸ ਦਾ ਵਿਰੋਧ ਕੀਤਾ ਸੀ ਤੇ ਕਿਹਾ ਸੀ, 'ਮੂੰਹ ਕਾਲਾ ਇਸ ਦਾ ਨਾ ਕਰੋ, ਉਸ ਲਾਲੇ ਦਾ ਕਰੋ ਜਿਸ ਨੇ ਲਾਲਚ ਦੇ ਕੇ ਇਸ ਨੂੰ ਭੁੱਕੀ ਵੇਚਣ ਲਈ ਦਿੱਤੀ।' ਬੱਸ ਫਿਰ ਕੀ ਸੀ, ਥਾਣੇਦਾਰ ਵੀ ਖ਼ਿਲਾਫ਼, ਲਾਲਾ ਵੀ ਖ਼ਿਲਾਫ਼ ਤੇ ਲਾਲੇ ਦੇ ਹਮਾਇਤੀ ਵੀ ਖ਼ਿਲਾਫ਼। ਯਾਨੀ ਕਿ ਸਾਰਾ ਪਿੰਡ ਹੀ ਖ਼ਿਲਾਫ਼। ਅਮਲੀ ਦੇ ਨਾਲ ਇਹਨੂੰ ਵੀ ਫੜ ਕੇ ਥਾਣੇ ਲੈ ਗਏ। ਅਖੇ ਖਾੜਕੂ ਹੈ ਇਹ! ਇਸ ਨੇ ਪੁਲਿਸ ਮੁਕਾਬਲਾ ਕਰਨ ਦੀ ਕੋਸ਼ਿਸ਼ ਕੀਤੀ ਏ। ਪਿੰਡ ਦੇ ਪੰਚਾਂ-ਸਰਪੰਚਾਂ ਨੇ ਜਾ ਕੇ ਇਸ ਦੇ ਠੀਕ ਆਚਰਨ ਦੀ ਸਫ਼ਾਈ ਦਿੱਤੀ ਸੀ ਤੇ ਥਾਣੇਦਾਰ ਦੀ ਮੁੱਠੀ ਗਰਮ ਕਰ ਕੇ ਉਸ ਨੂੰ ਮਸਾਂ ਛੁਡਾਇਆ ਸੀ।

'ਪੁਲਿਸ ਦਾ ਡੰਗ ਤੇਜ਼ ਹੈ ਸੱਜਣੋ, ਜਿਹਨੂੰ ਮਰਜ਼ੀ ਫੜੇ, ਜਿਹਨੂੰ ਮਰਜ਼ੀ ਛੱਡੇ, ਜਿਹਨੂੰ ਮਰਜ਼ੀ ਅੱਤਵਾਦੀ ਬਣਾ ਦੇਵੇ, ਜਿਹਨੂੰ ਮਰਜ਼ੀ ਚੋਰ...ਕੋਈ ਦਾਤ ਫ਼ਰਿਆਦ ਨਹੀਂ, ਛਿੱਤਰ ਵੀ ਮਾਰਦੇ ਨੇ ਤੇ ਰੋਣ ਵੀ ਨਹੀਂ ਦਿੰਦੇ।' ਅਮਲੀ ਵਿਚਾਰੇ ਨੇ ਰੋਂਦੇ ਹੋਏ ਕਿਹਾ ਸੀ।

ਫਿਰ ਕੁੱਝ ਦਿਨਾਂ ਬਾਅਦ ਰਾਤ ਬਾਰਾਂ ਵਜੇ ਉਨ੍ਹਾਂ ਦਾ ਦਰਵਾਜ਼ਾ ਖੜਕਿਆ। ਬਾਪੂ ਨੇ ਡਰਦੇ ਡਰਦੇ ਦਰਵਾਜ਼ਾ ਖੋਲ੍ਹਿਆ...ਚਾਰ ਆਦਮੀ ਮੂੰਹ ਬੰਨ੍ਹੀ ਧੂੱਸ ਦਿੱਤੀ ਅੰਦਰ ਵੜ ਆਏ।

'ਕਿਥੇ ਐ ਅੰਬਾ ...?' ਦਬਕਾਵੀਂ ਰੋਹਬਦਾਰ ਆਵਾਜ਼ ਸੁਣ ਕੇ ਮਾਂ ਕੰਬਣ ਲੱਗੀ। ਉਨ੍ਹਾਂ ਨੂੰ ਸਮਝਣ ਵਿਚ ਜ਼ਰਾ ਵੀ ਦੇਰ ਨਾ ਲੱਗੀ। ਅਖ਼ਬਾਰਾਂ ਰਸਾਲਿਆਂ ਦੀਆਂ ਸੁਰਖ਼ੀਆਂ ਵਾਲੇ ਹੀਰੋ ਕਾਲੀਆਂ ਲੋਈਆਂ ਵਿਚ ਲਪੇਟੇ ਸਾਹਮਣੇ ਖੜੇ ਸਨ।

'ਸਾਨੂੰ ਮੁਆਫ਼ ਕਰ ਦਿਓ ਬਾਬਿਓ।' ਸਾਡੇ ਤਾਂ ਅੱਗੇ ਹੀ ਪੁਲਿਸ ਵਾਲੇ ਖਹਿੜਾ ਨਹੀਂ ਛੱਡਦੇ।' ਬਾਪੂ ਨੇ ਫ਼ਰਿਆਦ ਕੀਤੀ।

'ਤੁਸੀਂ ਉਹਨੂੰ ਸਾਡੇ ਨਾਲ ਭੇਜ ਦਿਓ... ਅਸੀਂ ਉਹਨੂੰ ਕੁੱਝ ਨਹੀਂ ਕਹਿਣਾ, ਤੁਹਾਡਾ ਮੁੰਡਾ ਬਹੁਤ ਬਹਾਦਰ ਹੈ ਜੀਹਨੇ ਪੁਲਿਸ ਵਾਲੇ ਪਿੰਡੋਂ ਦੁੜਾ ਦਿੱਤੇ, ਸਾਡੀ ਪੰਥਕ ਜਥੇਬੰਦੀ ਨੂੰ ਉਸ ਦੀ ਬੜੀ ਲੋੜ ਹੈ।' ਅਜਨਬੀ ਆਗੂ ਬਿਨਾ ਰੁਕੇ ਕਹਿੰਦਾ ਗਿਆ।

'ਮੇਰੇ ਪੁੱਤ ਨੂੰ ਨਾ ਲਿਜਾਇਓ ਸੋਹਣਿਓ।' ਮਾਂ ਦੀ ਲਿਲ੍ਹਕੜੀ ਉਸ ਨੇ ਦਰਵਾਜ਼ੇ ਪਿੱਛੇ ਖੜ ਕੇ ਸੁਣੀ ਸੀ।

'ਮਾਤਾ ਜੀ! ਚਿੰਤਾ ਨਾ ਕਰੋ! ਕੋਈ ਪੁਲਿਸ ਵਾਲਾ ਤੁਹਾਡੇ ਵੱਲ ਉਂਗਲ ਕਰੇ ਤਾਂ ਅਸੀਂ ਜ਼ਿੰਮੇਵਾਰ ਹਾਂ।'

'ਸਾਡੇ ਕੋਲ ਕਿਹੜਾ ਕੋਈ ਹੋਰ ਐ...ਸਾਨੂੰ ਬਖ਼ਸ਼ ਦਿਓ ਬੱਚਿਓ।'

'ਤਾਂ ਫਿਰ ਕੰਨ ਖੋਲ੍ਹ ਕੇ ਸੁਣ ਲਉ...ਅਸੀਂ ਐਤਵਾਰ ਨੂੰ ਆਵਾਂਗੇ, ਜਾਂ ਉਹਨੂੰ ਸਾਡੇ ਨਾਲ ਭੇਜ ਦਿਓ ਤੇ ਜਾਂ...ਇੱਕ ਲੱਖ ਰੂਪੈ ਨਕਦ।' ਉਹ ਚਲਦੇ ਬਣੇ।

ਅਗਲੇ ਦਿਨ ਘਰ ਨੂੰ ਤਾਲਾ ਲੱਗ ਗਿਆ ਸੀ। ਬਾਪੂ ਨੇ ਇੱਕ ਲੱਖ ਮੇਰੇ ਪੱਲੇ ਬੰਨ੍ਹ ਕੇ ਮੈਨੂੰ ਬੰਬੇ ਦੀ ਗੱਡੀ ਰਿਸ਼ਤੇਦਾਰਾਂ ਵੱਲ ਚੜ੍ਹਾ ਦਿੱਤਾ ਸੀ ਤੇ ਮਾਂ ਬਾਪੂ ਨੂੰ ਲੈ ਕੇ ਆਪਣੇ ਪੇਕੇ ਚਲੀ ਗਈ ਸੀ।

'ਜਦੋਂ ਡੰਢ-ਠੰਢੌੜਾ ਹੋਇਆ ਤਾਂ ਅਸੀਂ ਆਪੇ ਤੈਨੂੰ ਬੁਲਾ ਲਵਾਂਗੇ।' ਮਾਂ ਨੇ ਕਿੰਨਾ ਭਾਰਾ ਪੱਥਰ ਛਾਤੀ ਧਰ ਕੇ ਇਕਲੌਤੇ ਪੁੱਤ ਨੂੰ ਤੋਰ ਦਿੱਤਾ ਸੀ। ਪਲਕ ਝਲਕ ਵਿਚ ਬੀਤ ਚੁੱਕੀ ਡਾਇਰੀ ਦੇ ਸਾਰੇ ਪੰਨੇ ਉਸ ਦੇ ਸਾਹਮਣੇ ਆਪਣੇ ਆਪ ਉਲਟਦੇ ਗਏ।

ਟਰੱਕ ਸੜਕ ਦੇ ਪਾਸੇ ਖੜ੍ਹਾ ਕਰ ਕੇ ਉਹ ਬਾਜ਼ਾਰ ਵਿਚ ਵੜ ਗਿਆ। ਸ਼ਹਿਰ ਵਿਚ ਖ਼ੂਬ ਗਹਿਮਾ-ਗਹਿਮੀ ਸੀ। ਹੋਰ ਲੋਕਾਂ ਵਾਂਗ ਉਹ ਵੀ ਜਲਦੀ ਜਲਦੀ ਸੌਦਾ ਪੱਤਾ ਲੈ ਕੇ ਘਰ ਪਹੁੰਚਣ ਦੀ ਤੜਫਣਾ ਵਿਚ ਸੀ। ਆਂਢੀ-ਗੁਆਂਢੀ ਭਰਾ-ਭਤੀਜਿਆਂ ਲਈ ਫਲ-ਫਰੂਟ, ਮਠਿਆਈ, ਕੱਪੜੇ ਤੇ ਹੋਰ ਨਿਕ-ਸੁੱਕ ਲੈ ਕੇ ਵਾਪਸ ਮੁੜਿਆ। ਗੱਡੀ ਦੇ ਬੋਨਟ 'ਤੇ ਬੈਠਾ ਸਿਪਾਹੀ ਉਸ ਨੂੰ ਆਉਂਦਾ ਵੇਖ ਕੇ ਪਹਿਲਾਂ ਮੁਸਕਰਾਇਆ ਤੇ ਫਿਰ ਘੂਰੀ ਪਾ ਕੇ ਗਰਜਿਆ।

'ਓ ਤੇਰਾ ਏ ਟਰੱਕ ਬਾਊ...?'

'ਹਾਂ ਜੀ...।' ਹੱਥ ਦੇ ਲਿਫ਼ਾਫ਼ੇ ਉਸ ਤੋਂ ਮਸਾਂ ਡਿਗਦੇ ਡਿਗਦੇ ਬਚੇ।

'ਤੈਨੂੰ ਨਹੀਂ ਪਤਾ, ਇੱਥੇ ਟਰੱਕ ਖੜ੍ਹਾ ਕਰਨਾ ਮਨ੍ਹਾ ਹੈ...? ਕੱਢ ਕਾਗ਼ਜ਼..?'

'ਕਾਗ਼ਜ਼ ਤੂੰ ਕੀ ਕਰਨੈਂ? ਲੈ! ਜਾ ਕੇ ਨਿਆਣਿਆਂ ਨੂੰ ਪਟਾਕੇ-ਪਟੂਕੇ ਲੈ ਕੇ ਦੇਹ।' ਜੇਬ ਵਿਚੋਂ ਵੀਹ ਦਾ ਨੋਟ ਕੱਢ ਕੇ ਉਧਰ ਕੀਤਾ।

'ਸਾਲਾ ਪਟਾਕਿਆਂ ਦਾ.. ਦੱਸਦਾਂ ਹੁਣੇ ਤੈਨੂੰ। ਮੈਨੂੰ ਰਿਸ਼ਵਤ ਦੇਣ ਲੱਗੈਂ? ਚੱਲ ਵੱਡੇ ਸਾਹਿਬ ਕੋਲ।' ਉਸ ਦਾ ਜੀਅ ਕੀਤਾ ਉਸ ਦੇ ਦੋ ਥੱਪੜ ਲਾ ਕੇ ਸਬਕ ਸਿਖਾਵੇ... ਪਰ ਪੁਰਾਣੀ ਅਮਲੀ ਦੀ ਕਹਾਣੀ ਯਾਦ ਕਰ ਕੇ ਸਭ ਕੁੱਝ ਵਿਚੇ ਵਿਚ ਪੀ ਗਿਆ।

'ਅਰੇ ਕਿਆ ਬਾਤ ਹੈ ਬਾਈ...?' ਦੋਹਾਂ ਨੂੰ ਬਹਿਸਦੇ ਵੇਖ ਕੇ ਦੂਰ ਖੜਾ ਹੌਲਦਾਰ ਉਧਰ ਆ ਧਮਕਿਆ...।

'ਇਸ ਦਾ ਚਲਾਨ ਕੱਟੋ ਜਨਾਬ! ਇਸ ਨੇ ਜੁਰਮ ਕੀਤਾ ਹੈ...ਮੈਂ ਬੜਾ ਸਮਝਾਇਆ...ਇਹ ਮੇਰਾ ਇਸ਼ਾਰਾ ਨਹੀਂ ਸਮਝਦਾ...।'

'ਛੋੜੋ ਯਾਰ...ਜਾਣੇ ਦੋ ਬਿਚਾਰੇ ਕੋ...ਪਤਾ ਨਹੀਂ ਕਿਤਨੀ ਦੂਰ ਸੇ ਆਇਆ ਹੈ...।' ਹੌਲਦਾਰ ਨੇ ਡਰਾਈਵਰ ਦੀ ਹਮਦਰਦੀ ਜਿੱਤ ਲਈ।

'ਜਾਏ ਖ਼ੁਸ਼ੀ ਨਾਲ ਜਾਏ...ਅਸੀਂ ਰੋਕ ਕੇ ਕਿਹੜਾ ਇਹਤੋਂ ਗੋਡੀ ਕਰਾਉਣੀ ਐ...ਪਰ ਸਾਡਾ ਚਾਹ-ਪਾਣੀ ਦੇ ਜਾਏ...ਬੋਤਲ ਦੇ ਦੇਵੇ।'

'ਨਾ ਤੰਗ ਕਰੋ ਭਾਈ! ਐਤਕੀਂ ਗ਼ਲਤੀ ਨਾਲ ਆ ਗਏ ਪੰਜਾਬ...ਫਿਰ ਨਹੀਂ ਆਉਂਦੇ।'

'ਉਸ ਨੇ ਸੀਟ ਥੱਲਿਓਂ ਇਕ ਬੋਤਲ ਕੱਢ ਕੇ ਉਨ੍ਹਾਂ ਨੂੰ ਫੜਾਈ ਤੇ ਆਪਣਾ ਪਿੱਛਾ ਛਡਾਇਆ।'

'ਜਾਹ ਦੌੜ ਜਾ...ਇੱਥੇ ਦੁਬਾਰਾ ਗੱਡੀ ਖੜੀ ਨਾ ਕਰੀਂ।'

'ਚੰਗਾ ਜਨਾਬ!' ਗੱਡੀ ਸਟਾਰਟ ਕਰਦੇ ਉਹਨੇ 'ਹਾਂ' ਭਰੀ।

'ਤੇ ਸੁਣ ! ਜੇ ਕਿਸੇ ਕੋਲ ਗੱਲ ਕੀਤੀ ਤਾਂ ਕੱਲ੍ਹ ਨੂੰ ਫੇਰ ਫੜਿਆ ਲਵੀਂ।'

ਉਸ ਨੇ ਸੀਟ ਪਿੱਛੇ ਭਉਂ ਕੇ ਵੇਖਿਆ। ਵੱਡਾ ਅਟੈਚੀ ਤੇ ਬੈਗ ਜਿਸ ਵਿਚ ਉਸ ਦੀ ਸਾਰੀ ਦਸ ਸਾਲਾਂ ਦੀ ਕਮਾਈ, ਪੈਸੇ, ਕੱਪੜੇ ਤੇ ਵਿਆਹ ਲਈ ਗਹਿਣਾ ਸੀ। ਅਜੇ ਤੱਕ ਇਨ੍ਹਾਂ ਦੀ ਨਜ਼ਰੀਂ ਨਹੀਂ ਚੜ੍ਹੇ ਸਨ, ਨਹੀਂ ਤੇ ਇਹ ਰਸਤੇ ਵਿਚ ਹੀ ਖੁੱਸ ਜਾਣੇ ਸਨ। ਉਸ ਨੇ ਸ਼ੁਕਰ ਕੀਤਾ।

'ਇੱਧਰ ਆ ਜ਼ਰਾ...।' ਉਸ ਨੇ ਕਲੀਨਰ ਨੂੰ ਗੱਡੀ ਚਲਾਉਣ ਦਾ ਇਸ਼ਾਰਾ ਕੀਤਾ ਤੇ ਆਪ ਸੀਟ ਥਲੋਂ ਬੈਗ ਅਟੈਚੀ ਬਾਹਰ ਖਿੱਚੇ, ਨਵੇਂ ਸੁਹਣੇ ਕੱਪੜੇ ਪਾਏ... ਤੇ ਪੱਗ ਬੰਨ੍ਹ ਕੇ ਤਰੋ ਤਾਜ਼ਾ ਹੋ ਗਿਆ। ਹੁਣ ਉਹ ਪੂਰਾ ਪੰਜਾਬੀ ਗੱਭਰੂ ਸੱਜ ਗਿਆ ਸੀ। ਹਨੇਰਾ ਉੱਤਰ ਆਇਆ ਸੀ। ਉਸ ਨੇ ਪੰਦਰਾਂ ਮਿੰਟਾਂ ਵਿਚ ਆਪਣੇ ਘਰ ਆਪਣੇ ਮਾਂ ਬਾਪ ਕੋਲ ਪਹੁੰਚ ਜਾਣਾ ਸੀ।

ਉਸ ਦੇ ਦਿਲ ਦੀ ਧੜਕਨ ਹੋਰ ਤੇਜ਼ ਹੋ ਗਈ। ਨਹਿਰ ਦੀ ਪੁਲੀ 'ਤੇ ਮੁਘੜ ਮਾਰੀ ਤਿੰਨ ਚਾਰ ਆਦਮੀ ਗੱਡੀ ਅੱਗੇ ਆ ਖੜੇ ਹੋਏ।

'ਕੱਢ ਲੈ...ਨਿਕਲ ਚੱਲ।' ਉਸ ਨੇ ਕਲੀਨਰ ਨੂੰ ਲਲਕਾਰਿਆ। ਪਰ ਕਲੀਨਰ ਘਬਰਾ ਗਿਆ...ਗੱਡੀ ਡਿਗਦੀ ਡਿਗਦੀ ਪਾਸੇ ਕੱਚੇ ਲੱਥ ਕੇ ਟੇਢੀ ਹੋ ਗਈ।

ਤਾੜ-ਤਾੜ ਗੋਲੀਆਂ ਦੀ ਆਵਾਜ਼ ਰਾਤ ਦੀ ਹਨੇਰੀ ਹਵਾ ਦਾ ਸੀਨਾ ਪਾੜ ਗਈ।

ਉਸ ਨੇ ਕਲੀਨਰ ਸਾਈਡ ਬਾਰੀ ਖੋਲ੍ਹ ਕੇ ਦੌੜਨ ਦੀ ਕੋਸ਼ਿਸ਼ ਕੀਤੀ...ਥੋੜੀ ਦੂਰ ਜਾ ਕੇ ਠੇਡਾ ਖਾ ਕੇ ਮੂਧੇ ਮੂੰਹ ਡਿੱਗ ਪਿਆ। ਉਸ ਨੂੰ ਹਨੇਰਨੀ ਜਿਹੀ ਆਈ। ਇਹ ਕੀ ਹੋਇਆ? ਮੂਸਾ ਮੌਤੋਂ ਭੱਜਾ ਮੌਤ ਅੱਗੇ ਖੜੀ। ਕੁੱਝ ਦੇਰ ਬਾਅਦ ਉਸ ਨੂੰ ਹੋਸ਼ ਆਈ। ਆਪਣਾ ਆਪ ਸੰਭਾਲ ਕੇ ਹੌਸਲਾ ਕਰ ਕੇ ਗੱਡੀ ਵੱਲ ਮੁੜਿਆ।

ਕਲੀਨਰ ਖ਼ੂਨ ਦੀ ਛਪੜੀ 'ਚ ਲੱਥ ਪੱਥ ਸੀਟ 'ਤੇ ਲੁੜ੍ਹਕਿਆ ਪਿਆ ਸੀ ਤੇ ਗੱਡੀ ਵਿਚਲਾ ਸਾਰਾ ਸਾਮਾਨ ਬੈਗ ਅਟੈਚੀ ਲੀੜਾ ਕੱਪੜਾ ਸਭ ਸਾਫ਼ ਸੀ।

# ਕਿੱਸਾ ਮੇਰੀ ਕਲਮ ਦੀ ਮੈਰਾਥਨ ਦਾ- 2

ਅਸੀਂ ਕਾਲਜ ਦੇ ਅਥਲੀਟ ਹਫਤੇ 'ਚ ਇਕ ਵਾਰ ਨੈਸ਼ਨਲ ਸਟੇਡੀਅਮ ਵਿਚ ਪ੍ਰੈਕਟਿਸ ਕਰਨ ਜਾਂਦੇ ਸਾਂ। 1962 ਵਿਚ ਜਕਾਰਤਾ ਦੀਆਂ ਏਸਿ਼ਆਈ ਖੇਡਾਂ ਲਈ ਭਾਰਤ ਦੇ ਚੋਣਵੇਂ ਅਥਲੀਟਾਂ ਦਾ ਕੋਚਿੰਗ ਕੈਂਪ ਉਥੇ ਹੀ ਲੱਗਾ ਹੋਇਆ ਸੀ। ਉਸੇ ਕੋਚਿੰਗ ਕੈਂਪ ਵਿਚ ਮੇਰਾ ਪਹਿਲੀ ਵਾਰ ਸਟਾਰ ਅਥਲੀਟਾਂ ਨੂੰ ਮਿਲਣ ਦਾ ਸਬੱਬ ਬਣਿਆ ਅਤੇ ਮੈਂ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਲਈ ਪ੍ਰੇਰਿਆ ਗਿਆ।

ਬੇਸ਼ਕ ਲਾਇਬ੍ਰੇਰੀ ਵਿਚੋਂ ਮੈਨੂੰ ਹਰ ਤਰ੍ਹਾਂ ਦੀਆਂ ਕਿਤਾਬਾਂ ਪੜ੍ਹਨ ਲਈ ਮਿਲ ਜਾਂਦੀਆਂ ਫਿਰ ਵੀ ਮੈਂ ਕੁਝ ਕਿਤਾਬਾਂ ਖੁਦ ਖਰੀਦਦਾ ਰਹਿੰਦਾ ਸਾਂ। ਕਨਾਟ ਪਲੇਸ ਦੀ ਇਕ ਦੁਕਾਨ ਤੋਂ ਮੈਂ 'ਸਪੋਰਟਸਮੈਨ ਆਫ਼ ਅਵਰ ਟਾਈਮਜ਼' ਨਾਂ ਦੀ ਕਿਤਾਬ ਖਰੀਦੀ ਜਿਸ ਨੇ ਮੈਨੂੰ ਖੇਡ ਲੇਖਕ ਬਣਨ ਦੀ ਚੇਟਕ ਲਾਈ। ਮੇਰੀ ਡਾਇਰੀ ਵਿਚ ਉਦੋਂ ਦਾ ਲਿਖਿਆ ਇਕ ਨੋਟ ਹੈ: ਇਕ ਪੁਸਤਕ ਪੰਜਾਬੀਆਂ ਦੇ ਸਰੀਰਕ ਤੇ ਖੇਡ ਸਭਿਆਚਾਰ ਬਾਰੇ ਹੋਵੇ।



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਮਨੁੱਖ ਦਾ ਸਥੂਲ ਰੂਪ ਸਰੀਰ ਹੀ ਹੈ। ਸਾਡੀ ਸੋਚਣੀ ਸਰੀਰਾਂ ਦੇ ਵਜੂਦ ਕਰਕੇ ਹੈ। ਜੁੱਸਾ, ਕਸਰਤਾਂ, ਖੇਡਾਂ, ਸਰੀਰ ਦੀ ਕਾਰਗੁਜ਼ਾਰੀ ਤੇ ਹੰਢਣਸਾਰਤਾ। ਸਰੀਰ ਦਾ ਜ਼ੋਰ, ਹੁਸਨ ਤੇ ਸਰੀਰ ਦੀ ਸੁਡੌਲਤਾ। ਇਨ੍ਹਾਂ ਸਾਰੀਆਂ ਗੱਲਾਂ ਦੀ ਚਰਚਾ ਉਸ ਪੁਸਤਕ ਵਿਚ ਹੋਵੇ। ਪੰਜਾਬੀ ਜੁੱਸਿਆਂ ਦਾ ਹੋਰਨਾਂ ਲੋਕਾਂ ਦੇ ਜੁੱਸਿਆਂ ਨਾਲ ਤੁਲਨਾਤਮਿਕ ਅਧਿਐਨ ਕੀਤਾ ਜਾਵੇ। ਇਹ ਸਾਰਾ ਕੁਝ ਖੋਜੀਆਂ ਤੇ ਵਿਚਾਰਵਾਨਾਂ ਦੇ ਵਿਚਾਰਨ ਦਾ ਵਿਸ਼ਾ ਹੈ।

ਖੇਡ ਲੇਖਣੀ ਦੇ ਬੀਜ ਮੇਰੇ ਮਨ 'ਚ ਨੈਸ਼ਨਲ ਸਟੇਡੀਅਮ ਜਾਂਦਿਆਂ ਫੁੱਟੇ। ਮੈਨੂੰ ਯਾਦ ਹੈ ਉਹ ਦਿਨ ਜਿੱਦਣ ਸਟੇਡੀਅਮ ਵਿਚ ਮੈਂ ਪਹਿਲੀ ਵਾਰ ਫਲਾਈਂਗ ਸਿੱਖ ਮਿਲਖਾ ਸਿੰਘ ਤੇ ਮੱਖਣ ਸਿੰਘ ਹੋਰਾਂ ਨੂੰ ਅੱਖਾਂ ਸਾਹਵੇਂ ਸਾਮਰਤੱਖ ਦੌੜਦੇ ਵੇਖਿਆ ਸੀ। ਪ੍ਰਦੁੱਮਣ ਸਿੰਘ ਤੇ ਬਲਕਾਰ ਸਿੰਘ ਡਿਸਕਸ ਸੁੱਟ ਹਟੇ ਤਾਂ ਉਨ੍ਹਾਂ ਨਾਲ ਗੱਲਾਂ ਕੀਤੀਆਂ ਸਨ। ਉਥੇ ਕਈ ਸਟਾਰ ਅਥਲੀਟਾਂ ਨਾਲ ਮੇਲ ਹੋਇਆ ਸੀ। ਉਸ ਤੋਂ ਪਹਿਲਾਂ ਮੈਂ ਉਨ੍ਹਾਂ ਦੀਆਂ ਤਸਵੀਰਾਂ ਵੇਖੀਆਂ ਸਨ ਜਾਂ ਉਨ੍ਹਾਂ ਬਾਰੇ ਅਖ਼ਬਾਰੀ ਸੁਰਖੀਆਂ ਪੜ੍ਹੀਆਂ ਸਨ। ਉਥੇ ਉਨ੍ਹਾਂ ਦੇ ਪਹਿਲੀ ਵਾਰ ਦਰਸ਼ਨ ਹੋਏ।

ਮਿਲਖਾ ਸਿੰਘ ਸੌ ਮੀਟਰ ਦੀਆਂ ਸਪਰਿੰਟਾਂ ਲਾਉਂਦਾ ਉਡਦਾ ਲੱਗਦਾ ਸੀ। ਉਹਦਾ ਚਿੱਟਾ ਕੱਛਾ ਹਵਾ 'ਚ ਫਰਾਟੇ ਮਾਰਦਾ ਸੀ। ਉਹਦੇ ਬੁੱਲ੍ਹ ਹਵਾ 'ਚ ਹਿਲਦੇ ਤੇ ਉਨ੍ਹਾਂ 'ਚੋਂ 'ਛੱਕ ਛੱਕ' ਦੀ ਸੂਕ ਪੈਂਦੀ ਸੀ। ਉਹਦਾ ਛਾਂਟਿਆ ਜੁੱਸਾ ਭਖ ਕੇ ਤਾਂਬੇ ਰੰਗਾ ਹੋਇਆ ਪਿਆ ਸੀ। ਉਹਦੀਆਂ ਮੁੱਛਾਂ ਨਿੱਕੀਆਂ ਸਨ, ਦਾੜ੍ਹੀ ਠੱਪੀ ਹੋਈ ਤੇ ਜੂੜਾ ਵੱਡਾ ਸੀ। ਮੱਖਣ ਸਿੰਘ ਦੋ ਸੌ ਮੀਟਰ ਦੀ ਦੌੜ ਲਾਉਂਦਾ ਨਜ਼ਰੀਂ ਪਿਆ ਸੀ। ਟਰੈਕ ਦੀ ਟੇਢ ਉਤੇ ਐਂ ਲੱਗਾ ਸੀ ਜਿਵੇਂ ਲਾਟੂ ਵਾਂਗ ਟੇਢਾ ਹੋਇਆ ਘੁੰਮਦਾ ਜਾਂਦਾ ਹੋਵੇ। ਬਲਕਾਰ ਸਿੰਘ ਦੀ ਬਾਂਹ ਦਾ ਹੁਲਾਰਾ ਦੇ ਕੇ ਸੁੱਟੀ ਡਿਸਕਸ ਹਵਾ 'ਚ ਤਾਰੀਆਂ ਲਾਉਂਦੀ ਜਾਂਦੀ ਸੀ। ਪ੍ਰਦੁੱਮਣ ਸਿੰਘ ਮਖੌਲ ਕਰਦਿਆਂ ਆਪਣੇ ਕੁਇੰਟਲ ਦੇ ਜੁੱਸੇ ਨਾਲ ਪੈਰਾਂ ਤੋਂ ਸਿਰ ਤਕ ਹੱਸ ਰਿਹਾ ਸੀ। ਗੁਰਬਚਨ ਸਿੰਘ ਰੰਧਾਵਾ ਲੱਤ ਚੁੱਕ ਕੇ ਤਾੜੀ ਮਾਰਦਾ ਸੀ। ਮੀਲ ਦੀ ਦੌੜ ਵਾਲਾ ਮਹਿੰਦਰ ਸਿੰਘ ਟਰੈਕ ਵਿਚ ਰਵੇਏ ਪਿਆ ਫਿਰਦਾ ਸੀ। ਵੱਡੇ ਅਥਲੀਟਾਂ ਨੂੰ ਵੇਖ ਕੇ ਅਸੀਂ ਛੋਟੇ ਅਥਲੀਟ ਡਾਢੇ ਪ੍ਰਭਾਵਿਤ ਹੋਏ ਸਾਂ। ਉਨ੍ਹਾਂ ਨਾਲ ਗੱਲਾਂ ਕਰ ਕੇ ਆਪਣੇ ਆਪ ਨੂੰ ਵਡਭਾਗੇ ਸਮਝਣ ਲੱਗ ਪਏ ਸਾਂ।

ਦਿੱਲੀ ਮੈਂ ਪੰਜ ਸਾਲ ਰਿਹਾ ਤੇ ਅਨੇਕਾਂ ਵਾਰ ਨੈਸ਼ਨਲ ਸਟੇਡੀਅਮ ਗਿਆ। ਕਦੇ ਪ੍ਰੈਕਟਿਸ ਕਰਨ, ਕਦੇ ਅਥਲੈਟਿਕਸ ਮੀਟ ਵੇਖਣ ਤੇ ਕਦੇ ਕਿਸੇ ਖਿਡਾਰੀ ਨੂੰ ਮਿਲਣ ਗਿਲਣ। ਕਦੇ ਮੈਂ ਚੈਂਪੀਅਨ ਖਿਡਾਰੀਆਂ ਨੂੰ ਸਟੇਡੀਅਮ ਦੀਆਂ ਪੌੜੀਆਂ 'ਤੇ ਮਿਲਦਾ, ਕਦੇ ਉਨ੍ਹਾਂ ਦੇ ਕਮਰਿਆਂ ਵਿਚ ਜਾ ਕੇ ਗੱਲਾਂ ਬਾਤਾਂ ਨੋਟ ਕਰਦਾ। ਉਹ ਗੱਲਾਂ ਬਾਤਾਂ ਮੇਰੀ ਖੇਡ ਲੇਖਣੀ ਦਾ ਮਸਾਲਾ ਬਣਦੀਆਂ ਗਈਆਂ। ਦਿੱਲੀ 'ਚ ਇਕ ਜੱਟ ਸਿੱਖ ਐਸੋਸੀਏਸ਼ਨ ਬਣੀ ਹੋਈ ਸੀ। ਉਹਦੀਆਂ ਸਾਲਾਨਾ ਖੇਡਾਂ ਨੈਸ਼ਨਲ ਸਟੇਡੀਅਮ ਵਿਚ ਹੁੰਦੀਆਂ ਸਨ। ਜੱਟ ਸਿੱਖ ਐਸੋਸੀਏਸ਼ਨ ਦੀ ਪਿਕਨਿਕ ਵਿਚ ਗੁਲਜ਼ਾਰ ਸਿੰਘ ਸੰਧੂ ਤੇ ਰਾਜ ਗਿੱਲ ਵਰਗੇ ਲੇਖਕ ਵੀ ਸ਼ਾਮਲ ਹੁੰਦੇ। ਮੈਂ ਤੇ ਮੇਰਾ ਮਿੱਤਰ ਗਿਆਨ ਸਿੰਘ ਸੰਧੂ ਮੋਟਰ ਸਾਈਕਲ 'ਤੇ ਚੜ੍ਹ ਕੇ ਜਾਂਦੇ। ਗਿਆਨ ਸਿੰਘ ਸੰਧੂ ਆਪਣੇ ਸਵਾ ਛੇ ਫੁੱਟੇ ਕੱਦ ਨਾਲ ਸਭਨਾਂ ਦੀਆਂ ਨਜ਼ਰਾਂ ਖਿੱਚਦਾ। ਉਹ ਤਕੜਾ ਪਾਠਕ, ਪੁਸਤਕ ਪ੍ਰੇਮੀ ਤੇ ਦਿੱਲੀ ਯੂਨੀਵਰਸਿਟੀ ਦਾ ਗੋਲਡ ਮੈਡਲਿਸਟ ਸੀ।


ਉਨ੍ਹੀਂ ਦਿਨੀਂ ਬਲਵੰਤ ਗਾਰਗੀ ਦੀਆਂ ਪੁਸਤਕਾਂ 'ਨਿੰਮ ਦੇ ਪੱਤੇ' ਤੇ 'ਸੁਰਮੇ ਵਾਲੀ ਅੱਖ' ਚਰਚਾ ਵਿਚ ਸਨ। ਉਨ੍ਹਾਂ ਵਿਚ ਲੇਖਕਾਂ ਦੇ ਰੇਖਾ ਚਿੱਤਰ ਛਪੇ ਸਨ। ਰੇਖਾ ਚਿੱਤਰਾਂ ਵਿਚ ਨਖਰਾ, ਨੋਕ ਝੋਕ ਤੇ ਲੇਖਕਾਂ ਦੀਆਂ ਗੁੱਝੀਆਂ ਗੱਲਾਂ ਦੱਸੀਆਂ ਗਈਆਂ ਸਨ। ਕਈਆਂ ਦਾ ਦੋਗਲਾਪਣ ਨੰਗਾ ਕੀਤਾ ਗਿਆ ਸੀ। ਗਾਰਗੀ ਨੇ ਆਪਣੇ ਆਪ ਨੂੰ ਵੀ ਨਹੀਂ ਸੀ ਬਖਸ਼ਿਆ। ਲਿਖਿਆ ਸੀ ਕਿ ਉਹ ਝੂਠੇ ਵਾਇਦੇ ਕਰਦਾ ਹੈ। ਜੇ ਉਹਦੇ ਢਿੱਡ 'ਚ ਅੱਖਰ ਨਾ ਪੈਂਦੇ ਤਾਂ ਉਹ ਵੀ ਬਠਿੰਡੇ ਦੀ ਸੱਟਾ ਮੰਡੀ ਵਿਚ ਲਾਲਾ ਬਲਵੰਤ ਰਾਏ ਐਂਡ ਸਨਜ਼ ਦਾ ਫੱਟਾ ਲਾਈ ਬੈਠਾ ਹੁੰਦਾ। ਉਹਦੀ ਵਾਰਤਕ ਸ਼ੈਲੀ 'ਚ ਲੌਂਗ ਦੇ ਲਿਸ਼ਕਾਰੇ ਵਰਗੀ ਲਿਸ਼ਕ ਸੀ ਜਿਸ ਨੇ ਕਈਆਂ ਦੇ ਹਲ ਛੁਡਾ ਦਿੱਤੇ।

ਗਾਰਗੀ ਦੇ ਰੇਖਾ ਚਿੱਤਰ ਪੜ੍ਹ ਕੇ ਮੈਂ ਨਾਮੀ ਖਿਡਾਰੀਆਂ ਦੇ ਰੇਖਾ ਚਿੱਤਰ ਉਲੀਕਣ ਦਾ ਮਨ ਬਣਾ ਰਿਹਾ ਸਾਂ ਕਿ ਮੇਰਾ ਦੇਸ਼ ਦੇ ਚੈਂਪੀਅਨ ਖਿਡਾਰੀਆਂ ਨੂੰ ਮਿਲਣ ਗਿਲਣ ਦਾ ਸਬੱਬੀਂ ਢੋਅ ਢੁਕ ਗਿਆ। ਮਈ 1966 ਦੀ ਗੱਲ ਹੈ। ਮੈਂ ਓਦੋਂ ਦਿੱਲੀ ਦੇ ਖ਼ਾਲਸਾ ਕਾਲਜ ਵਿਚ ਪੜ੍ਹਾਉਂਦਾ ਸਾਂ ਤੇ ਗਰਮੀਆਂ ਦੀਆਂ ਛੁੱਟੀਆਂ ਕਾਰਨ ਪਿੰਡ ਆਇਆ ਹੋਇਆ ਸਾਂ। ਮੈਂ ਖ਼ਬਰ ਪੜ੍ਹੀ ਕਿ ਪਟਿਆਲੇ ਦੀ ਕੌਮੀ ਖੇਡ ਸੰਸਥਾ ਵਿਚ ਕਿੰਗਸਟਨ ਦੀਆਂ ਕਾਮਨਵੈਲਥ ਖੇਡਾਂ ਲਈ ਕੌਮੀ ਪੱਧਰ ਦੇ ਅਥਲੀਟਾਂ ਦਾ ਕੋਚਿੰਗ ਕੈਂਪ ਲੱਗਾ ਹੈ। ਉਨ੍ਹਾਂ ਵਿਚ ਕੁਝ ਅਥਲੀਟ ਮੇਰੇ ਵਾਕਫ਼ ਸਨ ਜਿਨ੍ਹਾਂ ਨਾਲ ਮੈਂ ਖੁਦ ਖੇਡ ਅਭਿਆਸ ਕਰਦਾ ਰਿਹਾ ਸਾਂ। ਖ਼ਬਰ ਪੜ੍ਹ ਕੇ ਮੇਰੇ ਮਨ 'ਚ ਆਈ ਕਿ ਕੋਚਿੰਗ ਕੈਂਪ ਵਿਚ ਇਕੱਠੇ ਹੋਏ ਨਾਮੀ ਅਥਲੀਟਾਂ ਨਾਲ ਮੇਲ ਮਿਲਾਪ ਦਾ ਇਹ ਸੁਨਹਿਰੀ ਮੌਕਾ ਹੈ।

ਪਿੰਡ ਦੇ ਖਲਵਾੜਿਆਂ 'ਚੋਂ ਚਿੜੀ ਪੂੰਝਾ ਛੁਡਾ ਕੇ ਮੈਂ ਪਟਿਆਲੇ ਚਲਾ ਗਿਆ। ਰਾਤ ਮੈਂ ਬੱਸ ਅੱਡੇ ਕੋਲ ਕਾਰਨਰ ਹੋਟਲ ਵਿਚ ਕੱਟੀ। ਸਵੇਰੇ ਐੱਨ.ਆਈ.ਐੱਸ. ਪੁੱਜਾ। ਕੈਂਪ ਵਿਚ ਮੇਰੇ ਕੁਝ ਜਾਣੂ ਅਥਲੀਟ ਸਨ ਜਿਵੇਂ ਅਜਮੇਰ ਸਿੰਘ, ਲਾਭ ਸਿੰਘ, ਜਰਨੈਲ ਸਿੰਘ ਤੇ ਬਲਦੇਵ ਸਿੰਘ ਪੱਤੋ ਵਾਲਾ ਪਰ ਉਹ ਮੈਨੂੰ ਆਪਣੇ ਕਮਰਿਆਂ 'ਚ ਠਹਿਰਾਅ ਨਹੀਂ ਸਨ ਸਕਦੇ। ਪਟਿਆਲੇ ਮੇਰਾ ਕੋਈ ਹੋਰ ਟਿਕਾਣਾ ਨਹੀਂ ਸੀ। ਇਕ ਰਾਤ ਹੋਰ ਕਾਰਨਰ ਹੋਟਲ ਵਿਚ ਕੱਟੀ ਜਿਥੇ ਗਰਮੀ ਵੀ ਸੀ ਤੇ ਮੱਛਰ ਵੀ ਲੜਦਾ ਸੀ। ਇਓਂ ਸਮਝ ਲਓ ਕਿ ਦੋ ਰਾਤਾਂ ਦਾ ਕਿਰਾਇਆ ਮੱਛਰ ਲੜਾਉਣ ਦਾ ਈ ਦੇਣਾ ਪਿਆ। ਅਗਲੇ ਦਿਨ ਮੈਂ ਫੇਰ ਕੌਮੀ ਖੇਡ ਸੰਸਥਾ ਵੱਲ ਚਲਾ ਗਿਆ ਤੇ ਚੌਕੀਦਾਰ ਨੂੰ ਚੋਰ ਭੁਲਾਈ ਦੇ ਕੇ ਅਥਲੀਟਾਂ ਨੂੰ ਜਾ ਮਿਲਿਆ। ਮੈਂ ਲੁਕ-ਛਿਪ ਕੇ ਉਨ੍ਹਾਂ ਕੋਲ ਦੁਪਹਿਰਾ ਕੱਟਿਆ ਤੇ ਕੁਝ ਗੱਲਾਂ ਬਾਤਾਂ ਨੋਟ ਕੀਤੀਆਂ। ਸ਼ਾਮ ਨੂੰ ਟਰੈਕ ਦੀਆਂ ਪੌੜੀਆਂ 'ਤੇ ਬਹਿ ਕੇ ਉਨ੍ਹਾਂ ਨੂੰ ਵਾਰਮ ਅੱਪ ਹੁੰਦਿਆਂ ਤੇ ਪ੍ਰੈਕਟਿਸ ਕਰਦਿਆਂ ਵੇਖਿਆ। ਮੈਨੂੰ ਲੱਗਾ ਕਿ ਕੁਝ ਦਿਨ ਇਸ ਤਰ੍ਹਾਂ ਕਰਨ ਨਾਲ ਈ ਮੇਰਾ ਮਤਲਬ ਹੱਲ ਹੋ ਜਾਵੇਗਾ ਤੇ ਮੈਂ ਖਿਡਾਰੀਆਂ ਦੇ ਰੇਖਾ ਚਿੱਤਰ ਉਲੀਕ ਸਕਾਂਗਾ।

ਫਿਰ ਕਿਸੇ ਨੇ ਦੱਸ ਪਾ ਦਿੱਤੀ ਕਿ ਨਾਲ ਹੀ ਮਹਿੰਦਰਾ ਕਾਲਜ ਦਾ ਹੋਸਟਲ ਖਾਲੀ ਪਿਐ। ਵਾਰਡਨ ਵਿਚੇ ਰਹਿੰਦੈ। ਉਸ ਨੂੰ ਪੁੱਛ ਜੇ ਉਹ ਕਮਰਾ ਦੇ ਦੇਵੇ। ਮੈਂ ਦਿਨ ਛਿਪੇ ਵਾਰਡਨ ਕੋਲ ਗਿਆ। ਉਹ ਚੰਗੇ ਰੌਂਅ ਵਿਚ ਸੀ। ਉਸ ਨੂੰ ਸਾਰੀ ਗੱਲ ਬਾਤ ਦੱਸੀ ਤਾਂ ਉਸ ਨੇ ਚੌਕੀਦਾਰ ਨੂੰ ਕਹਿ ਕੇ ਮੇਰੇ ਲਈ ਗੈਸਟ ਰੂਮ ਖੁਲ੍ਹਵਾ ਦਿੱਤਾ। ਉਸ ਦਾ ਕਿਰਾਇਆ ਉਨ੍ਹੀਂ ਦਿਨੀਂ ਇਕ ਰਾਤ ਦਾ ਇਕ ਰੁਪਿਆ ਸੀ। ਮੈਂ ਉਥੇ ਵੀਹ ਰੁਪਿਆਂ 'ਚ ਵੀਹ ਰਾਤਾਂ ਰਿਹਾ ਤੇ ਅਥਲੀਟਾਂ ਦੀਆਂ ਗੱਲਾਂ ਬਾਤਾਂ ਨੋਟ ਕਰਦਿਆਂ ਡਾਇਰੀਆਂ ਭਰ ਲਈਆਂ। ਮੇਰੇ ਉਹ ਵੀਹ ਦਿਨ ਤੀਆਂ ਵਰਗੇ ਲੰਘੇ।

ਮੈਂ ਸਵੇਰੇ ਆਰਾਮ ਨਾਲ ਉਠਦਾ, ਨ੍ਹਾ ਧੋ ਕੇ ਢਾਬੇ ਤੋਂ ਖਾਣਾ ਖਾਂਦਾ ਤੇ ਦਸ ਕੁ ਵਜੇ ਮੋਤੀ ਮਹੱਲ ਦੇ ਠੰਢੇ ਕਮਰਿਆਂ ਵਿਚ ਅਥਲੀਟਾਂ ਕੋਲ ਜਾ ਬਹਿੰਦਾ। ਉਦੋਂ ਤਕ ਉਹ ਪ੍ਰੈਕਟਿਸ ਕਰ ਕੇ, ਬ੍ਰੇਕ ਫਾਸਟ ਖਾ ਕੇ ਤੇ ਨ੍ਹਾ ਧੋ ਕੇ ਵਿਹਲੇ ਹੋਏ ਹੁੰਦੇ। ਮੈਂ ਉਨ੍ਹਾਂ ਦੇ ਹਾਸੇ ਮਖੌਲ ਦੀਆਂ ਗੱਲਾਂ ਨੋਟ ਕਰਦਾ ਤੇ ਨਿੱਜੀ ਸੁਆਲ ਪੁੱਛਦਾ। ਉਨ੍ਹਾਂ ਦੇ ਕਮਰਿਆਂ ਵਿਚ ਕਿੱਲੀਆਂ ਉਤੇ ਰੰਗਦਾਰ ਧਾਰੀਆਂ ਵਾਲੇ ਟਰੈਕ ਸੂਟ ਲਟਕ ਰਹੇ ਹੁੰਦੇ ਤੇ ਟਰੰਕਾਂ ਉਤੇ ਬੰਨ੍ਹੀਆਂ ਹੋਈਆਂ ਰੰਗ ਬਰੰਗੀਆਂ ਪੱਗਾਂ ਟਿਕਾਈਆਂ ਹੁੰਦੀਆਂ। ਉਨ੍ਹਾਂ ਦੇ ਗਿੱਲੇ ਕੱਪੜੇ ਬਾਹਰ ਤਣੀਆਂ 'ਤੇ ਸੁੱਕ ਰਹੇ ਹੁੰਦੇ। ਉਹ ਕਦੇ ਮੈਨੂੰ ਰੂਹ ਅਫਜ਼ਾ ਪਿਆਉਂਦੇ, ਕਦੇ ਪਿੰਨੀਆਂ ਤੇ ਸੌਗੀ ਬਦਾਮ ਖੁਆਉਂਦੇ। ਕੋਚਿੰਗ ਕੈਂਪ ਦੇ ਨਿਯਮਾਂ ਮੁਤਾਬਿਕ ਉਹ ਮੈਨੂੰ ਰੋਟੀ ਖੁਆਉਣ ਮੈੱਸ ਵਿਚ ਨਹੀਂ ਸਨ ਲਿਜਾ ਸਕਦੇ। ਮੈਂ ਵੀ ਲੁਕ-ਛਿਪ ਕੇ ਮਿਲਣ ਦੀ ਆਪਣੀ ਚੋਰੀ ਨਸ਼ਰ ਨਹੀਂ ਸੀ ਹੋਣ ਦੇਣੀ ਚਾਹੁੰਦਾ।



ਉਥੇ ਵੀਹ ਪੱਚੀ ਅਥਲੀਟ ਸਨ ਜਿਨ੍ਹਾਂ ਦਾ ਮੋਹਰੀ ਗੁਰਬਚਨ ਸਿੰਘ ਰੰਧਾਵਾ ਸੀ। ਉਸ ਦੇ ਬੈੱਡ ਉਤੇ ਰੰਗੀਨ ਬੂਟੀਆਂ ਵਾਲੀ ਚਾਦਰ ਵਿਛੀ ਹੁੰਦੀ। ਉਹ ਪੂਰਾ ਸ਼ੁਕੀਨ ਤੇ ਦਰਸ਼ਨੀ ਜੁਆਨ ਸੀ। ਮੈਂ ਉਸ ਨੂੰ ਖ਼ਾਲਸਾ ਕਾਲਜ ਦਿੱਲੀ ਦੇ ਗੇੜੇ ਕੱਢਦਿਆਂ ਵੇਖਿਆ ਸੀ। ਕੁੜੀਆਂ ਬਣਦੇ ਫੱਬਦੇ ਬਾਂਕੇ ਜੁਆਨ ਨੂੰ ਬਾਰੀਆਂ 'ਚੋਂ ਉਲਰ-ਉਲਰ ਕੇ ਵੇਖਦੀਆਂ। ਇਕ ਦਿਨ ਮੈਂ ਪੁੱਛ ਬੈਠਾ, "ਭਾਅ ਜੀ, ਆਹ ਤੁਹਾਡੇ ਮੁੱਖੜੇ ਦਾ ਤਿਲ ਕੱਲ੍ਹ ਕਾਲਾ ਦਿਸਦਾ ਸੀ ਪਰ ਅੱਜ ਗੋਰਾ ਹੋਇਐ ਲੱਗਦੈ। ਇਹਦਾ ਕਾਰਨ?" ਉਹਦਾ ਉੱਤਰ ਸੀ, "ਕਾਰਨ ਆ ਪਈ ਜਿੱਦਣ ਪਰਵੀਨ ਵਰਗਾ ਮੱਥੇ ਲੱਗ ਜਾਵੇ ਇਹ ਕਾਲਾ ਹੋ ਜਾਂਦੈ ਤੇ ਜਿੱਦਣ ਕੋਈ ਕੁੜੀ ਮੱਥੇ ਲੱਗੇ ਤਾਂ ਗੋਰਾ ਹੋ ਜਾਂਦੈ!"

ਪਰਵੀਨ ਕੁਮਾਰ ਸਾਢੇ ਛੇ ਫੁੱਟਾ ਥਰੋਅਰ ਸੀ। ਬਾਅਦ ਵਿਚ ਉਹ ਮਹਾਂਭਾਰਤ ਸੀਰੀਅਲ ਦਾ ਭੀਮ ਸੈਨ ਬਣਿਆ। ਇਕ ਦਿਨ ਉਸ ਨੇ ਕਿਤੋਂ ਰੂਹ ਅਫਜ਼ੇ ਦੀ ਬੋਤਲ ਖਿਸਕਾ ਲਈ ਤੇ ਘੜੇ 'ਚ ਉਲਟਾਅ ਕੇ ਇਕੋ ਚੀਘੇ ਘੜਾ ਬੰਨ੍ਹੇ ਲਾ ਦਿੱਤਾ। ਮੈਨੂੰ ਯਕੀਨ ਨਾ ਆਵੇ। ਕਹਿਣ ਲੱਗਾ, "ਨਹੀਂ ਯਕੀਨ ਤਾਂ ਘੜੇ ਦਾ ਚੱਪਣ ਚੱਕ ਕੇ ਦੇਖ ਲਓ।" ਚੱਪਣ ਚੱਕਿਆ ਤਾਂ ਉਹਦਾ ਥੱਲਾ ਸੱਚਮੁੱਚ ਈ ਨੰਗਾ ਸੀ। ਸ਼ਾਮੀ ਕੋਚ ਨੂੰ ਕਹਿਣ ਲੱਗਾ, "ਸਰ, ਮੇਰਾ ਢਿੱਡ ਦੁਖਦੈ। ਆਖੋ ਤਾਂ ਅੱਜ ਰੈਸਟ ਕਰ ਲਵਾਂ।" ਕੋਚ ਨੇ ਛੁੱਟੀ ਦੇ ਦਿੱਤੀ। ਉਸ ਨੇ ਕਮਰੇ ਦੀ ਕੁੰਡੀ ਲਾਈ ਤੇ ਟਰਾਂਜਿਸਟਰ 'ਤੇ ਗਾਣੇ ਉਤੇ ਨੱਚਣ ਲੱਗਾ। ਨਚਾਰਾਂ ਵਾਂਗ ਹੱਥ ਕੰਨਾਂ ਕੋਲ ਦੀ ਘੁਮਾਈ ਜਾਵੇ। ਮੈਂ ਬਾਰੀ ਦੀਆਂ ਵਿਰਲਾਂ 'ਚੋਂ ਅੰਦਰ ਝਾਕਿਆ ਤਾਂ ਉਹਦਾ ਲੱਕ ਹਿਲਦਾ ਦਿਸਿਆ। ਹਿਲਦਾ ਲੱਕ ਅਏਂ ਲੱਗੇ ਜਿਵੇਂ ਬੋਰੀ ਹਿਲਦੀ ਹੋਵੇ। ਪਰਵੀਨ ਨੇ ਇੰਟਰਵਿਊ ਸਮੇਂ ਆਪਣਾ ਕੱਦ ਛੇ ਫੁੱਟ ਸੱਤ ਇੰਚ ਲਿਖਾਇਆ ਸੀ ਤੇ ਭਾਰ ਸਵਾ ਕੁਇੰਟਲ ਦੱਸਿਆ ਸੀ। ਮੈਂ ਉਹਦਾ ਕੱਦ ਕਾਠ ਨੋਟ ਕਰਨ ਦੇ ਨਾਲ ਬੋਰੀ ਵਾਂਗ ਹਿਲਦਾ ਲੱਕ ਵੀ ਨੋਟ ਕਰ ਲਿਆ ਜੋ ਉਸ ਦੇ ਰੇਖਾ ਚਿੱਤਰ 'ਧਰਤੀਧੱਕ' ਨੂੰ ਦਿਲਚਸਪ ਬਣਾਉਣ ਦੇ ਕੰਮ ਆਇਆ।

ਉਥੇ ਗੋਲੇ ਵਾਲਾ ਜੋਗਿੰਦਰ ਸਿੰਘ, ਹੈਮਰ ਸੁੱਟਣ ਵਾਲਾ ਨਿਰਮਲ ਸਿੰਘ, ਡਿਸਕਸ ਸੁੱਟਣ ਵਾਲੇ ਪਰਵੀਨ ਤੇ ਬਲਦੇਵ ਸਿੰਘ ਅਤੇ ਦੌੜਨ ਵਾਲੇ ਜਰਨੈਲ ਸਿੰਘ ਤੇ ਸਰਦਾਰੇ ਹੋਰੀਂ ਸਨ। ਅਜਮੇਰ ਸਿੰਘ ਤੇ ਲਾਭ ਸਿੰਘ ਇਕ ਕਮਰੇ ਵਿਚ ਰਹਿੰਦੇ ਸਨ। ਉਥੇ ਹਰਡਲਾਂ ਵਾਲਾ ਬਲਵੰਤ ਸਿੰਘ, ਤੀਹਰੀਆਂ ਛਾਲਾਂ ਵਾਲਾ ਮਹਿੰਦਰ ਸਿੰਘ ਗਿੱਲ, ਗੋਲੇ ਵਾਲਾ ਬਾਬਾ ਗੁਰਦੀਪ ਤੇ ਹੈਮਰ ਵਾਲੇ ਅਜਮੇਰ ਸਿੰਘ ਮਸਤ ਹੋਰਾਂ ਦੀਆਂ ਰੌਣਕਾਂ ਸਨ। ਕੁਝ ਕੁੜੀਆਂ ਵੀ ਸਨ ਜਿਨ੍ਹਾਂ ਦੀਆਂ ਟਰੈਕ ਸੂਟ ਲਾਹੁਣ ਪਿੱਛੋਂ ਨੰਗੀਆਂ ਲੱਤਾਂ ਉਹ ਨੀਵੀਆਂ ਪਾ ਕੇ ਵੇਖਦੇ ਤੇ ਫਿਰ ਸੁਆਦ ਲੈ ਕੇ ਗੱਲਾਂ ਕਰਦੇ। ਇਕ ਸ਼ਾਮ ਮੈਂ ਟਰੈਕ ਦੀਆਂ ਪੌੜੀਆਂ 'ਤੇ ਬੈਠਾ ਅਥਲੀਟਾਂ ਦੇ ਐਕਸ਼ਨ ਨੋਟ ਕਰ ਰਿਹਾ ਸਾਂ। ਜੰਪਿੰਗ ਪਿੱਚ 'ਚ ਕੁੜੀਆਂ ਦੀਆਂ ਛਾਲਾਂ ਲੱਗ ਰਹੀਆਂ ਸਨ। ਹਨ੍ਹੇਰਾ ਹੋਇਆ ਤਾਂ ਲਾਈਟ ਜਗਾ ਦਿੱਤੀ ਗਈ। ਬਾਲ ਬੱਚੇਦਾਰ ਬਲਕਾਰ ਸਿੰਘ ਉਹਲੇ ਵਿਚ ਬੈਠਾ ਸੀ। ਉਸ ਅਧਖੜ੍ਹ ਉਮਰ ਦੇ ਅਥਲੀਟ ਨੇ ਕੁੜੀਆਂ ਦੇ ਪੱਟ ਵੇਖੇ ਤੇ ਥੋੜ੍ਹਾ ਦੂਰ ਜਾ ਕੇ ਸੁਖਨ ਅਲਾਇਆ, "ਕੁੜੀਆਂ ਦੇ ਪੱਟ ਦੇਖ ਲੋ, ਲੈਟ ਜਗਾਤੀ ਮੁੰਡਿਓ!" ਉਥੇ ਕੋਈ ਮੁੰਡਾ ਨਹੀਂ ਸੀ। ਇਹ ਸੁਆਦੀ ਫਿਕਰਾ ਤਾਂ ਉਸ ਨੇ ਆਪਣੇ ਅੰਦਰ ਛੁਪੇ ਬੈਠੇ ਮੁੰਡੇ ਨੂੰ ਹੀ ਸੁਣਾਇਆ ਸੀ, ਜੋ ਮੈਨੂੰ ਵੀ ਸੁਣ ਗਿਆ ਤੇ ਮੈਂ ਡਾਇਰੀ ਵਿਚ ਨੋਟ ਕਰ ਲਿਆ।

ਰੇਲਵੇ, ਪੁਲਿਸ ਤੇ ਹੋਰ ਮਹਿਕਮਿਆਂ ਦੇ ਅਥਲੀਟ ਮੋਤੀ ਮਹੱਲ ਦੇ ਠੰਢੇ ਕਮਰਿਆਂ ਵਿਚ ਠਹਿਰੇ ਹੋਏ ਸਨ ਪਰ ਫੌਜੀ ਅਥਲੀਟ ਮੀਲ ਕੁ ਦੂਰ ਫੌਜੀ ਬੈਰਕਾਂ ਵਿਚ ਠਹਿਰਾਏ ਗਏ ਸਨ। ਇਕ ਦਿਨ ਮੈਂ ਬੈਰਕਾਂ ਵਿਚ ਵੀ ਗਿਆ। ਉਥੇ ਜਾ ਕੇ ਵੇਖਿਆ ਕਿ ਉਹ ਭੁੰਜੇ ਤਰਪਾਲ ਵਿਛਾਈ ਤਾਸ਼ ਖੇਡ ਰਹੇ ਸਨ। ਏਸ਼ੀਆ ਦੇ ਚੈਂਪੀਅਨ ਬਲਕਾਰ ਸਿੰਘ ਨੇ ਫਿਫਟੀ ਲਾ ਕੇ ਕੇਸਰੀ ਪੱਗ ਬੱਧੀ ਤੇ ਖਾਕੀ ਪੈਂਟ ਪਾਈ ਹੋਈ ਸੀ। ਨੈਸ਼ਨਲ ਚੈਂਪੀਅਨ ਸਰਦਾਰਾ ਸਿੰਘ 'ਕੱਲੀ ਕੱਛੀ ਪਾਈ ਪੈਰਾਂ ਭਾਰ ਬੈਠਾ ਸੀ ਜਿਵੇਂ ਸ਼ੱਕ 'ਚ ਫੜਿਆ ਠਾਣੇ ਬਿਠਾਇਆ ਹੋਵੇ। ਜਕਾਰਤਾ ਦੀਆਂ ਏਸਿ਼ਆਈ ਖੇਡਾਂ 'ਚੋਂ ਦੋ ਮੈਡਲ ਜਿੱਤਣ ਵਾਲੇ ਅੰਮ੍ਰਿਤ ਪਾਲ ਦਾ ਬੋਦਾ ਝੁਕਿਆ ਹੋਇਆ ਸੀ ਜਿਵੇਂ ਉਹ ਵੀ ਤਾਸ਼ ਦੀ ਬਾਜ਼ੀ ਵੇਖਦਾ ਹੋਵੇ। ਹਾਈ ਜੰਪਰ ਭੀਮ ਸਿੰਘ ਪੱਬਾਂ ਭਾਰ ਓਕੜੂ ਜਿਹਾ ਬੈਠਾ ਸੀ ਜਿਵੇਂ ਛਾਲ ਲਾਉਣ ਦੀ ਵਾਰੀ ਉਡੀਕ ਰਿਹਾ ਹੋਵੇ।

ਤਾਸ਼ ਖੇਡਦੀ ਢਾਣੀ ਨੂੰ ਬੁਲਾਉਣਾ ਮੈਂ ਮੁਨਾਸਿਬ ਨਾ ਸਮਝਿਆ ਤੇ ਚੁੱਪ-ਚਾਪ ਢਾਣੀ ਦਾ ਅੰਗ ਬਣ ਕੇ ਬਾਜ਼ੀ ਵੇਖਣ ਲੱਗਾ। ਪੰਜੀ ਦਸੀ ਦੀ ਚਾਲ ਸੀ। ਚਲਦੀ ਖੇਡ 'ਚ ਕਿਸੇ ਗੱਲੋਂ ਰੌਲਾ ਪੈ ਗਿਆ। ਬਲਕਾਰ ਸਿੰਘ ਕੱਛੀ ਪਾਈ ਬੈਠੇ ਸਰਦਾਰੇ ਨੂੰ ਕਹਿਣ ਲੱਗਾ, "ਤੂੰ ਓਏ ਮਾਊਆਂ ਜਿਆ, ਚੁਆਨੀ ਕੱਢ ਪਹਿਲਾਂ। ਭਲਾ ਕੱਛੀ ਜੀ ਪਾ ਕੇ ਸ਼ੁਕੀਨ ਬਣਿਆ ਫਿਰਦਾ ਹੋਵੇਂ! ਕੱਢ ਚੁਆਨੀ, ਨਹੀਂ ਤਾਂ ਲਾਹੁਨੇ ਆਂ ਤੇਰੀ ਕੱਛੀ।"

ਕੱਛੀ ਤਾਂ ਖ਼ੈਰ ਉਹਦੀ ਕੀਹਨੇ ਲਾਹੁਣੀ ਸੀ ਪਰ ਚੁਆਨੀ ਵੀ ਉਹਦੇ ਕੋਲ ਕੋਈ ਨਹੀਂ ਸੀ। ਉਹਨੇ ਅੰਮ੍ਰਿਤ ਪਾਲ ਦੀ ਦਸੀ ਚੁੱਕ ਕੇ ਬਲਕਾਰ ਸਿੰਘ ਨੂੰ ਦੇ ਦਿੱਤੀ। ਅੰਮ੍ਰਿਤ ਪਾਲ ਦੁਹਾਈਆਂ ਪਾਉਣ ਲੱਗਾ, "ਲੁੱਟੇ ਗਏ ਓਏ ਲੋਕੋ, ਦਿਨ ਦਿਹਾੜੇ ਲੁੱਟੇ ਗਏ।" ਉਹ ਕੋਈ ਜੂਆ ਨਹੀਂ ਸਨ ਖੇਡ ਰਹੇ ਬੱਸ ਮਾੜਾ ਮੋਟਾ ਸ਼ੁਗਲ ਕਰਦਿਆਂ ਟਾਈਮ ਪਾਸ ਕਰ ਰਹੇ ਸਨ। ਬਾਅਦ ਵਿਚ ਉਨ੍ਹਾਂ ਦੇ ਸ਼ਬਦ ਚਿੱਤਰ ਉਲੀਕਦਿਆਂ ਇਹੋ ਜਿਹਾ ਮਸਾਲਾ ਮੇਰੇ ਬੜਾ ਕੰਮ ਆਇਆ।

ਪਟਿਆਲੇ ਦੀ ਉਹ ਬੈਰਕ ਕਿਸੇ ਸਮੇਂ ਮਹਾਰਾਜੇ ਦੇ ਘੋੜਿਆਂ ਦਾ ਤਬੇਲਾ ਹੁੰਦੀ ਸੀ। ਮੈਨੂੰ ਲੱਗਾ ਜਿਵੇਂ ਅਜੇ ਵੀ ਉਹਦੇ 'ਚੋਂ ਲਿੱਦ ਦੀ ਬੋਅ ਆ ਰਹੀ ਹੋਵੇ। ਉਹਦੀਆਂ ਤੰਗ ਬਾਰੀਆਂ 'ਚੋਂ ਚਾਨਣ ਮਸੀਂ ਲੰਘ ਰਿਹਾ ਸੀ ਪਰ ਮੱਛਰ ਖੁੱਲ੍ਹਾ ਉਡਿਆ ਫਿਰਦਾ ਸੀ। ਮੱਖੀਆਂ ਜਿੱਡਾ ਮੱਛਰ ਜਦੋਂ ਕਿਸੇ ਫੌਜੀ ਦੇ ਲੜਦਾ ਤਾਂ ਉਹ ਫੌਜੀ ਗਾਲ੍ਹਾਂ ਸੁਣਦਾ-ਤੇਰੀ ਓ ਕੰਜਰ ਦੀ...। ਹੁਣ ਏਸ ਦੁਸ਼ਮਣ ਨੂੰ ਵੀ ਗੋਲੀ ਮਾਰਨੀ ਪਊ! ਪਰ ਉਹ ਗੋਲੀ ਦੀ ਥਾਂ ਡੰਗ ਉਤੇ ਧੱਫਾ ਮਾਰਦੇ ਤੇ ਅਗਲਾ ਪੱਤਾ ਸੁੱਟਦੇ।

ਰਾਤ ਨੂੰ ਮੈਂ ਦਿਨੇ ਦੇਖੇ ਦ੍ਰਿਸ਼ ਤੇ ਸੁਣੀਆਂ ਗੱਲਾਂ ਡਾਇਰੀ ਉਤੇ ਨੋਟ ਕਰਦਾ। ਸੁੰਨੇ ਹੋਸਟਲ ਵਿਚ ਮੱਛਰ ਮੇਰੇ ਵਾਰ-ਵਾਰ ਲੜਦਾ। ਪਿਆ-ਪਿਆ ਮੈਂ ਖਿਡਾਰੀਆਂ ਬਾਰੇ ਲਿਖਣ ਵਾਲੇ ਫਿਕਰੇ ਤੇ ਰੇਖਾ ਚਿੱਤਰਾਂ ਦੇ ਨਾਂ ਸੋਚੀ ਜਾਂਦਾ। ਦਿੱਲੀ ਪਰਤ ਕੇ ਮੈਂ ਪਹਿਲਾ ਰੇਖਾ ਚਿੱਤਰ ਏਸ਼ੀਆ ਦੇ ਡੀਕੈਥਲਨ ਚੈਂਪੀਅਨ ਅਤੇ ਟੋਕੀਓ ਦੀਆਂ ਓਲੰਪਿਕ ਖੇਡਾਂ ਦੇ ਫਾਈਨਲਿਸਟ ਗੁਰਬਚਨ ਸਿੰਘ ਰੰਧਾਵੇ ਦਾ ਉਲੀਕਿਆ। ਉਹਦਾ ਸਿਰਲੇਖ 'ਮੁੜ੍ਹਕੇ ਦਾ ਮੋਤੀ' ਰੱਖਿਆ। ਉਹ 'ਆਰਸੀ' ਵਿਚ ਛਪਿਆ ਜਿਸ ਨੂੰ ਬਥੇਰਿਆਂ ਨੇ ਸਲਾਹਿਆ। ਭਾਪਾ ਪ੍ਰੀਤਮ ਸਿੰਘ ਨੇ ਕਿਹਾ, ਇਹੋ ਜਿਹੇ ਰੇਖਾ ਚਿੱਤਰ ਹੋਰ ਵੀ ਲਿਖਾਂ। ਦੂਜਾ ਰੇਖਾ ਚਿੱਤਰ ਪਰਵੀਨ ਕੁਮਾਰ ਦਾ ਸੀ ਜੋ 'ਆਰਸੀ' ਵਿਚ 'ਧਰਤੀਧੱਕ' ਦੇ ਨਾਂ ਹੇਠ ਮੂਹਰੇ ਕਰ ਕੇ ਛਾਪਿਆ ਗਿਆ। ਫਿਰ ਤਾਂ ਚੱਲ ਸੋ ਚੱਲ ਹੋ ਗਈ। ਸਰਦਾਰੇ ਬਾਰੇ 'ਅੱਗ ਦੀ ਨਾਲ' ਅਜਮੇਰ ਬਾਰੇ 'ਸ਼ਹਿਦ ਦਾ ਘੁੱਟ' ਮਹਿੰਦਰ ਗਿੱਲ ਬਾਰੇ 'ਅਲਸੀ ਦਾ ਫੁੱਲ' ਜਰਨੈਲ ਬਾਰੇ 'ਕਲਹਿਰੀ ਮੋਰ' ਬਲਬੀਰ ਬਾਰੇ 'ਪੌਣ ਦਾ ਹਾਣੀ' ਪ੍ਰਿਥੀਪਾਲ ਬਾਰੇ 'ਗੁਰੂ ਨਾਨਕ ਦਾ ਗਰਾਈਂ' ਬਲਦੇਵ ਬਾਰੇ 'ਪੱਤੋ ਵਾਲਾ' ਤੇ ਜੋਗਿੰਦਰ ਬਾਰੇ 'ਜੰਗਲੀ ਮੋਰ' ਛਪਦੇ ਗਏ। 'ਆਰਸੀ' 'ਚ ਛਪਣ ਕਰਕੇ ਮੈਨੂੰ ਵੀ ਮੰਨਿਆ ਦੰਨਿਆ ਲੇਖਕ ਕਿਹਾ ਜਾਣ ਲੱਗਾ।

ਮੈਂ ਦਿੱਲੀ ਦੇ ਇੰਡੀਅਨ ਕਾਫੀ ਹਾਊਸ ਵਿਚ ਜਾਂਦਾ। ਉਥੇ ਤਾਰਾ ਸਿੰਘ ਕਾਮਲ ਤੋਂ ਲੈ ਕੇ ਗੁਲਜ਼ਾਰ ਸੰਧੂ, ਬਲਵੰਤ ਗਾਰਗੀ, ਦਵਿੰਦਰ ਸਤਿਆਰਥੀ, ਬਿਸ਼ਨ ਸਿੰਘ ਉਪਾਸ਼ਕ, ਹਜ਼ਾਰਾ ਸਿੰਘ ਗੁਰਦਾਸਪੁਰੀ, ਚਾਨਣ ਗੋਬਿੰਦਪੁਰੀ, ਨਵਤੇਜ ਪੁਆਧੀ, ਦਵਿੰਦਰ, ਰਾਜ ਗਿੱਲ, ਗੁਰਦੇਵ ਰੁਪਾਣਾ ਅਤੇ ਹੋਰ ਬਥੇਰੇ ਲੇਖਕ, ਕਵੀ ਤੇ ਕਲਾਕਾਰ ਮਿਲਦੇ। ਗੁਰਦਾਸਪੁਰੀ ਦੇ ਹਾਸੇ ਦੀਆਂ ਛਿੱਟਾਂ ਕਾਫੀ ਦੇ ਕੱਪਾਂ ਵਿਚ ਪਈ ਜਾਂਦੀਆਂ। ਤਾਰਾ ਸਿੰਘ ਕਾਮਲ ਗੁੱਝੀ ਮਸ਼ਕਰੀ ਕਰ ਕੇ ਮੋਟੇ ਬੁੱਲ੍ਹਾਂ ਵਿਚੋਂ ਮੁਸਕਰਾਉਂਦਾ। ਰੁਪਾਣੇ ਦੀਆਂ ਹੱਸਦੇ ਹਸਾਉਂਦੇ ਦੀਆਂ ਅੱਖਾਂ ਮਿਚ ਜਾਂਦੀਆਂ ਤੇ ਉਹਦੀ ਅੰਦਰਲੀ ਜੇਬ 'ਚ ਲਕੋਈ ਸਿਗਟਾਂ ਵਾਲੀ ਡੱਬੀ ਬਾਹਰ ਡਿੱਗਣ ਨੂੰ ਫਿਰਦੀ। ਅੱਖਾਂ ਮੀਚੀ ਉਹਨੂੰ ਪਤਾ ਨਾ ਲੱਗਦਾ ਉਹਦੀ ਪਲੇਟ ਵਿਚਲੇ ਵੜੇ ਕੌਣ ਖਾ ਗਿਆ? ਅੱਖਾਂ ਖੋਲ੍ਹਦਾ ਤਾਂ ਹੈਰਾਨ ਹੁੰਦਾ ਬਈ ਵੜੇ ਕਿਧਰ ਗਏ? ਮੈਂ ਛੇੜਦਾ, "ਹੋਰ ਹੱਸ, ਹੋਰ ਅੱਖਾਂ ਮੀਚ, ਤੈਨੂੰ ਕਾਫੀ ਦਾ ਕੱਪ ਵੀ ਨਹੀਂ ਲੱਭਣਾ!"

ਮੈਂ ਸਾਹਿਤ ਸਭਾ ਦਿੱਲੀ ਦੀਆਂ ਹਫਤੇਵਾਰ ਮੀਟਿੰਗਾਂ ਵਿਚ ਵੀ ਲਗਾਤਾਰ ਜਾਂਦਾ। ਉਹ ਮੀਟਿੰਗਾਂ ਕਨਾਟ ਪਲੇਸ ਲਾਗੇ ਗਿਆਨੀ ਹਰੀ ਸਿੰਘ ਦੇ ਘਰ ਹੁੰਦੀਆਂ। ਉਥੇ ਸਾਹਿਤ ਪ੍ਰੇਮੀ 'ਕੱਠੇ ਹੁੰਦੇ ਰਹਿੰਦੇ। ਪੰਜਾਬ ਤੋਂ ਦਿੱਲੀ ਗਏ ਲੇਖਕ ਵੀ ਮਿਲਦੇ। ਨਾਗਮਣੀ ਸ਼ਾਮ ਵਿਚ ਅੰਮ੍ਰਿਤਾ ਪ੍ਰੀਤਮ ਮਿਲਦੀ। ਲੇਖਕਾਂ ਦੇ ਮੇਲ-ਜੋਲ ਨਾਲ ਮੈਨੂੰ ਲਿਖਣ ਦੀ ਜਾਚ ਆਉਂਦੀ ਗਈ। ਉਤਸ਼ਾਹ ਮਿਲਦਾ ਗਿਆ। ਡਾ. ਹਰਿਭਜਨ ਸਿੰਘ ਪਲੇਖਾਨੋਵ ਦੀ ਪੁਸਤਕ 'ਅਨਐਡਰੈਸਡ ਲੈਟਰਜ਼' ਦਾ ਅਨੁਵਾਦ ਕਰ ਰਿਹਾ ਸੀ। ਉਹ ਕਦੇ-ਕਦੇ ਮੈਨੂੰ ਵੀ ਬੁਲਾ ਲੈਂਦਾ ਤੇ ਮੂੰਹ ਜ਼ੁਬਾਨੀ ਕੀਤਾ ਜਾ ਰਿਹਾ ਅਨੁਵਾਦ ਮੈਨੂੰ ਲਿਖਾਈ ਜਾਂਦਾ। ਫਿਰ ਮੇਰੀ ਲਿਖਤ ਦੀਆਂ ਗਲਤੀਆਂ ਵੀ ਸੁਧਾਰ ਦਿੰਦਾ। ਇੰਜ ਦਿੱਲੀ ਦੇ ਸਾਹਿਤਕ ਮਾਹੌਲ ਨੇ ਮੈਨੂੰ ਲੇਖਕ ਬਣਨ ਦੀ ਪਟੜੀ 'ਤੇ ਚਾੜ੍ਹ ਦਿੱਤਾ। ਮੇਰੀਆਂ ਕਹਾਣੀਆਂ 'ਨਚਾਰ', 'ਭਾਰ' ਤੇ 'ਨਿਧਾਨਾ ਸਾਧ ਨਹੀਂ' ਆਦਿ ਸਾਹਿਤਕ ਪਰਚੇ 'ਆਰਸੀ' ਵਿਚ ਛਪੀਆਂ ਤਾਂ ਮੈਂ ਕਹਾਣੀਕਾਰ ਵੱਜਣ ਲੱਗ ਪਿਆ। ਮੇਰੀ ਖ਼ੁਸ਼ੀ ਦਾ ਹੱਦ ਬੰਨਾ ਨਾ ਰਿਹਾ। ਫਿਰ 'ਆਰਸੀ' ਵਿਚ ਮੇਰੇ ਖਿਡਾਰੀਆਂ ਦੇ ਰੇਖਾ ਚਿੱਤਰ ਛਪਣੇ ਸ਼ੁਰੂ ਹੋ ਗਏ। ਬਾਅਦ ਵਿਚ ਨਵਯੁਗ ਪਬਲਿਸ਼ਰਜ਼ ਨੇ 'ਆਰਸੀ' ਵਿਚ ਛਪੇ ਮੇਰੇ ਰੇਖਾ ਚਿੱਤਰ 'ਪੰਜਾਬ ਦੇ ਉੱਘੇ ਖਿਡਾਰੀ' ਨਾਂ ਦੀ ਕਿਤਾਬ ਵਿਚ ਪ੍ਰਕਾਸ਼ਿਤ ਕੀਤੇ ਤਾਂ 10 ਰੁਪਏ ਕੀਮਤ ਵਾਲੀ ਕਿਤਾਬ ਦੀ 1000 ਰੁਪਏ ਰਾਇਲਟੀ ਵੀ ਦਿੱਤੀ। **(ਚੱਲਦਾ)**

# ਪੰਜਾਬ ਲਈ ਖੇਤੀ ਨੀਤੀ ਦੇ ਮੁੱਦੇ ਅਤੇ ਮੁਸ਼ਕਲਾਂ

ਕਰਮ ਬਰਸਟ

ਪੂੰਜੀਵਾਦ ਦੇ ਵਿਕਾਸ ਨਾਲ ਕਿਰਤੀਆਂ ਦੀ ਖੇਤੀ ਤੋਂ ਸਨਅਤ ਅਤੇ ਸੇਵਾਵਾਂ ਵੱਲ ਨੂੰ ਢਾਂਚਾਗਤ ਮੋੜਾ, ਮਹਿਜ਼ ਇਕ ਮਕੈਨੀਕੀ ਪ੍ਰਕਿਰਿਆ ਨਹੀਂ ਹੈ। ਇਹਦੇ ਵਿਚ ਆਰਥਿਕ-ਸਿਆਸੀ ਤੱਤ ਸਮੋਇਆ ਹੁੰਦਾ ਹੈ। ਇਹ ਖੇਤੀ ਤੇ ਸਨਅਤ ਦੋਵਾਂ ਅੰਦਰ ਹੀ ਪੈਦਾਵਾਰੀ ਅਧਾਰਾਂ (ਤਕਨਾਲੋਜੀ, ਪੈਦਾਵਾਰਕ ਰਚਨਾ ਤੇ ਜਾਇਦਾਦੀ ਰਿਸ਼ਤਿਆਂ) ਨਾਲ ਜੁੜਿਆ ਹੁੰਦਾ ਹੈ। ਇਹ ਇਕ ਹੱਥ ਕਿਰਤੀਆਂ ਦੀ ਇਕ ਸੈਕਟਰ ਵਿਚੋਂ ਨਿਕਾਸੀ ਨੂੰ ਤਿੱਖਾ ਕਰਦਾ ਹੈ ਅਤੇ ਦੂਜੇ ਹੱਥ ਦੂਸਰੇ ਸੈਕਟਰ ਵਿਚ ਉਨ੍ਹਾਂ ਨੂੰ ਜਜ਼ਬ ਕਰਵਾਉਂਦਾ ਹੈ। ਦੋ ਸੈਕਟਰਾਂ ਵਿਚਕਾਰਲੀ ਇਹ ਅੰਤਰ ਪ੍ਰਕਿਰਿਆ ਗੁੰਝਲਦਾਰ ਹੁੰਦੀ ਹੈ। ਸਪੱਸ਼ਟ ਤੌਰ 'ਤੇ ਇਹ ਪ੍ਰਕਿਰਿਆ ਕਿਰਤ ਦੀ ਇਕ ਮਾਰਗੀ ਹਲਚਲ ਹੋਣ ਦੀ ਬਜਾਏ ਬਹੁਮਾਰਗੀ ਹੁੰਦੀ ਹੈ।

ਮੁੱਢ ਵਿਚ, ਮਿਹਨਤਕਸ਼ ਅਬਾਦੀ ਦੀ ਵੱਡੀ ਬਹੁ-ਗਿਣਤੀ ਖੇਤੀ ਸੈਕਟਰ ਵਿਚ ਹੁੰਦੀ ਹੈ ਅਤੇ ਪੈਦਾਵਾਰ ਦੀ ਬਹੁਤ ਵੱਡੀ ਮਾਤਰਾ ਵੀ ਇੱਥੋਂ ਹੀ ਨਿਕਲਦੀ ਹੈ, ਜਦੋਂ ਖੇਤੀ ਦੀ ਉਤਪਾਦਕਤਾ ਵਧਦੀ ਹੈ ਅਤੇ ਵਾਧੂ ਪੈਦਾਵਾਰ ਦਾ ਇਕੱਤਰੀਕਰਨ ਹੁੰਦਾ ਹੈ ਤਾਂ ਪੇਂਡੂ ਅਰਥਚਾਰਾ ਸਨਅਤੀ ਨਿਰਮਾਣ ਦੇ ਵਿਕਾਸ ਵਿਚ ਯੋਗਦਾਨ ਪਾਉਂਦਾ ਹੈ। ਪੇਂਡੂ ਖੇਤਰ ਕਿਰਤ ਸ਼ਕਤੀ, ਉਜਰਤੀ ਵਸਤੂਆਂ ਤੇ ਕੱਚਾ ਮਾਲ ਮੁਹੱਈਆ ਕਰਵਾਉਂਦਾ ਹੈ। ਇਹ ਨਾਲ ਹੀ ਸਨਅਤੀ ਮਾਲ ਲਈ ਘਰੋਗੀ ਮੰਡੀ ਨੂੰ ਜਨਮ ਦਿੰਦਾ ਹੈ। ਇਸਦੇ ਬਦਲੇ ਵਿਚ ਸਨਅਤ ਖੇਤੀਬਾੜੀ ਵਾਸਤੇ ਮੰਡੀ, ਸੰਦ-ਸੰਦੇੜੇ ਤੇ ਖੇਤੀ ਇਨਪੁੱਟਸ ਪ੍ਰਦਾਨ ਕਰਦੀ ਹੈ।

ਮਨੁੱਖੀ ਇਤਿਹਾਸ ਵਿਚ ਜਰਈ ਤਬਦੀਲੀ ਦੇ ਅਨੇਕਾਂ ਮਾਰਗ ਲੱਭੇ ਜਾ ਸਕਦੇ ਹਨ। ਤਬਦੀਲੀ ਦੇ ਇਹ ਰਸਤੇ ਪੇਂਡੂ ਖੇਤਰ ਵਿਚ ਜਮਾਤੀ ਤੱਤਾਂ ਦੇ ਉਭਾਰ ਦੀਆਂ ਸ਼ਰਤਾਂ ਤੇ ਸੂਰਤਾਂ ਮੁਤਾਬਕ ਲਾਜ਼ਮੀ ਹੀ ਵੱਖੋ ਵੱਖਰੇ ਹੁੰਦੇ ਹਨ। ਇਹ ਨਵੇਂ ਉੱਭਰੇ ਤੱਤ/ਏਜੰਟ ਪੂੰਜੀ ਦੇ ਇਕੱਤਰੀਕਰਨ ਤੇ ਅੰਤ ਸਨਅਤੀਕਰਨ ਦੇ ਵਿਕਾਸ ਲਈ ਜ਼ਰੂਰੀ ਕਾਰਕ ਹਨ। ਨਵੀਂ ਖੇਤੀ ਨੀਤੀ ਦੇ ਵਿਕਾਸ ਲਈ ਸਮਾਜਿਕ ਤਬਦੀਲੀਆਂ ਨੂੰ ਧਿਆਨ ਵਿਚ ਰੱਖਣਾ ਪੈਣਾ ਹੈ।

ਭਾਰਤ ਵਿਚ ਅਸੀਂ ਸਪੱਸ਼ਟ ਤੌਰ 'ਤੇ ਦੇਖ ਸਕਦੇ ਹਾਂ ਕਿ ਹਰੇ ਇਨਕਲਾਬ ਨੇ ਖੇਤੀ ਨਾਲ ਸਬੰਧਤ ਕਿਵੇਂ ਸਾਰੇ ਸਰੋਤਾਂ ਦਾ ਕੇਂਦਰੀਕਰਨ ਕੀਤਾ ਹੋਇਆ ਹੈ ਅਤੇ ਇਸਨੇ ਗਰੀਬ ਤੇ ਥੁੜਜ਼ਮੀਨੇ ਕਿਸਾਨਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਖੇਤੀ ਵਿਚੋਂ ਇਸ ਪਰਤ ਦਾ ਨਿਕਾਸ ਸਪੱਸ਼ਟ ਦਿਖਾਈ ਦੇ ਰਿਹਾ ਹੈ ਅਤੇ ਉਹ ਉਜਰਤੀ ਮਜ਼ਦੂਰਾਂ ਦੀਆਂ ਸਫਾਂ ਵਿਚ ਸ਼ਾਮਲ ਹੋ ਰਹੇ ਹਨ। ਹਰਾ ਇਨਕਲਾਬ ਹੁਣ ਇਕੱਲੇ ਪੰਜਾਬ, ਹਰਿਆਣੇ ਜਾਂ ਪੱਛਮੀ ਯੂ.ਪੀ. ਤੱਕ ਸੀਮਤ ਨਹੀਂ ਰਿਹਾ। ਇਹ ਕਸ਼ਮੀਰ ਤੋਂ ਲੈ ਕੇ ਕੰਨਿਆਕੁਮਾਰੀ ਤੱਕ ਅਤੇ ਗੋਆ ਤੋਂ ਲੈ ਕੇ ਧੁਰ ਪੂਰਬੀ ਹਿੱਸਿਆਂ ਦੀਆਂ ਉਪਜਾਊ ਤੇ ਸੇਂਜੂ ਬੈਲਟਾਂ ਤੱਕ ਫੈਲ ਚੁੱਕਿਆ ਹੈ।

ਪੰਜਾਬ ਸਰਕਾਰ ਖੇਤੀ ਸੈਕਟਰ ਵਿਚ ਸੁਧਾਰ ਕਰਨ ਲਈ ਯਤਨ ਕਰਨ ਦੀ ਪ੍ਰਕਿਰਿਆ ਵਿਚ ਹੈ। ਇਸੇ ਕਰਕੇ ਖੇਤੀ ਸੰਕਟ ਨੂੰ ਹੱਲ ਕਰਨ ਲਈ ਨਵੀਂ ਖੇਤੀ ਲਿਆਉਣ ਲਈ ਯਤਨ ਕੀਤੇ ਜਾ ਰਹੇ ਹਨ। ਵੱਖ ਵੱਖ ਸਰਕਾਰਾਂ ਦੀ ਨੀਤ ਭਾਰਤ ਦੀ ਛੋਟੀ ਅਤੇ ਗਰੀਬ ਕਿਸਾਨੀ ਨੂੰ ਪ੍ਰਫੁੱਲਤ ਕਰਨ ਦੀ ਬਜਾਏ ਜਾਂ ਤਾਂ ਕਾਰਪੋਰੇਟਾਂ ਨੂੰ ਅੱਗੇ ਲਿਆਉਣ ਦੀ ਹੈ ਜਾਂ ਸਰਕਾਰੀ ਤੇ ਨਿੱਜੀ ਭਾਈਵਾਲੀ ਵਾਲੀਆਂ ਸਾਂਝੀਆਂ ਸਕੀਮਾਂ ਨੂੰ ਉਤਸ਼ਾਹਤ ਕਰਨ ਦੀ ਹੁੰਦੀ ਹੈ। ਲਗਭਗ ਸਾਰੀਆਂ ਸਰਕਾਰਾਂ ਨੇ ਇਹ ਮਨੌਤ ਸਵੀਕਾਰ ਕਰ ਲਈ ਹੈ ਕਿ ਕਾਰਪੋਰੇਟ ਵੱਡੀ ਪੂੰਜੀ ਦੀ ਦਖਲਅੰਦਾਜ਼ੀ ਤੋਂ ਬਿਨਾ ਖੇਤੀ ਖੇਤਰ ਵਿਚ ਸੁਧਾਰ ਨਹੀਂ ਕੀਤਾ ਜਾ ਸਕਦਾ। ਅਜਿਹੀ ਮਨੌਤ ਕਿਸਾਨੀ ਸੰਕਟ ਲਈ ਬੇਹੱਦ ਘਾਤਕ ਸਾਬਤ ਹੋ ਰਹੀ ਹੈ।

ਇਹ ਸੱਚ ਹੈ ਕਿ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਖੇਤੀ ਸੈਕਟਰ ਦਾ ਯੋਗਦਾਨ ਬਹੁਤ ਜ਼ਿਆਦਾ ਘਟ ਗਿਆ ਹੈ। ਦੇਖਿਆ ਗਿਆ ਹੈ ਕਿ 1950-51 ਦੀਆਂ ਕੀਮਤਾਂ ਅਨੁਸਾਰ ਖੇਤੀਬਾੜੀ ਅਤੇ ਸਹਾਇਕ ਧੰਦਿਆਂ, ਸਨਅਤ ਅਤੇ ਸੇਵਾ ਖੇਤਰ ਦੀ ਰਚਨਾ ਕ੍ਰਮਵਾਰ 51.81%, 14.16% ਅਤੇ 33.25% ਸੀ। ਇਸ ਵੇਲੇ ਸੇਵਾ ਖੇਤਰ ਭਾਰਤ ਦਾ ਸਭ ਤੋਂ ਵੱਡਾ ਸੈਕਟਰ ਬਣ ਚੁੱਕਿਆ ਹੈ। ਮੌਜੂਦਾ ਕੀਮਤਾਂ ਤੇ ਸੇਵਾ ਖੇਤਰ ਦਾ ਕੁੱਲ ਮੁੱਲ ਜੋੜ (ਜੀਵੀਏ) 2020-21 ਵਿਚ 96.54 ਲੱਖ ਕਰੋੜ ਰੁਪਏ ਹੋਣ ਦਾ ਅਨੁਮਾਨ ਸੀ। ਇਸ ਤਰ੍ਹਾਂ ਭਾਰਤ ਦੇ 179.15 ਲੱਖ ਕਰੋੜ ਰੁਪਏ ਦੇ ਕੁੱਲ ਕੀਮਤ ਮੁੱਲ ਦਾ 53.89% ਸੇਵਾ ਖੇਤਰ ਵਿਚੋਂ ਆਉਂਦਾ ਹੈ। ਪਰ ਇਸ ਵਿਚ ਲੱਗੀ ਕਿਰਤ ਸ਼ਕਤੀ ਕੁੱਲ ਉਦਯੋਗ ਖੇਤਰ ਵਿਚ ਲੱਗੀ ਕਿਰਤ ਸ਼ਕਤੀ ਦਾ ਕੇਵਲ 33.32 ਫੀਸਦੀ ਹੈ। ਇਹ ਆਪਣੀ 46.44 ਲੱਖ ਕਰੋੜ ਦੀ ਕੁੱਲ ਕੀਮਤ ਨਾਲ ਅਰਥਚਾਰੇ ਵਿਚ 25.92% ਯੋਗਦਾਨ ਪਾਉਂਦਾ ਹੈ ਅਤੇ ਕਿਰਤ ਸ਼ਕਤੀ ਵਿਚ ਇਸਦਾ ਹਿੱਸਾ 26.18 ਫੀਸਦੀ ਹੈ। ਇਸਦੇ ਉਲਟ ਖੇਤੀਬਾੜੀ ਅਤੇ ਸਹਾਇਕ ਖੇਤਰ ਦਾ ਕੁੱਲ ਕੀਮਤ ਵਿਚ ਹਿੱਸਾ ਸਿਰਫ 20.19% ਹੈ, ਪਰੰਤੂ ਕਿਰਤ ਸ਼ਕਤੀ ਦਾ 41.19 ਫੀਸਦੀ ਹਿੱਸਾ ਖੇਤੀ ਸੈਕਟਰ ਉਪਰ ਨਿਰਭਰ ਕਰਦਾ ਹੈ। ਕੋਵਿਡ ਮਹਾਂਮਾਰੀ ਦੌਰਾਨ ਤਾਂ ਉਲਟੇ ਪ੍ਰਵਾਸ ਕਾਰਨ ਖੇਤੀ ਉਪਰ ਕਿਰਤ ਸ਼ਕਤੀ ਦਾ ਬੋਝ ਹੋਰ ਵੀ ਵਧ ਗਿਆ ਸੀ। 2013-14 ਦੀਆਂ ਕੀਮਤਾਂ ਤੇ ਇਸ ਵੇਲੇ ਖੇਤੀਬਾੜੀ ਅਤੇ ਸਹਾਇਕ ਖੇਤਰ ਦਾ ਹਿੱਸਾ ਘਟ ਕੇ 18.20% ਰਹਿ ਗਿਆ ਹੈ। ਸੇਵਾ ਖੇਤਰ ਅਤੇ ਸਨਅਤੀ ਦਾ ਹਿੱਸਾ ਕ੍ਰਮਵਾਰ ਵਧ ਕੇ 57.03% ਅਤੇ 24.77% ਹੋ ਗਿਆ ਹੈ। ਇਸ ਤਰ੍ਹਾਂ ਖੇਤੀ ਸੈਕਟਰ ਦੀ ਆਮਦਨ ਅਤੇ ਕਿਰਤ ਸ਼ਕਤੀ ਦੀ ਨਿਰਭਰਤਾ ਵਿਚਕਾਰ ਬਹੁਤ ਡੂੰਘੀ ਖਾਈ ਹੈ। ਇਸ ਲਈ ਕਿਸਾਨਾਂ ਦੀ ਜ਼ਿੰਦਗੀ ਨੂੰ ਬਦਲਣ ਲਈ ਖੇਤੀ ਉਪਰੋਂ ਕਿਰਤ ਸ਼ਕਤੀ ਦਾ ਬੋਝ ਘਟਾਉਣ ਦੀ ਫੌਰੀ ਲੋੜ ਹੈ।

ਪੰਜਾਬ ਵਰਗੇ ਸੰਘਣੀ ਖੇਤੀ ਅਤੇ ਮੋਨੋਕਲਚਰ ਵਾਲੇ ਖੇਤਰਾਂ ਵਿਚ, ਫਸਲੀ ਵੰਨ-ਸੁਵੰਨਤਾ ਨੂੰ ਲਾਗੂ ਕਰਨਾ ਵਾਤਾਵਰਨ ਅਤੇ ਰੁਜ਼ਗਾਰ ਪੈਦਾ ਕਰਨ ਦੇ ਦ੍ਰਿਸ਼ਟੀਕੋਣ ਤੋਂ ਸਹਾਈ ਹੋ ਸਕਦਾ ਹੈ। ਖੁਰਾਕ ਸੁਰੱਖਿਆ ਦੇ ਪੱਖ ਤੋਂ ਜੇਕਰ ਕਣਕ ਦੀ ਗੱਲ ਨਾ ਵੀ ਕਰੀਏ ਤਾਂ ਝੋਨੇ ਦਾ ਤਾਂ ਹਰ ਹਾਲਤ ਵਿਚ ਬਦਲ ਲੱਭਣ ਦੀ ਲੋੜ ਹੈ। ਪੰਜਾਬ ਲਈ ਬੇਹੱਦ ਘਾਤਕ ਹੋਣ ਦੇ ਬਾਵਜੂਦ ਵੀ ਇਹ ਕਿਸਾਨਾਂ ਦੀ ਆਮਦਨ ਦਾ ਪ੍ਰਮੁੱਖ ਸਰੋਤ ਹੈ। ਇਸਦੇ ਬਦਲ ਲਈ ਕਪਾਹ, ਦਾਲਾਂ, ਮੋਟੇ ਅਨਾਜਾਂ ਅਤੇ ਤੇਲ ਬੀਜਾਂ ਦੀ ਕਾਸ਼ਤ ਨੂੰ ਉਤਸ਼ਾਹਤ ਕਰਨਾ ਪਵੇਗਾ। ਇਸਦਾ ਇਕੋ ਹੀ ਸੰਭਾਵੀ ਅਤੇ ਉਚਤ ਹੱਲ ਇਹ ਹੈ ਕਿ ਹਰ ਕਿਸਾਨ ਵੱਲੋਂ ਝੋਨੇ ਦੇ ਬਦਲ ਵਜੋਂ ਪੈਦਾ ਕੀਤੀਆਂ ਜਾਣ ਵਾਲੀਆਂ ਫਸਲਾਂ ਦੀ ਸ਼ੁੱਧ ਆਮਦਨ ਅੰਗੀ ਲਈ ਜਾਵੇ ਅਤੇ ਝੋਨੇ ਦੀ ਫਸਲ ਦੇ ਮੁਕਾਬਲੇ 'ਚ ਪੈਣ ਵਾਲੇ ਘਾਟੇ ਦੀ ਸਰਕਾਰ ਵੱਲੋਂ ਪੂਰਤੀ ਹੋਵੇ। ਬਦਲਵੀਆਂ ਫਸਲਾਂ ਲਈ ਨਿਸ਼ਚਤ ਬਾਜ਼ਾਰ ਅਤੇ ਸਮਰਥਨ ਮੁੱਲ ਨੂੰ ਯਕੀਨੀ ਬਣਾਉਣ ਵਾਲਾ ਰੋਡਮੈਪ ਵੀ ਖਤਮ ਹੋ ਜਾਵੇਗਾ। ਜਦੋਂ ਤੱਕ ਸਰਕਾਰਾਂ ਇਸ ਘਾਟਾ ਪੂਰਤੀ ਦੀ ਜ਼ਿੰਮੇਵਾਰੀ ਨਹੀਂ ਲੈਂਦੀਆਂ ਤਦ ਤੱਕ ਖੇਤੀ ਵਿਭਿੰਨਤਾ ਦੇ ਨਾਅਰੇ ਖੋਖਲੇ ਹੀ ਰਹਿਣਗੇ ਅਤੇ ਪੰਜਾਬ ਇਸੇ ਤਰ੍ਹਾਂ ਦੇ ਸੰਤਾਪ ਦਾ ਭਾਗੀ ਬਣਿਆ ਰਹੇਗਾ।

ਵਿਗਿਆਨ ਅਤੇ ਤਕਨਾਲੋਜੀ ਖੇਤੀ ਦੇ ਸੰਚਾਲਨ ਅਤੇ ਪੈਦਾਵਾਰ ਵਿਚ ਤਬਦੀਲੀ ਦੇ ਪ੍ਰਮੁੱਖ ਚਾਲਕ ਹਨ। ਮੌਜੂਦਾ ਤਕਨੀਕੀ ਖੜੋਤ ਨੂੰ ਦੂਰ ਕਰਨ ਲਈ ਨਵੀਆਂ ਮੌਲਿਕ ਤਕਨੀਕਾਂ ਦੀ ਲੋੜ ਹੈ ਜੋ ਜ਼ਮੀਨ ਦੀ ਪ੍ਰਤੀ ਯੂਨਿਟ ਪੈਦਾਵਾਰ ਵਧਾਉਣ ਵਿਚ ਅਤੇ ਪਾਣੀ ਦੀ ਘੱਟ ਤੋਂ ਘੱਟ ਖਪਤ ਵਿਚ ਸਹਾਈ ਹੋਣ। ਤੁਪਕਾ ਸਿੰਚਾਈ, ਫੁਹਾਰਾ ਸਿੰਚਾਈ, ਉਪਰਲੀ ਪਰਤ ਦੀ ਉਣੀ ਸਿੰਚਾਈ, ਸਿਆੜ ਸਿੰਚਾਈ, ਖਾਲਾਂ ਅਤੇ ਵੱਡੇ ਵੱਡੇ ਟੱਕਾਂ ਨੂੰ ਵੱਟਾਂ ਮਾਰ ਕੇ ਛੋਟੇ ਕਿਆਰੇ ਬਣਾਉਣ ਨਾਲ ਪਾਣੀ ਦੀ ਅਸਾਨੀ ਨਾਲ ਬੱਚਤ ਕੀਤੀ ਜਾ ਸਕਦੀ ਹੈ। ਬਰਸਾਤੀ ਪਾਣੀ ਨੂੰ ਸਾਂਭਣ ਲਈ ਹਰੇਕ ਟੱਬਰ ਨੂੰ ਸਖਤੀ ਨਾਲ ਪਾਬੰਦ ਕਰਨਾ ਹੋਵੇਗਾ। ਕਿਸੇ ਵੀ ਪਰਿਵਾਰ ਨੂੰ ਉਦੋਂ ਤੱਕ ਕੋਈ ਸਰਕਾਰੀ ਮਦਦ ਨਾ ਦਿੱਤੀ ਜਾਵੇ ਜਦੋਂ ਤੱਕ ਉਹ ਆਪਣੇ ਖੇਤ, ਪਲਾਟ ਅਤੇ ਘਰ ਦੇ ਵਿਹੜੇ ਜਾਂ ਛੱਤ 'ਤੇ ਪਾਣੀ ਨੂੰ ਇਕੱਠਾ ਕਰਨ/ ਰੱਖਣ ਦਾ ਪ੍ਰਬੰਧ ਨਿਸ਼ਚਤ ਨਹੀਂ ਕਰਦਾ।

ਹਰੇਕ ਸੂਬੇ ਅੰਦਰ ਹੀ ਖੇਤੀ ਯੂਨੀਵਰਸਿਟੀਆਂ ਤੋਂ ਇਲਾਵਾ ਖੋਜ, ਵਿਕਾਸ ਅਤੇ ਸਿੱਖਿਆ ਨਾਲ ਸਬੰਧਤ ਇਕੋ ਹੀ ਤਰ੍ਹਾਂ ਦਾ ਕੰਮ ਕਰਨ ਵਾਲੇ ਅਨੇਕਾਂ ਹੀ ਕੇਂਦਰੀ ਅਤੇ ਸੂਬਾਈ ਅਦਾਰੇ ਮਿਲ ਜਾਂਦੇ ਹਨ ਜੋ ਆਪਸੀ ਮਿਲਵਰਤਨ ਦੀ ਜਗ੍ਹਾ ਉਲਟ ਦਿਸ਼ਾਵਾਂ ਵਿਚ ਕੰਮ ਕਰਦੇ ਦਿਖਾਈ ਦੇ ਜਾਣਗੇ। ਐਗਰੀਕਲਚਰਲ ਯੂਨੀਵਰਸਿਟੀ, ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰੋਜੈਕਟਸ ਅਤੇ ਨੈਸ਼ਨਲ ਬਿਊਰੋ, ਗੈਰ-ਸਰਕਾਰੀ ਸੰਸਥਾਵਾਂ ਅਤੇ ਨਿੱਜੀ ਖੇਤਰ ਦੀਆਂ ਖੋਜ ਅਤੇ ਵਿਕਾਸ ਸੰਸਥਾਵਾਂ ਨੂੰ ਰਾਸ਼ਟਰੀ ਖੇਤੀਬਾੜੀ ਖੋਜ ਵਿਵਸਥਾ (ਨਾਰਸ) ਵਰਗੇ ਅਦਾਰੇ ਦੀ ਛਤਰ-ਛਾਇਆ ਹੇਠ ਇਕੱਠਾ ਕੀਤਾ ਜਾ ਸਕਦਾ ਹੈ। ਖੋਜ ਕਾਰਜਾਂ ਵਿਚ ਸੁਮੇਲਤਾ ਲਿਆਂਦੀ ਜਾ ਸਕਦੀ ਹੈ।

ਸਮਾਜਿਕ ਤੌਰ 'ਤੇ ਸੰਬੰਧਿਤ ਖੇਤੀਬਾੜੀ ਖੋਜ ਵਿਚ ਸਰਕਾਰੀ ਪੂੰਜੀ ਨਿਵੇਸ਼ ਨੂੰ ਵਧਾਇਆ ਜਾਣਾ ਚਾਹੀਦਾ ਹੈ। ਛੋਟੇ ਅਤੇ ਸੀਮਾਂਤ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਰਾਸ਼ਟਰੀ ਖੇਤੀਬਾੜੀ ਖੋਜ ਵਿਵਸਥਾ ਦਾ ਪੁਨਰਗਠਨ ਅਣਸਰਦੀ ਲੋੜ ਹੈ। ਖੋਜ ਰਣਨੀਤੀ ਕੁਦਰਤ ਅਤੇ ਛੋਟੇ ਕਿਸਾਨ ਪੱਖੀ ਹੋਣੀ ਚਾਹੀਦੀ ਹੈ। ਪਿੰਡਾਂ ਵਿਚ ਕਮਿਊਨਿਟੀ ਆਧਾਰਤ ਬੀਜ ਬੈਂਕ, ਖੇਤੀ ਮਸ਼ੀਨਰੀ ਅਤੇ ਬਿਜਾਈ ਤਕਨੀਕ, ਰੇਹਾਂ, ਕੀੜੇ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਨਾਲ ਸਬੰਧਤ ਸਿਖਲਾਈ ਕੇਂਦਰਾਂ ਦੀ ਲੋੜ ਹੈ। ਸਹਿਕਾਰਤਾ ਨਾਲ ਸਬੰਧਤ ਅਦਾਰੇ ਸਰਕਾਰੀ ਮਦਦ ਤੋਂ ਬਿਨਾਂ ਚੱਲ ਹੀ ਨਹੀਂ ਸਕਦੇ।

ਮਿੱਟੀ ਦੀ ਸਿਹਤ ਨੂੰ ਵਧਾਉਣਾ ਖੇਤੀਬਾੜੀ ਉਤਪਾਦਕਤਾ ਵਧਾਉਣ ਦੀ ਕੁੰਜੀ ਹੈ। ਇਹ ਯਕੀਨੀ ਬਣਾਉਣ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਕਿ ਹਰੇਕ ਕਿਸਾਨ ਨੂੰ ਇਕ ਮਿੱਟੀ ਸਬੰਧੀ ਇਕ ਸਿਹਤ ਪਾਸਬੁੱਕ ਜਾਰੀ ਕੀਤੀ ਜਾਵੇ ਜਿਸ ਵਿਚ ਖੇਤ ਦੀ ਮਿੱਟੀ ਦੇ ਭੌਤਿਕ ਵਿਗਿਆਨ, ਰਸਾਇਣ ਅਤੇ ਮਾਈਕ੍ਰੋਬਾਇਓਲੋਜੀ ਨਾਲ ਸਬੰਧਤ ਸਲਾਹਾਂ ਦੇ ਨਾਲ ਭੋਇੰ ਦੀ ਕਿਸਮ ਦੀ ਸੰਪੂਰਨ ਜਾਣਕਾਰੀ ਹੋਵੇ। ਇਸ ਮੰਤਵ ਲਈ, ਮਿੱਟੀ ਵਿਚ ਵਿਸ਼ੇਸ਼ ਸੂਖਮ ਤੱਤਾਂ ਦੀ ਘਾਟ ਦਾ ਪਤਾ ਲਗਾਉਣ ਲਈ ਹੋਰ ਪ੍ਰਯੋਗਸ਼ਾਲਾਵਾਂ ਸਥਾਪਤ ਕੀਤੀਆਂ ਜਾਣ।

ਫਸਲ ਦੀ ਉਤਪਾਦਕਤਾ ਅਤੇ ਸੁਰੱਖਿਆ ਲਈ ਜੀਨਾਂ, ਜੈਵਿਕ ਦ੍ਰਵਾਂ, ਅਤਿ ਨਿੱਕੇ ਜੀਵਾਣੂਆਂ ਆਦਿ ਦੇ ਮਿਸ਼ਰਣਾਂ ਨਾਲ ਨਵੀਆਂ ਨਸਲਾਂ ਦੀ ਖੋਜ (ਇਨ-ਵਿਟਰੋ ਕਲਚਰ ਪ੍ਰੋਪੈਗੂਲਜ਼) ਸਮੇਤ ਚੰਗੀ ਕੁਆਲਿਟੀ ਦੇ ਬੀਜ ਅਤੇ ਉਨ੍ਹਾਂ ਨੂੰ ਰੋਗ ਮੁਕਤ ਦਵਾਈਆਂ ਨਾਲ ਸੁਰੱਖਿਅਤ ਕਰਨਾ ਜ਼ਰੂਰੀ ਹੈ। ਪਹਿਲਾਂ ਹੀ ਪ੍ਰਾਪਤ ਵਧੇਰੇ ਝਾੜ ਵਾਲੇ ਬੀਜਾਂ ਦੇ ਨਾਲ ਨਾਲ ਹੁਣ ਮੈਰਿਟ ਮੁਤਾਬਕ ਜੀਨ ਯੁਕਤ ਤਕਨੀਕਾਂ ਨੂੰ ਵੀ ਖੇਤੀ ਵਿਚ ਦਾਖਲ ਕਰਨ ਦੀ ਲੋੜ ਹੈ। ਨਵੀਆਂ ਕਿਸਮਾਂ ਦੇ ਮਾਮਲੇ ਵਿਚ, ਜ਼ਮੀਨੀ ਪੱਧਰ ਦੇ ਬੀਜ ਉਤਪਾਦਕਾਂ ਅਤੇ ਉਨ੍ਹਾਂ ਦੇ ਸਹਿਕਾਰੀ ਅਤੇ ਸਵੈ-ਸਹਾਇਤਾ ਪ੍ਰਾਪਤ ਗਰੁੱਪਾਂ ਨੂੰ ਦੋਗਲੇ ਬੀਜ ਪ੍ਰਦਾਨ ਕੀਤੇ ਜਾਣ। ਪ੍ਰਸਾਰ ਲਾਭਕਾਰੀ ਕਿਸਾਨ-ਬੀਜ ਕੰਪਨੀਆਂ ਦੀ ਭਾਈਵਾਲੀ ਨੂੰ ਉਤਸ਼ਾਹਿਤ ਕੀਤਾ ਜਾਵੇ। ਇਕ ਹੋਰ ਮੁੱਦਾ ਜੈਵਿਕ ਖਾਦਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ, ਮੰਡੀਕਰਨ ਦਾ ਪ੍ਰਬੰਧ, ਕੀੜਿਆਂ, ਰੋਗਾਣੂਆਂ ਅਤੇ ਨਦੀਨਾਂ ਉਪਰ ਕੰਟਰੋਲ, ਵਾਤਾਵਰਨ ਦੀ ਸੁਰੱਖਿਆ, ਅਸਰਦਾਰ ਕੀਟਨਾਸ਼ਕਾਂ ਦਾ ਵਿਕਾਸ ਅਤੇ ਇਨ੍ਹਾਂ ਬਾਰੇ ਗਿਆਨ ਨੂੰ ਤਰਜੀਹ ਦਿੱਤੀ ਜਾਵੇ।

ਖੇਤੀ ਸੰਕਟ ਹੁਣ ਇਕੱਲੇ ਪੰਜਾਬ ਦਾ ਮਸਲਾ ਨਹੀਂ ਰਿਹਾ ਪਰ ਪੰਜਾਬ ਖੇਤੀ ਵਾਲੀਆਂ ਨਵੀਆਂ ਤਕਨੀਕਾਂ ਨੂੰ ਅਪਨਾਉਣ ਲਈ ਅਤੇ ਕਿਸਾਨੀ ਮਸਲਿਆਂ ਨੂੰ ਹੱਲ ਕਰਵਾਉਣ ਲਈ ਵੀ ਮੋਹਰੀ ਭੂਮਿਕਾ ਨਿਭਾਉਣ ਲਈ ਹਮੇਸ਼ਾ ਸਰਗਰਮ ਰਹਿੰਦਾ ਹੈ। ਭਾਰਤ ਦਾ ਖੇਤੀ ਸੰਕਟ ਵਿਸ਼ਵ ਵਪਾਰ ਸੰਗਠਨ ਦੀਆਂ ਨੀਤੀਆਂ ਨਾਲ ਜੁੜਿਆ ਹੋਣ ਕਰਕੇ ਦੇਸੀ ਤੇ ਵਿਦੇਸ਼ੀ ਕਾਰਪੋਰੇਟ ਕੰਪਨੀਆਂ ਦੀ ਜਕੜ ਦਾ ਸ਼ਿਕਾਰ ਹੈ। ਜਦੋਂ ਤੱਕ ਇਹ ਜਕੜ ਤੋੜ ਕੇ ਦੇਸ਼ ਨੂੰ ਆਤਮ ਨਿਰਭਰ ਨਹੀਂ ਬਣਾਇਆ ਜਾਂਦਾ ਤਦ ਤੱਕ ਪੰਜਾਬ ਵਰਗੀ ਕਿਸੇ ਵੀ ਸਰਕਾਰ ਵੱਲੋਂ ਸਿਫ਼ਤੀ ਤੌਰ 'ਤੇ ਵੱਖਰੀ ਖੇਤੀ ਨੀਤੀ ਲਾਗੂ ਕਰਨਾ ਮੁਸ਼ਕਲ ਹੋਵੇਗਾ। ਇਸ ਲਈ ਇਸ ਦਿਸ਼ਾ ਵੱਲ ਠੋਸ ਕਦਮ ਪੁੱਟਣ ਲਈ ਸੰਘੀ ਢਾਂਚੇ ਦੀ ਮਜ਼ਬੂਤੀ ਲਈ ਯਤਨ ਕਰਨੇ ਪੈਣਗੇ।



## ਵਰਤਮਾਨ

ਮਾਰ ਉਡਾਰੀ ਵਾਂਗ ਪਰਿੰਦੇ, ਦਾਣਾ ਥਾਂ ਥਾਂ ਚੁਗਣਾ ਫਿਰ,
ਕੋਲ ਆਪਣੇ ਮੋਹਰ ਵੀ ਰੱਖੀਂ, ਪਰ ਬਚਾ ਕੇ ਰੱਖਣਾ ਸਿਰ।

ਦਇਆ ਤਰਸ ਕਰੇ ਨਾ ਕੋਈ, ਸੋਚ ਸਮਝ ਕੇ ਧਰਨਾ ਪੈਰ,
ਕਰੇ ਚਲਾਕੀ ਹਰੇਕ ਅੱਜ-ਕਲ੍ਹ, ਲੋਕੀਂ ਸਿੱਖਗੇ ਕਰਨਾ ਵੈਰ।

ਦੇਸ਼ ਆਪਣਾ ਪਰ ਲੋਕ ਪਰਾਏ, ਵਾਂਗਰਾਂ ਕਰਨ ਵਿਹਾਰ,
ਮਨਾਂ ਵਿਚ ਨਫ਼ਰਤ ਹੈ ਭਰ ਗਈ, ਛੂ ਮੰਤਰ ਹੋਏ ਪਿਆਰ।

ਕਲਯੁੱਗ ਤੋਂ ਸੂਚਨਾ ਯੁੱਗ ਤਾਈਂ, ਖੋ ਗਿਆ ਹੈ ਇਤਬਾਰ,
ਚੈਨ ਗੁਆ ਹੋਏ ਮਾਇਆਧਾਰੀ, ਮੁੱਖ ਲਬ ਲੋਭ ਹੈ ਹੰਕਾਰ।

ਅਣਖ-ਜ਼ਮੀਰ ਨੇ ਦੋਵੇਂ ਮਰੀਆਂ, ਸਿਆਸਤ ਦਾ ਹੈ ਵਪਾਰ
ਧੋਖੇਬਾਜ਼ ਝੂਠਾ ਬਣ ਕੇ ਫਰੇਬੀ, ਡੁੱਬ ਚੁੱਕਾ ਹੈ ਕੁੱਲ ਸੰਸਾਰ।

ਐਵੇਂ ਨਾ ਭੰਡੀ ਜਾਹ ਦੁਨੀਆਂ ਨੂੰ, ਦੱਸ ਕਿਹੜਾ ਤੂੰ ਹੈਂ ਬਾਹਰ,
ਔਗੁਣ ਆਪਣੇ ਪਹਿਲੇ ਦੱਸ ਦੇਹ, ਲੋਕ ਕਰਨਗੇ ਤਾਂ ਇਤਬਾਰ।

*-ਸੇਵਾ ਸਿੰਘ ਨੂਰਪੁਰੀ*

---

## ਗ਼ਜ਼ਲ

ਜਦ ਉਸ ਹੱਥੀਂ ਪੱਥਰ ਫੜਿਆ ਹੁੰਦਾ ਏ।
ਹਰ ਸ਼ੀਸ਼ੇ ਨੇ ਹੌਕਾ ਭਰਿਆ ਹੁੰਦਾ ਏ।

ਪਾਗਲ ਭੀੜ ਜਦੋਂ ਵੀ ਨਿਕਲੇ ਰਾਹਾਂ 'ਤੇ
ਹਰ ਬੰਦਾ ਹੀ ਓਦੋਂ ਡਰਿਆ ਹੁੰਦਾ ਏ।

ਅੱਜ ਕੱਲ੍ਹ ਸੀਸ ਕਟਾਉਣਾ ਪੈਂਦਾ ਸੱਚੇ ਨੂੰ
ਝੂਠਾਂ ਅੱਗੇ ਜਿਹੜਾ ਅੜਿਆ ਹੁੰਦਾ ਏ।

ਮਰ ਜਾਵਣ ਦੀ ਗੱਲ ਜਦ ਕਰਦਾ ਰੋ ਰੋ ਕੇ
ਬੰਦਾ ਓਦੋਂ ਦਿਲ ਤੋਂ ਸੜਿਆ ਹੁੰਦਾ ਏ।

ਹੋਰ ਵਸਾਉਣਾ ਦਿਲ ਵਿਚ ਔਖਾ ਕੰਮ ਹੁੰਦਾ
ਜਦ ਪਹਿਲਾਂ ਹੀ ਕੋਈ ਵਸਿਆ ਹੁੰਦਾ ਏ।

ਜੱਗ ਤੋਂ ਲੰਘ ਜਾਂਦਾ ਹੈ ਉਹ ਬਿਨ ਡਿੱਗਿਆਂ ਹੀ
ਜਿਸਦਾ ਹੱਥ ਉਸ ਦਾਤੇ ਫੜਿਆ ਹੁੰਦਾ ਏ।

ਭੀੜ ਪਤਾ ਕਿਉਂ ਰਹਿੰਦੀ ਅੱਜ-ਕਲ੍ਹ ਰਾਹਾਂ 'ਤੇ?
ਰਾਹ 'ਤੇ ਲੋਕਾਂ ਕਬਜ਼ਾ ਕਰਿਆ ਹੁੰਦਾ ਏ।

ਉਸਦਾ ਮੰਜ਼ਿਲ ਉੱਤੇ ਪੁੱਜਣਾ ਲਾਜ਼ਮ ਹੈ
ਜੋ ਮੰਜ਼ਿਲ ਨੂੰ ਮਿੱਥ ਕੇ ਤੁਰਿਆ ਹੁੰਦਾ ਏ।

ਬਿਨ ਠੋਕਰ ਦੇ ਟੁੱਟਦਾ ਨਹੀਓਂ ਪਾਪ ਘੜਾ
ਚਾਹੇ ਗਲ਼ ਤੱਕ ਪੂਰਾ ਭਰਿਆ ਹੁੰਦਾ ਏ।

*-ਹਰਦੀਪ ਬਿਰਦੀ*
*ਫੋਨ: 90416-00900*

# ਕੀ ਅਡਾਨੀ ਵਰਗਿਆਂ ਦੇ ਕਾਰੋਬਾਰੀ ਕਲੰਕ ਵੀ ਦੇਸ਼-ਭਗਤੀ ਦੇ ਤਮਗੇ ਮੰਨਣੇ ਪੈ ਜਾਣਗੇ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਭਾਰਤ ਦੀ ਆਰਥਿਕਤਾ ਇਕ ਹੋਰ ਹਲੂਣਾ ਖਾ ਗਈ ਹੈ। ਹਮੇਸ਼ਾ ਵਾਂਗ ਆਰਥਿਕਤਾ ਨੂੰ ਇਹ ਹਲੂਣਾ ਦੇਸ਼ ਦੀ ਸਰਕਾਰ ਚਲਾਉਣ ਵਾਲਿਆਂ ਦੇ ਨੇੜੂਆਂ ਨੇ ਮਾਰਿਆ ਹੈ। ਸਰਕਾਰ ਜਿਵੇਂ ਅੱਗੇ ਹਰ ਵਾਰੀ ਘਪਲੇਬਾਜ਼ਾਂ ਦੇ ਪੱਖ ਵਿਚ ਖੜ੍ਹੀ ਹੁੰਦੀ ਸੀ, ਇਸ ਵਾਰੀ ਵੀ ਉਸ ਨੇ ਘਪਲੇਬਾਜ਼ਾਂ ਨਾਲ ਲਿਹਾਜ਼ ਦੀ ਰੀਤ ਨਹੀਂ ਟੁੱਟਣ ਦਿੱਤੀ। ਸਾਰੀ ਦੁਨੀਆ ਅੰਦਰ ਖੇਹ ਉੱਡਣ ਦੇ ਬਾਵਜੂਦ ਭਾਰਤ ਸਰਕਾਰ ਗੌਤਮ ਅਡਾਨੀ ਦੇ ਨਾਲ ਡਟ ਕੇ ਖੜ੍ਹੀ ਰਹੀ। ਸੰਸਾਰ ਦੇ ਸਰਮਾਏਦਾਰਾਂ ਦੀ ਸੂਚੀ ਵਿਚ ਤੀਸਰੇ ਨੰਬਰ ਉਤੇ ਲਿਖਿਆ ਜਾ ਚੁੱਕਾ ਗੌਤਮ ਅਡਾਨੀ ਵੱਡੇ ਝਟਕੇ ਪਿੱਛੋਂ ਸਤਾਈਵੇਂ ਥਾਂ ਆ ਗਿਆ। ਭਾਰਤ ਦੀ ਰਿਜ਼ਰਵ ਬੈਂਕ ਨੇ ਸਾਰੇ ਬੈਂਕਾਂ ਨੂੰ ਅਡਾਨੀ ਦੇ ਕਾਰੋਬਾਰ ਬਾਰੇ ਸੱਚ ਦੱਸਣ ਲਈ ਹੁਕਮ ਭੇਜ ਦਿੱਤਾ। ਜਿਹੜੇ ਬੈਂਕਾਂ ਨੇ ਪਹਿਲਾਂ ਕਿਹਾ ਸੀ ਕਿ ਸਾਡੇ ਲਈ ਚਿੰਤਾ ਵਾਲੀ ਗੱਲ ਨਹੀਂ, ਉਨ੍ਹਾਂ ਦੇ ਹਜ਼ਾਰਾਂ ਕਰੋੜ ਦੇ ਕਰਜ਼ੇ ਦਿੱਤੇ ਨਿਕਲੇ। ਲੋਕਾਂ ਦੀ ਜਾਨ ਇਹ ਸੋਚ-ਸੋਚ ਕੇ ਨਿਕਲਦੀ ਜਾਪਣ ਲੱਗੀ ਕਿ ਜੇ ਇਸ ਸਰਮਾਏਦਾਰ ਨਾਲ ਭਾਰਤ ਦੇ ਬੈਂਕ ਵੀ ਡੁੱਬ ਗਏ, ਫਿਰ ਬੈਂਕਾਂ ਵਿਚ ਪਏ ਉਨ੍ਹਾਂ ਦੀ ਔਖੇ ਹੋ ਕੇ ਕੀਤੀ ਬੱਚਤ ਦੇ ਪੈਸਿਆਂ ਦਾ ਕੀ ਬਣੇਗਾ? ਭਾਰਤ ਸਰਕਾਰ ਦੇ ਕੰਟਰੋਲ ਹੇਠਲੇ ਜੀਵਨ ਬੀਮਾ ਨਿਗਮ (ਐਲ ਆਈ ਸੀ) ਵਿਚ ਦੇਸ਼ ਦੇ ਲੱਖਾਂ ਲੋਕਾਂ ਦੇ ਬੀਮੇ ਦੀਆਂ ਪਾਲਸੀਆਂ ਹਨ, ਉਸ ਕਾਰਪੋਰੇਸ਼ਨ ਦਾ ਪੈਸਾ ਵੀ ਅਡਾਨੀ ਦੀਆਂ ਕੰਪਨੀਆਂ ਵਿਚ ਲਾਇਆ ਹੋਣ ਕਰਕੇ ਡੁੱਬਦਾ ਜਾਪਦਾ ਹੈ। ਲੋਕਾਂ ਨੂੰ ਚਿੰਤਾ ਹੈ ਕਿ ਉਨ੍ਹਾਂ ਦੇ ਉਸ ਪੈਸੇ ਤੇ ਉਨ੍ਹਾਂ ਦੀਆਂ ਜੀਵਨ ਬੀਮਾ ਪਾਲਸੀਆਂ ਦਾ ਕੀ ਬਣੇਗਾ? ਜਵਾਬ ਦੇਣ ਵਾਲਾ ਕੋਈ ਨਹੀਂ।

ਉਂਜ ਇਹ ਪਹਿਲੀ ਵਾਰ ਨਹੀਂ, ਜਦੋਂ ਦੇਸ਼ ਦੇ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਕਿਸੇ ਹੇਰਾ-ਫੇਰੀਆਂ ਦੇ ਮਾਹਿਰ ਕਾਰੋਬਾਰੀ ਦੇ ਕਾਰਨ ਡੁੱਬਣ ਦੀ ਸਥਿਤੀ ਪੈਦਾ ਹੋਣ ਲੱਗੀ ਹੋਵੇ। ਪਹਿਲਾਂ ਵੀ ਏਦਾਂ ਦੇ ਮੌਕੇ ਆਉਂਦੇ ਰਹੇ ਹਨ ਅਤੇ ਜਦੋਂ ਵੀ ਆਉਂਦੇ ਸਨ, ਦੇਸ਼ ਦੀ ਸਰਕਾਰ ਇਸ ਦੀ ਜਵਾਬਦੇਹ ਮੰਨੀ ਜਾਂਦੀ ਸੀ। ਇਸ ਵਾਰੀ ਸਰਕਾਰ ਇਸ ਲਈ ਚੁੱਪ ਵੱਟੀ ਬੈਠੀ ਹੈ ਕਿ ਜਿਸ ਕਾਰੋਬਾਰੀ ਦੇ ਕਾਰਨ ਪੂਰਾ ਮੁਲਕ ਦੁਨੀਆ ਭਰ ਵਿਚ ਬਦਨਾਮੀ ਦਾ ਸਾਹਮਣਾ ਕਰਦਾ ਪਿਆ ਹੈ, ਉਹ ਬੰਦਾ ਗੁਜਰਾਤ ਤੋਂ ਦਿੱਲੀ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਇਆ ਸੀ। ਗੁਜਰਾਤ ਦੇ ਦੰਗਿਆਂ ਮਗਰੋਂ ਭਾਰਤ ਦੇ ਸਾਰੇ ਸਨਅਤਕਾਰ ਜਦੋਂ ਇਹ ਕਹਿੰਦੇ ਸਨ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਵਿਹਾਰ ਕਾਰਨ ਉਸ ਰਾਜ ਵਿਚ ਹੋਰ ਪੂੰਜੀ ਲਾਉਣ ਨੂੰ ਜੀਅ ਨਹੀਂ ਕਰਦਾ, ਉਦੋਂ ਗੌਤਮ ਅਡਾਨੀ ਨੇ ਨਰਿੰਦਰ ਮੋਦੀ ਦਾ ਪੱਖ ਪੂਰਿਆ ਅਤੇ ਬਾਕੀ ਸਭਨਾਂ ਤੋਂ ਵੱਖਰੀ ਬੋਲੀ ਬੋਲਣ ਕਾਰਨ ਮੋਦੀ ਸਾਹਿਬ ਦੀ ਨੇੜਤਾ ਹਾਸਲ ਕਰ ਗਿਆ ਸੀ। ਬਾਅਦ ਵਿਚ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਤਾਂ ਆਪਣੇ ਦੇਸ਼ ਦੇ ਅੰਦਰ ਹੀ ਨਹੀਂ, ਦੁਨੀਆ ਭਰ ਵਿਚ ਜਿਹੜੇ ਵੀ ਦੇਸ਼ ਦੇ ਦੌਰੇ ਲਈ ਜਾਂਦੇ ਸਨ, ਗੌਤਮ ਅਡਾਨੀ ਨਾਲ ਜਾਂਦਾ ਸੀ ਤੇ ਦੇਸ਼ ਨੂੰ ਕੁਝ ਹਾਸਲ ਹੁੰਦਾ ਜਾਂ ਨਾ, ਅਡਾਨੀ ਦੇ ਦੋ-ਚਾਰ ਪ੍ਰਾਜੈਕਟ ਹੋਰ ਲਾਉਣ ਦਾ ਰਾਹ ਖੁੱਲ੍ਹਦਾ ਦਿਸ ਪੈਂਦਾ ਸੀ। ਆਸਟਰੇਲੀਆ ਵਿਚ ਅਡਾਨੀ ਦਾ ਪ੍ਰਾਜੈਕਟ




ਲਵਾਉਣ ਲਈ ਓਥੋਂ ਦੀ ਸਰਕਾਰ ਭਾਰਤ ਸਰਕਾਰ ਦੇ ਦਬਾਅ ਹੇਠ ਆਪਣੇ ਦੇਸ਼ ਦੇ ਲੋਕਾਂ ਅਤੇ ਅਦਾਲਤਾਂ ਨੂੰ ਵੀ ਅਣਗੌਲੇ ਕਰਨ ਲੱਗ ਪਈ ਸੀ ਤੇ ਬਾਅਦ ਵਿਚ ਏਦਾਂ ਕਈ ਹੋਰ ਦੇਸ਼ਾਂ ਵਿਚ ਵੀ ਹੁੰਦਾ ਵੇਖਿਆ ਗਿਆ ਸੀ। ਇਸ ਸਰਕਾਰੀ ਸਰਪ੍ਰਸਤੀ ਦੇ ਨਾਲ ਉਹ ਬੰਦਾ ਬੀਤੀ ਸਤਾਈ ਜਨਵਰੀ ਨੂੰ ਸੰਸਾਰ ਦਾ ਤੀਸਰਾ ਸਭ ਤੋਂ ਵੱਡਾ ਪੂੰਜੀਪਤੀ ਬਣਨ ਵਿਚ ਸਫਲ ਹੋ ਗਿਆ ਸੀ।

ਜਿਹੜਾ ਬੰਦਾ ਸਤਾਈ ਜਨਵਰੀ ਨੂੰ ਸੰਸਾਰ ਦਾ ਤੀਸਰਾ ਸਭ ਤੋਂ ਵੱਡਾ ਪੂੰਜੀਪਤੀ ਸੀ, ਉਹ ਸਿਰਫ ਛੇ ਦਿਨ ਪਿੱਛੋਂ ਬਾਈਵੇਂ ਨੰਬਰ ਉੱਤੇ ਜਾ ਡਿੱਗਾ ਤੇ ਉਸ ਦੀ ਕੁੱਲ ਪੂੰਜੀ ਵੀ ਇੱਕ ਸੌ ਪੰਜਾਹ ਬਿਲੀਅਨ ਡਾਲਰ ਤੋਂ ਡਿੱਗਦੀ ਹੋਈ ਛੇਵੇਂ ਦਿਨ ਤੱਕ ਮਸਾਂ ਪਚਵੰਜਾ ਬਿਲੀਅਨ ਡਾਲਰ ਰਹਿ ਗਈ। ਇਸ ਵੱਡੇ ਝਟਕੇ ਦਾ ਕਾਰਨ ਹਿੰਡਨਬਰਗ ਰਿਸਰਚ ਦੀ ਉਹ ਰਿਪੋਰਟ ਬਣੀ, ਜਿਸ ਵਿਚ ਲਿਖਿਆ ਸੀ ਕਿ ਅਡਾਨੀ ਗਰੁੱਪ ਦਾ ਸਾਰਾ ਕਾਰੋਬਾਰ ਸ਼ੱਕੀ ਹੈ ਤੇ ਉਸ ਰਿਪੋਰਟ ਦੇ ਆਉਂਦੇ ਸਾਰ ਬਾਜ਼ਾਰ ਦੀਆਂ ਸੰਸਾਰ ਭਰ ਦੀਆਂ ਸੰਸਥਾਵਾਂ ਨੇ ਅਡਾਨੀ ਗਰੁੱਪ ਦੇ ਬਾਂਡ ਅਤੇ ਹੋਰ ਸਾਰੇ ਪੱਤਰ ਲੈਣ ਤੋਂ ਇਨਕਾਰ ਕਰਨਾ ਆਰੰਭ ਕਰ ਦਿੱਤਾ ਸੀ। ਹਰ ਦੇਸ਼ ਦੇ ਜਾਇਜ਼-ਨਾਜਾਇਜ਼ ਦਣੇ ਲੈਣ ਵਾਲੇ ਅੱਡਿਆਂ ਵਜੋਂ ਜਾਣੇ ਜਾਂਦੇ ਦੇਸ਼ਾਂ ਦੀਆਂ ਸਰਕਾਰਾਂ ਨੇ ਵੀ ਜਦੋਂ ਆਪਣੀ ਆਰਥਿਕਤਾ ਛੋਟੀ ਹੋਣ ਦੇ ਬਾਵਜੂਦ ਅਡਾਨੀ ਵੱਲੋਂ ਅੱਖ ਫੇਰ ਲਈ ਤਾਂ ਭਾਰਤ ਸਰਕਾਰ ਨੂੰ ਸੋਚਣਾ ਚਾਹੀਦਾ ਸੀ ਕਿ ਇਹ ਬੰਦਾ ਇਹੋ ਜਿਹੇ ਕਾਰੋਬਾਰਾਂ ਤੇ ਭਕਨੀਆਂ ਦੇਣ ਵਾਲੇ ਪ੍ਰਸਿਧ ਦੇਸ਼ਾਂ ਵਿਚ ਵੀ ਕਲੰਕੀ ਗਿਣਿਆ ਜਾ ਰਿਹਾ ਹੈ, ਇਸ ਲਈ ਇਸ ਵੱਲ ਲਿਹਾਜ਼ਦਾਰੀ ਛੱਡ ਦੇਣੀ ਚਾਹੀਦੀ ਹੈ। ਏਦਾਂ ਕਰਨ ਦੀ ਥਾਂ ਭਾਰਤ ਦੇ ਲੋਕਾਂ ਨੂੰ ਸਰਕਾਰੀ ਅਦਾਰਿਆਂ ਤੋਂ ਇਹ ਸਫਾਈਆਂ ਮਿਲਣ ਲੱਗ ਪਈਆਂ ਕਿ ਇਸ ਨਾਲ ਲੈਣ-ਦੇਣ ਵਿਚ ਗਲਤ ਕੁਝ ਨਹੀਂ ਹੋਇਆ ਅਤੇ ਇਹ ਸਿਰਫ ਚਾਰ ਦਿਨਾਂ ਦਾ ਰੌਲਾ ਹੈ ਜਾਂ ਫਿਰ ਇਹ ਕਿ ਅਡਾਨੀ ਦੀ ਔਕੜ ਉਸ ਦੀ ਨਿੱਜੀ ਹੈ, ਭਾਰਤ ਸਰਕਾਰ ਦਾ ਉਸ ਨਾਲ ਕੋਈ ਵਾਹ-ਵਾਸਤਾ ਨਹੀਂ। ਜਿਹੜੀ ਸਰਕਾਰ ਉਸ ਨੂੰ ਹਵਾਈ ਅੱਡਿਆਂ ਸਮੇਤ ਭਾਰਤ ਦੇ ਸਾਰੇ ਵੱਡੇ ਪ੍ਰਾਜੈਕਟ ਸੌਂਪਣ ਲੱਗੀ ਹੋਈ ਸੀ ਤੇ ਦੂਸਰੇ ਦੇਸ਼ਾਂ ਦੇ ਪ੍ਰਾਜੈਕਟ ਵੀ ਖੁਦ ਸਰਪ੍ਰਸਤੀ ਕਰ ਕੇ ਦਿਵਾਉਂਦੀ ਸੀ, ਉਸ ਦਾ ਅਡਾਨੀ ਨਾਲ ਸੰਬੰਧ ਕਿੱਦਾਂ ਨਹੀਂ ਰਹਿ ਗਿਆ, ਇਹ ਗੱਲ ਸਮਝਣੀ ਆਮ ਲੋਕਾਂ ਲਈ ਔਖੀ ਸੀ।

ਖੁਦ ਗੌਤਮ ਅਡਾਨੀ ਨੇ ਆਪਣੇ ਸਿਰ ਪਈ ਬਿਪਤਾ ਦਾ ਸਾਹਮਣਾ ਕਰਨ ਦੀ ਥਾਂ ਦੇਸ਼-ਭਗਤੀ ਦੀ ਛਤਰੀ ਤਾਨਣ ਦਾ ਦਾਅ ਖੇਡਣ ਦਾ ਯਤਨ ਕੀਤਾ। ਉਸ ਨੇ ਕਿਹਾ ਕਿ ਹਿੰਡਨਬਰਗ ਰਿਸਰਚ ਅਤੇ ਸੰਸਾਰ ਪੱਧਰ ਦੇ ਹੋਰ ਅਦਾਰਿਆਂ ਦਾ ਉਸ ਦੇ ਖ਼ਿਲਾਫ ਬੋਲਿਆ ਹਰ ਸ਼ਬਦ ਅਸਲ ਵਿਚ ਭਾਰਤ ਉੱਤੇ ਹਮਲਾ ਹੈ। ਇਕ ਬੰਦਾ ਭਾਰਤ ਦੇਸ਼ ਦਾ ਪ੍ਰਤੀਕ ਬਣਨ ਦਾ ਦੰਭ ਕਰ ਕੇ ਬਚਣਾ ਚਾਹੁੰਦਾ ਸੀ ਤਾਂ ਸਰਕਾਰ ਚਲਾ ਰਹੀ ਪਾਰਟੀ ਦੇ ਪਿੱਛੇ ਖੜ੍ਹੀਆਂ ਖਾਸ ਕਿਸਮ ਦੀਆਂ ਸੰਸਥਾਵਾਂ ਉਸ ਦੇ ਪੱਖ ਵਿਚ ਬੋਲਣ ਲੱਗ ਪਈਆਂ। ਦੂਸਰੇ ਪਾਸੇ ਦੇਸ਼ ਦੀ ਵਿਰੋਧੀ ਧਿਰ ਅਤੇ ਮੀਡੀਆ ਦਾ ਹਕੀਕਤਾਂ ਪਛਾਣਨ ਵਾਲਾ ਹਿੱਸਾ ਵੀ ਇਹ ਪੁੱਛਣ ਲੱਗ ਪਿਆ ਕਿ ਜਿਨ੍ਹਾਂ ਨੇ ਭਾਰਤ ਉੱਤੇ ਹਮਲਾ ਕਰਨਾ ਸੀ, ਉਨ੍ਹਾਂ ਨੇ ਟਾਟਾ ਜਾਂ ਬਿਰਲਾ ਜਾਂ ਕਿਸੇ ਹੋਰ ਭਾਰਤੀ ਕਾਰਪੋਰੇਸ਼ਨ ਦੇ ਮਾਮਲਿਆਂ ਵਿਚ ਏਦਾਂ ਰਿਪੋਰਟ ਕਦੇ ਪੇਸ਼ ਕਿਉਂ ਨਹੀਂ ਕੀਤੀ? ਪਹਿਲਾਂ ਇੱਕ ਵਾਰ ਇਹੋ ਜਿਹੀ ਰਿਪੋਰਟ ਆਈ ਸੀ ਜੋ ਵਿਜੈ ਮਾਲਿਆ ਅਤੇ ਉਸ ਦੀ ਕਿੰਗਫਿਸ਼ਰ ਕਾਰਪੋਰੇਸ਼ਨ ਬਾਰੇ ਸੀ, ਜਿਸ ਨਾਲ ਜਦੋਂ ਦਸ ਸਾਲ ਪਹਿਲਾਂ ਵਿਜੈ ਮਾਲਿਆ ਦਾ ਜਲੂਸ ਨਿਕਲਣ ਲੱਗਾ ਸੀ ਤਾਂ ਉਸ ਨੇ ਵੀ ਰਿਪੋਰਟਾਂ ਦਾ ਖੰਡਨ ਕੀਤਾ ਸੀ ਤੇ ਬਾਅਦ ਵਿਚ ਉਹ ਰਿਪੋਰਟਾਂ ਸਹੀ ਸਾਬਤ ਹੋਈਆਂ ਸਨ। ਓਦੋਂ ਦੇ ਭਾਰਤ ਤੋਂ ਭੱਜੇ ਵਿਜੈ ਮਾਲਿਆ ਨੂੰ ਭਾਰਤ ਸਰਕਾਰ ਅੱਜ ਤੱਕ ਵਾਪਸ ਭਾਰਤ ਨਹੀਂ ਲਿਆ ਸਕੀ। ਕੁਝ ਲੋਕ ਕਹਿੰਦੇ ਹਨ ਕਿ ਅਗਲੀ ਵਾਰੀ ਅਡਾਨੀ ਦੇ ਭੱਜਣ ਦੀ ਹੋ ਸਕਦੀ ਹੈ, ਇਸ ਲਈ ਭਾਰਤ ਸਰਕਾਰ ਨੂੰ ਉਸ ਦਾ ਪਾਸਪੋਰਟ ਜ਼ਬਤ ਕਰ ਲੈਣਾ ਚਾਹੀਦਾ ਹੈ, ਪਰ ਸਰਕਾਰ ਇਸ ਲਈ ਤਿਆਰ ਨਹੀਂ ਹੋ ਸਕੀ। ਮਾਲਿਆ ਵਰਗਾ ਇਕ ਹੋਰ ਤਿਕੜਮਬਾਜ਼ ਨੀਰਵ ਮੋਦੀ ਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਵਿਦੇਸ਼ਾਂ ਦੇ ਹਰ ਦੌਰੇ ਦੌਰਾਨ ਵੇਖਿਆ ਜਾਂਦਾ ਸੀ, ਬਾਅਦ ਵਿਚ ਵੱਡੀਆਂ ਠੱਗੀਆਂ ਮਾਰ ਕੇ ਭਾਰਤ ਤੋਂ ਭੱਜ ਕੇ ਇੰਗਲੈਂਡ ਵਿਚ ਜਾ ਬੈਠਾ ਸੀ ਤੇ ਅੱਜ ਤੱਕ ਵਾਪਸ ਨਹੀਂ ਲਿਆਂਦਾ ਜਾ ਸਕਿਆ। ਲਲਿਤ ਮੋਦੀ ਅਤੇ ਮੇਹੁਲ ਚੋਕਸੀ ਬਾਰੇ ਵੀ ਕਿਸੇ ਨੂੰ ਭੁੱਲਿਆ ਹੋਇਆ ਨਹੀਂ ਕਿ ਉਹ ਕਿਸ ਤਰ੍ਹਾਂ ਇਸ ਦੇਸ਼ ਤੋਂ ਦੌਲਤ ਨੂੰ ਹੂੰਝਾ ਮਾਰ ਕੇ ਖਿਸਕ ਗਏ ਸਨ।

ਨਰਿੰਦਰ ਮੋਦੀ ਸਰਕਾਰ ਭਾਰਤ ਦੀ ਆਜ਼ਾਦੀ ਦੇ ਪੰਝੱਤਰ ਸਾਲ ਹੋਣ ਪਿੱਛੋਂ ਸ਼ੁਰੂ ਹੋਏ ਛੇਹੱਤਰਵੇਂ ਸਾਲ ਨੂੰ ਦੇਸ਼ ਦਾ 'ਅੰਮ੍ਰਿਤ ਮਹਾਉਤਸਵ' ਕਹਿੰਦੀ ਹੈ ਤੇ ਨੌਜਵਾਨ ਪੀੜ੍ਹੀ ਨੂੰ ਪ੍ਰਧਾਨ ਮੰਤਰੀ ਨੇ ਖੁਦ 'ਅੰਮ੍ਰਿਤ ਪੀੜ੍ਹੀ' ਵਜੋਂ ਵਡਿਆ ਕੇ ਖੁਸ਼ ਕੀਤਾ ਹੈ। ਜਿਨ੍ਹਾਂ ਲੋਕਾਂ ਨੂੰ ਦੇਸ਼ ਦੀ 'ਅੰਮ੍ਰਿਤ ਪੀੜ੍ਹੀ' ਕਿਹਾ ਜਾ ਰਿਹਾ ਹੈ, ਉਹ ਉੱਭਰਦੀ ਉਮਰ ਦੇ ਬੱਚੇ ਅਡਾਨੀ ਵਰਗਿਆਂ ਦੇ ਦਾਅ ਨੰਗੇ ਹੋਣ ਪਿੱਛੋਂ ਆਪਣੇ ਭਵਿੱਖ ਦੀ ਉਡਾਣ ਲਈ ਸਬਕ ਕਿੱਦਾਂ ਦਾ ਸਿੱਖਣਗੇ? ਉਹ ਸ਼ਾਇਦ ਇਹ ਵੀ ਸਿੱਖ ਲੈਣਗੇ ਕਿ ਦਾਅ ਲਾਉਣ ਦੀ ਹਿੰਮਤ ਕਰੋ, ਭਾਰਤ ਦੀ ਆਰਥਿਕਤਾ ਜਿਸ ਪ੍ਰਬੰਧ ਹੇਠ ਚਲਾਈ ਜਾਂਦੀ ਹੈ, ਉਸ ਵਿਚ ਏਨੇ ਚੋਰ-ਮਘੋਰੇ ਹਨ ਕਿ ਕਾਨੂੰਨ ਤੁਹਾਡਾ ਕੱਖ ਵਿਗਾੜ ਨਹੀਂ ਸਕਦਾ। ਨਾਲ ਉਹ 'ਅੰਮ੍ਰਿਤ ਪੀੜ੍ਹੀ' ਇਹ ਵੀ ਸਿੱਖ ਸਕਦੀ ਹੈ ਕਿ ਜੇ ਕਦੀ ਤੁਹਾਡੇ ਵਿਚੋਂ ਕਿਸੇ ਦੀ ਕੀਤੀ ਹੋਈ ਕੋਈ ਚੋਰੀ ਫੜੀ ਜਾਵੇ ਤਾਂ ਬਹੁਤ ਸੌਖਾ ਫਾਰਮੂਲਾ ਇਹ ਹੈ ਕਿ ਤੁਸੀਂ ਆਪਣੀ ਬੇਇੱਜ਼ਤੀ ਨੂੰ 'ਭਾਰਤ ਮਾਤਾ' ਦੀ ਬੇਇੱਜ਼ਤੀ ਦਾ ਫੱਟਾ ਟੰਗ ਕੇ ਆਪਣਾ ਬਚਾਅ ਕਰ ਸਕਦੇ ਹੋ ਅਤੇ ਦੇਸ਼ ਦੀ ਆਰਥਿਕਤਾ ਉੱਤੇ ਤੁਹਾਡਾ ਕਲੰਕ ਦੇਸ਼-ਭਗਤੀ ਦਾ ਤਮਗਾ ਸਮਝਿਆ ਜਾਵੇਗਾ। ਭਾਰਤ ਦੇ ਲੋਕਤੰਤਰ ਨੇ ਇਹ ਵੀ ਦਿਨ ਵੇਖਣੇ ਸਨ, ਫਾਂਸੀਆਂ ਦੇ ਰੱਸੇ ਚੁੰਮਣ ਵਾਲੇ ਦੇਸ਼-ਭਗਤਾਂ ਨੇ ਇਹ ਕਦੀ ਸੋਚਿਆ ਵੀ ਨਹੀਂ ਹੋਵੇਗਾ।

# 'ਜੁੱਤੀ ਝਾੜ ਕੇ ਚੜ੍ਹੀਂ ਮੁਟਿਆਰੇ...'

ਅਸੀਂ ਸਫ਼ਰ ਕਰਦੇ ਸਮੇਂ ਸੜਕਾਂ 'ਤੇ ਚੱਲਣ ਵਾਲੇ ਬੱਸਾਂ, ਟਰੱਕਾਂ, ਟੈਂਪੂਆਂ ਅਤੇ ਟਰੈਕਟਰ-ਟਰਾਲੀਆਂ ਆਦਿ ਪਿੱਛੇ ਲਿਖੀ ਸ਼ਾਇਰੀ ਅਕਸਰ ਦੇਖਦੇ ਹਾਂ। ਇਹ ਸ਼ਾਇਰੀ ਸਾਨੂੰ ਬਹੁਤ ਕੁਝ ਸਿਖਾਉਂਦੀ ਹੈ, ਪ੍ਰੇਰਿਤ ਕਰਦੀ ਹੈ ਅਤੇ ਸਮਾਜ ਅੰਦਰ ਜਾਗਰੂਕਤਾ ਪੈਦਾ ਕਰਦੀ ਹੈ। ਟਰੱਕ ਡਰਾਈਵਰਾਂ ਨੂੰ ਜਿੱਥੇ ਆਪਣੀ ਗੱਡੀ ਸਜਾਉਣ ਦਾ ਚਾਅ ਹੁੰਦਾ ਹੈ, ਉਥੇ ਹੀ ਜ਼ਿਆਦਾਤਰ ਡਰਾਈਵਰ

ਅਬਦੁਲ ਗ਼ੱਫ਼ਾਰ

ਸ਼ਾਇਰੀ ਲਿਖਵਾਉਣ ਦੇ ਸ਼ੌਕੀਨ ਹੁੰਦੇ ਹਨ। ਫਿਰ ਭਾਵੇਂ ਇਸ ਸ਼ਾਇਰੀ ਦਾ ਰੂਪ ਕੋਈ ਵੀ ਹੋਵੇ।

ਅਜੇ ਕੁਝ ਦਿਨ ਪਹਿਲਾਂ ਹੀ ਹਿਮਾਚਲ ਪ੍ਰਦੇਸ਼ ਦੇ ਪਹਾੜੀ ਰਸਤਿਆਂ 'ਚੋਂ ਗੁਜ਼ਰਨ ਦਾ ਸਬੱਬ ਬਣਿਆ। ਇੱਥੇ ਉੱਚੇ-ਨੀਵੇਂ ਪਹਾੜਾਂ ਉਪਰ ਉਚਾਈ-ਚੜ੍ਹਾਈ ਅਤੇ ਵਿੰਗ-ਵਲੇਵੇਂ ਖਾਂਦੀਆਂ ਤੰਗ ਸੜਕਾਂ ਚੰਗੇ-ਚੰਗਿਆਂ ਦਾ ਦਿਲ ਦਹਿਲਾਉਣ ਲਈ ਕਾਫ਼ੀ ਹਨ। ਪਰ ਅਜਿਹੇ 'ਚ ਦਿਲਾਸਾ ਦੇਣ ਲਈ ਡਰਾਈਵਰ ਵੀਰ ਵੀ ਕਿਸੇ ਤੋਂ ਘੱਟ ਨਹੀਂ। ਇਕ ਡਰਾਈਵਰ ਨੇ ਗੱਡੀ ਦੇ ਪਿੱਛੇ ਲਿਖਵਾਇਆ ਹੋਇਆ ਸੀ,'ਮੰਜ਼ਿਲ ਮੌਤ ਹੈ ਸਫ਼ਰ ਕਾ ਮਜ਼ਾ ਲੀਜੀਏ'।

ਇਸੇ ਤਰ੍ਹਾਂ ਸਾਡੇ ਪੰਜਾਬੀ ਡਰਾਈਵਰ ਵੀ ਬਾਹਲਾ ਕੱਬਾ ਸੁਭਾਅ ਚੱਕੀ ਫ਼ਿਰਦੇ ਹਨ। ਘਰੇਲੂ ਰਿਸ਼ਤਿਆਂ ਤੋਂ ਔਕੇ ਇਕ ਡਰਾਈਵਰ ਨੇ ਆਪਣੇ ਟਰੱਕ ਦੇ ਪਿੱਛੇ ਲਿਖਿਆ ਹੋਇਆ ਸੀ, 'ਮੱਛਰ ਤੇ ਜਨਾਨੀ ਜੰਮੇ ਹੀ ਲੜਨ ਵਾਸਤੇ ਨੇ'।

ਡਰਾਈਵਰਾਂ ਵੱਲੋਂ ਆਪਣੀਆਂ ਗੱਡੀਆਂ ਉੱਪਰ ਲਗਾਏ ਗਏ ਤਰ੍ਹਾਂ-ਤਰ੍ਹਾਂ ਦੇ ਸਟਿੱਕਰ, ਲੋਕ ਨਾਇਕਾਂ ਦੀਆਂ ਤਸਵੀਰਾਂ ਅਤੇ ਸ਼ਾਨਦਾਰ ਪੇਂਟਿੰਗਜ਼ ਲੋਕ ਖਿੱਚ ਦਾ ਕਾਰਨ ਬਣਦੇ ਹਨ। ਡਰਾਈਵਰ ਆਪਣੀ ਗੱਡੀ ਨੂੰ ਰੀਝਾਂ ਲਾ-ਲਾ ਸ਼ਿੰਗਾਰਦੇ ਹਨ। ਇਸੇ ਕਰਕੇ ਕਈ ਡਰਾਈਵਰ ਲਿਖਵਾਉਂਦੇ ਹਨ, 'ਜੁੱਤੀ ਝਾੜ ਕੇ ਚੜ੍ਹੀਂ ਮੁਟਿਆਰੇ, ਗੱਡੀ ਐ ਸ਼ੌਕੀਨ ਜੱਟ ਦੀ'।

ਸਰਕਾਰੀ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਅਤੇ ਲੋਕਾਂ ਨੂੰ ਜਾਗਰੂਕ ਕਰਨ 'ਚ ਇਨ੍ਹਾਂ ਟਰੱਕ ਡਰਾਈਵਰਾਂ ਦਾ ਵੱਡਾ ਯੋਗਦਾਨ ਰਿਹਾ ਹੈ। ਟਰੱਕਾਂ ਪਿੱਛੇ ਲਿਖਿਆ ਅਕਸਰ ਦਿਸਣ ਵਾਲਾ ਵਾਕ 'ਬੱਚੇ ਦੋ ਹੀ ਕਾਫ਼ੀ, ਹੋਰ ਤੋਂ ਮਾਫ਼ੀ' ਛੋਟੇ ਅਤੇ ਸੁਖੀ ਪਰਿਵਾਰ ਦੀ ਹਾਮੀ ਭਰਦਾ ਹੈ। ਇਸੇ ਤਰ੍ਹਾਂ ਇਕ ਨੇ ਲਿਖਵਾਇਆ ਸੀ,'ਧੀਆਂ ਦਾ ਸਤਿਕਾਰ ਕਰੋ, ਪੁੱਤਾਂ ਵਾਂਗੂੰ ਪਿਆਰ ਕਰੋ'। ਕਰੋਨਾ ਕਾਲ 'ਚ ਜਾਗਰੂਕਤਾ ਫ਼ੈਲਾਉਣ ਦੇ ਮਾਮਲੇ 'ਚ ਵੀ ਡਰਾਈਵਰ ਵੀਰਾਂ ਦਾ ਯੋਗਦਾਨ ਹੌਸਲਾਅਫ਼ਜ਼ਾਈ ਦੇਣ ਵਾਲਾ ਸੀ। ਇਕ ਡਰਾਈਵਰ ਨੇ ਆਪਣੇ ਟਰੱਕ ਪਿੱਛੇ ਲਿਖਿਆ ਸੀ, 'ਛੱਡੋ ਅਫ਼ਵਾਹਾਂ, ਲਗਵਾਓ ਵੈਕਸੀਨ। ਭੱਜੇਗਾ ਕਰੋਨਾ, ਜ਼ਿੰਦਗੀ ਹੋਵੇਗੀ ਹਸੀਨ'।

ਡਰਾਈਵਰ ਭਾਈਚਾਰੇ ਨੂੰ ਅਕਸਰ ਫ਼ਿਲਮਾਂ 'ਚ ਸ਼ਰਾਬੀ-ਕਬਾਬੀ ਦਿਖਾਇਆ ਜਾਂਦਾ ਹੈ ਪਰ ਇਹੋ ਸੱਚ ਨਹੀਂ ਕਿਉਂਕਿ ਬਹੁ-ਗਿਣਤੀ ਟਰੱਕ ਵੀਰ ਅਜਿਹੇ ਵੀ ਹਨ ਜਿਹੜੇ ਨਸ਼ੇ ਤੋਂ ਕੋਹਾਂ ਦੂਰ ਹਨ ਅਤੇ ਦੂਜਿਆਂ ਨੂੰ ਸੇਧ ਦਿੰਦੇ ਹੋਏ ਆਪਣੀ ਗੱਡੀ 'ਤੇ ਕੁੱਝ ਇੰਝ ਲਿਖਵਾਉਂਦੇ ਹਨ, 'ਮੈਂ ਬਹੁਤ ਖ਼ੂਬਸੂਰਤ ਹਾਂ ਮੈਨੂੰ ਨਜ਼ਰ ਨਾ ਲਗਾਉਣਾ, ਜ਼ਿੰਦਗੀ ਭਰ ਸਾਥ ਦਿਆਂਗੀ ਕਦੇ ਪੀ ਕੇ ਨਾ ਚਲਾਉਣਾ'। ਕਈ ਲਿਖਦੇ ਹਨ, 'ਸਾਵਧਾਨੀ ਹਟੀ, ਦੁਰਘਟਨਾ ਘਟੀ'। ਰਾਤ-ਦਿਨ ਇਕ ਕਰ ਕੇ ਲੱਕ-ਤੋੜਵੀਆਂ ਕਮਾਈਆਂ ਕਰਦੇ ਹੋਏ ਕੁਝ ਟਰੱਕ ਡਰਾਈਵਰ ਆਪਣੇ ਅਤੇ ਲੋਕਾਂ ਦੇ ਮਨ ਨੂੰ ਧਰਵਾਸ ਦਿੰਦੇ ਹੋਏ ਲਿਖਵਾਉਂਦੇ ਹਨ,'ਵਕਤ ਤੋਂ ਪਹਿਲਾਂ ਅਤੇ ਨਸੀਬ ਤੋਂ ਜ਼ਿਆਦਾ ਕੁਝ ਨਹੀਂ ਮਿਲਦਾ'।

ਆਪਣੇ ਦਿਲ ਅਤੇ ਹਾਲਾਤ ਹੱਥੋਂ ਮਜਬੂਰ ਹਰ ਸਮੇਂ ਡਰਾਈਵਰੀ ਦੇ ਕੰਮ 'ਚ ਰੁੱਝੇ ਰਹਿਣ ਵਾਲੇ ਇਕ ਟਰੱਕ ਡਰਾਈਵਰ ਨੇ ਆਪਣੇ ਦਿਲ ਦੇ ਜਜ਼ਬਾਤਾਂ ਨੂੰ ਟਰੱਕ ਦੇ ਪਿੱਛੇ ਕੁੱਝ ਇੰਝ ਉਕੇਰਿਆ, 'ਨਾ ਕਰ ਮੁਹੱਬਤ ਡਰਾਈਵਰ ਨਾਲ, ਉਸਦਾ ਟਿਕਾਣਾ ਦੂਰ ਹੁੰਦਾ ਹੈ। ਉਹ ਬੇਵਫ਼ਾ ਨਹੀਂ ਹੁੰਦਾ, ਉਸਨੇ ਜਾਣਾ ਜ਼ਰੂਰ ਹੁੰਦਾ ਹੈ'। ਇਕ ਹੋਰ ਨੇ ਲਿਖਿਆ ਸੀ, 'ਚਿੱਕੜ 'ਚ ਪੈਰ ਰੱਖੇਂਗੀ ਤਾਂ ਧੋਣਾ ਪਵੇਗਾ, ਡਰਾਈਵਰ ਨਾਲ ਵਿਆਹ ਕਰੇਂਗੀ ਤਾਂ ਰੋਣਾ ਪਵੇਗਾ'।

ਨਵੀਂ ਲਈ ਗਈ ਗੱਡੀ 'ਤੇ 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ' ਲਿਖਵਾਉਣ ਦਾ ਵੀ ਕਾਫ਼ੀ ਰੁਝਾਨ ਰਿਹਾ ਹੈ। ਕਈ ਇਹ ਵੀ ਲਿਖਵਾਉਂਦੇ ਹਨ, 'ਜਲ ਨਾ ਰੀਸ ਕਰ'। ਕਈ ਇਸ ਤੋਂ ਵੀ ਦੋ ਕਦਮ ਅੱਗੇ ਚਲਦੇ ਹਨ ਅਤੇ ਲਿਖਵਾਉਂਦੇ ਹਨ, 'ਬੁਰੀ ਨਜ਼ਰ ਵਾਲੇ ਤੇਰੇ ਬੱਚੇ ਜੀਣ, ਬੜੇ ਹੋ ਕੇ ਤੇਰਾ ਖ਼ੂਨ ਪੀਣ'।

ਬੱਸਾਂ ਅਤੇ ਆਟੋਆਂ ਪਿੱਛੇ ਅਕਸਰ ਹੀ ਲਿਖਿਆ ਦੇਖਣ ਨੂੰ ਮਿਲਦਾ ਹੈ, 'ਸਾਡੀ ਸਵਾਰੀ, ਜਾਨ ਤੋਂ ਪਿਆਰੀ'। ਇਸੇ ਤਰ੍ਹਾਂ ਸਕੂਲੀ ਬੱਸਾਂ-ਵੈਨਾਂ ਵਾਲੇ ਵੀਰ ਵੀ ਕਿਸੇ ਤੋਂ ਘੱਟ ਨਹੀਂ। ਟ੍ਰੈਫ਼ਿਕ ਅਤੇ ਦੂਜੇ ਵਾਹਨਾਂ ਦੇ ਹਾਰਨਾਂ ਵਾਲੇ ਭੋਂਜਟਾਂ ਤੋਂ ਤੰਗ ਆ ਕੇ ਕਿਸੇ ਵੀਰ ਨੇ, 'ਮੈਨੂੰ ਨਾ ਛੇੜ ਮੈਂ ਤਾਂ ਬੱਚਿਆਂ ਵਾਲੀ ਹਾਂ' ਕੀ ਲਿਖਵਾਇਆ, ਤਾਂ ਇਹ ਵੀ ਲੋਕ ਮਨਾਂ ਅੰਦਰ ਘਰ ਕਰ ਗਿਆ। ਇਸੇ ਤਰ੍ਹਾਂ ਅਕਸਰ ਹੀ ਸਮਾਨ ਢੋਣ ਵਾਲੇ ਛੋਟੇ ਟੈਂਪੂਆਂ ਦੇ ਪਿੱਛੇ ਲਿਖਿਆ ਹੁੰਦਾ ਹੈ, 'ਵੱਡਾ ਹੋ ਕੇ ਟਰੱਕ ਬਣਾਂਗਾ'। ਕਈ ਤਾਂ ਹੱਦ ਕਰਦੇ ਹੋਏ ਤੇਲ ਵਾਲੀ ਟੈਂਕੀ 'ਤੇ ਲਿਖਵਾਉਂਦੇ ਹਨ, 'ਖਾਂਦੀ ਪੀਂਦੀ ਸੰਗ ਨਾ ਕਰੀਂ, ਤੁਰੀ ਜਾਂਦੀ ਤੰਗ ਨਾ ਕਰੀਂ'।

ਕਈ ਵਾਰ ਘਰੇਲੂ ਸੰਬੰਧਾਂ 'ਤੇ ਨਿਹੋਰੇ ਮਾਰਦਾ, 'ਦੁੱਧਾਂ ਨਾਲ ਪੁੱਤ ਪਾਲ ਕੇ ਪਿੱਛੋਂ ਪਾਣੀ ਨੂੰ ਤਰਸਦੀਆਂ ਮਾਂਵਾਂ' ਵਾਕ ਵੀ ਲੋਕਾਂ ਨੂੰ ਝੰਜੋੜਦਾ ਹੋਇਆ ਆਪਣੇ ਮਾਪਿਆਂ ਦੀ ਸਾਂਭ-ਸੰਭਾਲ ਰੱਖਣ ਅਤੇ ਉਨ੍ਹਾਂ ਦਾ ਮਾਣ-ਸਤਿਕਾਰ ਕਰਨ ਲਈ ਪ੍ਰੇਰਿਤ ਕਰ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਗੀਤ ਦੀਆਂ ਤੁਕਾਂ 'ਕਿਤੇ ਕੱਲੀ ਬਹਿ ਕੇ ਸੋਚੀਂ ਅਸੀਂ ਕੀ ਨੀਂ ਕੀਤਾ ਤੇਰੇ ਲਈ' ਅਤੇ ਇਸ ਨਾਲ ਲੱਗੀ ਲੜਕੀ ਦੀ ਪੇਂਟਿੰਗ ਵਾਲੀ ਤਸਵੀਰ ਨੇ ਬਹੁਤਿਆਂ ਦਾ ਮਨ ਟੁੰਬਿਆ ਹੋਵੇਗਾ। ਕਈਆਂ ਨੂੰ ਇਹ ਦੇਖ ਕੇ ਇੰਝ ਵੀ ਮਹਿਸੂਸ ਹੋਇਆ ਕਿ ਜੇ ਮਰਦ ਪਰਿਵਾਰਕ ਰਿਸ਼ਤਿਆਂ ਲਈ ਕੁਰਬਾਨੀ ਦਿੰਦਾ ਹੈ ਤਾਂ ਔਰਤ ਵੀ ਉਸ ਤੋਂ ਕਿਸੇ ਪੱਖੋਂ ਘੱਟ ਨਹੀਂ। ਸੋ, ਉਨ੍ਹਾਂ ਨੇ ਲਿਖਵਾਇਆ ਸੀ, 'ਵੇ ਮੈਂ ਕੱਲੀ ਬਹਿ ਕੇ ਤਾਂ ਸੋਚਾਂ ਜੇ ਮੈਂ ਨਾ ਮਰਦੀ ਤੇਰੇ ਲਈ'।

ਇਸੇ ਤਰ੍ਹਾਂ, 'ਰੱਬ ਨਾ ਕਿਸੇ ਦਾ ਵੈਰੀ, ਵੈਰੀ ਤੇਰੇ ਐਬ ਬੰਦਿਆਂ', 'ਹਟ ਪਿੱਛੇ ਮਿੱਤਰਾਂ ਦੀ ਮੁੱਛ ਦਾ ਸਵਾਲ ਹੈ', 'ਮਿੱਤਰਾਂ ਨੂੰ ਸ਼ੌਕ ਹਥਿਆਰਾਂ ਦਾ', 'ਚੱਲ ਬਿੱਲੋ ਤੇਰਾ ਰੱਬ ਰਾਖਾ', 'ਜੱਗ ਜਿਉਂਦਿਆਂ ਦੇ ਮੇਲੇ', 'ਜੀ.ਟੀ. ਰੋਡ 'ਤੇ ਦੁਹਾਈਆਂ ਪਾਵੇ, ਨੀ ਯਾਰਾਂ ਦਾ ਟਰੱਕ ਬੱਲੀਏ', 'ਪੁੱਤ ਜੱਟਾਂ ਦੇ ਡਰਾਈਵਰ ਟਰੱਕਾਂ ਦੇ', 'ਸੌਖੀ ਨੀ ਡਰਾਈਵਰੀ ਬਿੱਲੋ ਪੈਂਦੇ ਸੱਪ ਦੀ ਸਿਰੀ ਤੋਂ ਨੋਟ ਚੁੱਕਣੇ', 'ਦਿੰਦਾ ਹੈ ਰੱਬ ਸੜਦੇ ਨੇ ਸਭ ਪਤਾ ਨਹੀਂ ਕਿਉਂ', 'ਜਿਨ੍ਹਾਂ ਕਰਕੇ ਦੁਨੀਆ ਦੇਖੀ, ਉਹ ਰਹਿਣ ਸਲਾਮਤ ਮਾਂਵਾਂ', 'ਬੇਟੀ ਬਚਾਓ, ਬੇਟੀ ਪੜ੍ਹਾਓ' ਅਤੇ 'ਭਰ ਕੇ ਚੱਲੀ, ਅਨਾਰ ਕਲੀ' ਆਦਿ ਸ਼ਾਇਰਾਨਾ ਘਾੜਤਾਂ ਜਿੱਥੇ ਪੜ੍ਹਨ ਵਾਲਿਆਂ ਦਾ ਧਿਆਨ ਆਪਣੇ ਵੱਲ ਆਕਰਸ਼ਿਤ ਕਰਦੀਆਂ ਹਨ, ਉੱਥੇ ਹੀ ਉਨ੍ਹਾਂ ਦਾ ਮਨੋਰੰਜਨ ਕਰਦਿਆਂ ਜਾਣਕਾਰੀ ਭਰਪੂਰ ਅਤੇ ਪ੍ਰੇਰਨਾਦਾਇਕ ਹੋ ਨਿੱਬੜਦੀਆਂ ਹਨ।

# ਲਤੀਫਪੁਰਾ ਉਜਾੜਾ ਕਾਂਡ ਬਾਰੇ ਤੱਥ ਖੋਜ ਰਿਪੋਰਟ

9 ਅਤੇ 10 ਦਸੰਬਰ ਨੂੰ ਮੀਡੀਆ 'ਚ ਖ਼ਬਰਾਂ ਨਸ਼ਰ ਹੋਈਆਂ ਕਿ ਜ਼ਿਲ੍ਹਾ ਜਲੰਧਰ ਦੇ ਪ੍ਰਸ਼ਾਸਨ ਨੇ ਸੈਂਕੜਿਆਂ ਦੀ ਗਿਣਤੀ 'ਚ ਪੁਲਿਸ ਫੋਰਸ ਲਗਾ ਕੇ ਸ਼ਹਿਰ ਦੇ ਲਤੀਫ਼ਪੁਰਾ ਮੁਹੱਲੇ ਦੇ ਬਹੁਤ ਸਾਰੇ ਘਰ ਢਾਹ ਕੇ ਮਲਬੇ ਦੇ ਢੇਰ ਬਣਾ ਦਿੱਤੇ ਹਨ ਅਤੇ ਦਹਾਕਿਆਂ ਤੋਂ ਉੱਥੇ ਰਹਿੰਦੇ ਪਰਿਵਾਰਾਂ ਨੂੰ ਘਰੋਂ ਬੇਘਰ ਕਰ ਦਿੱਤਾ ਹੈ। ਕਹਿਰ ਦੀ ਸਰਦੀ 'ਚ ਲੋਕਾਂ ਦੇ ਸਿਰਾਂ ਤੋਂ ਛੱਤ ਖੋਹਣ ਅਤੇ ਉੱਥੇ ਰਹਿੰਦੇ ਪਰਿਵਾਰਾਂ ਦਾ ਬਹੁਤ ਹੀ ਕੀਮਤੀ ਸਮਾਨ ਮਲਬੇ ਹੇਠ ਦੱਬ ਕੇ ਨਸ਼ਟ ਕਰ ਦੇਣ ਦੀਆਂ ਮੀਡੀਆ ਰਿਪੋਰਟਾਂ ਦਿਲ ਦਹਿਲਾ ਦੇਣ ਵਾਲੀਆਂ ਸਨ। ਜ਼ਿਲ੍ਹਾ ਪ੍ਰਸ਼ਾਸਨ ਨੇ ਇਹ ਸਭ ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ (10 ਦਸੰਬਰ) ਮੌਕੇ ਕੀਤਾ।

ਪੁਲਿਸ ਅਧਿਕਾਰੀਆਂ ਵੱਲੋਂ ਵਸਨੀਕਾਂ ਦੇ ਵਿਰੋਧ ਨੂੰ ਕਰੂਰਤਾ ਨਾਲ ਦਬਾਉਣ ਲਈ ਜਿਵੇਂ ਧੱਕੇਸ਼ਾਹੀ ਅਤੇ ਬਦਸਲੂਕੀ ਕੀਤੀ ਗਈ, ਉਹ ਅੰਗਰੇਜ਼ਾਂ ਦੇ ਰਾਜ ਨੂੰ ਵੀ ਮਾਤ ਪਾਉਂਦੀ ਹੈ। ਉਜਾੜੇ ਨੂੰ ਜਾਇਜ਼ ਠਹਿਰਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਇੰਪਰੂਵਮੈਂਟ ਟਰੱਸਟ ਨੇ ਜੋ ਕਹਾਣੀ ਪੇਸ਼ ਕੀਤੀ, ਉਹ ਸਵਾਲਾਂ ਦੇ ਜਵਾਬ ਦੇਣ ਦੀ ਬਜਾਇ ਹੋਰ ਸਵਾਲ ਖੜ੍ਹੇ ਕਰਦੀ ਹੈ। ਜਮਹੂਰੀ ਅਧਿਕਾਰ ਸਭਾ ਨੇ ਤੱਥ ਖੋਜ ਟੀਮ ਬਣਾ ਕੇ ਇਸ ਕੇਸ ਦੇ ਤੱਥ ਜਾਣਨ ਦਾ ਫ਼ੈਸਲਾ ਕੀਤਾ ਤਾਂ ਜੋ ਇੰਪਰੂਵਮੈਂਟ ਟਰੱਸਟ-ਪ੍ਰਸ਼ਾਸਨ ਵੱਲੋਂ ਪ੍ਰਚਾਰੇ ਬਿਰਤਾਂਤ ਦੇ ਸ਼ੋਰ ਹੇਠ ਦਬਾਏ ਗਏ ਅਸਲ ਤੱਥ ਪਬਲਿਕ ਅੱਗੇ ਪੇਸ਼ ਕੀਤੇ ਜਾ ਸਕਣ। ਟੀਮ ਵਿਚ ਸਭਾ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ, ਸੂਬਾ ਕਮੇਟੀ ਮੈਂਬਰ ਬੂਟਾ ਸਿੰਘ ਤੇ ਜਸਵੀਰ ਦੀਪ, ਜ਼ਿਲ੍ਹਾ ਪ੍ਰਧਾਨ ਡਾ. ਜਗਜੀਤ ਸਿੰਘ ਚੀਮਾ, ਜ਼ਿਲ੍ਹਾ ਸਕੱਤਰ ਡਾ. ਮੰਗਤ ਰਾਏ, ਜ਼ਿਲ੍ਹਾ ਕਮੇਟੀ ਮੈਂਬਰਾਨ ਜਸਵਿੰਦਰ ਸਿੰਘ ਭੋਗਲ, ਡਾ. ਸੈਲੇਸ਼, ਮਾਸਟਰ ਜੋਗਿੰਦਰ ਸਿੰਘ, ਮਾਸਟਰ ਕਰਨੈਲ ਸਿੰਘ, ਪਰਮਜੀਤ ਕੜਿਆਣਾ ਅਤੇ ਬਿਹਾਰੀ ਲਾਲ ਛਾਬੜਾ, ਸਭਾ ਦੇ ਮੈਂਬਰ ਮਾਸਟਰ ਲਵਿੰਦਰ ਸਿੰਘ ਤੇ ਨਿਤਿਨ ਅਤੇ ਐਡਵੋਕੇਟ ਮਧੂ ਰਚਨਾ ਤੇ ਐਡਵੋਕੇਟ ਯੁਵਰਾਜ ਸਿੰਘ ਸ਼ਾਮਿਲ ਹੋਏ।

ਟੀਮ ਨੇ 24 ਦਸੰਬਰ ਅਤੇ 27 ਦਸੰਬਰ ਨੂੰ ਲਤੀਫ਼ਪੁਰੇ ਦੇ ਉਜਾੜਾ ਪੀੜਤਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਦਾ ਪੱਖ ਜਾਣਿਆ। ਵਿਵਾਦ ਨਾਲ ਸਬੰਧਤ ਪੁਰਾਣੇ ਰਿਕਾਰਡ, ਬਹੁਤ ਸਾਰੇ ਦਸਤਾਵੇਜ਼ਾਂ, ਅਦਾਲਤੀ ਹੁਕਮਾਂ ਅਤੇ ਹੋਰ ਹਾਸਲ ਸਬੂਤਾਂ ਦੀ ਪੜਤਾਲ ਕੀਤੀ। ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦਾ ਪੱਖ ਵੀ ਜਾਣਿਆ ਅਤੇ ਮੀਡੀਆ ਰਿਪੋਰਟਾਂ ਦੀ ਪੁਣ-ਛਾਣ ਵੀ ਕੀਤੀ।

ਲਤੀਫ਼ਪੁਰਾ ਬਹੁਤ ਪੁਰਾਣਾ ਪੇਂਡੂ ਇਲਾਕਾ ਰਿਹਾ ਹੈ। 1947 ਦੀ ਵੰਡ ਸਮੇਂ ਮੁਸਲਮਾਨ ਪਰਿਵਾਰ ਇੱਥੋਂ ਹਿਜਰਤ ਕਰ ਕੇ ਪਾਕਿਸਤਾਨ ਚਲੇ ਗਏ। ਲਹਿੰਦੇ ਪੰਜਾਬ ਤੋਂ ਉਜੜ ਕੇ ਆਏ ਕਈ ਪਰਿਵਾਰ ਜਿਨ੍ਹਾਂ ਨੇ ਪਹਿਲਾਂ ਆਰਜ਼ੀ ਤੌਰ 'ਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਮੁੜ ਵਸੇਬਾ ਕੀਤਾ ਸੀ, ਬਿਹਤਰ ਜੀਵਨ-ਗੁਜ਼ਾਰੇ ਦੀ ਤਲਾਸ਼ 'ਚ ਇੱਥੇ ਆ ਕੇ ਵਸ ਗਏ। ਘਰ ਬਣਾਉਣ ਲਈ ਥਾਂ ਖ਼ਰੀਦ ਲਏ ਜਾਂ ਜਿੱਥੇ ਕਿਸੇ ਨੂੰ ਖਾਲੀ ਜਗ੍ਹਾ ਮਿਲੀ, ਉੱਥੇ ਪੱਕਾ ਰੈਣ-ਬਸੇਰਾ ਬਣਾ ਲਿਆ। ਉਨ੍ਹਾਂ ਦੇ ਰਾਸ਼ਨ ਕਾਰਡ, ਵੋਟਰ ਕਾਰਡ, ਬਿਜਲੀ ਦੇ ਕੁਨੈਕਸ਼ਨ, ਪਾਣੀ, ਸੀਵਰ ਦੇ ਕੁਨੈਕਸ਼ਨ ਆਦਿ ਲੋੜੀਂਦੇ ਸਰਕਾਰੀ ਦਸਤਾਵੇਜ਼ ਵੀ ਸਮੇਂ-ਸਮੇਂ 'ਤੇ ਬਣਦੇ ਰਹੇ।

1975 'ਚ ਸ਼ਹਿਰ ਦੇ ਕਥਿਤ ਵਿਕਾਸ ਦੇ ਨਾਂ ਹੇਠ ਸ਼ਹਿਰੀਕਰਨ ਦਾ ਵਿਸਤਾਰ ਕੀਤੇ ਜਾਣ ਨਾਲ ਮੌਜੂਦਾ ਝਗੜੇ ਦਾ ਮੁੱਢ ਬੱਝਾ ਜਦੋਂ ਜੇ.ਆਈ.ਟੀ. (ਜਲੰਧਰ ਇੰਪਰੂਵਮੈਂਟ ਟਰੱਸਟ) ਵੱਲੋਂ ਲਤੀਫ਼ਪੁਰਾ ਦੀ ਕੁਝ ਜ਼ਮੀਨ ਐਕਵਾਇਰ ਕੀਤੀ ਗਈ। ਸਰਕਾਰੀ ਰਿਕਾਰਡ ਅਨੁਸਾਰ ਇਹ ਖੇਤੀਬਾੜੀ ਵਾਲੀ ਜ਼ਮੀਨ ਸੀ। ਪਬਲਿਕ ਸੜਕਾਂ ਵਜੋਂ ਬਾਕਾਇਦਾ ਰਸਤੇ ਛੱਡੇ ਗਏ। ਜ਼ਮੀਨ ਐਕਵਾਇਰ ਕੀਤੇ ਜਾਣ ਅਤੇ ਮਾਲਕੀ ਦੇ ਤਬਾਦਲਿਆਂ ਦਾ ਬਾਕਾਇਦਾ ਸਰਕਾਰੀ ਰਿਕਾਰਡ ਮੌਜੂਦ ਹੈ। ਇਸ ਤੋਂ ਬਾਅਦ ਇੱਥੇ ਰਸੂਖਵਾਨਾਂ ਵੱਲੋਂ ਸਰਕਾਰੀ-ਤੰਤਰ ਦੀ ਨਲਾਇਕੀ ਦਾ ਫ਼ਾਇਦਾ ਉਠਾ ਕੇ ਅਤੇ ਭ੍ਰਿਸ਼ਟ ਹਿੱਸਿਆਂ ਦੀ ਮਿਲੀਭੁਗਤ ਨਾਲ ਪਬਲਿਕ ਸੜਕਾਂ/ਗਲੀਆਂ ਉੱਪਰ ਕਬਜ਼ੇ ਕਰ ਕੇ ਉਨ੍ਹਾਂ ਨੂੰ ਆਪਣੀ ਨਿੱਜੀ ਜਾਇਦਾਦਾਂ ਬਣਾ ਲਿਆ ਗਿਆ। ਜਦੋਂ ਅੱਗੇ ਜਾ ਕੇ ਇੱਥੇ 120 ਫ਼ੁੱਟੀ ਸੜਕ ਦਾ ਰਕਬਾ ਪੂਰਾ ਕਰਨ ਦੀ ਲੋੜ ਉੱਭਰੀ ਤਾਂ ਇੰਪਰੂਵਮੈਂਟ ਟਰੱਸਟ ਵੱਲੋਂ ਆਪਣੀ ਨਾਲਾਇਕੀ ਲੁਕੋਣ ਲਈ ਉਸ ਪੂਰੇ ਇਲਾਕੇ ਨੂੰ ਨਾਜਾਇਜ਼ ਉਸਾਰੀਆਂ ਦਾ ਮੁੱਦਾ ਬਣਾਇਆ ਗਿਆ ਜਿਸ ਨੂੰ ਹੁਣ ਢਾਹਿਆ ਗਿਆ ਹੈ।




ਉਜਾੜੇ ਲੋਕਾਂ ਨੇ ਜੋ ਦਸਤਾਵੇਜ਼ੀ ਸਬੂਤ ਦਿਖਾਏ, ਉਨ੍ਹਾਂ ਮੁਤਾਬਿਕ ਲਤੀਫ਼ਪੁਰਾ ਚਾਰ ਏਕੜ ਵਿਚ ਵਸਿਆ ਹੋਇਆ ਹੈ ਜਿਸ ਵਿਚੋਂ ਤਕਰੀਬਨ 1 ਏਕੜ ਨੂੰ ਜਲੰਧਰ ਇੰਪਰੂਵਮੈਂਟ ਟਰੱਸਟ ਆਪਣੀ ਮਾਲਕੀ ਦੱਸ ਰਿਹਾ ਹੈ। ਉਕਤ ਖਸਰਾ ਨੰਬਰਾਂ ਦਾ ਕੁਲ ਰਕਬਾ 27 ਕਨਾਲ 5 ਮਰਲੇ ਹੈ ਜਿਸ ਵਿਚੋਂ 16 ਕਨਾਲ 8 ਮਰਲੇ ਮਿਨ ਰਕਬਾ ਜ਼ਮੀਨ ਜੇ.ਆਈ.ਟੀ. ਨੇ ਐਕਵਾਇਰ ਕੀਤੀ ਸੀ। ਐਕਵਾਇਰ ਹੋਈ ਜਗ੍ਹਾ ਜਿਸ ਵਿਚੋਂ ਸੜਕ ਨਿਕਲਣੀ ਸੀ, ਨੂੰ ਜੇ.ਆਈ.ਟੀ. ਨੇ ਭੂ-ਮਾਫ਼ੀਆ ਨੂੰ ਵੇਚ ਦਿੱਤਾ। ਭੂ-ਮਾਫ਼ੀਆ ਅਦਾਲਤੀ ਹੁਕਮਾਂ ਦੇ ਬਾਵਜੂਦ ਇਸ ਜਗ੍ਹਾ ਦੀ ਨਿਸ਼ਾਨਦੇਹੀ ਨਹੀਂ ਹੋਣ ਦੇ ਰਿਹਾ ਕਿਉਂਕਿ ਨਿਸ਼ਾਨਦੇਹੀ ਨਾਲ ਸੜਕ ਦੇ ਉਸ ਰਕਬੇ ਉੱਪਰ ਟਰੱਸਟ ਵਿਚਲੇ ਭ੍ਰਿਸ਼ਟ ਹਿੱਸਿਆਂ ਦੀ ਮਿਲੀਭੁਗਤ ਨਾਲ ਰਸੂਖਵਾਨਾਂ ਵੱਲੋਂ ਹੜੱਪ ਲਏ ਜਾਣ ਦੀ ਪੋਲ ਖੁੱਲ੍ਹ ਜਾਣੀ ਹੈ। ਜੇ.ਆਈ.ਟੀ. ਨੇ ਆਪਣੀ ਜਗ੍ਹਾ ਵੇਚ ਦਿੱਤੀ ਹੈ ਅਤੇ ਹੁਣ ਟਰੱਸਟ ਭੂ-ਮਾਫ਼ੀਆ ਨਾਲ ਮਿਲ ਕੇ ਮੁਹੱਲਾ ਨਿਵਾਸੀਆਂ ਦੇ ਮਕਾਨਾਂ ਵਾਲੀ ਜਗ੍ਹਾ ਹੜੱਪ ਕੇ ਸੜਕ ਵਾਲੀ ਜਗ੍ਹਾ ਪੂਰੀ ਕਰਨਾ ਚਾਹੁੰਦਾ ਹੈ ਜੋ ਜਗ੍ਹਾ ਨਾ ਇਸ ਨੇ ਕਦੇ ਐਕਵਾਇਰ ਕੀਤੀ ਸੀ, ਨਾ ਇਸ ਨਾਲ ਜੇ.ਆਈ.ਟੀ. ਦਾ ਕੋਈ ਵਾਸਤਾ ਹੈ। ਉਨ੍ਹਾਂ ਅਨੁਸਾਰ ਗੁਰੂ ਤੇਗ ਬਹਾਦਰ ਨਗਰ ਨੂੰ ਜਾਂਦੀ ਸੜਕ ਜੋ 100 ਫ਼ੁੱਟੀ ਸੀ, ਉਹ ਵੀ ਰਸੂਖਵਾਨਾਂ ਨੂੰ ਕਰਵਾਏ ਨਾਜਾਇਜ਼ ਕਬਜ਼ਿਆਂ ਕਾਰਨ 30 ਕੁ ਫ਼ੁੱਟ ਰਹਿ ਗਈ ਹੈ। ਇੰਪਰੂਵਮੈਂਟ ਟਰੱਸਟ ਉਨ੍ਹਾਂ ਨਜਾਇਜ਼ ਕਬਜ਼ਿਆਂ ਬਾਰੇ ਚੁੱਪ ਹੈ। ਐਕਵਾਇਰ ਕੀਤੇ ਰਕਬੇ ਵਿਚੋਂ ਲਤੀਫ਼ਪੁਰਾ ਦੀ ਬਾਕੀ ਬਚਦੀ 10 ਕਨਾਲ 17 ਮਰਲੇ ਜਗ੍ਹਾ ਕੇਂਦਰ ਸਰਕਾਰ ਦੀ ਮਾਲਕੀ ਹੈ ਜਿਸ ਵਿਚ ਲਤੀਫ਼ਪੁਰਾ ਦੇ ਵਾਸੀ ਤਕਰੀਬਨ 70 ਸਾਲਾਂ ਤੋਂ ਰਹਿ ਰਹੇ ਹਨ ਜਿੱਥੇ ਲੱਗਭੱਗ 100 ਘਰ ਬਣੇ ਹੋਏ ਹਨ। ਜੇ.ਆਈ.ਟੀ. ਵੱਲੋਂ ਇਸ ਜਗ੍ਹਾ ਨੂੰ ਧੱਕੇ ਨਾਲ ਕਬਜ਼ਾਉਣ ਵਿਰੁੱਧ ਇਕ ਪਰਿਵਾਰ ਵੱਲੋਂ ਸਿਵਲ ਅਦਾਲਤ ਵਿਚ ਕੇਸ ਕੀਤਾ ਗਿਆ ਜਿਸ ਵਿਚ ਉਕਤ ਰਕਬੇ ਦੀ ਨਿਸ਼ਾਨਦੇਹੀ ਕਰਾਉਣ ਦੀ ਮੰਗ ਕੀਤੀ ਗਈ। ਜੇ.ਆਈ.ਟੀ. ਇਹ ਸਾਰਾ ਰਕਬਾ ਐਕਵਾਇਰ ਕੀਤਾ ਹੋਣ ਦਾ ਦਾਅਵਾ ਕਰ ਰਿਹਾ ਹੈ ਪਰ ਅਦਾਲਤ ਵਿਚ ਮੰਗ ਕਰਨ ਦੇ ਬਾਵਜੂਦ ਇਸ ਵੱਲੋਂ ਇਸ ਸਬੰਧੀ ਕੋਈ ਅਵਾਰਡ, ਨੋਟੀਫਿਕੇਸ਼ਨ ਆਦਿ ਦਸਤਾਵੇਜ਼ੀ ਸਬੂਤ ਪੇਸ਼ ਨਹੀਂ ਕੀਤਾ ਜਾ ਰਿਹਾ।

ਟਰੱਸਟ ਦੇ ਚੇਅਰਮੈਨ ਜਗਤਾਰ ਸੰਘੇੜਾ ਨੇ ਪ੍ਰਾਈਮਏਸ਼ੀਆ ਟੀ.ਵੀ. ਚੈਨਲ ਨਾਲ ਇੰਟਰਵਿਊ ਵਿਚ ਕਿਹਾ ਕਿ ਇਹ ਸਾਰਾ ਅਦਾਲਤੀ ਹੁਕਮਾਂ ਅਨੁਸਾਰ ਹੋਇਆ। ਸਥਾਨਕ ਲੋਕਾਂ ਬਨਾਮ ਇੰਪਰੂਵਮੈਂਟ ਟਰੱਸਟ ਮੁਕੱਦਮੇ ਦੇ ਅਮਲ ਦੌਰਾਨ ਕੁਝ ਧਨੀ ਲੋਕ ਇਸ ਮਾਮਲੇ ਵਿਚ ਘੁਸਦੇ ਗਏ ਅਤੇ ਕੁਝ ਸੇਲ-ਪ੍ਰਚੇਜ਼ ਵੀ ਹੁੰਦੀਆਂ ਰਹੀਆਂ। 16/08/2012 ਨੂੰ ਹਾਈਕੋਰਟ ਨੇ ਅਤੇ ਫਿਰ ਹਾਈਕੋਰਟ ਦੇ ਫ਼ੈਸਲੇ ਵਿਰੁੱਧ ਪਾਈ ਐੱਸ.ਐੱਲ.ਪੀ. ਦੀ ਸੁਣਵਾਈ ਕਰਨ ਤੋਂ ਇਨਕਾਰ ਕਰਕੇ ਸੁਪਰੀਮ ਕੋਰਟ ਨੇ 13/12/2012 ਨੂੰ ਹਾਈਕੋਰਟ ਦੇ ਫ਼ੈਸਲੇ ਨੂੰ ਬਰਕਰਾਰ ਰੱਖਦੇ ਹੋਏ ਇੰਪਰੂਵਮੈਂਟ ਟਰੱਸਟ ਨੂੰ ਜ਼ਮੀਨ ਦਾ ਮਾਲਕ ਮੰਨਿਆ ਅਤੇ ਇਸ ਨੂੰ ਛੁਡਾਉਣ ਦੀ ਵਿਧੀ ਨਿਰਧਾਰਤ ਕਰ ਦਿੱਤੀ (ਇੱਥੇ ਟਰੱਸਟ ਦੇ ਚੇਅਰਮੈਨ ਨੇ ਇਸ ਦਾ ਕੋਈ ਸਬੂਤ ਪੇਸ਼ ਨਹੀਂ ਕੀਤਾ ਕਿ ਟਰੱਸਟ ਉਸ ਜ਼ਮੀਨ ਦਾ ਮਾਲਕ ਕਿਵੇਂ ਹੈ)। ਇਸ ਪਿੱਛੋਂ ਜਿਨ੍ਹਾਂ ਲੋਕਾਂ ਨੇ ਖੁੱਲ੍ਹੀ ਬੋਲੀ ਰਾਹੀਂ ਕੁਝ ਅਲਾਟਮੈਂਟ ਇੰਪਰੂਵਮੈਂਟ ਟਰੱਸਟ ਤੋਂ ਲਈਆਂ ਸਨ ਉਨ੍ਹਾਂ ਨੇ ਅਦਾਲਤ ਦੇ ਫ਼ੈਸਲੇ ਦੀ ਹੁਕਮ ਅਦੂਲੀ ਬਾਬਤ ਰਿੱਟ ਟਰੱਸਟ ਅਤੇ ਕੁਝ ਹੋਰਾਂ ਵਿਰੁੱਧ ਪਾ ਦਿੱਤੀ। ਕੁਝ ਧਨਾਢਾਂ ਨੇ ਗ਼ਰੀਬ ਲੋਕਾਂ ਨੂੰ ਐਕਸਪਲਾਇਟ ਕਰਕੇ ਆਪਣੇ ਨਾਮ ਰਜਿਸਟਰੀਆਂ ਵੀ ਕਰਵਾਈਆਂ ਹੋਈਆਂ ਹਨ। ਚੇਅਰਮੈਨ ਦਾ ਕਹਿਣਾ ਹੈ ਕਿ ਉਸ ਦੇ ਗਲ ਵਿਚ ਇੱਥੋਂ ਤੱਕ ਫੰਦਾ ਸੀ ਕਿ ਜਾਂ ਤਾਂ ਉਸ ਨੂੰ ਅਦਾਲਤੀ ਫ਼ੈਸਲੇ ਨੂੰ ਲਾਗੂ ਕਰਨ ਲਈ ਕਾਰਵਾਈ ਕਰਨੀ ਪੈਣੀ ਸੀ ਜਾਂ ਜੇਲ੍ਹ ਜਾਣਾ ਪੈਣਾ ਸੀ। ਕਿ ਜੇ ਉਹ ਉਨ੍ਹਾਂ ਦੀ ਮੰਗ ਅਨੁਸਾਰ ਦੁਬਾਰਾ ਨਿਸ਼ਾਨਦੇਹੀ ਦੇ ਹੁਕਮ ਦਿੰਦਾ ਤਾਂ ਉਸ ਨੇ ਸਿੱਧਾ ਜੇਲ੍ਹ ਜਾਣਾ ਸੀ। ਉਸ ਨੇ 16 ਮੈਜਿਸਟ੍ਰੇਟਾਂ ਨੂੰ ਨਾਲ ਲੈ ਕੇ ਕਾਰਵਾਈ ਕੀਤੀ ਹੈ ਤਾਂ ਜੁ ਕੋਈ ਬੇਇਨਸਾਫ਼ੀ ਨਾ ਹੋਵੇ। ਚੇਅਰਮੈਨ ਨੇ ਇਹ ਵੀ ਕਿਹਾ ਕਿ ਉਹ ਨਜਾਇਜ਼ ਕਬਜ਼ੇ ਕਰਨ ਵਾਲਿਆਂ ਵਿਚੋਂ ਗ਼ਰੀਬ ਲੋੜਵੰਦਾਂ ਨੂੰ ਬਦਲਵੇਂ ਰੈਣ ਬਸੇਰੇ ਮੁਹੱਈਆ ਕਰਾਉਣ ਲਈ ਤਿਆਰ ਸਨ ਅਤੇ ਹੁਣ ਵੀ ਹਨ ਪਰ ਧਨਾਢ ਮਾਫ਼ੀਆ ਵਾਲੇ ਉਨ੍ਹਾਂ ਨੂੰ ਸਾਡੇ ਤੱਕ ਪਹੁੰਚਣ ਨਹੀਂ ਦੇ ਰਹੇ (ਚੇਅਰਮੈਨ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਜਦੋਂ ਕਬਜ਼ੇ ਹੀ ਨਜਾਇਜ਼ ਸਨ ਤਾਂ ਇੰਪਰੂਵਮੈਂਟ ਟਰੱਸਟ ਵੱਲੋਂ ਉਨ੍ਹਾਂ ਵਿਚੋਂ 'ਲੋੜਵੰਦਾਂ' ਨੂੰ ਬਦਲਵੇਂ ਘਰਾਂ ਦੀ ਪੇਸ਼ਕਸ਼ ਕਿਵੇਂ ਸਹੀ ਹੈ।

ਸਭਾ ਦੇ ਸੂਬਾ ਪ੍ਰਧਾਨ ਵੱਲੋਂ ਜਦੋਂ ਟੀਮ ਦੀ ਤਰਫ਼ੋਂ ਫ਼ੋਨ ਉੱਪਰ ਜੇ.ਆਈ.ਟੀ. ਦੇ ਚੇਅਰਮੈਨ ਨਾਲ ਗੱਲ ਕੀਤੀ ਗਈ, ਉਦੋਂ ਵੀ ਸ੍ਰੀ ਸੰਘੇੜਾ ਨੇ ਅਦਾਲਤੀ ਹੁਕਮ ਅਦੂਲੀ ਦੇ ਇਸੇ ਦਬਾਅ ਦੀ ਗੱਲ ਦੱਸੀ।

ਪ੍ਰਸ਼ਾਸਨ ਦੀ ਦਲੀਲ ਇਹ ਹੈ ਕਿ ਉਨ੍ਹਾਂ ਨੇ ਤਾਂ ਸਿਰਫ਼ ਅਦਾਲਤ ਦੇ ਹੁਕਮਾਂ ਦੀ ਤਾਮੀਲ ਕਰਵਾਈ ਹੈ। ਕਿਉਂਕਿ ਹਾਈਕੋਰਟ ਦਾ ਆਦੇਸ਼ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਾਉਣ ਦਾ ਸੀ। ਪੁਲਿਸ ਅਧਿਕਾਰੀਆਂ ਨੇ ਬੇਤਹਾਸ਼ਾ ਤਾਕਤ ਵਰਤਣ ਦੀ ਜਵਾਬਦੇਹੀ ਤੋਂ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਉਨ੍ਹਾਂ ਦਾ ਕੰਮ ਕਾਨੂੰਨ ਵਿਵਸਥਾ ਬਣਾਈ ਰੱਖਣਾ ਹੈ।

ਪ੍ਰਸ਼ਾਸਨ ਦੀ ਮੁੱਖ ਦਲੀਲ ਇਹ ਸਮਝ ਪੈਂਦੀ ਹੈ ਕਿ ਉਨ੍ਹਾਂ ਲਈ ਜਾਇਜ਼-ਨਾਜਾਇਜ਼ ਦੀ ਉਚਿਤ ਪਛਾਣ ਅਤੇ ਨਿਖੇੜਾ ਕਰ ਕੇ ਕਾਇਦੇ ਅਨੁਸਾਰ ਕਾਰਵਾਈ ਕਰਨ ਦਾ ਸਵਾਲ ਨਹੀਂ ਸੀ ਸਗੋਂ ਉਨ੍ਹਾਂ ਉੱਪਰ ਅੰਧਾਧੁੰਦ ਤਾਕਤ ਵਰਤ ਕੇ ਅਦਾਲਤੀ ਹੁਕਮਾਂ ਨੂੰ ਲਾਗੂ ਕਰਨ ਅਤੇ ਅਦਾਲਤੀ ਹੁਕਮ ਅਦੂਲੀ ਦੇ ਚਲੇ ਆ ਰਹੇ ਦੋਸ਼ ਨੂੰ ਮਿਟਾਉਣ ਦਾ ਦਬਾਓ ਸੀ। ਇੰਪਰੂਵਮੈਂਟ ਟਰੱਸਟ ਅਦਾਲਤ ਨੂੰ ਇਹ ਸਪਸ਼ਟੀਕਰਨ ਦੇ ਰਿਹਾ ਸੀ ਕਿ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਦਾਲਤੀ ਹੁਕਮਾਂ ਨੂੰ ਲਾਗੂ ਕਰਾਉਣ ਲਈ ਇੰਪਰੂਵਮੈਂਟ ਟਰੱਸਟ ਨੂੰ ਸਹਿਯੋਗ ਨਹੀਂ ਕਰ ਰਿਹਾ। ਇੰਝ, ਉਨ੍ਹਾਂ ਨੇ ਸੁਪਰੀਮ ਕੋਰਟ ਦੇ ਹੁਕਮਾਂ ਨੂੰ ਲਾਗੂ ਕਰਨ ਦੇ ਦਬਾਓ ਤਹਿਤ ਹੀ ਇਹ ਕਾਰਵਾਈ ਕੀਤੀ।

ਜਿੱਥੋਂ ਤੱਕ ਅਦਾਲਤੀ ਹੁਕਮਾਂ ਦੀ ਤਾਮੀਲ ਦਾ ਸਵਾਲ ਹੈ, ਇੰਪਰੂਵਮੈਂਟ ਟਰੱਸਟ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਦਾਅਵੇ ਵਿਚ ਕੋਈ ਦਮ ਨਹੀਂ ਜਾਪਦਾ ਕਿ ਉਨ੍ਹਾਂ ਵੱਲੋਂ ਅਦਾਲਤੀ ਹੁਕਮਾਂ ਦੀ ਤਾਮੀਲ ਵਿਚ ਕੋਈ ਬੇਇਨਸਾਫ਼ੀ, ਧੱਕੇਸ਼ਾਹੀ ਅਤੇ ਪੱਖਪਾਤ ਨਹੀਂ ਹੈ। ਅਦਾਲਤੀ ਹੁਕਮਾਂ ਵਿਚ ਸਿਰਫ਼ ਸੁਪਰੀਮ ਕੋਰਟ ਦਾ ਲਤੀਫ਼ਪੁਰਾ ਮੁਹੱਲੇ ਦੇ ਘਰਾਂ ਨੂੰ ਢਾਹੁਣ ਦਾ ਆਦੇਸ਼ ਨਹੀਂ ਹੈ, ਇਸ ਵਿਚ ਉਹ ਅਦਾਲਤੀ ਆਦੇਸ਼ ਵੀ ਹਨ ਜਿਨ੍ਹਾਂ ਵਿਚ ਇੰਪਰੂਵਮੈਂਟ ਟਰੱਸਟ ਨੂੰ ਨਿਸ਼ਾਨਦੇਹੀ ਕਰਾਉਣ ਲਈ ਕਿਹਾ ਗਿਆ। ਇਕ ਦਸਤਾਵੇਜ਼ੀ ਸਬੂਤ ਹਾਈਕੋਰਟ ਦਾ 10 ਫਰਵਰੀ 2014 ਦਾ ਆਦੇਸ਼ ਹੈ ਜੋ 2014 ਦੀ ਸਿਵਲ ਰਿੱਟ ਪਟੀਸ਼ਨ ਨੰ. 2389 ਦੇ ਆਧਾਰ 'ਤੇ ਸੀ ਜਿਸ ਵਿਚ ਮਾਹਰਾਂ ਦੀ ਇਕ ਹੋਰ ਟੀਮ ਬਣਾ ਕੇ ਰਕਬੇ ਦੀ ਮੁੜ ਨਿਸ਼ਾਨਦੇਹੀ ਕਰਨ ਦੀ ਸਲਾਹ ਦਿੱਤੀ ਗਈ ਸੀ। ਜਿਸ 'ਤੇ ਇੰਪਰੂਵਮੈਂਟ ਟਰੱਸਟ ਦੇ ਵਕੀਲ ਨੇ ਹਾਈਕੋਰਟ ਨੂੰ ਭਰੋਸਾ ਦਿਵਾਇਆ ਸੀ ਕਿ ਸਰਕਾਰ ਦੇ ਫ਼ੈਸਲਾ ਲੈਣ ਜਾਂ ਮੁੜ ਨਿਸ਼ਾਨਦੇਹੀ ਕਰਾਏ ਜਾਣ ਤੱਕ ਉਸਾਰੀਆਂ ਨੂੰ ਢਾਹਿਆ ਨਹੀਂ ਜਾਵੇਗਾ ਪਰ ਹੁਣ ਤੋਂ ਕੁਝ ਮਹੀਨੇ ਪਹਿਲਾਂ ਤੱਕ ਵੀ ਕੋਈ ਨਿਸ਼ਾਨਦੇਹੀ ਨਹੀਂ ਕਰਵਾਈ ਗਈ ਜਿਵੇਂ ਟਰੱਸਟ ਵੱਲੋਂ ਅਦਾਲਤ ਦੀ ਹੁਕਮ ਅਦੂਲੀ ਦੇ ਸਪਸ਼ਟੀਕਰਨ ਵਜੋਂ ਦਿੱਤੇ ਲਿਖਤੀ ਬਿਆਨ ਤੋਂ ਵੀ ਸਪਸ਼ਟ ਹੈ ਪਰ ਲਾਗੂ ਕਰਨ ਲਈ ਸਿਰਫ਼ ਸੁਪਰੀਮ ਕੋਰਟ ਦੇ ਹੁਕਮ ਨੂੰ ਚੁਣਿਆ ਗਿਆ ਕਿਉਂਕਿ ਇਸ ਨੂੰ ਜ਼ਮੀਨ ਉੱਪਰ ਕਬਜ਼ਾ ਕਰਨ ਲਈ ਪੀੜਤਾਂ ਵਿਰੁੱਧ ਵਰਤਿਆ ਜਾ ਸਕਦਾ ਸੀ। ਉਹ ਹੁਕਮ ਪ੍ਰਸ਼ਾਸਨ ਨੇ ਦਰਕਿਨਾਰ ਕਰ ਦਿੱਤੇ ਜੋ ਉੱਥੇ ਵਸ ਰਹੇ ਵਸਨੀਕਾਂ ਨੂੰ ਸੁਰੱਖਿਆ ਦਿੰਦੇ ਹਨ। ਮਿਸਾਲ ਵਜੋਂ, ਹਾਈਕੋਰਟ ਦਾ 10 ਫਰਵਰੀ 2014 ਦਾ ਉਪਰੋਕਤ ਆਰਡਰ ਜਿਸ ਵਿਚ ਮਾਹਿਰਾਂ ਦੀ ਇਕ ਹੋਰ ਟੀਮ ਬਣਾ ਕੇ ਰਕਬੇ ਦੀ ਮੁੜ ਨਿਸ਼ਾਨਦੇਹੀ ਕਰਨ ਦੀ ਸਲਾਹ ਦਿੱਤੀ ਗਈ ਸੀ।

ਲਤੀਫ਼ਪੁਰਾ ਨੂੰ ਉਜਾੜੇ ਜਾਣ ਤੋਂ ਬਾਅਦ ਅਕਾਲੀ, ਕਾਂਗਰਸੀ, ਭਾਜਪਾ ਆਦਿ ਦੇ ਆਗੂਆਂ ਨੇ ਵਹੀਰਾਂ ਘੱਤ ਕੇ ਪੀੜਤਾਂ ਨਾਲ ਹਮਦਰਦੀ ਦਿਖਾਉਣੀ ਸ਼ੁਰੂ ਕਰ ਦਿੱਤੀ ਅਤੇ ਹੁਕਮਰਾਨ ਧਿਰ ਵਿਰੁੱਧ ਬਿਆਨਬਾਜ਼ੀ ਕਰ ਕੇ ਰਾਜਨੀਤਕ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੱਤੀਆਂ। ਹਕੀਕਤ ਇਹ ਹੈ ਕਿ ਇਨ੍ਹਾਂ ਪਾਰਟੀਆਂ ਦੀਆਂ ਸਰਕਾਰਾਂ ਦੌਰਾਨ ਹੀ ਇੰਪਰੂਵਮੈਂਟ ਟਰੱਸਟ ਵੱਲੋਂ ਅਦਾਲਤੀ ਕਾਰਵਾਈ ਅਤੇ ਹੋਰ ਤਰੀਕਿਆਂ ਨਾਲ ਲਤੀਫ਼ਪੁਰਾ ਦੇ ਲੋਕਾਂ ਨੂੰ ਉਜਾੜਨ ਦੀ ਸਾਜ਼ਿਸ਼ ਮੌਜੂਦਾ ਅੰਜਾਮ ਤੱਕ ਪਹੁੰਚਾਈ ਗਈ। ਸਾਰਾ ਕੇਸ ਤੱਤਕਾਲੀ ਸਰਕਾਰਾਂ ਅਤੇ ਇਨ੍ਹਾਂ ਪਾਰਟੀਆਂ ਦੇ ਸਥਾਨਕ ਆਗੂਆਂ ਦੇ ਧਿਆਨ ਵਿਚ ਸੀ ਪਰ ਇਨ੍ਹਾਂ ਵੱਲੋਂ ਲਤੀਫ਼ਪੁਰਾ ਦੇ ਵਸਨੀਕਾਂ ਨੂੰ ਭਰੋਸੇ ਵਿਚ ਲੈ ਕੇ ਉਨ੍ਹਾਂ ਦੀ ਸੰਤੁਸ਼ਟੀ ਅਨੁਸਾਰ ਕੋਈ ਨਿਆਂਪੂਰਨ ਹੱਲ ਨਹੀਂ ਕੀਤਾ ਗਿਆ ਸਗੋਂ ਵੋਟ ਸਿਆਸਤ ਦੀਆਂ ਗਿਣਤੀਆਂ ਮਿਣਤੀਆਂ ਵਿਚੋਂ ਮਾਮਲੇ ਨੂੰ ਹੋਰ ਉਝਲਾਇਆ ਹੀ ਗਿਆ।



ਉਜਾੜੇ ਖਿਲਾਫ ਵਿਖਾਵਾ ਕਰ ਰਹੇ ਲੋਕ

ਟੀਮ ਨੇ ਇਹ ਵੀ ਨੋਟ ਕੀਤਾ ਕਿ ਪ੍ਰਿੰਟ ਮੀਡੀਆ ਜਿਸ ਦਾ ਕੰਮ ਹੀ ਪੂਰੀ ਜ਼ਿੰਮੇਵਾਰੀ ਨਾਲ ਤੱਥਾਂ ਦੀ ਛਾਣਬੀਣ ਕਰ ਕੇ ਸਚਾਈ ਸਮਾਜ ਦੇ ਸਾਹਮਣੇ ਪੇਸ਼ ਕਰਨਾ ਹੈ, ਦੇ ਇਕ ਹਿੱਸੇ ਵੱਲੋਂ ਤੱਥਾਂ ਦੀ ਜਾਂਚ ਕਰਨ ਦੇ ਝਮੇਲੇ ਵਿਚ ਪਏ ਬਿਨਾ ਹੀ ਉਸੇ ਬਿਰਤਾਂਤ ਨੂੰ ਦੁਹਰਾ ਦਿੱਤਾ ਗਿਆ ਜੋ ਇੰਪਰੂਵਮੈਂਟ ਟਰੱਸਟ ਅਤੇ ਪ੍ਰਸ਼ਾਸਨ ਵੱਲੋਂ ਆਪਣੇ ਬਚਾਓ ਲਈ ਘੜਿਆ ਗਿਆ ਹੈ ਅਤੇ ਇਨ੍ਹਾਂ ਸਾਰੇ ਮਕਾਨਾਂ ਨੂੰ ਨਾਜਾਇਜ਼ ਕਬਜ਼ੇ ਬਣਾ ਕੇ ਪੇਸ਼ ਕੀਤਾ ਗਿਆ।

ਸਮੱਸਿਆ ਦੀ ਜੜ੍ਹ ਸਰਕਾਰਾਂ ਦੀ ਨਾਲਾਇਕੀ ਕਾਰਨ ਹੋ ਰਿਹਾ ਅਨਪਲੈਨਡ ਸ਼ਹਿਰੀਕਰਨ ਹੈ ਜੋ ਪਿੰਡਾਂ ਦੀ ਹੋਂਦ ਮਿਟਾ ਕੇ ਉਨ੍ਹਾਂ ਨੂੰ ਨਿਗਲ ਰਿਹਾ ਹੈ ਅਤੇ ਸੰਘਣੀ ਵਸੋਂ ਲਈ ਲੋੜੀਂਦੇ ਪੁਖ਼ਤਾ ਇੰਤਜ਼ਾਮ ਨਾ ਕਰਕੇ ਵਾਤਾਵਰਣ ਨੂੰ ਵੀ ਪ੍ਰਦੂਸ਼ਿਤ ਕਰ ਰਿਹਾ ਹੈ। ਨਵੀਆਂ ਬਣ ਰਹੀਆਂ ਬਸਤੀਆਂ ਦੀ ਅਣਅਧਿਕਾਰਤ ਉਸਾਰੀ ਨੂੰ ਨਿਯਮਤ ਨਹੀਂ ਕੀਤਾ ਜਾਂਦਾ। ਬਾਅਦ ਵਿਚ ਜਦੋਂ ਸ਼ਹਿਰੀਕਰਨ ਦੇ ਵਿਸਤਾਰ ਨਾਲ ਜ਼ਮੀਨ ਮਹਿੰਗੀ ਹੁੰਦੀ ਜਾਂਦੀ ਹੈ ਅਤੇ ਰੀਅਲ ਇਸਟੇਟ ਮਾਫ਼ੀਆ ਤੇ ਹੋਰ ਅਮੀਰ ਕਾਰੋਬਾਰੀਆਂ ਦੀ ਅੱਖ ਇਸ ਜ਼ਮੀਨ 'ਤੇ ਟਿਕ ਜਾਂਦੀ ਹੈ ਤਾਂ ਨਾਜਾਇਜ਼ ਉਸਾਰੀਆਂ ਅਤੇ ਅਣਅਧਿਕਾਰਤ ਕਲੋਨੀਆਂ ਦਾ ਮੁੱਦਾ ਖੜ੍ਹਾ ਕਰ ਦਿੱਤਾ ਜਾਂਦਾ ਹੈ। ਅਜਿਹੇ ਹਾਲਾਤ ਵਿਚ ਆਮ ਲੋਕਾਂ ਦੇ ਮਾਲਕੀ ਦੇ ਕਾਗਜ਼ਾਂ ਵਿਚ ਤਰੁੱਟੀਆਂ ਅਤੇ ਉਨ੍ਹਾਂ ਦੀ ਜਾਣਕਾਰੀ ਤੇ ਵਸੀਲਿਆਂ ਦੀ ਘਾਟ, ਪ੍ਰਸ਼ਾਸਨ ਸਮੇਤ ਸਰਕਾਰੀ ਅਦਾਰਿਆਂ ਉਨ੍ਹਾਂ ਦੀ ਪਹੁੰਚ ਅਤੇ ਸੁਣਵਾਈ ਨਾ ਹੋਣ ਦਾ ਫ਼ਾਇਦਾ ਉਠਾ ਕੇ ਰਸੂਖਵਾਨ ਸ਼ਖ਼ਸ, ਵੱਡੇ ਕਾਰੋਬਾਰੀ ਅਤੇ ਰੀਅਲ ਇਸਟੇਟ ਦੇ ਕਾਰੋਬਾਰੀ ਇਨ੍ਹਾਂ ਜ਼ਮੀਨਾਂ ਨੂੰ ਸਰਕਾਰੀ ਢਾਂਚੇ ਵਿਚ ਫੈਲੇ ਭ੍ਰਿਸ਼ਟਾਚਾਰ ਨਾਲ ਮਿਲ ਕੇ ਹੜੱਪਦੇ ਹਨ।

ਜਿਵੇਂ ਅਜਿਹੇ ਕੇਸਾਂ ਵਿਚ ਅਕਸਰ ਵਾਪਰਦਾ ਹੈ, ਇਸ ਕੇਸ ਵਿਚ ਵੀ ਜ਼ੋਰਾਵਰ ਧਿਰ ਪੈਸੇ ਅਤੇ ਸੱਤਾ ਦੇ ਗਲਿਆਰਿਆਂ ਵਿਚ ਆਪਣੀ ਪਹੁੰਚ ਦੇ ਜ਼ੋਰ ਆਮ ਲੋਕਾਂ ਨੂੰ ਕਾਨੂੰਨੀ ਲੜਾਈ ਵਿਚ ਉਲਝਾ ਕੇ ਥਕਾਉਣ ਅਤੇ ਹੇਰਾਫੇਰੀਆਂ ਰਾਹੀਂ ਅਦਾਲਤੀ ਆਦੇਸ਼ਾਂ ਨੂੰ ਆਪਣੇ ਹੱਕ ਵਿਚ ਭੁਗਤਾਉਣ ਵਿਚ ਕਾਮਯਾਬ ਰਹੀ ਜਦਕਿ ਜਿਹੜੇ ਅਦਾਲਤੀ ਆਦੇਸ਼ ਉੱਥੇ ਰਹਿਣ ਵਾਲੇ ਲੋਕਾਂ ਦੇ ਹੱਕ ਵਿਚ ਦਿੱਤੇ ਗਏ, ਜਿਵੇਂ ਨਿਸ਼ਾਨਦੇਹੀ ਕਰਾਉਣ ਦਾ ਆਦੇਸ਼, ਉਨ੍ਹਾਂ ਨੂੰ ਵੀ ਪ੍ਰਸ਼ਾਸਨ ਦੀ ਨਾਲਾਇਕੀ ਕਾਰਨ ਇੰਪਰੂਵਮੈਂਟ ਟਰੱਸਟ ਵਿਚਲੇ ਭ੍ਰਿਸ਼ਟ ਹਿੱਸਿਆਂ ਅਤੇ ਪ੍ਰਾਪਰਟੀਆਂ ਉੱਪਰ ਨਜਾਇਜ਼ ਕਬਜ਼ੇ ਕਰਨ ਵਾਲਿਆਂ ਦੇ ਨਾਪਾਕ ਗੱਠਜੋੜ ਵੱਲੋਂ ਲਾਗੂ ਨਹੀਂ ਹੋਣ ਦਿੱਤਾ ਗਿਆ।

ਇਹ ਤੱਥ ਵੀ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਇੱਥੇ ਇੰਪਰੂਵਮੈਂਟ ਟਰੱਸਟ ਨਾਲ ਸਬੰਧਤ ਕੁਝ ਧਾਂਦਲੀਆਂ ਦੀ ਜਾਂਚ ਵਿਜੀਲੈਂਸ ਵਿਭਾਗ ਵੱਲੋਂ ਵੀ ਕੀਤੀ ਜਾ ਰਹੀ ਹੈ। ਜੇ ਇਹ ਜਾਂਚ ਸਹੀ ਤਰੀਕੇ ਨਾਲ ਮੁਕੰਮਲ ਹੋ ਜਾਂਦੀ ਹੈ ਤਾਂ ਇੰਪਰੂਵਮੈਂਟ ਟਰੱਸਟ ਵੱਲੋਂ ਕੀਤੇ ਜਾ ਰਹੇ ਇਨ੍ਹਾਂ ਦਾਅਵਿਆਂ ਦੀ ਸਚਾਈ ਜਾਣਨ ਦਾ ਰਾਹ ਖੁੱਲ੍ਹ ਸਕਦਾ ਹੈ ਕਿ ਇੱਥੇ ਕਿਹੜੇ ਕਿਹੜੇ ਕਬਜ਼ੇ ਨਜਾਇਜ਼ ਹਨ ਅਤੇ ਟਰੱਸਟ ਨੇ ਇੱਥੇ ਕਿਹੜਾ ਰਕਬਾ ਐਕਵਾਇਰ ਕੀਤਾ ਸੀ। ਜ਼ਿਲ੍ਹਾ ਪ੍ਰਸ਼ਾਸਨ ਦਾ ਫ਼ਰਜ਼ ਇਹ ਬਣਦਾ ਸੀ ਕਿ ਇਸ ਸਾਰੇ ਮਾਮਲੇ ਦੀ ਬਾਰੀਕੀ ਵਿਚ ਜਾਂਚ ਕਰਵਾਈ ਜਾਂਦੀ, ਨਿਸ਼ਾਨਦੇਹੀ ਕਰਵਾਈ ਜਾਂਦੀ ਅਤੇ ਉੱਥੇ ਦਹਾਕਿਆਂ ਤੋਂ ਰਹਿ ਰਹੇ ਵਸਨੀਕਾਂ ਦਾ ਪੱਖ ਸੁਣਿਆ ਜਾਂਦਾ। ਇਸ ਦੀ ਬਜਾਏ ਅਦਾਲਤੀ ਹੁਕਮ ਦੀ ਤਾਮੀਲ ਨੂੰ ਬਹਾਨਾ ਬਣਾ ਕੇ ਜ਼ਿਲ੍ਹਾ ਪ੍ਰਸ਼ਾਸਨ ਵੀ ਇੰਪਰੂਵਮੈਂਟ ਟਰੱਸਟ ਵਿਚਲੇ ਭ੍ਰਿਸ਼ਟਾਚਾਰ ਉੱਪਰ ਪਰਦਾ ਪਾਉਣ ਦਾ ਸਾਧਨ ਬਣ ਗਿਆ।

ਜੇ ਇਹ ਵੀ ਮੰਨ ਲਿਆ ਜਾਵੇ ਕਿ ਜੇ.ਆਈ.ਟੀ. ਵੱਲੋਂ 120 ਫ਼ੁੱਟ ਸੜਕ ਖ਼ਾਲੀ ਕਰਾਉਣ ਲਈ ਉਸਾਰੀਆਂ ਢਾਹੀਆਂ ਗਈਆਂ, ਫਿਰ ਵੀ ਇਸ ਦੀ ਕੋਈ ਵਾਜਬੀਅਤ ਨਹੀਂ ਬਣਦੀ ਕਿਉਂਕਿ ਜਿਸ ਜ਼ਮੀਨ ਉੱਪਰੋਂ ਇਹ ਕਥਿਤ ਨਜਾਇਜ਼ ਉਸਾਰੀਆਂ ਢਾਹੀਆਂ ਗਈਆਂ ਉਸ ਦੇ ਬਿਲਕੁਲ ਨਾਲ 60 ਫ਼ੁੱਟ ਸੜਕ ਅਜੇ ਵੀ ਮੌਜੂਦ ਹੈ। ਇਸ ਲਈ 120 ਫ਼ੁੱਟ ਸੜਕ ਦੀ ਦਲੀਲ ਅਨੁਸਾਰ ਵੀ ਸੜਕ ਨੂੰ ਪੂਰਾ ਕਰਨ ਲਈ ਮੌਜੂਦ ਸੜਕ ਦੇ ਨਾਲ ਸਿਰਫ਼ 60 ਫ਼ੁੱਟ ਹੋਰ ਜਗ੍ਹਾ ਖ਼ਾਲੀ ਕਰਾਉਣ ਦੀ ਜ਼ਰੂਰਤ ਸੀ। ਇੰਪਰੂਵਮੈਂਟ ਟਰੱਸਟ ਅਤੇ ਪ੍ਰਸ਼ਾਸਨ ਨੇ ਬੁਲਡੋਜ਼ਰ ਚਲਾ ਕੇ 300 ਫ਼ੁੱਟ ਤੱਕ ਪੂਰਾ ਮੁਹੱਲਾ ਹੀ ਢਹਿ-ਢੇਰੀ ਕਰ ਦਿੱਤਾ ਜਿਸ ਦੀ ਕਿਸੇ ਵੀ ਦਲੀਲ ਅਨੁਸਾਰ ਕੋਈ ਵਾਜਬੀਅਤ ਨਹੀਂ ਬਣਦੀ।


# ਅੰਮ੍ਰਿਤਸਰ ਦੀ ਅਦਾਕਾਰਾ ਅਨਵਰੀ

ਸਾਂਝੇ ਪੰਜਾਬ ਦੀ ਉੱਘੀ ਗਾਇਕਾ ਅਤੇ ਅਦਾਕਾਰਾ ਅਨਵਰ ਉਰਫ ਅਨਵਰੀ ਬਾਈ ਉਰਫ ਅਨਵਰੀ ਬੇਗ਼ਮ ਦੀ ਪੈਦਾਇਸ਼ 1907 ਵਿਚ ਅੰਮ੍ਰਿਤਸਰ ਦੇ ਪੰਜਾਬੀ ਮੁਸਲਿਮ ਪਰਿਵਾਰ ਵਿਚ ਹੋਈ। ਉਸ ਦੀ ਮਾਂ ਦਾ ਨਾਮ ਬਿੱਲੋ ਸੀ ਜੋ ਉਸਤਾਦ ਬਹਿਰੇ ਵਹੀਦ ਖ਼ਾਨ (ਕਿਰਾਨਾ ਘਰਾਣਾ) ਦੀ ਸ਼ਾਗਿਰਦ ਸੀ। ਬਿੱਲੋ ਆਪਣੀ ਧੀ ਨੂੰ ਪਾਰੋ ਦੇ ਨਾਮ ਨਾਲ ਬੁਲਾਉਂਦੀ ਸੀ। ਅਨਵਰੀ ਨੇ ਕਲਾਸਕੀ ਸੰਗੀਤ ਦੀ ਸ਼ੁਰੂਆਤੀ ਤਾਲੀਮ ਉਸਤਾਦ ਓਮਰਾਓ ਖ਼ਾਨ (ਦਿੱਲੀ ਘਰਾਣਾ) ਅਤੇ ਸਾਰੰਗੀ ਵਾਦਕ ਸ਼ਕੂਰ ਖ਼ਾਨ ਤੋਂ ਹਾਸਿਲ ਕੀਤੀ। ਉਸ ਕੋਲ ਠੁਮਰੀ, ਦਾਦਰਾ ਤੇ ਖ਼ਿਆਲ ਨੂੰ ਉਮਦਗੀ ਨਾਲ ਪੇਸ਼ ਕਰਨ ਦਾ ਹੁਨਰ ਸੀ।

ਜਦੋਂ ਹਕੀਮ ਰਾਮ ਪ੍ਰਸ਼ਾਦ ਨੇ ਏ.ਆਰ. ਕਾਰਦਾਰ (ਅਬਦੁੱਲ ਰਸ਼ੀਦ ਕਾਰਦਾਰ, ਲਾਹੌਰ) ਦੀ ਹਿਦਾਇਤਕਾਰੀ ਵਿਚ ਉਰਦੂ/ਹਿੰਦੀ ਫਿਲਮ 'ਹੀਰ ਰਾਂਝਾ' ਉਰਫ 'ਹੂਰ-ਏ-ਪੰਜਾਬ' (1932) ਸ਼ੁਰੂ ਕੀਤੀ ਤਾਂ ਆਲ ਇੰਡੀਆ ਰੇਡੀਓ, ਲਾਹੌਰ ਦੀ ਮਸ਼ਹੂਰ ਗੁਲੂਕਾਰਾ ਅਤੇ ਬੁਲਬੁਲ-ਏ-ਪੰਜਾਬ ਅਨਵਰੀ ਬਾਈ ਨੂੰ ਨਵੇਂ ਚਿਹਰੇ ਵਜੋਂ ਪੇਸ਼ ਕੀਤਾ। ਅਨਵਰੀ ਬਾਈ ਨੇ ਅਨਵਰ ਦੇ ਨਾਮ ਨਾਲ ਹੀਰ ਦਾ ਕਿਰਦਾਰ ਨਿਭਾਇਆ, ਰਾਂਝੇ ਦਾ ਕਿਰਦਾਰ ਰਾਵਲਪਿੰਡੀ ਦਾ ਗੱਭਰੂ ਮੁਹੰਮਦ ਰਫੀਕ ਗਜ਼ਨਵੀ ਬੀ.ਏ. ਨਿਭਾ ਰਿਹਾ ਸੀ। ਵਾਰਿਸ ਸ਼ਾਹ ਦੇ ਮਸ਼ਹੂਰ ਮੁਹੱਬਤੀ ਕਿੱਸੇ ਉੱਤੇ ਬਣੀ ਇਹ ਦੋਵਾਂ ਕਲਾਕਾਰਾਂ ਦੀ ਪਹਿਲੀ ਫਿਲਮ ਸੀ। ਫਿਲਮ ਦੀ ਕਹਾਣੀ ਪ੍ਰੋਫੈਸਰ ਆਬਿਦ ਅਲੀ ਆਬਿਦ, ਸੰਵਾਦ ਲਾਲਾ ਯਾਕੂਬ, ਸਕਰੀਨ ਪਲੇਅ ਐੱਮ. ਸਾਦਿਕ ਦੇ ਸਨ ਅਤੇ ਸੰਗੀਤਕ ਤਰਜ਼ਾਂ ਰਫੀਕ ਗਜ਼ਨਵੀ (ਸਹਾਇਕ ਭਾਈ ਗ਼ੁਲਾਮ ਹੈਦਰ ਅੰਮ੍ਰਿਤਸਰੀ) ਨੇ ਤਿਆਰ ਕੀਤੀਆਂ ਸਨ। ਫਿਲਮ ਦੇ ਇਸ਼ਤਿਹਾਰਾਂ 'ਤੇ ਮੌਜੂਦ ਸਿਰਫ ਤਿੰਨ ਗੀਤਾਂ ਦਾ ਹਵਾਲਾ ਮਿਲਦਾ ਹੈ ਜਿਨ੍ਹਾਂ ਵਿਚੋਂ ਦੋ ਗੀਤ ਪੰਜਾਬੀ ਜ਼ੁਬਾਨ ਵਿਚ 'ਰਾਂਝੇ ਨੂੰ ਲਿਆਵੋ ਮੋੜ ਕੇ ਨਾ ਜਾਵੀਂ ਰਾਂਝਣਾ ਵੇ' ਤੇ 'ਟੁਰ ਚੱਲਿਆ ਨੀ ਰਾਂਝਾ ਮੇਰੀ ਪ੍ਰੀਤ ਨੂੰ ਤੋੜ ਕੇ' ਅਤੇ ਤੀਜੀ ਉਰਦੂ ਗ਼ਜ਼ਲ 'ਉੱਠ ਏ ਵਫਾ ਸ਼ਾਰ ਮੇਰਾ ਹਾਲੇ ਜ਼ਾਰ ਦੇਖ' ਸੀ। ਇਹ ਫਿਲਮ 9 ਸਤੰਬਰ 1932 ਨੂੰ ਰਿਲੀਜ਼ ਹੋਈ ਪਰ ਫਲਾਪ ਰਹੀ।

ਇਸ ਫਿਲਮ ਦੌਰਾਨ ਰਫੀਕ ਗ਼ਜ਼ਨਵੀ ਤੇ ਅਨਵਰੀ ਦਰਮਿਆਨ ਮੁਹੱਬਤ ਨੇ ਜਨਮ ਲਿਆ, ਨਤੀਜੇ ਵਜੋਂ ਦੋਵਾਂ ਨੇ ਵਿਆਹ ਕਰ ਲਿਆ। ਇਸ ਤੋਂ ਬਾਅਦ ਰਫੀਕ ਅਨਵਰੀ ਨੂੰ ਨਾਲ ਲੈ ਕੇ ਬੰਬਈ ਚਲਾ ਗਿਆ। ਬੰਬਈ ਜਾ ਕੇ ਉਸ ਨੇ ਫਿਲਮ 'ਪ੍ਰਿਥਵੀਰਾਜ ਸੰਯੋਗਿਤਾ' (1933) ਦੇ 12 ਗੀਤਾਂ ਦਾ ਸੰਗੀਤ ਤਿਆਰ ਕੀਤਾ। ਉਨ੍ਹਾਂ ਨੇ ਫਿਲਮ 'ਚ ਕਵੀ ਚੰਦ ਬਰਦਾਈ ਦਾ ਪਾਰਟ ਵੀ ਅਦਾ ਕੀਤਾ। ਇਸ ਫਿਲਮ ਤੋਂ ਬਾਅਦ ਰਫੀਕ ਨੇ ਅਨਵਰੀ ਬਾਈ ਨੂੰ ਤਲਾਕ ਦੇ ਦਿੱਤਾ। ਥੋੜ੍ਹੇ ਸਮੇਂ ਬਾਅਦ ਅਨਵਰੀ ਦੇ ਘਰ ਧੀ ਨੇ ਜਨਮ ਲਿਆ ਜਿਸ ਦਾ ਨਾਮ ਜ਼ਰੀਨਾ ਰੱਖਿਆ।







ਅਨਵਰੀ ਬਾਈ ਦੀਆਂ ਦੋ ਤਸਵੀਰਾਂ ਅਤੇ (ਸੱਜੇ) ਉਸ ਦੀ ਦੋਹਤੀ ਸਲਮਾ ਆਗਾ।

*1930ਵਿਆਂ ਦੇ ਦਹਾਕੇ ਵਿਚ ਜਦੋਂ ਅਨਵਰੀ ਬਾਈ ਗਾਇਨ ਅਤੇ ਫਿਲਮੀ ਦੁਨੀਆ ਵਿਚ ਆਈ ਸੀ ਤਾਂ ਉਸ ਜ਼ਮਾਨੇ ਵਿਚ ਅਨਵਰੀ ਦੇ ਨਾਮ ਵਾਲੀਆਂ ਕਈ ਗਾਇਕਾਵਾਂ ਤੇ ਅਦਾਕਾਰਾਵਾਂ ਵੀ ਫਿਲਮੀ ਦੁਨੀਆ ਵਿਚ ਛਾਈਆਂ ਹੋਈਆਂ ਸਨ ਜਿਨ੍ਹਾਂ ਵਿਚ ਅਨਵਰੀ ਉਰਫ ਅਨਵਰੀ ਜਹਾਨ ਬੇਗ਼ਮ (ਜਿਸ ਨੇ ਕਈ ਪੰਜਾਬੀ ਤੇ ਹਿੰਦੀ ਫਿਲਮਾਂ ਅਦਾਕਾਰੀ ਕੀਤੀ), ਦੂਜੀ 1926 'ਚ ਬੰਬਈ ਪੈਦਾ ਹੋਈ ਕਸ਼ਮੀਰੀ ਘਰਾਣੇ ਦੀ ਅਨਵਰੀ (ਜੋ ਅਨਵਰੀ ਨਾਚੀ ਦੇ ਨਾਮ ਨਾਲ ਮਸ਼ਹੂਰ ਸੀ) ਅਤੇ ਇਕ ਅਨਵਰੀ 1950ਵਿਆਂ ਦੇ ਦਹਾਕੇ ਵਿਚ ਵੀ ਪੰਜਾਬੀ ਤੇ ਹਿੰਦੀ ਫਿਲਮਾਂ ਵਿਚ ਚਰਿੱਤਰ ਅਦਾਕਾਰਾ ਵਜੋਂ ਕੰਮ ਕਰਦੀ ਰਹੀ ਹੈ। ਉਸ ਨੇ ਪੰਜਾਬੀ ਫਿਲਮ 'ਪੋਸਤੀ' (1950), 'ਨੌ ਬਹਾਰ' (1952) ਆਦਿ 'ਚ ਅਦਾਕਾਰੀ ਕੀਤੀ ਸੀ। ਇਸ ਅਨਵਰੀ ਨੇ ਲਾਹੌਰ (ਪੰਜਾਬ) ਵਿਚ ਬਣੀਆਂ ਦੋ ਹਿੰਦੀ/ਉਰਦੂ ਫਿਲਮਾਂ ਵਿਚ ਅਦਾਕਾਰੀ ਕੀਤੀ ਤੇ ਗੀਤ ਗਾਏ। ਉਸ ਦੀਆਂ ਫਿਲਮ ਪ੍ਰਚਾਰ ਪੁਸਤਕਾਂ (ਬੁੱਕਲੈਟਸ), ਅਖ਼ਬਾਰੀ ਇਸ਼ਤਿਹਾਰਾਂ, ਰੇਡੀਓ ਤੇ ਰਸਾਲਿਆਂ ਉੱਤੇ ਦਰਜ ਇਬਾਰਤ ਅਨੁਸਾਰ ਉਸ ਦੇ ਨਾਮ ਨਾਲ ਅਨਵਰੀ ਬਾਈ ਅੰਮ੍ਰਿਤਸਰ ਹੀ ਲਿਖਿਆ ਜਾਂਦਾ ਸੀ ਜਦੋਂ ਕਿ ਬਾਕੀ ਬਾਈਆਂ ਨਾਲ ਅੰਮ੍ਰਿਤਸਰੀ ਨਹੀਂ ਲਿਖਿਆ ਹੁੰਦਾ ਸੀ।*

ਜ਼ਰੀਨਾ ਨੇ ਨਸਰੀਨ ਦੇ ਫਿਲਮੀ ਨਾਮ ਨਾਲ ਏ.ਆਰ. ਕਾਰਦਾਰ ਨਿਰਦੇਸ਼ਤ ਇਤਿਹਾਸਕ ਹਿੰਦੀ ਫਿਲਮ 'ਸ਼ਾਹਜਹਾਨ' (1946) ਵਿਚ ਰੂਹੀ ਦਾ ਪਾਰਟ ਨਿਭਾਇਆ ਸੀ। ਇਸ ਤੋਂ ਇਲਾਵਾ ਫਿਲਮ 'ਏਕ ਰੋਜ਼' (1947) ਵਿਚ ਅਲ ਨਾਸਿਰ ਨਾਲ ਕੰਮ ਕੀਤਾ। ਉਹ ਲਿਆਕਤ ਆਗਾ ਨਾਲ ਵਿਆਹ ਤੋਂ ਬਾਅਦ ਜ਼ਰੀਨਾ ਆਗਾ ਕਹਾਈ। ਉਨ੍ਹਾਂ ਦੀਆਂ ਧੀਆਂ ਸਲਮਾ ਆਗਾ ਅਤੇ ਸਬਿਤਾ ਆਗਾ ਲੰਡਨ ਵਿਚ ਪੈਦਾ ਹੋਈਆਂ। ਰਫੀਕ ਗ਼ਜ਼ਨਵੀ ਨਾਲ ਤਲਾਕ ਹੋਣ ਤੋਂ ਬਾਅਦ ਅਨਵਰੀ ਆਪਣੀ ਧੀ ਨਾਲ ਲਾਹੌਰ ਆ ਗਈ ਸੀ। ਜਦੋਂ ਲਾਹੌਰ ਵਿਚ ਐੱਮ.ਸੀ. ਸਹਿਗਲ ਅਤੇ ਅਮਰ ਚੰਦ ਭਾਟੀਆ ਨੇ ਹਿੰਦੀ/ਉਰਦੂ ਫਿਲਮ 'ਆਂਸੂਓਂ ਕੀ ਦੁਨੀਆ' ਉਰਫ 'ਸਾਰੋਜ ਆਫ ਮੈਨ' (1936) ਸ਼ੁਰੂ ਕੀਤੀ ਤਾਂ ਇਸ ਦੇ ਨਿਰਦੇਸ਼ਕ ਏ.ਪੀ. ਉਰਫ ਆਨੰਦ ਪ੍ਰਸ਼ਾਦ ਕਪੂਰ (ਅੰਮ੍ਰਿਤਸਰ) ਨੇ ਫਿਲਮ ਵਿਚ ਅਨਵਰੀ ਨੂੰ ਸਾਥੀ ਹੀਰੋਇਨ ਦਾ ਕਿਰਦਾਰ ਦਿੱਤਾ।

1937 ਵਿਚ ਅਨਵਰੀ ਬਾਈ ਆਲ ਇੰਡੀਆ ਰੇਡੀਓ, ਲਾਹੌਰ ਦੀ ਪ੍ਰਸਿੱਧ ਗਾਇਕਾ ਬਣ ਚੁੱਕੀ ਸੀ ਜਿਸ ਦੇ ਚਰਚੇ ਲਾਹੌਰ ਹੀ ਨਹੀਂ ਬਲਕਿ ਦਿੱਲੀ, ਬੰਬਈ ਦੇ ਰੇਡੀਓ ਸਟੇਸ਼ਨਾਂ ਉੱਤੇ ਵੀ ਹੋਣ ਲੱਗ ਪਏ ਸਨ। ਲਾਹੌਰ ਰੇਡੀਓ ਉੱਤੇ ਉਸ ਨੇ ਅਨੇਕਾਂ ਗੀਤ, ਗ਼ਜ਼ਲਾਂ ਗਾਈਆਂ ਜਿਨ੍ਹਾਂ ਵਿਚ ਖ਼ਿਆਲ ਪੁਰੀਆ ਧਨਾਸਰੀ 'ਆਜੋ ਰੇ ਬਾਲਮ' ਤੋਂ ਇਲਾਵਾ ਪੰਜਾਬੀ ਗੀਤ 'ਦਿਲਬਰ ਯਾਰ ਆਜਾ ਰੋਂਦੀ ਹੱਸਾਂ' ਤੇ ਠੁਮਰੀ 'ਤੇਰੇ ਬਿਨ ਬੇਚੈਨ' ਆਦਿ ਸ਼ਾਮਿਲ ਹਨ। 1939 ਦੇ ਜ਼ਮਾਨੇ 'ਚ ਆਲ ਇੰਡੀਆ ਰੇਡੀਓ, ਬੰਬਈ ਦੇ ਪੰਜਾਬੀ ਨਿਰਦੇਸ਼ਕ ਜੇ.ਕੇ. ਮਹਿਰਾ (ਜੁਗਲ ਕਿਸ਼ੋਰ ਮਹਿਰਾ) ਦਾ ਅਨਵਰੀ ਨਾਲ ਰਾਬਤਾ ਹੋਇਆ ਜੋ ਉਸ ਦੇ ਹੁਸਨ ਅਤੇ ਗਾਇਕੀ ਦਾ ਮੁਰੀਦ ਸੀ। ਪੰਜਾਬ ਵੰਡ ਤੋਂ ਬਾਅਦ ਜੁਗਲ ਕਿਸ਼ੋਰ ਬੰਬਈ ਤੋਂ ਲਾਹੌਰ ਚਲਾ ਗਿਆ ਅਤੇ ਉੱਥੇ ਆਲ ਇੰਡੀਆ ਰੇਡੀਓ, ਲਾਹੌਰ ਦਾ ਨਿਰਦੇਸ਼ਕ ਬਣ ਗਿਆ।

ਅਨਵਰੀ ਅਤੇ ਉਸ ਦੀ ਧੀ ਪਹਿਲਾਂ ਹੀ ਲਾਹੌਰ ਆ ਚੁੱਕੀਆਂ ਸਨ। ਹੌਲੀ-ਹੌਲੀ ਮਹਿਰਾ ਦਾ ਅਨਵਰੀ ਦੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ ਅਤੇ ਫਿਰ ਉਸ ਨੇ ਅਨਵਰੀ ਨਾਲ ਵਿਆਹ ਦਾ ਫੈਸਲਾ ਕਰ ਲਿਆ ਪਰ ਇਹ ਵਿਆਹ ਤਦ ਹੀ ਸੰਭਵ ਹੋ ਸਕਦਾ ਸੀ ਜੇ ਉਹ ਇਸਲਾਮ ਕਬੂਲ ਕਰਦਾ ਹੈ। ਆਖ਼ਿਰਕਾਰ ਉਸ ਨੇ ਇਸਲਾਮ ਕਬੂਲ ਕਰ ਕੇ 1947 ਵਿਚ ਅਨਵਰੀ ਨਾਲ ਵਿਆਹ ਕਰਾ ਲਿਆ ਅਤੇ ਆਪਣਾ ਨਾਮ ਬਦਲ ਕੇ ਅਹਿਮਦ ਸਲਮਾਨ ਰੱਖ ਲਿਆ।

ਕੁਝ ਸਮਾਂ ਲਾਹੌਰ ਰਹਿਣ ਤੋਂ ਬਾਅਦ ਉਹ ਇੰਗਲੈਂਡ ਵਿਚ ਜਾ ਵੱਸੇ। ਉਥੇ ਦੋਵੇਂ ਜਣੇ ਸ਼ਾਸਤਰੀ ਸੰਗੀਤ ਨੂੰ ਸਮਰਪਿਤ ਹੋ ਗਏ। ਅਨਵਰੀ ਤਾਂ ਸੁਰੀਲੀ ਗਾਇਕਾ ਸੀ ਹੀ, ਲਿਹਾਜ਼ਾ ਉਸ ਦੇ ਗਾਇਨ ਨੂੰ ਸੁਣਨ ਲਈ ਨਵਾਬ ਅਤੇ ਅਮੀਰਜ਼ਾਦਿਆਂ ਦਾ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ। ਇਤਿਹਾਸਕਾਰ ਬਲਬੀਰ ਸਿੰਘ ਕੰਵਲ ਅਨੁਸਾਰ, ਮਾਵਾਂ ਧੀਆਂ ਉੱਚੇ ਮਰਤਬੇ ਵਾਲੀਆਂ ਬਾਈਆਂ ਸਨ ਜਦੋਂ ਉਹ ਮੁਜਰੇ ਉੱਤੇ ਬਹਿੰਦੀਆਂ ਸਨ ਤਾਂ ਉੱਥੇ ਆਮ ਬੰਦਾ ਨਹੀਂ ਸੀ ਫਟਕ ਸਕਦਾ।

ਖ਼ੈਰ! ਅਨਵਰੀ ਦੀ ਸ਼ਖ਼ਸੀਅਤ ਹੀ ਅਜਿਹੀ ਸੀ ਕਿ ਉਹ ਜਿੱਥੇ ਵੀ ਜਾਂਦੀ, ਅਫਸਾਨੇ ਛੱਡ ਜਾਂਦੀ। 1980 ਵਿਚ ਉਸ ਦਾ ਖ਼ਾਵੰਦ ਜੁਗਲ ਕਿਸ਼ੋਰ ਮਹਿਰਾ ਉਰਫ ਅਹਿਮਦ ਸਲਮਾਨ ਅਕਾਲ ਚਲਾਣਾ ਕਰ ਗਿਆ। 4 ਅਪਰੈਲ 2004 ਨੂੰ ਧੀ ਨਸਰੀਨ ਵੀ ਫੌਤ ਹੋ ਗਈ। ਆਪਣੀ ਧੀ ਨੂੰ ਬੇਪਨਾਹ ਮੁਹੱਬਤ ਕਰਨ ਵਾਲੀ ਅਨਵਰੀ ਹੁਣ ਇਕੱਲੀ ਰਹਿ ਗਈ ਸੀ ਜਿਸ ਕੋਲ ਉਸ ਦੀਆਂ ਦੋਹਤੀਆਂ ਸਲਮਾ ਆਗਾ ਅਤੇ ਸਬਿਤਾ ਆਗਾ ਹੀ ਰਹਿ ਗਈਆਂ ਸਨ। ਉਹ ਤਨਹਾਈ ਵਿਚ ਆਪਣੀ ਧੀ ਨੂੰ ਯਾਦ ਕਰ ਕੇ ਬੜਾ ਰੋਂਦੀ। ਫਿਰ ਧੀ ਦੀ ਮੌਤ ਤੋਂ ਇੱਕ ਸਾਲ ਬਾਅਦ ਅਨਵਰੀ ਬਾਈ ਵੀ ਲੰਡਨ ਵਿਚ 5 ਅਪਰੈਲ 2005 ਨੂੰ 98 ਸਾਲਾਂ ਦੀ ਉਮਰ ਭੋਗ ਕੇ ਰੁਖ਼ਸਤ ਹੋ ਗਈ। ਉਸ ਨੂੰ ਕਰਾਚੀ ਲਿਆ ਕੇ ਸਪੁਰਦ-ਏ-ਖ਼ਾਕ ਕੀਤਾ ਗਿਆ।


1930ਵਿਆਂ ਦੇ ਦਹਾਕੇ ਵਿਚ ਜਦੋਂ ਅਨਵਰੀ ਬਾਈ ਗਾਇਨ ਅਤੇ ਫਿਲਮੀ ਦੁਨੀਆ ਵਿਚ ਆਈ ਸੀ ਤਾਂ ਉਸ ਜ਼ਮਾਨੇ ਵਿਚ ਅਨਵਰੀ ਦੇ ਨਾਮ ਵਾਲੀਆਂ ਕਈ ਗਾਇਕਾਵਾਂ ਤੇ ਅਦਾਕਾਰਾਵਾਂ ਵੀ ਫਿਲਮੀ ਦੁਨੀਆ ਵਿਚ ਛਾਈਆਂ ਹੋਈਆਂ ਸਨ ਜਿਨ੍ਹਾਂ ਵਿਚ ਅਨਵਰੀ ਉਰਫ ਅਨਵਰੀ ਜਹਾਨ ਬੇਗ਼ਮ (ਜਿਸ ਨੇ ਕਈ ਪੰਜਾਬੀ ਤੇ ਹਿੰਦੀ ਫਿਲਮਾਂ ਅਦਾਕਾਰੀ ਕੀਤੀ), ਦੂਜੀ 1926 'ਚ ਬੰਬਈ ਪੈਦਾ ਹੋਈ ਕਸ਼ਮੀਰੀ ਘਰਾਣੇ ਦੀ ਅਨਵਰੀ (ਜੋ ਅਨਵਰੀ ਨਾਚੀ ਦੇ ਨਾਮ ਨਾਲ ਮਸ਼ਹੂਰ ਸੀ) ਅਤੇ ਇਕ ਅਨਵਰੀ 1950ਵਿਆਂ ਦੇ ਦਹਾਕੇ ਵਿਚ ਵੀ ਪੰਜਾਬੀ ਤੇ ਹਿੰਦੀ ਫਿਲਮਾਂ ਵਿਚ ਚਰਿੱਤਰ ਅਦਾਕਾਰਾ ਵਜੋਂ ਕੰਮ ਕਰਦੀ ਰਹੀ ਹੈ। ਉਸ ਨੇ ਪੰਜਾਬੀ ਫਿਲਮ 'ਪੋਸਤੀ' (1950), 'ਨੌ ਬਹਾਰ' (1952) ਆਦਿ 'ਚ ਅਦਾਕਾਰੀ ਕੀਤੀ ਸੀ। ਇਸ ਅਨਵਰੀ ਨੇ ਲਾਹੌਰ (ਪੰਜਾਬ) ਵਿਚ ਬਣੀਆਂ ਦੋ ਹਿੰਦੀ/ਉਰਦੂ ਫਿਲਮਾਂ ਵਿਚ ਅਦਾਕਾਰੀ ਕੀਤੀ ਤੇ ਗੀਤ ਗਾਏ। ਉਸ ਦੀਆਂ ਫਿਲਮ ਪ੍ਰਚਾਰ ਪੁਸਤਕਾਂ (ਬੁੱਕਲੈਟਸ), ਅਖ਼ਬਾਰੀ ਇਸ਼ਤਿਹਾਰਾਂ, ਰੇਡੀਓ ਤੇ ਰਸਾਲਿਆਂ ਉੱਤੇ ਦਰਜ ਇਬਾਰਤ ਅਨੁਸਾਰ ਉਸ ਦੇ ਨਾਮ ਨਾਲ ਅਨਵਰੀ ਬਾਈ ਅੰਮ੍ਰਿਤਸਰ ਹੀ ਲਿਖਿਆ ਜਾਂਦਾ ਸੀ ਜਦੋਂ ਕਿ ਬਾਕੀ ਬਾਈਆਂ ਨਾਲ ਅੰਮ੍ਰਿਤਸਰੀ ਨਹੀਂ ਲਿਖਿਆ ਹੁੰਦਾ ਸੀ।

ਅਨਵਰੀ ਬਾਈ ਅਤੇ ਜ਼ਰੀਨਾ ਤੋਂ ਬਾਅਦ ਦੋਹਤੀ ਸਲਮਾ ਆਗਾ ਨੇ ਉਨ੍ਹਾਂ ਦੀ ਵਿਰਾਸਤ ਨੂੰ ਅੱਗੇ ਤੋਰਿਆ। ਉੱਘੇ ਫਿਲਮਸਾਜ਼ ਤੇ ਹਿਦਾਇਤਕਾਰ ਬੀ.ਆਰ. ਚੋਪੜਾ ਉਰਫ ਬਲਦੇਵ ਰਾਜ ਚੋਪੜਾ ਨੇ ਸਲਮਾ ਆਗਾ ਨੂੰ ਪਹਿਲੀ ਵਾਰ ਆਪਣੀ ਫਿਲਮ 'ਨਿਕਾਹ' (1982) ਵਿਚ ਨਵੀਂ ਅਦਾਕਾਰਾ ਤੇ ਗਾਇਕਾ ਵਜੋਂ ਪੇਸ਼ ਕੀਤਾ। ਇਸ ਫਿਲਮ ਵਿਚ ਉਸ ਦਾ ਗਾਇਆ ਗੀਤ 'ਦਿਲ ਕੇ ਅਰਮਾਂ ਆਂਸੂਓਂ ਮੇਂ ਬਹਿ ਗਏ' ਬੜਾ ਮਕਬੂਲ ਹੋਇਆ ਸੀ। ਬਾਅਦ ਵਿਚ ਸਲਮਾ ਆਗਾ ਨੇ ਕਈ ਹਿੰਦੀ ਫਿਲਮਾਂ ਵਿਚ ਅਦਾਕਾਰੀ ਕੀਤੀ ਅਤੇ ਗੀਤ ਗਾਏ। ਉਸ ਨੇ ਕਈ ਪੰਜਾਬੀ ਫਿਲਮਾਂ ਵਿਚ ਵੀ ਗੀਤ ਗਾਏ ਜੋ ਬਹੁਤ ਮਸ਼ਹੂਰ ਹੋਏ। ਉਸ ਦੇ ਗਾਏ ਗੀਤਾਂ ਦੇ ਗ਼ੈਰ-ਫਿਲਮੀ ਪੰਜਾਬੀ, ਹਿੰਦੀ, ਉਰਦੂ ਗ੍ਰਾਮੋਫੋਨ ਰਿਕਾਰਡ ਤੇ ਆਡੀਓ ਕੈਸੇਟ ਵੀ ਜਾਰੀ ਹੋਏ।

# ਫਿਲਮ 'ਜੋਰਮ' ਨੇ 'ਬਹਿ ਜਾ ਬਹਿ ਜਾ' ਕਰਵਾਈ

ਕੌਮੀ ਐਵਾਰਡ ਜੇਤੂ ਅਦਾਕਾਰ ਮਨੋਜ ਬਾਜਪਾਈ 52ਵੇਂ ਕੌਮਾਂਤਰੀ ਫਿਲਮ ਫੈਸਟੀਵਲ ਰੋਟਰਡੈਮ (ਆਈ.ਐਫ.ਐਫ.ਆਰ.) ਵਿਚ ਆਪਣੀ ਫਿਲਮ 'ਜੋਰਮ' ਨੂੰ ਮਿਲੇ ਭਰਵੇਂ ਹੁੰਗਾਰੇ ਤੋਂ ਬਹੁਤ ਖੁਸ਼ ਹੈ। ਇਹ ਫਿਲਮ ਆਪਣੇ ਦੇਸ਼ ਤੋਂ ਵੱਖ ਹੋਏ ਦੇਸੀ ਬੰਦੇ ਦੀ ਕਹਾਣੀ 'ਤੇ ਆਧਾਰਿਤ ਹੈ। ਇਸ ਫਿਲਮ ਵਿਚ ਮਨੋਜ ਨਾਲ ਮੁਹੰਮਦ ਜ਼ੀਸ਼ਾਨ ਅਯੂਬ, ਸਮਿਤਾ ਤਾਂਬੇ ਤੇ ਮੇਘਾ ਮਾਥੁਰ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫਿਲਮ ਵਿਚ ਤਨਿਸ਼ਤਾ ਚੈਟਰਜੀ ਅਤੇ ਰਾਜਸ਼੍ਰੀ ਦੇਸ਼ਪਾਂਡੇ ਦੀਆਂ ਮਹਿਮਾਨ ਭੂਮਿਕਾਵਾਂ ਹਨ। ਇਸ ਫਿਲਮ ਦੇ ਨਿਰਦੇਸ਼ਕ ਨਿਰਦੇਸ਼ਕ ਦੇਬਾਸ਼ੀਸ਼ ਮੁਖੀਜਾ ਹਨ ਅਤੇ ਇਸ ਫਿਲਮ ਦੇ ਦਰਸ਼ਕਾਂ ਦਾ ਧਿਆਨ ਖਿੱਚਿਆ ਹੈ।

ਨਵੇਂ ਨਵੇਂ ਤਜਰਬਿਆਂ ਲਈ ਮਸ਼ਹੂਰ ਮਨੋਜ ਬਾਜਪਾਈ ਨੇ ਫਿਲਮ 'ਗੈਂਗਜ਼ ਆਫ ਵਾਸੇਪੁਰ' ਵਿਚ ਕੱਪੜੇ ਧੋਣ ਵਾਲੇ ਆਪਣੇ ਦ੍ਰਿਸ਼ ਬਾਰੇ ਗੱਲ ਕਰਦਿਆਂ ਕਿਹਾ, "ਅਸਲ 'ਚ ਇਹ ਸਾਰਾ ਦ੍ਰਿਸ਼ ਰੀਮਾ ਸੇਨ ਦੇ ਆਡੀਸ਼ਨ ਵੇਲੇ ਹੀ ਅੰਤਿਮ ਰੂਪ ਵਿਚ ਤਿਆਰ ਕੀਤਾ ਗਿਆ ਸੀ।" 'ਸੱਤਿਆ', 'ਕੌਨ?' 'ਸ਼ੂਲ', 'ਰਾਜਨੀਤੀ' ਤੇ 'ਅਲੀਗੜ੍ਹ' ਵਰਗੀਆਂ ਫਿਲਮਾਂ ਵਿਚ ਅਦਾਕਾਰੀ ਦਾ ਲੋਹਾ ਮਨਵਾ ਚੁੱਕਿਆ ਅਦਾਕਾਰ ਇਸ ਵਾਰ 'ਦਿ ਕਪਿਲ ਸ਼ਰਮਾ ਸ਼ੋਅ' ਵਿਚ ਫਿਲਮ 'ਗੈਂਗਜ਼ ਆਫ ਵਾਸੇਪੁਰ' ਦੀ ਪੂਰੀ ਟੀਮ ਨਾਲ ਸ਼ਾਮਲ ਹੋਇਆ। ਇਸ ਦੌਰਾਨ ਫਿਲਮ ਵਿਚਲੇ ਕੱਪੜੇ ਧੋਣ ਵਾਲੇ ਦ੍ਰਿਸ਼ ਬਾਰੇ ਗੱਲ ਕਰਦਿਆਂ ਮਨੋਜ ਨੇ ਕਿਹਾ, "ਜਦੋਂ ਆਡੀਸ਼ਨ ਦੌਰਾਨ ਰੀਮਾ ਕੱਪੜੇ ਧੋ ਰਹੀ ਸੀ ਤੇ ਅਨੁਰਾਗ ਨੇ ਇੱਕਦਮ ਮੈਨੂੰ ਇਸ ਦ੍ਰਿਸ਼ ਵਿਚ ਸ਼ਾਮਲ ਹੋਣ ਲਈ ਕਿਹਾ। ਮੈਂ ਹੈਰਾਨ ਸੀ ਪਰ ਜਿਵੇਂ ਕਿਹਾ ਗਿਆ, ਮੈਂ ਉਵੇਂ ਕੀਤਾ। ਬਾਅਦ ਵਿਚ ਸਾਨੂੰ ਪਤਾ ਲੱਗਿਆ ਕਿ ਜੋ ਕੁਝ ਅਸੀਂ ਰਿਹਰਸਲ ਦੌਰਾਨ ਕੀਤਾ ਸੀ, ਉਹੀ ਅਸਲ ਦ੍ਰਿਸ਼ ਬਣਾ ਦਿੱਤਾ ਗਿਆ ਸੀ।"









ਫਿਲਮ 'ਜੋਰਮ' ਦੇ ਇਕ ਦ੍ਰਿਸ਼ ਵਿਚ ਅਦਾਕਾਰ ਮਨੋਜ ਬਾਜਪਾਈ, (ਵਿਚਕਾਰ) ਫਿਲਮ ਦਾ ਨਿਰਦੇਸ਼ਕ ਦੇਬਾਸ਼ੀਸ਼ ਮੁਖੀਜਾ ਅਤੇ (ਐਨ ਸੱਜੇ) ਫਿਲਮ ਦਾ ਪੋਸਟਰ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 225 Lock Court
   Stockto, CA, 95210
2. 5079 Brett Court
   CA, 94538
3. 1379 Michael Dr
   Tracy, CA, 95337
4. 3055 Bernard Ave
   San Ramon, CA, 94583
5. 380 cardona Cir
   Pleasanton CA 94583
6. 5788 Arlene way
   Livermore CA 94550
7. 2569 Bennett ct
   Tracy CA 95377
8. 3055 Bernard Ave
   San Ramon, CA, 94583
9. 1693 Corpsman St
   Manteca, CA, 95337
10. 5177 Roycroft Way
    Fremont, CA, 94538
11. 2925 Mabury Rd
    San Jose, CA, 95133
12. 105 Machado Ct
    Tracy, CA, 95376
13. 3315 Mount Everest dr
    San Jose ca 95127
14. 16765 oak view Cir
    Morgan hill ca 95037
15. 1663 Dedini Ln
    Ripon, CA, 95366
16. 2447 Remy Cantos Dr
    Tracy, CA, 95376

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095